# ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਦੀ ਬਾਣੀ ਵਿੱਚ ਅਧਿਆਤਮਿਕ ਅਤੇ ਸਮਾਜਿਕ ਤੱਤ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ-ਸਾਇੰਸਿਜ਼ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿੱਚ

ਪੀਐੱਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ

ਖੋਜ-ਪ੍ਰਬੰਧ

ਜੁਲਾਈ 2015


ਨਿਗਰਾਨ

ਡਾ. ਮੰਜੂ ਵਾਲੀਆ

ਪ੍ਰੋਫ਼ੈਸਰ, ਸਰਕਾਰੀ ਮਹਿੰਦਰਾ ਕਾਲਜ

ਪਟਿਆਲਾ।

ਖੋਜਾਰਥਣ

ਰਾਜਵਿੰਦਰ ਕੌਰ



ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਰਾਜਵਿੰਦਰ ਕੌਰ ਨੇ **ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਦੀ ਬਾਣੀ ਵਿੱਚ ਅਧਿਆਤਮਿਕ ਅਤੇ ਸਮਾਜਿਕ ਤੱਤ** ਵਿਸ਼ੇ 'ਤੇ ਪੀਐਚ.ਡੀ. (ਧਰਮ ਅਧਿਐਨ) ਦਾ ਖੋਜ ਕਾਰਜ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਤੇ ਉਸਦੀ ਮਿਹਨਤ ਦਾ ਫਲ ਹੈ। ਇਸ ਤੋਂ ਪਹਿਲਾਂ ਇਹ ਖੋਜ ਪ੍ਰਬੰਧ ਕਿਸੇ ਵੀ ਉਪਾਧੀ ਲਈ ਕਿਤੇ ਵੀ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਮਿਤੀ : 24.07.2015

ਨਿਗਰਾਨ

ਮੰਜੂ ਵਾਲੀਆ

(ਡਾ. ਮੰਜੂ ਵਾਲੀਆ)

ਪ੍ਰੋ. ਸਰਕਾਰੀ ਮਹਿੰਦਰਾ ਕਾਲਜ

ਪਟਿਆਲਾ।

# ਅਧਿਆਇ – ਪਹਿਲਾ

# ਭਗਤ ਰਵਿਦਾਸ ਜੀ : ਜੀਵਨ ਤੇ ਬਾਣੀ

ਭਾਰਤੀ ਇਤਿਹਾਸ ਵਿੱਚ ਭਗਤੀ ਲਹਿਰ ਨੂੰ ਇੱਕ ਕ੍ਰਾਂਤੀ ਦੇ ਰੂਪ ਵਿੱਚ ਲਿਆ ਜਾਂਦਾ ਹੈ। ਇਹ ਲਹਿਰ ਮੱਧਕਾਲ ਦੇ ਭਾਰਤ ਦੀਆਂ ਵਿਸ਼ੇਸ਼ ਸਮਾਜਿਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਦੀ ਉਪਜ ਸੀ। ਮੱਧਕਾਲੀਨ ਭਾਰਤ ਦੀ ਦਸ਼ਾ ਅਤੇ ਦਿਸ਼ਾ ਬੁਰੀ ਤਰ੍ਹਾਂ ਵਿਗੜੀ ਹੋਈ ਸੀ। ਗੁਲਾਮ ਬਣ ਕੇ ਰਹਿਣਾ, ਦੂਸਰੀਆਂ ਕੌਮਾਂ ਦੇ ਅਧੀਨ ਰਹਿ ਕੇ ਕੰਮ ਕਰਨਾ ਮਨੁੱਖ ਦਾ ਸੁਭਾਅ ਬਣ ਚੁੱਕਾ ਸੀ। ਉਸ ਸਮੇਂ ਦਾ ਮਾਨਵ-ਸਮਾਜ ਮਨੂਸਿਮਰਤੀ ਦੇ ਪ੍ਰਭਾਵ ਕਾਰਨ ਵਰਣ-ਵੰਡ, ਸ਼੍ਰੇਣੀ ਵੰਡ, ਧਰਮ-ਵੰਡ ਅਤੇ ਨਸਲ ਭੇਦ ਵੰਡ ਦੀ ਰੁਚੀ ਕਾਰਨ ਲੀਰੋ-ਲੀਰ ਹੋ ਗਿਆ ਸੀ। ਭਾਰਤ ਵਰਸ਼ ਵਿੱਚ ਜਿੱਥੇ ਮਿੱਟੀ ਤੋਂ ਲੈ ਕੇ ਸੂਰਜ ਤੱਕ ਤਾਂ ਸਭ ਦੀ ਪੂਜਾ ਕੀਤੀ ਜਾਂਦੀ ਸੀ, ਪਰ ਮਨੁੱਖ ਦੀ ਮਨੁੱਖ ਨਾਲ ਹੀ ਅਨੈਤਿਕਤਾ ਰਗ-ਰਗ ਵਿੱਚ ਸਮਾਈ ਹੋਈ ਸੀ। ਇਤਿਹਾਸ ਵਿੱਚ ਅਨੇਕਾਂ ਹੀ ਅਜਿਹੇ ਉਦਾਹਰਣ ਮਿਲਦੇ ਹਨ ਜਿਹੜੇ ਅਨੈਤਿਕਤਾ ਅਤੇ ਜਾਤੀ ਰੋਗ ਦੀ ਤਸਵੀਰ ਪੇਸ਼ ਕਰਦੇ ਹਨ। ਭਗਤੀ ਮਾਰਗ ਦੇ ਭਗਤਾਂ ਨੇ ਉਸ ਸਮੇਂ ਦੇ ਕਰਮਕਾਂਡੀ ਬ੍ਰਾਹਮਣਾਂ ਅਤੇ ਰੀਤੀ-ਰਿਵਾਜਾਂ ਦੇ ਵਿਰੋਧ ਵਿੱਚ ਅਜਿਹੀ ਲਹਿਰ ਚਲਾਈ ਜਿਸ ਨੇ ਪ੍ਰੇਮ ਭਗਤੀ ਵਾਲਾ ਇੱਕ ਮਾਨਵਵਾਦੀ ਅਧਿਆਤਮਿਕ ਮਾਰਗ ਅਤੇ ਆਦਰਸ਼ ਪ੍ਰਸਤੁਤ ਕੀਤਾ। ਭਗਤ ਰਵਿਦਾਸ ਜੀ ਦਾ ਮੱਧਯੁੱਗ ਦੇ ਧਰਮ ਸਾਧਕਾਂ ਵਿੱਚ ਵਿਸ਼ੇਸ਼ ਮਹੱਤਵਪੂਰਨ ਸਥਾਨ ਹੈ, ਕਿਉਂਕਿ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦਾ ਵਿਕਾਸ ਕਰਨ ਵਿੱਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਹੈ।ਇਸ ਭਗਤੀ ਮਾਰਗ ਭਾਵ ਭਗਤੀ ਲਹਿਰ ਨੇ ਜਾਤ-ਪਾਤ ਦੇ ਸੰਗਲਾਂ ਵਿੱਚ ਜਕੜੇ ਹੋਏ ਭਾਰਤੀ ਸਮਾਜ ਨੂੰ ਮੁਕਤੀ ਦਾ ਮਾਰਗ ਦਿਖਾਇਆ। ਜਾਤ-ਪਾਤ ਪ੍ਰਤੀ ਨਵੀਂ ਸੋਚ ਨੇ ਇੱਕ ਵੱਖਰੇ ਨਵੇਂ ਸਮਾਜ ਦੀ ਨੀਂਹ ਰੱਖੀ।

ਉਸ ਸਮੇਂ ਦੀਆਂ ਖਾਸ ਹਾਲਤਾਂ ਜਿਨ੍ਹਾਂ ਵਿਚੋਂ ਆਮ ਆਦਮੀ ਲੰਘ ਰਿਹਾ ਸੀ, ਧਾਰਮਿਕ ਵਿਵਸਥਾ ਵਿੱਚ ਵਿਚਾਰਧਾਰਕ ਧੁੰਧਲਾਪਣ, ਅਧਿਆਤਮਿਕ ਦੂਰ ਦ੍ਰਿਸ਼ਟੀ ਦੀ ਥਾਂ ਕਰਮ ਕਾਂਡ ਪ੍ਰਧਾਨ ਹੋਣਾ, ਧਾਰਮਿਕ ਅਤੇ ਸਮਾਜਿਕ ਵਿਵਸਥਾ ਵਿੱਚ ਉਲਝਾਉ ਅਤੇ ਗਿਰਾਵਟ, ਪੁਜਾਰੀ

ਵਰਗ ਦਾ ਆਪਹੁਦਰਾਪਣ, ਧਾਰਮਿਕ ਕੱਟੜਤਾ ਅਤੇ ਅੰਤਰ-ਧਾਰਮਿਕ ਵਿਰੋਧ, ਜਾਤੀ ਪ੍ਰਥਾ ਦਾ ਰੂਪ ਵਿਗੜ ਕੇ ਛੂਆ-ਛੂਤ ਵਿੱਚ ਤਬਦੀਲ ਹੋਣਾ ਅਤੇ ਉਸ ਦਾ ਧਾਰਮਿਕ ਵਿਵਸਥਾ ਉੱਤੇ ਹਾਵੀ ਹੋਣਾ ਆਦਿ। ਮਾਨਵੀ ਵਿਕਾਸ ਦਾ ਮੂਲ ਸ੍ਰੋਤ, ਵਿੱਦਿਆ, ਜੋ ਉਸ ਸਮੇਂ ਧਰਮ ਦਰਸ਼ਨ ਤੱਕ ਹੀ ਸੀਮਿਤ ਸੀ, ਇਸ ਤੋਂ ਪਹਿਲਾਂ ਭਾਰਤੀ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਜਾਤ-ਪਾਤ ਦੇ ਨਾਂ ਹੇਠ ਦਬਾਇਆ ਗਿਆ ਸੀ ਜਿਸ ਕਾਰਨ ਬਹੁਤ ਸਾਰੇ ਲੋਕਾਂ ਦਾ ਜੀਵਨ ਪੱਧਰ ਪਸ਼ੂਆਂ ਤੋਂ ਵੀ ਬਦਤਰ ਹੋ ਗਿਆ ਸੀ ਅਤੇ ਇਸ ਵਰਗ ਦੇ ਲੋਕਾਂ ਨੂੰ ਵਿੱਦਿਆ ਤੋਂ ਵਾਂਝਾ ਹੀ ਰੱਖਿਆ ਜਾਂਦਾ ਸੀ। ਜੇਕਰ ਨੀਵੀਂ ਜਾਤ ਦਾ ਕੋਈ ਵਿਅਕਤੀ ਧਰਮ ਦੀ ਸਿੱਖਿਆ ਹਾਸਲ ਕਰਨ ਦੀ ਕੋਸ਼ਿਸ਼ ਕਰਦਾ, ਤਾਂ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਤੱਕ ਘੋਲ ਕੇ ਪਾ ਦੇਣ ਦੀਆਂ ਉਦਾਹਰਣਾਂ ਮਿਲਦੀਆਂ ਹਨ, ਤਾਂ ਜੋ ਉਹ ਜ਼ਿੰਦਗੀ ਵਿੱਚ ਕਦੇ ਕੋਈ ਧਰਮ ਦੀ ਗੱਲ ਸੁਣ ਨਾ ਸਕਣ। ਅਜਿਹੇ ਹਾਲਾਤ ਵਿੱਚ, ਜਦੋਂ ਕਿ ਮਨੁੱਖੀ ਸ਼ੋਸ਼ਣ ਦੀ ਅੱਤ ਹੋ ਗਈ ਸੀ, ਭਗਤੀ ਲਹਿਰ ਦਾ ਆਗਮਨ ਹੋਇਆ। ਇਸ ਲਹਿਰ ਦੇ ਭਗਤਾਂ ਨੇ ਉੱਚ ਜਾਤ ਦੀ ਧਾਰਮਿਕ ਸਿੱਖਿਆ ਉਪਰ ਮਾਲਕੀ ਨੂੰ ਤੋੜ ਕੇ, ਇਸ ਦੇ ਦਰਵਾਜੇ ਸਭ ਲਈ ਖੋਲ੍ਹ ਦਿੱਤੇ।

ਇਸ ਭਗਤੀ ਲਹਿਰ ਦੇ ਪ੍ਰਮੁੱਖ ਭਗਤ ਰਾਮਾਨੁਜ, ਰਾਮਾਨੰਦ, ਕਬੀਰ, ਨਾਮਦੇਵ, ਸੂਰਦਾਸ, ਪੀਪਾ, ਸੈਣ, ਧੰਨਾ ਆਦਿ ਭਗਤਾਂ ਵਿਚੋਂ ਭਗਤ ਰਵਿਦਾਸ ਜੀ ਸਿਰਮੌਰ, ਇਨਕਲਾਬੀ, ਮਹਾਨ, ਅਤੇ ਸੂਰਮੇ ਭਗਤ ਹੋਏ ਹਨ। ਇਸ ਭਗਤੀ ਲਹਿਰ ਨੇ ਪੰਜਾਬ ਦੇ ਜਨ-ਜੀਵਨ ਨੂੰ ਹਰ ਪੱਖ ਤੋਂ ਪ੍ਰਭਾਵਿਤ ਕੀਤਾ, ਇਹ ਲਹਿਰ ਉਸ ਸਮੇਂ ਭਾਰਤ ਦੇ ਕੋਨੇ-ਕੋਨੇ ਵਿੱਚ ਫੈਲ ਚੁੱਕੀ ਸੀ। ਇਸ ਲਹਿਰ ਦਾ ਮੁੱਖ ਉਦੇਸ਼ ਹਿੰਦੂ ਧਰਮ ਦਾ ਸੁਧਾਰ ਕਰਨਾ ਅਤੇ ਇਸਨੂੰ ਇਸਲਾਮ ਧਰਮ ਵਲੋਂ ਲੱਗ ਰਹੀ ਢਾਹ ਤੋਂ ਬਚਾਉਣਾ ਸੀ, ਕਿਉਂਕਿ ਇਸਲਾਮ ਦੇ ਭਾਰਤ ਵਿਚ ਸਥਾਪਿਤ ਹੋਣ ਕਰਕੇ ਭਾਰਤੀ ਜਨਤਾ ਸ਼ਾਸਕ ਵਰਗ ਦੀਆਂ ਅੱਤਿਆਚਾਰੀ ਰੁਚੀਆਂ ਅਤੇ ਬ੍ਰਾਹਮਣ ਵਰਗ ਤੋਂ ਕਾਫੀ ਦੁਖੀ ਸੀ। ਉਨ੍ਹਾਂ ਅੰਦਰ ਮੂਲ ਹਿੰਦੂ ਧਰਮ ਦੇ ਪ੍ਰਾਚੀਨ ਸਿਧਾਂਤਾਂ ਦਾ ਪ੍ਰਭਾਵ ਘਟ ਰਿਹਾ ਸੀ ਅਤੇ ਕਰਮਕਾਂਡ ਵਧ ਰਿਹਾ ਸੀ। ਜਾਤ-ਪਾਤ, ਵਰਣ-ਵਿਵਸਥਾ ਪੂਰੇ ਜ਼ੋਰਾਂ ਤੇ ਸੀ। ਲੋਕ ਅਨੇਕ ਜਾਤਾਂ ਉਪ-ਜਾਤਾਂ ਵਿੱਚ ਵੰਡੇ ਹੋਏ ਸਨ, ਉਨ੍ਹਾਂ ਦੀ ਬੌਧਿਕ ਚੇਤਨਾ ਅਤੇ ਧਾਰਮਿਕ ਵਿਸ਼ਵਾਸਾਂ ਵਿੱਚ ਬੁਨਿਆਦੀ ਤੌਰ ਤੇ ਕੋਈ ਸਾਂਝ ਜਾਂ ਇਕਸਾਰਤਾ ਨਹੀਂ ਸੀ ਅਤੇ ਯੋਗੀਆਂ ਨੇ ਸੰਸਾਰ ਤਿਆਗ ਕੇ ਜੰਗਲਾਂ, ਪਹਾੜਾਂ ਦਾ ਰਸਤਾ ਅਖਤਿਆਰ ਕਰਨ ਤੇ ਜ਼ੋਰ ਦਿੱਤਾ ਹੋਇਆ ਸੀ। ਇਸ ਸਮੇਂ ਭਗਤ

ਰਵਿਦਾਸ ਜੀ ਲੋਕਾਂ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਧਰਤੀ ਤੇ ਆਏ। ਇਹ ਇੱਕ ਵੱਡਾ ਕਾਰਨ ਹੈ ਕਿ ਇਨ੍ਹਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਪ੍ਰਵਾਨ ਕੀਤਾ।

ਇਸ ਅਧਿਆਇ ਵਿਚ ਅਸੀਂ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਬਾਣੀ ਨੂੰ ਉਨ੍ਹਾਂ ਦੇ ਵਿਚਾਰਧਾਰਕ ਪਿਛੋਕੜ ਵਜੋਂ ਸਮਝਣ ਲਈ, ਸੰਖੇਪ ਵਿੱਚ ਸਮਕਾਲੀਨ ਹਾਲਤ ਵਿੱਚ ਰੱਖ ਕੇ ਵਰਣਨ ਕਰਨ ਦਾ ਯਤਨ ਕਰਾਂਗੇ।

## ਜਨਮ ਮਿਤੀ ਬਾਰੇ ਵਿਦਵਾਨਾਂ ਦੇ ਮੱਤ

ਭਗਤ ਰਵਿਦਾਸ ਜੀ ਦੇ ਜੀਵਨ-ਕਾਲ ਦੇ ਸੰਬੰਧ ਵਿੱਚ ਵਿਦਵਾਨਾਂ ਨੇ ਵਿਸਤ੍ਰਿਤ ਚਰਚਾ ਕੀਤੀ, ਪ੍ਰੰਤੂ ਇੱਕਮੱਤ ਨਹੀਂ ਹੋ ਸਕੇ। ਇਨ੍ਹਾਂ ਦੇ ਜੀਵਨ ਬਾਰੇ ਕੋਈ ਠੋਸ ਸਮੱਗਰੀ ਨਹੀਂ ਮਿਲਦੀ, ਪਰੰਪਰਿਕ ਤੱਥਾਂ ਤੇ ਹੀ ਸਭ ਕੁਝ ਆਧਾਰਿਤ ਹੈ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਭਗਤ ਕਰਮਦਾਸ ਕ੍ਰਿਤ ਦੇ ਆਧਾਰ ’ਤੇ ਮਾਘ ਦੀ ਪੂਰਨਮਾਸ਼ੀ 1433 ਬਿਕ੍ਰਮੀ ਤਾਰੀਖ ਨੂੰ ਪ੍ਰਮਾਣਿਕ ਮੰਨਦੇ ਹਨ।[1]

ਹੇਠਾਂ ਲਿਖੀਆਂ ਤੁਕਾਂ ਦੇ ਆਧਾਰ ਤੇ ਭਗਤ ਰਵਿਦਾਸ ਜੀ ਦਾ ਜਨਮ 25 ਜਨਵਰੀ, 1377 ਈ. ਦਿਨ ਐਤਵਾਰ ਨੂੰ ਹੋਇਆ ਮੰਨਿਆ ਗਿਆ ਹੈ:

> ਚੌਂਦਹ ਸੌ ਤੈਂਤੀਸ ਕੋ ਮਾਘ ਸੁਦੀ ਪੰਦਰਸ।
> ਦੁਖੀਉਂ ਕੇ ਕਲਿਆਣ ਹਿੱਤ ਪ੍ਰਗਟੈ ਸ੍ਰੀ ਰਵਿਦਾਸ॥[2]

ਡਾ. ਯੋਗੇਂਦ੍ਰ ਸਿੰਘ ਭਗਤ ਰਵਿਦਾਸ ਜੀ ਨੂੰ ਮੀਰਾਂ ਬਾਈ ਦਾ ਸਮਕਾਲੀ ਪ੍ਰਮਾਣਿਕ ਕਰਦੇ ਹੋਏ ਉਨ੍ਹਾਂ ਦਾ ਸਮਾਂ ਸੰਮਤ 1500 (ਈ. ਸੰਨ 1443) ਮੰਨਦੇ ਹਨ।[3] ਡਾ. ਗੋਬਿੰਦ ਤ੍ਰਿਗੁਣਾਇਤ ਰਵਿਦਾਸ ਜੀ ਦਾ ਸਮਾਂ 1471-1597 (ਈ. ਸੰਨ 1414-1540) ਮੰਨਦੇ ਹਨ।[4]

---

1 ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, *ਰਵਿਦਾਸ ਦਰਸ਼ਨ*, ਪੰਨਾ 72.
ਜਸਬੀਰ ਜੱਸੀ, *ਸੋਹੰ*, ਪੰਨਾ 1. ਭਗਤ ਰਵਿਦਾਸ ਜੀ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਵਿੱਚ ਮਤਭੇਦ ਹਨ। ਇਨ੍ਹਾਂ ਦਾ ਆਧਾਰ ਕੋਈ ਪ੍ਰਮਾਣਿਕ ਸ੍ਰੋਤ ਨਹੀਂ, ਪਰੰਪਰਾ ਹੈ। ਇਸ ਪਰੰਪਰਾ ਦੀ ਸਾਂਝੀ ਕੜੀ ਭਗਤ ਜੀ ਦਾ ਜਨਮ ਪੂਰਨਮਾਸ਼ੀ ਦਿਨ ਐਤਵਾਰ ਨੂੰ ਹੋਣ ਬਾਰੇ ਹਨ, ਜਿਸਨੂੰ ਲੱਗਪਗ ਸਾਰੇ ਵਿਦਵਾਨਾਂ ਨੇ ਸਵੀਕਾਰ ਕੀਤਾ ਹੈ।

3 ਯੋਗੇਂਦ੍ਰ ਸਿੰਘ, (ਡਾ.), *ਸੰਤ ਰੈਦਾਸ*, ਪੰਨਾ 12

4 ਸ੍ਰੀ ਚੰਦ੍ਰਿਕਾ ਪ੍ਰਸਾਦ ਜਗਿਆਸੂ, *ਸੰਤ ਪ੍ਰਵਰ ਰੈਦਾਸ ਸਾਹਿਬ*, ਪੰਨਾ 39

ਭਗਤ ਰਵਿਦਾਸ ਜੀ ਦਾ ਜਨਮ 1388 ਈ. ਤੋਂ 1518 ਈਂ ਤੱਕ ਰਿਹਾ। ਆਪ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ।[5]

ਹਿੰਦੀ ਵਿਸ਼ਵ ਕੋਸ਼ ਅਨੁਸਾਰ ਭਗਤ ਰਵਿਦਾਸ ਦਾ ਜਨਮ ਸੰਮਤ 1471 ਦੀ ਮਾਘੀ ਪੂਰਣਿਮਾ ਨੂੰ ਦਿਨ ਐਤਵਾਰ ਕਾਸ਼ੀ ਵਿੱਚ ਲਹਰਤਾਰਾ ਤਲਾਬ ਦੇ ਕੋਲ ਹੋਇਆ।[6]

ਡਾ. ਰਾਮ ਕੁਮਾਰ ਵਰਮਾ ਉਨ੍ਹਾਂ ਦਾ ਸਮਾਂ ਸੰਮਤ 1455-1575 (ਈ. ਸੰਨ 1398-1581) ਦੇ ਆਸ-ਪਾਸ ਮੰਨਦੇ ਹਨ।[7] ਸ੍ਰੀ ਦਰਸ਼ਨ ਸਿੰਘ, ਭਗਤ ਰਾਮਾਨੰਦ, ਭਗਤ ਕਬੀਰ, ਭਗਤ ਧੰਨਾ ਅਤੇ ਮੀਰਾਂ ਬਾਈ ਦੇ ਜੀਵਨ-ਕਾਲ ਨੂੰ ਧਿਆਨ ਵਿੱਚ ਰੱਖਦੇ ਹੋਏ ਰਵਿਦਾਸ ਜੀ ਦਾ ਸਮਾਂ-ਸੰਮਤ 1450-1583 (ਈ. ਸੰਨ 1393-1526) ਮੰਨਦੇ ਹਨ।[8]

ਸੰਪਰਦਾਇ ਭਗਤ ਬਾਣੀ ਸਟੀਕ ਦੇ ਕਰਤਾ ਸੰਤ ਅਮਰ ਸਿੰਘ ਨੇ ਭਗਤ ਰਵਿਦਾਸ ਜੀ ਦਾ ਜਨਮ 1456 ਬਿਕਰਮੀ ਮੱਘਰ ਦੇ ਮਹੀਨੇ ਕਾਸ਼ੀ ਵਿਖੇ ਹੋਇਆ ਦੱਸਿਆ ਹੈ।[9] ਡਾ. ਜਾਨ੍ਹਫਰ ਕੁਹਰ ਅਤੇ ਤਾਰਾ ਚੰਦ, ਭਗਤ ਰਵਿਦਾਸ ਦਾ ਜਨਮ ਸੰਮਤ 1470 ਦੇ ਲਗਪਗ ਮੰਨਦੇ ਹਨ। ਡਾ. ਭਗਵੰਤ ਮਿਸ਼ਰਾ ਨੇ ਵੀ ਉਨ੍ਹਾਂ ਨੂੰ ਸੰਮਤ 1455 ਵਿੱਚ ਪੈਦਾ ਹੋਇਆ ਮੰਨਿਆ ਹੈ। ਰਾਮ ਚਰਨ ਕੁਲੀਨ ਵੀ ਭਗਤ ਰਵਿਦਾਸ ਜੀ ਦਾ ਜਨਮ ਸੰਮਤ ਮਾਘ ਪੂਰਨਿਮਾ ਸੰਮਤ 1471 ਸਿੱਧ ਕਰਦੇ ਹਨ। ਰਾਮਾਨੰਦ ਸ਼ਾਸ਼ਤਰੀ, ਰਵਿਦਾਸ ਜੀ ਦਾ ਜਨਮ ਸੰਮਤ 1454 ਤੋਂ ਪਹਿਲਾਂ ਮੰਨਦੇ ਹਨ। ਡਾ. ਵਿਸ਼ਨੂੰ ਦੱਤ, ਡਾ. ਬੀ.ਪੀ. ਸ਼ਰਮਾ ਦੇ ਇਲਾਵਾ ਨਾਗਰੀ ਪ੍ਰਚਾਰਿਣੀ ਸਭਾ ਕਾਸ਼ੀ ਦੁਆਰਾ ਪ੍ਰਕਾਸ਼ਿਤ 'ਹਿੰਦੀ ਵਿਸ਼ਵ-ਕੋਸ਼' ਵਿੱਚ ਉਪਰੋਕਤ ਸੰਮਤ ਹੀ ਭਗਤ ਜੀ ਦੇ ਜਨਮ ਦਾ ਦੱਸਿਆ ਹੈ। ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਅਤੇ ਮਹੰਤ ਸੰਤ ਦਰਬਾਰੀ, ਭਗਤ ਜੀ ਦਾ ਜਨਮ ਸੰਮਤ 1456 ਮੰਨਦੇ ਹਨ।ਡਾ. ਹਾਂਡਾ ਸਿੰਘ, ਗੰਗਾ ਰਾਮ ਗਰਗ ਦੋਵੇਂ ਹੀ ਜਨਮ ਸੰਮਤ 1444 ਬਿ. ਮੰਨਦੇ ਹਨ। ਗਿਆਨੀ ਬਰਕਤ ਸਿੰਘ ਆਨੰਦ ਆਪ ਜੀ ਦਾ ਜਨਮ ਸੰਮਤ 1 ਹਾੜ 1471 ਬਿ. ਐਤਵਾਰ ਪਹਿਲੀ ਰਾਤ ਰਹਿੰਦੀ ਮੰਨਦੇ ਹਨ।[10] ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ

---

5 ਡਾ. ਸਰਬਜਿੰਦਰ ਸਿੰਘ, (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ*, ਪੰਨਾ 134

6 *ਹਿੰਦੀ ਵਿਸ਼ਵ ਕੋਸ਼*, ਖੰਡ 10, ਪੰਨਾ 220

7 ਧਰਮਪਾਲ ਸਰੀਨ, *ਨੀਚ ਤੇ ਊਚ ਕੀਓ ਮੇਰੇ ਸਤਿਗੁਰ*, ਪੰਨਾ 29

8 ਧਰਮਪਾਲ ਮੈਨੀ, *ਰੈਦਾਸ*, ਪੰਨਾ 35

9 ਸ੍ਰੀ ਹਰੀਸ਼ ਚੰਦਰ, *ਜਨਮ ਸਾਖੀ ਭਗਤ ਰਵਿਦਾਸ*, ਪੰਨਾ 151

10 ਡਾ. ਦਲੀਪ ਸਿੰਘ ਦੀਪ, *ਸਾਧਨ ਮੇਂ ਰਵਿਦਾਸ ਸੰਤ ਜੀਵਨ ਅਤੇ ਵਿਚਾਰ*, ਪੰਨਾ 3,

ਬਨਾਰਸ ਦੇ ਰਵਿਦਾਸ ਮੰਦਰ ਅੰਦਰ ਸਥਾਪਤ ਗ੍ਰੰਥ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ ਹਾੜ੍ਹ ਦੀ ਪੂਰਨਿਮਾ ਸੰਮਤ 1471 ਬਿਕ੍ਰਮੀ ਹੋਇਆ ਮੰਨਦੇ ਹਨ।[11]

ਡਾ. ਧਰਮਪਾਲ ਸਿੰਗਲ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ ਸੰਮਤ 1433 ਅਨੁਸਾਰ 1376 ਈ. ਵਿੱਚ ਹੋਇਆ।[12] ਹਿੰਦੀ ਸਾਹਿਤਯ ਕੋਸ਼ ਵਿੱਚ ਭਗਤ ਰਵਿਦਾਸ ਜੀ ਦੀ ਜਨਮ ਤਿਥੀ ਸੰਮਤ 1356 ਤੋਂ 1467 ਮੰਨੀ ਹੈ।[13] ਡਾ. ਧਰਮਪਾਲ ਮੈਨੀ ਭਗਤ ਰਵਿਦਾਸ ਦਾ ਜਨਮ ਸੰਮਤ 1433 ਦੀ ਮਾਘ ਪੁੰਨਿਆ ਤਾਂ ਮੰਨਦੇ ਹਨ, ਪ੍ਰੰਤੂ ਉਨ੍ਹਾਂ ਦੀ ਮ੍ਰਿਤੂ ਸੰਮਤ 1584 ਨਹੀਂ ਮੰਨਦੇ ਕਿਉਂਕਿ ਉਨ੍ਹਾਂ ਦਾ ਵਿਚਾਰ ਹੈ ਕਿ 151 ਵਰ੍ਹੇ ਦੀ ਉਮਰ ਹੋਣੀ ਯੋਗ ਨਹੀਂ ਜਾਪਦੀ।[14]

ਭਗਤ ਰਵਿਦਾਸ ਜੀ ਦਾ ਜਨਮ 1471 ਬਿ. ਸੰਮਤ ਮੰਨਣ ਵਾਲਿਆਂ ਵਿੱਚੋਂ ਗਿਆਨੀ ਬਰਕਤ ਸਿੰਘ, ਡਾ. ਦਰਸ਼ਨ ਸਿੰਘ, ਡਾ. ਧਰਮਪਾਲ ਮੈਨੀ ਆਪਣੀ 1433 ਸੰਮਤ ਦੀ ਸਹਿਮਤੀ ਤੋਂ ਇਲਾਵਾ ਭਗਤ ਰਵਿਦਾਸ ਦਾ ਜਨਮ ਸੰਮਤ ਬਿ. 1471 ਸਪੱਸ਼ਟ ਕਰਦੇ ਹਨ।[15]

ਪਦਮ ਗੁਰਚਰਨ ਸਿੰਘ ਦਾ "ਇਹ ਕਥਨ ਹੈ ਕਿ ਜਦੋਂ ਤੱਕ ਕੋਈ ਪ੍ਰਮਾਣਿਕ ਜਨਮ ਤਾਰੀਖ ਨਹੀਂ ਮਿਲਦੀ, ਉਦੋਂ ਤੱਕ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੇ ਦਿੱਤੇ ਗਏ ਸੰਮਤ 1433 (ਈ. ਸੰਨ 1376) ਹੀ ਠੀਕ ਸਮਝਣਾ ਚਾਹੀਦਾ ਹੈ।"[16]

ਇਸ ਗੱਲ ਨੂੰ ਠੀਕ ਮੰਨਣ ਦਾ ਦੂਜਾ ਕਾਰਨ ਇਹ ਵੀ ਹੈ ਕਿ ਸਦੀਆਂ ਤੋਂ ਰਵਿਦਾਸੀਆ ਭਾਈਚਾਰਾ ਇਸੇ ਤਾਰੀਖ ਨੂੰ ਭਗਤ ਜੀ ਦਾ ਪ੍ਰਕਾਸ਼ ਉਤਸਵ ਮਨਾਉਂਦਾ ਆ ਰਿਹਾ ਹੈ।

ਭਗਤ ਰਵਿਦਾਸ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ? ਇਹ ਇੱਕ ਪ੍ਰਸ਼ਨ ਚਿੰਨ੍ਹ ਹੈ। ਮੈਕਾਲਿਫ ਦੀ ਆਪਣੀ ਪੁਸਤਕ 'ਦ ਸਿੱਖ ਰੀਲਿਜਨ' ਵਿੱਚ ਲਿਖਦੇ ਹਨ, "ਨਿਸ਼ਚਿਤ ਹੀ ਉਹ ਰਾਮਾਨੰਦ ਦਾ ਚੇਲਾ ਅਤੇ ਕਬੀਰ ਦਾ ਸਮਕਾਲੀ ਸੀ, ਪਰੰਤੂ ਇਸ ਤੋਂ ਛੁੱਟ ਉਸ ਦੇ ਜਨਮ ਦੀ

---

11 ਰੋਜ਼ਾਨਾ ਅਖਬਾਰ, *ਅਜੀਤ*, ਪੰਨਾ 3

12 ਧਰਮਪਾਲ ਸਿੰਗਲ (ਸੰਪਾ.) *ਗੁਰੂ ਰਵਿਦਾਸ ਵਾਣੀ ਵਿਚਾਰ*, ਪੰਨਾ 15.

13 *ਹਿੰਦੀ ਸਾਹਿਤਯ ਕੋਸ਼*, ਭਾਗ ਦੂਜਾ, ਪੰਨਾ 497.

14 ਧਰਮਪਾਲ ਮੈਨੀ (ਡਾ.), '*ਰੈਦਾਸ,* ਸਾਹਿਤਯ ਅਕਾਦਮੀ, ਪੰਨਾ 15.

15 ਉਹੀ, ਪੰਨਾ 154

16 ਪਦਮ ਗੁਰਚਰਨ ਸਿੰਘ, *ਸੰਤ ਰਵਿਦਾਸ ਵਿਚਾਰਕ ਔਰ ਕਵੀ*, ਪੰਨਾ 221

ਠੀਕ ਤਿਥੀ, ਮਾਪਿਆਂ ਅਤੇ ਜਨਮ ਦੇ ਥਾਂ ਦਾ ਠੀਕ ਠੀਕ ਕੋਈ ਪਤਾ ਨਹੀਂ।[17] ਮੈਕਾਲਿਫ ਨੇ ਇਹ ਵੀ ਦੱਸਿਆ ਹੈ ਕਿ ਚਿਤੌੜ ਦੀ ਰਾਣੀ ਝਾਲਾਂ ਉਨ੍ਹਾਂ ਦੀ ਸ਼ਰਧਾਲੂ ਸੀ।[18]

ਕਈ ਵਿਦਵਾਨਾਂ ਨੇ ਜਨਮ ਦਾ ਸਾਲ ਸੰਮਤ 1456 (1399 ਈ. ਅਤੇ ਸੰਮਤ 1471 (1414 ਈਸਵੀ) ਮੰਨਿਆ ਹੈ।[19]

ਪ੍ਰੋ. ਰਾਮ ਕੁਮਾਰ ਵਰਮਾ ਲਿਖਦੇ ਹਨ, "ਯੇ ਰਾਮਾਨੰਦ ਕੇ ਸਿਸ਼ਯ ਔਰ ਕਬੀਰ ਕੇ ਸਮਕਾਲੀਨ ਥੇ। ਅਤਹ ਇਨਕਾ ਆਵਰਭਾਵ ਕਾਲ ਕਬੀਰ ਕੇ ਸਮੇਂ ਮੇਂ ਹੀ ਮਾਨਨਾ ਚਾਹੀਏ, ਜੋ ਸੰਮਤ 1445 ਤੋਂ ਸੰਮਤ 1575 ਹੈ।[20]

ਤਿੰਨ ਜੀਵਨੀਆਂ ਭਗਤ ਜੀ ਦੀਆਂ ਪੰਜਾਬੀ ਵਿੱਚ ਪ੍ਰਾਪਤ ਹਨ। ਇਸ ਦੇ ਕਰਤਾ ਭਾਈ ਬਰਕਤ ਸਿੰਘ ਅਨੰਦ ਨੇ ਜਨਮ ਤਿਥੀ ਤੇ ਸਾਲ ਆਦਿ ਉਨ੍ਹਾਂ ਰਵਾਇਤਾਂ ਅਨੁਸਾਰ ਜੋ ਰਵਿਦਾਸੀਆਂ ਵਿੱਚ ਪ੍ਰਚਲਿਤ ਹਨ, ਹਾੜ ਦੀ ਸੰਗਰਾਂਦ ਸੰਮਤ 1471 ਦਿੱਤਾ ਹੈ। ਜਨਮ ਸਾਖੀ ਭਗਤ ਰਵਿਦਾਸ ਜੀ ਦੇ ਕਰਤਾ ਸ੍ਰੀ ਹਰੀਸ਼ ਚੰਦਰ ਨੇ ਭਗਤ ਜੀ ਦਾ ਜਨਮ ਸੰਮਤ ਨਹੀਂ ਦਿੱਤਾ ਪਰ ਅੰਤ ਸਮਾਂ ਦਿੱਤਾ ਹੈ '28 ਮਾਘ ਸੁਦੀ ਪੂਰਨਮਾਸ਼ੀ ਸੰਮਤ 1575 ਬਿਕਰਮੀ ਮੁਤਾਬਕ 1518 ਈ. ਨੂੰ ਸਰੀਰ ਤਿਆਗੇ' ਇਹ ਵੀ ਕਿਹਾ ਹੈ ਕਿ ਭਗਤ ਜੀ ਦੀ ਉਮਰ 102 ਵਰ੍ਹੇ ਸੀ। ਇਸ ਅਨੁਸਾਰ ਜਨਮ ਸੰਮਤ 1473 ਬਣਦਾ ਹੈ।[21] ਗੁਰਸ਼ਬਦ ਰਤਨਾਕਰ ਮਹਾਨਕੋਸ਼ ਵਿੱਚ ਭਗਤ ਰਵਿਦਾਸ ਦਾ ਜਨਮ 1 ਹਾੜ ਸੰਮਤ 1456 ਕਾਸ਼ੀ ਵਿਖੇ ਦੱਸਿਆ ਹੈ।[22]

ਉਪਰੋਕਤ ਵਿਵੇਚਨਾਂ ਤੋਂ ਇਹ ਸਪੱਸ਼ਟ ਹੈ ਕਿ ਜ਼ਿਆਦਾਤਰ ਵਿਦਵਾਨ ਭਗਤ ਰਵਿਦਾਸ ਜੀ ਦਾ ਜਨਮ ਸੰਮਤ 1433 ਬਿ. ਤੋਂ ਲੈ ਕੇ ਸੰਮਤ 1454-55 ਦੇ ਮੱਧ ਵਿੱਚ ਮੰਨਦੇ ਹਨ। ਇਸੇ ਆਧਾਰ ਤੇ ਆਧੁਨਿਕ ਖੋਜੀ ਅਤੇ ਵਿਦਵਾਨਾਂ ਦੀ ਰਾਇ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ ਸੰਮਤ 15 ਜਨਵਰੀ 1377 ਨੂੰ ਮੰਨਿਆ ਗਿਆ ਹੈ।[23] ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਦਿਨ ਐਤਵਾਰ ਮਾਘ ਦੀ ਪੂਰਨਮਾਸ਼ੀ ਸੀ, ਉਹੀ ਭਗਤ ਰਵਿਦਾਸ ਜੀ ਦਾ ਜਨਮ ਸੰਮਤ

---

17 ਮੈਕਾਲਿਫ , *ਦ ਸਿੱਖ ਰਿਲੀਜ਼ਨ (ਸਿੱਖ ਧਰਮ)* ਭਾਗ 5, 6, ਪੰਨਾ 316

18 *ਉਹੀ,* ਪੰਨਾ 318

19 *ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਅੰਕ*, ਪੰਨੇ 6, 19

20 ਪ੍ਰੋ. ਰਾਮ ਕੁਮਾਰ ਵਰਮਾ, *ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ,* ਪੰਨਾ 224,

21 ਸ੍ਰੀ ਹਰੀਸ਼ ਚੰਦਰ, *ਜਨਮ ਸਾਖੀ ਭਗਤ ਰਵਿਦਾਸ,* ਪੰਨਾ 160.

22 ਭਾਈ ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ*, ਦੂਜੀ ਵਾਰ, ਪੰਨਾ 768

23 ਗੁਰਮੀਤ ਕਲਰਮਾਜਰੀ (ਡਾ.)(ਸੰਪਾ.) *ਹਾਸ਼ੀਆ* ਪੰਨਾ 16

ਹੋਣਾ ਚਾਹੀਦਾ ਹੈ। ਕਿਉਂਕਿ ਜ਼ਿਆਦਾਤਰ ਵਿਦਵਾਨ ਉਨ੍ਹਾਂ ਦਾ ਜਨਮ ਐਤਵਾਰ ਮਾਘ ਪੂਰਣਿਮਾ ਨੂੰ ਹੀ ਹੋਇਆ ਮੰਨਦੇ ਹਨ। ਉਪਰੋਕਤ ਸੰਭਾਵਿਤ ਸੰਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੇਵਲ ਸੰਮਤ 1433 ਹੀ ਮਾਘ ਪੂਰਣਿਮਾ ਦਾ ਦਿਨ ਐਤਵਾਰ ਆਉਂਦਾ ਹੈ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦਾ ਵੀ ਇਹੀ ਮੱਤ ਹੈ। ਇਨ੍ਹਾਂ ਨਾਲ ਡਾ. ਜਸਬੀਰ ਸਿੰਘ ਸਾਬਰ ਡਾ. ਧਰਮਪਾਲ ਸਿੰਗਲ ਵੀ ਸਹਿਮਤ ਹਨ। ਆਧੁਨਿਕ ਖੋਜ ਅਤੇ ਵਿਦਵਾਨਾਂ ਦੀ ਰਾਇ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ 25 ਜਨਵਰੀ 1377 ਈ. ਮੰਨਿਆ ਗਿਆ ਹੈ।

## ਜਨਮ ਸਥਾਨ

ਭਗਤ ਰਵਿਦਾਸ ਦਾ ਜਨਮ ਸਥਾਨ ਕਿੱਥੇ ਹੈ, ਇਸ ਸਬੰਧੀ ਵੀ ਪਰੰਪਰਿਕ ਤੱਥਾਂ ਦੀ ਘਾਟ ਹੈ। ਭਾਵੇਂ ਜਨਮ ਅਸਥਾਨ ਸੰਬੰਧੀ ਭਗਤ ਰਵਿਦਾਸ ਜੀ ਦੀ ਆਪਣੀ ਬਾਣੀ ਵਿੱਚ ਕੁਝ ਸੰਕੇਤ ਮਿਲਦੇ ਹਨ। ਪਰ ਫਿਰ ਵੀ ਇਸ ਬਾਰੇ ਕਈ ਮੱਤ ਪ੍ਰਚਲਿਤ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਗੁਜਰਾਤ, ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਜਨਮ ਲੈਣ ਵਾਲਾ ਮੱਤ।

(2) ਭਗਤ ਰਵਿਦਾਸ ਉੱਤਰ ਪ੍ਰਦੇਸ਼ ਦੇ ਕਿਸੇ ਪੱਛਮੀ ਭਾਗ ਦੇ ਨਿਵਾਸੀ ਸਨ।

(3) ਭਗਤ ਰਵਿਦਾਸ ਦਾ ਜਨਮ-ਸਥਾਨ ਕਾਸ਼ੀ ਦਾ ਚੌਕ ਮਹੱਲਾ ਹੈ।

(4) ਗੋਪਾਲ ਮੰਦਰ ਆਪ ਦਾ ਜਨਮ ਸਥਾਨ ਹੈ।

(5) ਆਪ ਦਾ ਜਨਮ ਸਥਾਨ ਬਨਾਰਸ ਜਾਂ ਬਨਾਰਸ ਵਿਖੇ ਮੰਡੂਆ ਡੀਹ (ਮੰਡੂਰਗੜ੍ਹ) ਹੈ।

(6) ਸੀਰ ਗੋਵਰਧਨਪੁਰ ਆਪ ਦਾ ਜਨਮ ਸਥਾਨ ਹੈ।

ਗੁਜਰਾਤ, ਰਾਜਸਥਾਨ ਅਤੇ ਮਹਾਂਰਾਸ਼ਟਰ ਵਿੱਚ ਭਗਤ ਰਵਿਦਾਸ ਦੇ ਜਨਮ ਸੰਬੰਧੀ ਵਿਦਵਾਨਾਂ ਦਾ ਮਤ ਹੈ ਕਿ ਭਗਤ ਰਵਿਦਾਸ ਦੇ ਬਹੁਤ ਗਿਣਤੀ ਵਿੱਚ ਅਨੁਯਾਈ ਅਤੇ ਪੰਥ ਦਾ ਵਿਸਤ੍ਰਿਤ ਰੂਪ ਮਹਾਰਾਸ਼ਟਰ, ਗੁਜਰਾਤ ਅਤੇ ਰਾਜਸਥਾਨ ਵਿੱਚ ਦਿਖਾਈ ਦਿੰਦਾ ਹੈ। ਇਸ ਆਧਾਰ 'ਤੇ ਬਹੁਤ ਸਾਰੇ ਰਵਿਦਾਸੀਆ ਲੋਕ ਇਹ ਅਨੁਮਾਨ ਲਗਾਉਂਦੇ ਹਨ ਕਿ ਭਗਤ ਰਵਿਦਾਸ ਦਾ ਜਨਮ ਇਨ੍ਹਾਂ ਇਲਾਕਿਆਂ ਵਿੱਚੋਂ ਕਿਸੇ ਇੱਕ ਪ੍ਰਾਂਤ ਵਿੱਚ ਹੋਇਆ ਪਰੰਤੂ ਕਈ ਵਿਦਵਾਨ ਇਸ ਮੱਤ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਕਿਸੇ ਸਥਾਨ ਉਤੇ ਸ਼ਰਧਾਲੂਆਂ ਦੀ ਵਧੇਰੇ ਗਿਣਤੀ ਉਸ ਮਹਾਂਪੁਰਸ਼ ਦੇ ਜਨਮ ਸਥਾਨ ਨੂੰ ਪ੍ਰਮਾਣਿਕ ਕਰਨ ਵਿੱਚ ਸਹਾਈ ਨਹੀਂ ਹੋ

ਸਕਦੀ। ਇਹ ਪਰਿਣਾਮ ਜ਼ਰੂਰ ਕੱਢਿਆ ਜਾ ਸਕਦਾ ਹੈ ਕਿ ਰਵਿਦਾਸ ਜੀ ਦਾ ਪ੍ਰਭਾਵ ਉਸ ਖੇਤਰ ਵਿੱਚ ਕਿਸੇ ਕਾਰਨ ਜ਼ਿਆਦਾ ਰਿਹਾ ਹੋਵੇਗਾ ਜਾਂ ਆਪਣੇ ਜੀਵਨ ਕਾਲ ਵਿੱਚ ਕਾਫ਼ੀ ਸਮਾਂ ਉਥੇ ਰਹੇ ਹੋਣਗੇ।[24] ਪਰਸ਼ੂਰਾਮ ਚਤੁਰਵੇਦੀ ਅਨੁਸਾਰ ਮਹਾਂਰਾਸ਼ਟਰ ਅਤੇ ਰਾਜਸਥਾਨ ਵਿੱਚ ਵਸਦੇ ਪੈਰੋਕਾਰਾਂ ਤੋਂ ਇਹ ਅਨੁਮਾਨ ਲਗਾਉਣਾ ਕਿ "ਆਪ ਕਿਸੇ ਪੱਛਮੀ ਪ੍ਰਾਂਤ ਦੇ ਸਨ, ਨਿਰਾਧਾਰ ਹੈ, ਕਿਉਂਕਿ ਆਪ ਦੇ ਸ਼ਿਸ਼ਾਂ ਦਾ ਇਨ੍ਹਾਂ ਰਾਜਾਂ ਵਿੱਚ ਵਸੇ ਹੋਣਾ ਆਪ ਦੇ ਭ੍ਰਮਣ-ਪ੍ਰਚਾਰ ਦਾ ਸਿੱਟਾ ਹੀ ਕਿਹਾ ਜਾ ਸਕਦਾ ਹੈ।[25]

ਕਈ ਵਿਦਵਾਨ ਅਨੁਯਾਈਆਂ ਦੀ ਵਧੇਰੇ ਗਿਣਤੀ  ਨੂੰ ਆਧਾਰ ਬਣਾ ਕੇ ਆਪ ਦਾ ਜਨਮ ਸਥਾਨ ਗੁਜਰਾਤ ਮੰਨਦੇ ਹਨ। ਵੱਖ-ਵੱਖ ਪ੍ਰਾਤਾਂ ਵਿੱਚ ਭਗਤ ਰਵਿਦਾਸ ਦੇ ਅਨੁਯਾਈਆਂ ਦੀ ਬਹੁ-ਗਿਣਤੀ ਵੇਖਦਿਆਂ ਆਪ ਨੂੰ ਉਸ ਰਾਜ ਦਾ ਨਿਵਾਸੀ ਮੰਨਣਾ ਠੀਕ ਨਹੀਂ, ਕਿਉਂਕਿ ਮਹਾਂਪੁਰਸ਼ਾਂ ਵਿੱਚ ਅਜਿਹੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਜਨਮ ਭਾਵੇਂ ਕਿਸੇ ਪ੍ਰਦੇਸ਼ ਵਿੱਚ ਹੋਇਆ ਹੋਵੇ, ਪ੍ਰੰਤੂ ਪ੍ਰਸਿੱਧੀ ਅਤੇ ਮਾਨਤਾ ਹੋਰ ਪ੍ਰਦੇਸ਼ਾਂ ਵਿੱਚ ਮਿਲਦੀ ਹੈ, ਜਿਵੇਂ ਮਹਾਤਮਾ ਬੁੱਧ ਦਾ ਜਨਮ ਸਥਾਨ ਭਾਰਤ ਹੈ, ਪਰੰਤੂ ਜਪਾਨ, ਬ੍ਰਹਮਾ, ਚੀਨ ਆਦਿ ਦੇਸ਼ਾਂ ਵਿੱਚ ਬੁੱਧ ਧਰਮ ਵਧੇਰੇ ਪ੍ਰਚਲਿਤ ਰਿਹਾ। ਇਸ ਲਈ ਉਪਰੋਕਤ ਜਨਮ ਸਥਾਨ ਦੀ ਧਾਰਨਾ ਉਚਿਤ ਨਹੀਂ ਲੱਗਦੀ।

ਚਿਤੌੜ ਵਿੱਚ, ਕੁੰਭਸ਼ਿਆਮ ਦੇ ਮੰਦਰ ਨੇੜੇ ਬਣੀ 'ਰਵਿਦਾਸ ਛਤਰੀ', ਜਿਸ ਦੇ ਚਬੂਤਰੇ 'ਤੇ ਬਣੇ ਭਗਤ ਰਵਿਦਾਸ ਜੀ ਦੇ ਪੈਰਾਂ ਦੇ ਚਿੰਨ੍ਹ (ਪਦ-ਪਾਦਿਕਾ) ਸਥਾਪਿਤ ਹੈ, ਇੱਥੋਂ ਦੀ ਰਾਣੀ ਝਾਲੀ ਅਤੇ ਮੀਰਾਂ ਬਾਈ ਆਪ ਦੀਆਂ ਪਰਮ ਭਗਤ ਸਨ। ਇਸ ਤਰ੍ਹਾਂ ਜਾਪਦਾ ਹੈ ਕਿ ਇਹ ਯਾਦਗਾਰਾਂ ਰਾਜ ਘਰਾਣੇ ਵਲੋਂ ਆਪਣੇ ਰਾਜ ਗੁਰੂ ਪ੍ਰਤੀ ਸ਼ਰਧਾ ਭਾਵਨਾ ਵਜੋਂ ਬਣਾਈਆਂ ਗਈਆਂ ਹਨ। ਇਸ ਆਧਾਰ ਉਤੇ ਆਪ ਨੂੰ ਇਥੋਂ ਦੇ ਜੰਮ-ਪਲ ਮੰਨ ਲੈਣਾ ਵੀ ਠੀਕ ਨਹੀਂ, ਕਿਉਂਕਿ ਇਹ ਯਾਦਗਾਰਾਂ ਆਪ ਦੇ ਅਨੁਯਾਈਆਂ/ਸ਼ਰਧਾਲੂਆਂ ਦੇ ਮਨਾਂ ਵਿੱਚ ਭਗਤ ਰਵਿਦਾਸ ਜੀ ਪ੍ਰਤੀ ਸਤਿਕਾਰ ਦੇ ਚਿੰਨ੍ਹ ਹਨ, ਜੋ ਉਸ ਸਮੇਂ ਦੇ ਸਮਾਜ ਵਿੱਚ ਆਪ ਦੇ ਮਾਣ ਨੂੰ ਪ੍ਰਗਟਾਉਂਦੇ ਹਨ। ਇਸੇ ਤਰ੍ਹਾਂ ਰਾਜਸਥਾਨ ਵਿੱਚ ਮਾਂਡੋਗੜ੍ਹ ਸਥਾਨ ਉਤੇ ਰਵਿਦਾਸ ਦੀ ਯਾਦ ਵਿੱਚ ਕੁੰਡ ਅਤੇ ਕੁਟੀ

---

24 ਗੁਰਮੀਤ ਕਲਰਮਾਜਰੀ (ਡਾ.), (ਸੰਪਾ.) ਹਾਸ਼ੀਆ, ਪੰਨਾ 17

25 ਪਰਸ਼ੂਰਾਮ ਚਤੁਰਵੇਦੀ, *ਉੱਤਰੀ ਭਾਰਤ ਕੀ ਸੰਤ ਪਰੰਪਰਾ*, ਪੰਨਾ 13

ਬਣੀ ਹੋਈ ਹੈ। ਕੁਝ ਲੋਕ ਇਸ ਪਵਿੱਤਰ ਸਥਾਨ ਨੂੰ ਭਗਤ ਰਵਿਦਾਸ ਜੀ ਦਾ ਜਨਮ ਸਥਾਨ ਮੰਨਦੇ ਹਨ।[26]

ਡਾ. ਜਸਬੀਰ ਸਿੰਘ ਸਾਬਰ ਇਸ ਵਿਸ਼ੇ ਬਾਰੇ ਕੀਤੀ ਵਿਚਾਰ ਦਾ ਸਾਰ ਕੱਢਦੇ ਹੋਏ ਲਿਖਦੇ ਹਨ ਕਿ ਇਨ੍ਹਾਂ ਯਾਦਗਾਰਾਂ ਨੂੰ ਆਧਾਰ ਮੰਨ ਕੇ ਆਪ ਨੂੰ ਰਾਜਸਥਾਨ ਦਾ ਜੰਮ-ਪਲ ਆਖਿਆ ਜਾ ਸਕਣਾ ਉਚਿਤ ਨਹੀਂ ਲੱਗਦਾ।[27]

ਇੱਕ ਹੋਰ ਵਿਚਾਰ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਸਥਾਨ ਬਨਾਰਸ ਨਾ ਹੋ ਕੇ ਉੱਤਰ ਪ੍ਰਦੇਸ਼ ਦੇ ਕਿਸੇ ਪੱਛਮੀ ਭਾਗ ਦਾ ਹੈ। ਇਸ ਵਿਚਾਰ ਦੇ ਆਧਾਰ ਤੇ ਭਗਤ ਰਵਿਦਾਸ ਜੀ ਪੱਛਮੀ ਉੱਤਰ ਪ੍ਰਦੇਸ਼ ਦੇ ਨਿਵਾਸੀ ਸਨ ਅਤੇ ਕਾਸ਼ੀ ਦਾ ਸੰਸਕ੍ਰਿਤਕ ਮਹੱਤਵ ਸੁਣਨ ਦੇ ਬਾਅਦ ਵਿੱਚ ਉਹ ਉਥੇ ਜਾ ਕੇ ਰਹਿਣ ਲੱਗ ਪਏ।[28] ਇਨ੍ਹਾਂ ਦੇ ਜਨਮ ਸਥਾਨ ਬਾਰੇ ਇੱਕ ਮੱਤ ਹੋਰ ਹੈ ਕਿ ਭਗਤ ਰਵਿਦਾਸ ਦਾ ਜਨਮ ਸਥਾਨ ਕਾਸ਼ੀ ਦਾ ਚੌਂਕ ਮਹੱਲਾ ਹੈ, ਇਸ ਮੱਤ ਦੀ ਪੁਸ਼ਟੀ ਭਗਤ ਰਵਿਦਾਸ ਦੀ ਸ਼ਿਸ਼ ਮੀਰਾਂ ਬਾਈ ਦੇ ਇੱਕ ਸ਼ਬਦ ਵਿੱਚ ਆਈ ਤੁਕ ਤੇ ਆਧਾਰਿਤ ਹੈ ਜਿਸ ਦੇ ਅਰਥ ਅਨੁਸਾਰ "ਮੀਰਾਂ ਬਾਈ ਅਤੇ ਭਗਤ ਰਵਿਦਾਸ ਕਾਸ਼ੀ ਦੇ ਚੌਂਕ ਮਹੱਲਾ ਸਥਾਨ ਉਤੇ ਮਿਲਦੇ ਹਨ।[29]

"ਵਿਦਵਾਨ ਇਸ ਤੁਕ ਤੋਂ ਇਹ ਪ੍ਰਭਾਵ ਵੀ ਲੈਂਦੇ ਹਨ ਕਿ ਇਸ ਸਥਾਨ ਉਤੇ ਭਗਤ ਰਵਿਦਾਸ ਨੇ ਭਗਤੀ ਪ੍ਰਚਾਰ ਹਿਤ ਕੋਈ ਸਮਾਗਮ ਕੀਤਾ ਹੋਵੇਗਾ ਜਿਸ ਵਿਚ ਮੀਰਾਂ ਬਾਈ ਨੇ ਆਪ ਦੇ ਦਰਸ਼ਨ ਕੀਤੇ ਹੋਣਗੇ। ਕਿਸੇ ਜਗ੍ਹਾ ਤੋਂ ਦਰਸ਼ਨ ਹੋਣਾ ਕਿਸੇ ਵਿਅਕਤੀ ਦਾ ਜਨਮ ਸਥਾਨ ਨਹੀਂ ਹੋ ਸਕਦਾ।[30]

ਕੁਝ ਸ਼ਰਧਾਲੂ ਲੋਕ ਕਾਸ਼ੀ, ਸਥਿਤ ਗੋਪਾਲ ਮੰਦਰ ਨੂੰ ਬਹੁਤ ਵਿਸ਼ਵਾਸ ਨਾਲ ਆਪ ਦਾ ਜਨਮ ਸਥਾਨ ਸਵੀਕਾਰ ਕਰਦੇ ਹਨ। ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ "ਗੋਪਾਲ ਮੰਦਰ ਦੇ ਤਹਿਖਾਨੇ ਵਿੱਚ ਜਿਸ ਨੂੰ 'ਤੁਲਸੀ ਗੁਫਾ ਕਿਹਾ ਜਾਂਦਾ ਹੈ, ਭਗਤ ਰਵਿਦਾਸ ਨਾਲ ਸੰਬੰਧਿਤ ਕੁਝ ਚੀਜ਼ਾਂ ਪਈਆਂ ਹਨ। ਅਨੁਯਾਈਆਂ ਦਾ ਵਿਚਾਰ ਹੈ ਕਿ ਇਹ ਸਥਾਨ ਰਵਿਦਾਸ ਜੀ ਨੇ ਖੁਦ

---

26 ਗੁਰਮੀਤ ਕਲਰਮਾਜਰੀ (ਡਾ.), (ਸੰਪਾ.) ਹਾਸ਼ੀਆ, ਪੰਨਾ 17

27 ਜਸਬੀਰ ਸਿੰਘ ਸਾਬਰ (ਡਾ.), *ਭਗਤ ਰਵਿਦਾਸ : ਸ੍ਰੋਤ ਪੁਸਤਕ*, ਪੰਨਾ 29.

28 ਗੁਰਮੀਤ ਕਲਰਮਾਜਰੀ (ਡਾ.), (ਸੰਪਾ.) *ਹਾਸ਼ੀਆ*, ਪੰਨਾ 16

29 ਉਹੀ, ਪੰਨਾ 18

30 ਜਸਬੀਰ ਸਿੰਹੁ, *ਸੰਤ ਰੈਦਾਸ ਮਹਾਂਤਮਯ,* ਪੰਨਾ 43.

ਬਣਵਾਇਆ ਸੀ। ਸ਼ਾਇਦ ਰਵਿਦਾਸ ਜੀ ਦਾ ਆਸ਼ਰਮ ਇਹੋ ਸਥਾਨ ਹੋਵੇ। ਪਰੰਤੂ ਆਪ ਦਾ ਜਨਮ ਮੰਡੂਰ ਵਿੱਚ ਹੀ ਹੋਇਆ ਹੋਵੇਗਾ।[31]

ਉਪਰੋਕਤ ਮੱਤ ਤੋਂ ਇਲਾਵਾ ਇੱਕ ਹੋਰ ਮੱਤ ਇਹ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਸਥਾਨ ਕਾਸ਼ੀ ਦੇ ਨੇੜੇ ਬਸਤੀ ਮੰਡੂਰ, ਮੰਡੂਰਗੜ੍ਹ[32] ਜਾਂ ਮਡੂਆ ਡੀਹ ਪਿੰਡ ਹੈ। 'ਭਗਤ ਰਤਨਾਵਲੀ' ਵਿੱਚ ਅਨੰਤਦਾਸ ਵੈਸ਼ਨਵ ਦਾ ਹੇਠ ਲਿਖਿਆ ਦੋਹਾ ਇਸ ਤਰਫ਼ ਸੰਕੇਤ ਕਰਦਾ ਹੈ :

ਕਾਸ਼ੀ ਢਿਗ ਮਾਂਡੂਰ ਸਥਾਨਾ ਸ਼ੂਦਰ ਵਰਣ ਕਰਤ ਗੁਜ਼ਰਾਨਾ॥
ਮਾਂਡੂਰ ਨਗਰ ਲੀਨ ਅਵਤਾਰਾ, ਰਵਿਦਾਸ ਸ਼ੁਭ ਨਾਮ ਹਮਾਰਾ॥[33]

ਪ੍ਰਾਚੀਨ ਸ੍ਰੋਤ 'ਰੈਦਾਸ ਜੀ ਕੀ ਪਰਚਈ' ਵਿੱਚ ਆਪ ਨੂੰ ਬਨਾਰਸ ਵਿੱਚ ਪੈਦਾ ਹੋਇਆ ਦੱਸਿਆ ਹੈ। ਇਸ ਸ੍ਰੋਤ ਵਿੱਚ ਜਨਮ ਦੇ ਵਿਸ਼ੇਸ਼ ਸਥਾਨ ਬਾਰੇ ਸਪਸ਼ਟ ਨਹੀਂ ਕੀਤਾ ਗਿਆ, ਪਰੰਤੂ ਇਸ ਮੱਤ ਨਾਲ ਪੁਸ਼ਟੀ ਹੁੰਦੀ ਹੈ ਕਿ ਆਪ ਜੀ ਦਾ ਜਨਮ ਬਨਾਰਸ ਨਗਰੀ ਵਿੱਚ ਹੀ ਹੋਇਆ।

ਡਾ. ਯੋਗੇਂਦ੍ਰ ਸਿੰਹੁ ਇਸ ਮੱਤ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ, ਰੈਦਾਸ ਦੇ ਜਨਮ-ਸਥਾਨ ਬਾਰੇ ਵਧੇਰੇ ਪ੍ਰਮਾਣ ਮੰਡੂਆ ਡੀਹ ਦੇ ਪੱਖ ਵਿੱਚ ਹੀ ਮਿਲਦੇ ਹਨ। ਹਿੰਦੀ ਵਿਸ਼ਵ ਕੋਸ਼' ਵਿੱਚ ਵੀ ਭਗਤ ਰਵਿਦਾਸ ਜੀ ਦਾ ਜਨਮ ਸਥਾਨ ਮੰਡੂਆ ਡੀਹ ਦੇ ਨੇੜੇ ਲਹਿਰਤਾਰਾ ਕੋਲ ਹੋਇਆ ਲਿਖਿਆ ਗਿਆ ਹੈ।[34] ਰਾਮਾਨੰਦ ਸ਼ਾਸਤਰੀ ਲਿਖਦੇ ਹਨ ਕਿ, "ਭਗਤ ਰਵਿਦਾਸ ਦਾ ਜਨਮ ਬਨਾਰਸ ਨਗਰੀ ਦੀ ਹੱਦ ਤੇ ਮੰਡੂਆ ਡੀਹ ਤੋਂ ਬਿਨਾਂ ਕੋਈ ਹੋਰ ਅਜਿਹਾ ਸਥਾਨ ਨਹੀਂ, ਜਿਹੜਾ ਆਪ ਜੀ ਦੀਆਂ ਜੀਵਨ ਯਾਦਾਂ ਨਾਲ ਭਰਿਆ ਹੋਵੇ।[35]

ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿੱਚ ਆਪ ਦਾ ਜਨਮ ਸਥਾਨ ਕਾਸ਼ੀ ਹੀ ਮੰਨਿਆ ਗਿਆ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਇਸ ਮੱਤ ਦੀ ਪੁਸ਼ਟੀ ਕਰਦੇ ਹਨ ਕਿ ਇਹ ਨਿਸ਼ਚਿਤ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਬਨਾਰਸ ਵਿੱਚ ਹੀ ਕਿਸੇ ਸਥਾਨ ਉਤੇ

---

31 ਯੋਗੇਂਦ ਸਿੰਹੁ, *ਸੰਤ ਰਵਿਦਾਸ ਕ੍ਰਤਿਤਵ ਜੀਵਨ ਔਰ ਵਿਚਾਰ*, ਪੰਨਾ 19

32 ਮਾਂਡੂਰ (ਮੰਡੂਬ) ਦਾ ਪੁਰਾਣਾ ਨਾਮ ਮੰਡੂਆ ਡੀਹ ਹੈ, ਜੋ ਬਨਾਰਸ ਛਾਉਣੀ ਤੋਂ ਪੱਛਮ ਵੱਲ ਲਗਭਗ ਦੋ ਮੀਲ ਜਰਨੈਲੀ ਸੜਕ ਤੇ ਹੈ (ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ), *ਰਵਿਦਾਸ ਦਰਸ਼ਨ*, ਪੰਨਾ -4

33 ਬੀ.ਪੀ., ਸ਼ਰਮਾ (ਡਾ.), *ਸੰਤ ਰਵਿਦਾਸ ਬਾਣੀ*, ਪੰਨਾ 22

34 *ਯੋਗੇਂਦ੍ਰ ਸਿੰਹੁ (ਡਾ.) ਸੰਤ ਰੈਦਾਸ, ਕਰਤਿਤਵ ਜੀਵਨ ਔਰ ਵਿਚਾਰ, ਪੰਨਾ 9*

35 ਸਵਾਮੀ ਰਾਮਾਨੰਦ ਸ਼ਾਸਤਰੀ, *ਸੰਤ ਰਵਿਦਾਸ ਔਰ ਉਨਕਾ ਕਾਵਯ,* ਪੰਨਾ 17

ਹੋਇਆ ਹੋਵੇਗਾ। ਡਾ. ਬੀ.ਪੀ. ਸ਼ਰਮਾ ਆਪ ਜੀ ਦਾ ਜਨਮ ਬਨਾਰਸ ਦੇ ਨੇੜੇ ਮੰਡੂਆ ਡੀਹ ਵਿੱਚ ਹੀ ਹੋਇਆ ਮੰਨਦੇ ਹਨ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਡਾ. ਦਲੀਪ ਸਿੰਘ 'ਦੀਪ', ਡਾ. ਐਨ. ਸਿੰਘ, ਡਾ. ਧਰਮਪਾਲ ਮੈਨੀ ਡਾ. ਮਨਮੋਹਨ ਸਿੰਘ ਭਗਤ ਰਵਿਦਾਸ ਜੀ ਦੇ ਜਨਮ ਬਾਰੇ ਲਿਖਦੇ ਹਨ ਕਿ ਹੁਣ ਇਸ ਬਾਰੇ ਲਗਭਗ ਸਭ ਇੱਕ ਮੱਤ ਹੋ ਚੁੱਕੇ ਹਨ ਕਿ ਆਪ ਦਾ ਜਨਮ ਮੰਡੂਰ ਜਾਂ ਮੰਡੂਆ ਡੀਹ ਪਿੰਡ ਵਿੱਚ ਹੋਇਆ।[36]

ਡਾ. ਚੰਦ੍ਰ ਦੇਵ ਰਾਯ ਰਵਿਦਾਸ ਬਾਣੀ ਵਿੱਚ ਆਏ ਸੰਕੇਤਾਂ ਨੂੰ ਆਧਾਰ ਬਣਾ ਕੇ ਕਾਸ਼ੀ ਨੂੰ ਵੀ ਗੱਦ ਅਤੇ ਪੱਦ ਵਿੱਚ ਭਗਤ ਰਵਿਦਾਸ ਦੀਆਂ ਜਨਮ ਸਾਖੀਆਂ ਲਿਖਣ ਵਾਲੇ ਸਾਖੀਕਾਰ ਕਾਲਾ ਸਿੰਘ ਨਾਮਧਾਰੀ, ਗਿਆਨੀ ਬਰਕਤ ਸਿੰਘ ਆਨੰਦ, ਗਿਆਨੀ ਪ੍ਰਤਾਪ ਸਿੰਘ ਜੋਤਸ਼ੀ, ਸੰਤ ਜਮਨਾ ਦਾਸ ਉਰਫ਼ ਜਸਵੰਤ ਸਿੰਘ ਨੇ ਆਪ ਦਾ ਜਨਮ ਸਥਾਨ ਕਾਸ਼ੀ ਦੇ ਆਸ-ਪਾਸ ਹੀ ਉਚਿਤ ਮੰਨਿਆ ਹੈ। ਇਸ ਤਰ੍ਹਾਂ ਵਧੇਰੇ ਖੋਜੀ ਵਿਦਵਾਨਾਂ ਨੇ ਆਪ ਜੀ ਦਾ ਜਨਮ ਸਥਾਨ ਕਾਸ਼ੀ ਨੇੜੇ ਮੰਡੂਆਂ ਡੀਹ ਪਿੰਡ ਵਿੱਚ ਹੋਇਆ ਮੰਨਿਆ ਹੈ। ਉਪਰੋਕਤ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਕਾਸ਼ੀ ਨੇੜੇ ਮੰਡੂਆ ਡੀਹ ਪਿੰਡ ਵਿੱਚ ਹੋਇਆ।[37]

ਬੇਸ਼ੱਕ ਵਿਦਵਾਨਾਂ ਨੇ ਆਪੋ-ਆਪਣੇ ਮਤ ਅਨੁਸਾਰ ਭਗਤ ਜੀ ਦੇ ਜਨਮ ਸਥਾਨ ਦਾ ਖੁਲਾਸਾ ਕੀਤਾ ਹੈ, ਪ੍ਰੰਤੂ ਇਨ੍ਹਾਂ ਵਿਦਵਾਨਾਂ ਦੇ ਮਤ ਭਗਤ ਜੀ ਦੀ ਆਪਣੀ ਗਵਾਹੀ ਸਾਹਮਣੇ ਫਿੱਕੇ ਜਾਪਦੇ ਹਨ। ਭਗਤ ਜੀ ਨੇ ਆਪਣੇ ਜਨਮ ਸਥਾਨ ਬਾਰੇ ਇਉ ਬਿਆਨ ਕੀਤਾ ਹੈ:

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥[38]

ਰਵਿਦਾਸ ਜੀ ਦੇ ਆਪਣੇ ਇਸ ਬਿਆਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਬਨਾਰਸ ਦੇ ਨੇੜੇ-ਤੇੜੇ ਹੀ ਹੋਇਆ ਸੀ।[39]

---

36 ਧਰਮਪਾਲ ਸਿੰਗਲ (ਡਾ.), *ਸੰਤ ਸ਼ਿਰੋਮਣੀ ਰਵਿਦਾਸ*, ਪੰਨਾ 122

37 ਸੰਤ ਦਰਬਾਰੀ ਜਮਨਾ ਦਾਸ ਉਰਫ਼ ਜਸਵੰਤ ਸਿੰਘ, *ਸ੍ਰੀ ਰਵਿਦਾਸ ਜੀ ਪ੍ਰਗਾਸ*, ਪੰਨਾ 83

38 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੧੨੯੩

39 *ਸ੍ਰੀ ਬਨਾਰਸ ਦੇ ਆਸ ਪਾਸ ਦਾ ਖੁਲਾਸਾ ਕਰਦੇ ਹੋਏ ਸ੍ਰੀ ਬਖਸੀ ਦਾਸ, ਜੋ ਭਗਤ ਰਵਿਦਾਸ ਜੀ ਦੇ ਅਨਿਨ ਭਗਤ ਸਨ, ਨੇ ਰੈਦਾਸ ਰਮਾਯਣ ਵਿੱਚ ਆਪ ਜੀ ਦੇ ਜਨਮ ਸਥਾਨ ਬਾਰੇ ਇਸ ਤਰ੍ਹਾਂ ਲਿਖਿਆ ਹੈ :*
ਕਾਸ਼ੀ ਢਿਗ ਮਾਂਡੂਰ ਸਥਾਨਾ ਸ਼ੂਦਰ ਵਰਣ ਕਰਤ ਗੁਜ਼ਰਾਨਾ॥
ਮਾਂਡੂਰ ਨਗਰ ਲੀਨ ਅਵਤਾਰਾ, ਰਵਿਦਾਸ ਸ਼ੁਭ ਨਾਮ ਹਮਾਰਾ॥
ਉਧਰਿਤ, ਸੋਹੰ, ਪੂਰਵ ਅੰਕਤ, ਪੰਨਾ 1.

## ਮਾਤਾ – ਪਿਤਾ

ਆਪ ਦੇ ਮਾਤਾ-ਪਿਤਾ ਦੇ ਨਾਵਾਂ ਬਾਰੇ ਵੀ ਕਾਫੀ ਮੱਤਭੇਦ ਹਨ। ਕਈ ਵਿਦਵਾਨ ਉਨ੍ਹਾਂ ਦੇ ਪਿਤਾ ਜੀ ਦਾ ਨਾਂ ਸੰਤੋਖ ਦਾਸ ਕੁਝ ਵਿਦਵਾਨ ਉਨ੍ਹਾਂ ਦਾ ਨਾਮ ਰਘੂ, ਮਾਨਦਾਸ ਅਤੇ ਰਾਘਵ ਦੱਸਦੇ ਹਨ। ਭਗਤ ਰਵਿਦਾਸ ਜੀ ਦੇ ਮਾਤਾ-ਪਿਤਾ ਦੇ ਨਾਮ ਸੰਬੰਧੀ ਕੋਈ, ਠੋਸ ਸਮੱਗਰੀ ਪ੍ਰਾਪਤ ਨਹੀਂ ਹੈ। ਫਿਰ ਵੀ ਜਨਸ਼ਰੁਤੀਆਂ ਅਤੇ ਸੰਪਰਦਾਇਕ ਸੂਚਨਾਵਾਂ ਦੇ ਆਧਾਰ ਤੇ ਉਨ੍ਹਾਂ ਦੇ ਮਾਤਾ-ਪਿਤਾ ਬਾਰੇ ਕੁਝ ਜਾਣਕਾਰੀ ਜ਼ਰੂਰ ਮਿਲਦੀ ਹੈ।'ਭਵਿਸ਼ਯ ਪੁਰਾਣ' ਵਿੱਚ ਰਵਿਦਾਸ ਜੀ ਦੇ ਪਿਤਾ ਦਾ ਨਾਮ ਮਾਨ ਦਾਸ ਦੱਸਿਆ ਗਿਆ ਹੈ। ਭਗਤ ਰਵਿਦਾਸ ਜੀ ਦਾ ਜਨਮ, ਪਿਤਾ ਸ੍ਰੀ ਸੰਤੋਖ ਦਾਸ ਜੀ ਉਰਫ ਰਘੂ ਜੀ ਦੇ ਘਰ ਮਾਤਾ ਕਰਮਾਂ ਉਰਫ ਕਲਸਾਂ ਦੇਵੀ ਦੀ ਕੁੱਖੋਂ ਹੋਇਆ।[40] ਧਰਮਪਾਲ ਸਿੰਗਲ ਆਪ ਦੇ ਪਿਤਾ ਦਾ ਨਾਂ ਰਘੂ ਅਤੇ ਮਾਤਾ ਦਾ ਨਾਂ ਕਰਮਾਬਾਈ ਕਹਿੰਦੇ ਹਨ।[41]

ਨਾਵਾਂ ਸੰਬੰਧੀ ਕਿਸੇ ਸਿੱਟੇ ਤੇ ਪਹੁੰਚਣ ਲਈ ਡਾ. ਯੋਗੇਂਦ੍ਰ ਸਿੰਹੁ ਦਾ ਮੱਤ ਹੈ ਕਿ "ਰਵਿਦਾਸ-ਰਮਾਇਣ' ਵਿੱਚ ਦਿੱਤੇ ਪਿਤਾ ਦਾ ਨਾਂ ਰਾਹੂ ਦਾ ਵੀ ਪ੍ਰਵਰਤਿਤ ਰੂਪ ਮੰਨ ਲਿਆ ਜਾਵੇ ਤਾਂ 'ਰਘੂ' ਨਾਂ ਦੀ ਵਧੇਰੇ ਪੁਸ਼ਟੀ ਹੋ ਜਾਂਦੀ ਹੈ।[42]

ਇਸ ਮੱਤ ਨੂੰ ਡਾ. ਧਰਮਪਾਲ ਸਿੰਗਲ ਹੋਰ ਵਧੇਰੇ ਪ੍ਰਭਾਵੀ ਬਣਾਉਂਦੇ ਹੋਏ ਲਿਖਦੇ ਹਨ ਕਿ "ਰਾਹੂ, ਰਹੁ ਤੇ ਰੁਹੂ ਰਘੂ ਦੇ ਹੀ ਅਪਭਰੰਸ ਰੂਪ ਹਨ। ਸਮੇਂ ਤੇ ਸਥਾਨ ਦੀ ਦੂਰੀ ਨੇ ਇਹ ਕਈ ਨਾਂ ਪ੍ਰਚਲਿਤ ਕਰ ਦਿੱਤੇ, ਜਿਵੇਂ ਕਿ ਖੁਦ ਰਵਿਦਾਸ ਜੀ ਬਾਰੇ ਦੇਖਿਆ ਗਿਆ ਹੈ। ਭਗਤ ਰਵਿਦਾਸ ਦੇ ਪਿਤਾ ਦਾ ਨਾਂ ਰਘੂ ਮਾਤਾ ਦਾ ਨਾਂ ਕਰਮਾ ਦੇਵੀ ਮੰਨਣਾ ਵਧੇਰੇ ਯੋਗ ਹੈ।[43]

ਡਾ. ਕਾਸ਼ੀ ਨਾਥ ਉਪਧਿਆਇ ਵੀ ਅਜਿਹਾ ਮੱਤ ਪ੍ਰਗਟ ਕਰਦੇ ਹਨ ਕਿ 'ਰਵਿਦਾਸ ਰਮਾਇਣ' ਵਿੱਚ ਪਿਤਾ ਦਾ ਨਾਂ ਰਾਹੂ ਦਿੱਤਾ ਗਿਆ ਹੈ, ਜੋ ਅਧਿਕ ਪ੍ਰਚਲਿਤ ਨਾਮ ਰਘੂ ਨਾਲ ਮਿਲਦਾ ਜੁਲਦਾ ਹੈ। ਸਵਾਮੀ ਰਾਮਾਨੰਦ ਸਾਸ਼ਤਰੀ, ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ,

---

40 ਭਗਤ ਰਵਿਦਾਸ ਜੀ ਦੇ ਮਾਤਾ-ਪਿਤਾ ਦੇ ਇਕ ਤੋਂ ਜ਼ਿਆਦਾ ਨਾਂ ਪ੍ਰਚਲਿਤ ਹਨ, ਜਿਨ੍ਹਾਂ ਵਿਚੋਂ ਕਿਸੇ ਇੱਕ ਦਾ ਨਿਰਣਾ ਦੇਣਾ ਸੰਭਵ ਨਹੀਂ ਫਿਰ ਵੀ ਬਹੁਮਤ ਅਨੁਸਾਰ ਉਨ੍ਹਾਂ ਦੇ ਨਾਂ ਉਪਰੋਕਤ ਹੀ ਹਨ। ਵੇਖੋ: ਡਾ. ਜਸਬੀਰ ਸਿੰਘ ਸਾਬਰ (ਡਾ.), ਭਗਤ ਰਵਿਦਾਸ : *ਜੀਵਨ ਅਤੇ ਬਾਣੀ ਸ੍ਰੋਤ ਪਰਿਚੈ*, ਸਰਬਜਿੰਦਰ ਸਿੰਘ (ਡਾ.) (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਪੰਨਾ 65

41 ਧਰਮਪਾਲ ਸਿੰਗਲ (ਸੰਪਾ.) *ਗੁਰੂ ਰਵਿਦਾਸ ਵਾਣੀ ਵਿਚਾਰ*, ਪੰਨਾ 15

42 ਯੋਗੇਂਦ੍ਰ ਸਿੰਹੁ, *ਰੈਦਾਸ ਕ੍ਰਿਤਿਤਵ ਜੀਵਨ ਔਰ ਵਿਚਾਰ*, ਪੰਨਾ 24

43 ਧਰਮਪਾਲ ਸਿੰਗਲ, *ਸੰਤ ਸ਼ਿਰੋਮਣੀ ਰਵਿਦਾਸ*, ਪੰਨਾ 28

ਡਾ. ਮਨਮੋਹਨ ਸਿੰਘ (ਰੈਦਾਸ ਜੀ ਕੀ ਬਾਣੀ), ਡਾ. ਸੁਖਦੇਵ ਸਿੰਘ, ਡਾ. ਧਰਮਪਾਲ ਮੈਨੀ, ਡਾ. ਧਰਮਪਾਲ, ਡਾ. ਪਦਮ ਗੁਰੂ ਚਰਨ ਸਿੰਘ, ਡਾ. ਦਲੀਪ ਸਿੰਘ ਦੀਪ, ਚੰਦ੍ਰਿਕਾ ਪ੍ਰਸਾਦ ਜਿਗਿਆਸੂ, ਇੰਦਰਾਜ ਸਿੰਘ, ਡਾ. ਨਰੈਣ ਅਤੇ ਗਿਆਨੀ ਪ੍ਰਤਾਪ ਸਿੰਘ ਆਪ ਦੇ ਪਿਤਾ ਦਾ ਨਾਂ 'ਰਘੂ' ਹੀ ਮੰਨਦੇ ਹਨ। ਚੌਥੇ ਮੱਤ ਅਨੁਸਾਰ ਆਪ ਦੇ ਪਿਤਾ ਦਾ ਨਾਂ ਸੰਤੋਖ (ਸੰਤੋਖ ਦਾਸ) ਹੈ। ਇਸ ਗੱਲ ਦੀ ਕਿਸੇ ਵੀ ਵਿਦਵਾਨ ਨੇ ਪੁਸ਼ਟੀ ਨਹੀਂ ਕੀਤੀ। ਵਿਦਵਾਨਾਂ ਅਨੁਸਾਰ ਆਪ ਦੇ ਪਿਤਾ ਦਾ ਨਾਂ ਸੰਤੋਖ ਅਸੰਗਤ ਹੈ। ਇਸ ਲਈ ਭਗਤ ਰਵਿਦਾਸ ਜੀ ਦੇ ਪਿਤਾ ਦਾ ਨਾਂ 'ਰਘੂ' ਮੰਨਣਾ ਹੀ ਤਰਕ ਸੰਗਤ ਹੈ। ਆਪ ਜੀ ਦੀ ਮਾਤਾ ਦਾ ਨਾਂ ਕਰਮਾ, ਕਰਮਾ-ਦੇਵੀ, ਕਲਸੀ, ਕਰਮਾਵਤੀ, ਘੁਰਬਿਨੀ, ਕੋਸ਼ਾ ਦੇਵੀ ਸਵੀਕਾਰ ਕੀਤੇ ਗਏ ਹਨ। ਇਸ ਬਾਰੇ ਰਾਮਾਨੰਦ ਸ਼ਾਸਤਰੀ ਲਿਖਦੇ ਹਨ ਕਿ ਘੁਰਬਿਨੀਆ ਸ਼ਬਦ ਅਟਪਟਾ ਅਤੇ ਅਸੁਭਾਵਿਕ ਪ੍ਰਤੀਤ ਹੁੰਦਾ ਹੈ। ਇਸ ਲਈ ਉਸ ਦੀ ਮਾਤਾ ਦਾ ਨਾਂ ਕਰਮਾ ਦੇਵੀ ਮੰਨਣਾ ਚਾਹੀਦਾ ਹੈ।[44]

## ਭਗਤ ਰਵਿਦਾਸ ਜੀ ਦੇ ਵੱਖ-ਵੱਖ ਨਾਮ

ਭਗਤ ਰਵਿਦਾਸ ਜੀ ਦੇ ਵੱਖ-ਵੱਖ ਪ੍ਰਚਲਿਤ ਨਾਵਾਂ ਬਾਰੇ ਵੀ ਵਿਦਵਾਨਾਂ ਵਿੱਚ ਕਾਫੀ ਮਤਭੇਦ ਹਨ। ਇਨ੍ਹਾਂ ਨੂੰ ਰੈਦਾਸ, ਰਵਿਦਾਸ, ਰੁਈਦਾਸ, ਰਈਦਾਸ, ਰੂਹਦਾਸ, ਰੋਹੀਦਾਸ, ਰਾਮਦਾਸ, ਰਯਦਾਸ, ਰਦਾਸ, ਰਯਿਦਾਸ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ।[45] ਇਨ੍ਹਾਂ ਦੇ ਨਾਵਾਂ ਨੂੰ ਵੱਖ-ਵੱਖ ਰੂਪ ਦੇਣਾ ਸਥਾਨਕ ਜਾਂ ਭਾਸ਼ਾਈ ਵਖਰੇਵੇਂ ਕਾਰਨ ਹੀ ਹੈ। ਪੰਜਾਬ ਅਤੇ ਹਰਿਆਣਾ ਵਿੱਚ ਗੁਰੂ ਰਵਿਦਾਸ ਜੀ, ਬੰਗਾਲ ਵਿੱਚ ਰਵਦਾਸ ਜਾਂ ਰੋਈਦਾਸ, ਗੁਜਰਾਤ ਵਿੱਚ ਰੋਹੀਦਾਸ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਰੈਦਾਸ, ਬੀਕਾਨੇਰ (ਰਾਜਸਥਾਨ) ਵਿੱਚ ਰੂਹਦਾਸ ਨਾਮ ਪ੍ਰਚਲਿਤ ਹਨ।[46]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਭਗਤ ਜੀ ਦਾ ਨਾਮ ਰਵਿਦਾਸ ਰੂਪ ਵਿਚ ਲਿਆ ਹੈ :

ਰਵਿਦਾਸ ਚਮਾਰੁ ਉਸਤਿਤ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

---

44 ਸਵਾਮੀ ਰਾਮਾਨੰਦ ਸਾਸ਼ਤਰੀ, ਪਾਂਡੇਯ ਵਿਰੇਂਦ੍ਰ, *ਸੰਤ ਰਵਿਦਾਸ ਔਰ ਉਨਕਾ ਕਾਵਯ, ਪੰਨਾ 32*

45 ਧਰਮਪਾਲ ਸਿੰਗਲ (ਡਾ.), *ਗੁਰੂ ਰਵਿਦਾਸ ਜੀਵਨ, ਦਰਸ਼ਨ ਅਤੇ ਰਹੱਸ,* ਪੰਨਾ 29

46 ਜਸਬੀਰ ਸਿੰਘ ਸਾਬਰ, (ਸੰਪਾ.), *ਭਗਤ ਰਵਿਦਾਸ : ਸ੍ਰੋਤ ਪੁਸਤਕ*, ਪੰਨਾ 28

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥[47]

ਅਤੇ

ਰਵਿਦਾਸ ਧਿਆਏ ਪ੍ਰਭ ਅਨੂਪ॥[48]

ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਵੀ ਰਵਿਦਾਸ ਨਾਂ ਦਾ ਹੀ ਜ਼ਿਕਰ ਕੀਤਾ ਹੈ :

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥[49]

ਇਨ੍ਹਾਂ ਤੋਂ ਇਲਾਵਾ ਭਗਤ ਧੰਨਾ ਜੀ ਨੇ ਵੀ ਭਗਤ ਰਵਿਦਾਸ ਜੀ ਦੇ ਨਾਮ ਨੂੰ ਇੰਜ ਵਰਣਨ ਕੀਤਾ ਹੈ :

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥

ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥[50]

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਭਗਤ ਜੀ ਨੂੰ ਰਵਿਦਾਸ ਨਾਮ ਨਾਲ ਸੰਬੋਧਿਤ ਕੀਤਾ ਹੈ:

ਭਗਤ ਕਬੀਰੁ ਵਖਾਣੀਐ ਜਨ ਰਵਿਦਾਸ ਬਿਦਰ ਗੁਰ ਭਾਏ॥

ਜਾਤਿ ਅਜਾਤਿ ਸਨਾਤਿ ਵਿੱਚ ਗੁਰਮੁਖਿ ਚਰਣ ਕਵਲ ਚਿਤੁ ਲਾਏ॥[51]

ਅਤੇ

ਭਗਤੁ ਕਬੀਰ ਜੁਲਾਹੜਾ ਨਾਮਾ ਛੀਬਾ ਹਰਿ ਗੁਣ ਗਾਈ॥

ਕੁਲਿ ਰਵਿਦਾਸ ਚਮਾਰੁ ਹੈ ਸੈਣ ਸਨਾਂਤੀ ਅੰਦਰਿ ਨਾਈ॥[52]

ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੇ ਨਾਵਾਂ ਨੂੰ ਵੱਖ-ਵੱਖ ਰੂਪਾਂ ਦਾ ਕਾਰਨ ਸਥਾਨਕ ਜਾਂ ਭਾਸ਼ਾਈ ਵਖਰੇਵੇਂ ਕਾਰਨ ਹੀ ਅਲੱਗ-ਅਲੱਗ ਹੈ।

---

47 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੪੩੩

48 ਉਹੀ, ਪੰਨਾ ੧੧੯੨

49 ਉਹੀ, ਪੰਨਾ ੧੨੦੭

50 ਉਹੀ, ਪੰਨਾ ੪੮੭

51 *ਭਾਈ ਗੁਰਦਾਸ*, ਵਾਰ/ਪਉੜੀ, ੨੩/੧੫-੧-੭

52 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫

## ਜਾਤੀ

ਆਪ ਜੀ ਦੇ ਪਿਤਾ ਚਮਾਰ ਜਾਤੀ ਦੇ ਜੱਸਲ (ਜੱਸੀ) ਗੋਤ ਨਾਲ ਸੰਬੰਧ ਰੱਖਦੇ ਸਨ। ਆਪਣੀ ਜਾਤ ਦੇ ਸੰਬੰਧ ਵਿੱਚ ਭਗਤ ਰਵਿਦਾਸ ਜੀ ਨੇ ਬੇਝਿਜਕ ਹੋ ਕੇ ਆਪਣੀ ਹਸਤੀ ਬਾਰੇ ਕਹਿਣ ਦੀ ਦਲੇਰੀ ਕੀਤੀ ਹੈ, ਉਹ ਇਉਂ ਬਿਆਨ ਕਰਦੇ ਹਨ:

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ [53]

ਅਤੇ

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥ [54]

ਅਥਵਾ

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥ [55]

ਅਰਥਾਤ

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥ [56]

---

53 ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੫੯
54 ਉਹੀ, ਪੰਨਾ ੧੨੯੩
55 ਉਹੀ, ਪੰਨਾ ੪੮੬

ਭਗਤ ਰਵਿਦਾਸ ਜੀ ਉਸ ਸਮੇਂ ਨੀਵੀਂ ਸਮਝੀ ਜਾਂਦੀ ਚਮਾਰ ਜਾਤੀ ਨਾਲ ਸੰਬੰਧਿਤ ਸਨ, ਜਿਸ ਦਾ ਪੇਸ਼ਾ ਚਮੜ੍ਹੇ ਨਾਲ ਹੈ। ਭਗਤ ਰਵਿਦਾਸ ਜੀ ਨੇ ਜੁੱਤੀਆਂ ਗੰਢਣ ਅਤੇ ਬਣਾਉਣ ਦਾ ਪੇਸ਼ਾ ਅਪਣਾਇਆ। ਉਹ ਆਪਣੇ ਜੀਵਨ ਦਾ ਉਦਾਹਰਣ ਦਿੰਦੇ ਹੋਏ ਕਹਿੰਦੇ ਹਨ ਕਿ ਮੇਰੀ ਜਾਤ ਛੋਟੀ ਹੈ, ਮੇਰਾ ਕੰਮ ਮਰੇ ਹੋਏ ਪਸ਼ੂਆਂ ਨੂੰ ਢੋਣਾ ਅਤੇ ਜੁੱਤੀਆਂ ਗੰਢਣਾ ਹੈ। ਉਹ ਆਪਣੇ ਕਿੱਤੇ ਨੂੰ ਛੋਟਾ ਨਹੀਂ ਮੰਨਦੇ ਅਤੇ ਮਿਹਨਤ ਕਰਕੇ ਰੋਜ਼ੀ ਰੋਟੀ ਕਮਾਉਣ ਵਿੱਚ ਹੀ ਆਦਰ ਸਤਿਕਾਰ ਸਮਝਦੇ ਹਨ, ਦਾ ਸੰਦੇਸ਼ਾ ਦਿੰਦੇ ਹਨ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਆਪਣੇ ਬਾਰੇ ਚਰਚਾ ਕਰਦੇ ਹੋਏ ਕਹਿੰਦੇ ਹਨ ਕਿ ਮੇਰੇ ਪਰਿਵਾਰ ਦੇ ਲੋਕ ਅਜੇ ਵੀ ਬਨਾਰਸ ਦੇ ਆਲੇ-ਦੁਆਲੇ ਮਰੇ ਹੋਏ ਪਸ਼ੂਆਂ ਨੂੰ ਢੋਣ ਦਾ ਕੰਮ ਕਰਦੇ ਹਨ ਪਰ ਮੈਨੂੰ ਗਰੀਬ ਨੂੰ ਪਰਮਾਤਮਾ ਨੇ ਆਪਣੀ ਪ੍ਰੇਮਾ-ਭਗਤੀ ਦੁਆਰਾ ਉੱਚਾ ਕੀਤਾ ਹੈ। ਜਿਸ ਕਰਕੇ ਸਮਾਜ ਦਾ ਉੱਚ ਵਰਗ ਮੰਨੇ ਜਾਂਦੇ ਬ੍ਰਾਹਮਣ ਵੀ ਮੈਨੂੰ ਸਤਿਕਾਰ ਦਿੰਦੇ ਹਨ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥[57]

## ਵਿੱਦਿਆ

ਬੇਸ਼ੱਕ ਭਗਤ ਰਵਿਦਾਸ ਜੀ ਦੁਆਰਾ ਕਿਸੇ ਆਸ਼ਰਮ, ਗੁਰੂਕੁਲ ਜਾਂ ਵਿੱਦਿਆਲੇ ਤੋਂ ਕੋਈ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਬਾਰੇ ਕੋਈ ਪ੍ਰਮਾਣਿਕ ਸ੍ਰੋਤ ਨਹੀਂ ਮਿਲਦਾ, ਪ੍ਰੰਤੂ ਫਿਰ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਆਪ ਜੀ ਦੀ ਦਰਜ ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਆਪ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਅਧਿਆਤਮਵਾਦ ਦੇ ਭਰਪੂਰ ਧਾਰਨੀ ਸਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਗਤ ਰਵਿਦਾਸ ਜੀ ਭਗਤ ਕਬੀਰ ਜੀ ਦੀ ਤਰ੍ਹਾਂ ਉਪਚਾਰਿਕ ਵਿੱਦਿਆ ਤੋਂ ਵੰਚਿਤ ਸਨ। ਭਗਤ ਰਵਿਦਾਸ ਜੀ ਨੇ ਆਪ ਸਵੀਕਾਰ ਕੀਤਾ ਹੈ ਕਿ ਉਹ ਪੜ੍ਹੇ-ਲਿਖੇ ਨਹੀਂ ਸਨ। ਜੋ ਵੀ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋਇਆ ਹੈ ਉਹ ਭਗਤ ਰਾਮਾਨੰਦ

---

56 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩
57 ਉਹੀ, ਪੰਨਾ ੧੨੯੩

ਦੁਆਰਾ ਮੌਖਿਕ ਰੂਪ ਵਿੱਚ ਪ੍ਰਾਪਤ ਹੋਇਆ ਹੈ ਸ਼ਾਇਦ ਇਸ ਲਈ ਕੁਝ ਵਿਦਵਾਨ ਇਹ ਮੱਤ ਪ੍ਰਗਟ ਕਰਦੇ ਹਨ ਕਿ ਆਪ ਪ੍ਰਭੂ ਦੀ ਪਾਠਸ਼ਾਲਾ ਵਿੱਚੋਂ ਹੀ ਵਿੱਦਿਆ ਪੜ੍ਹ ਕੇ ਆਏ ਸਨ। ਪਰੰਤੂ ਅਜਿਹਾ ਮੱਤ ਵਿਗਿਆਨਕ ਨਹੀਂ ਲੱਗਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ', ਵਿੱਚ ਦਰਜ ਆਪ ਜੀ ਦੀ ਬਾਣੀ ਸਪੱਸ਼ਟ ਕਰਦੀ ਹੈ ਕਿ ਆਪ ਵਿੱਦਿਆ ਪੜ੍ਹੇ ਹੋਏ ਸਨ। ਇਸ ਲਈ ਬਾਣੀ ਵਿੱਚ ਰਵਿਦਾਸ ਜੀ ਪ੍ਰਭੂ ਨਾਮ ਪੜ੍ਹਨ ਵਿਚਾਰਨ ਅਤੇ ਸੁਣਨ ਦੀ ਸਿੱਖਿਆ ਦਿੰਦੇ ਹਨ :

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਉ ਨ ਦਰਸੈ॥[58]

ਇੱਕ ਸ਼ਬਦ ਵਿੱਚ ਆਪ ਨੇ ਵਰਣਮਾਲਾ ਦੇ ਚੌਂਤੀ ਅੱਖਰ ਹੋਣ ਬਾਰੇ ਵੀ ਲਿਖਿਆ ਹੈ:–

ਨਾਨਾ ਖਿਆਨ ਪੁਰਾਨ, ਬੇਦ ਬਿਧਿ ਚਉਤੀਸ ਅੱਖਰ ਮਾਂਹੀ॥[59]

ਪ੍ਰਾਚੀਨ ਸਮੇਂ ਵਿੱਚ ਗੁਰੂ ਆਪਣੇ ਸ਼ਿਸ਼ਾਂ ਨੂੰ ਡੇਰਿਆਂ ਵਿੱਚ ਪੜ੍ਹਾਉਂਦੇ ਸਨ। ਬਾਣੀ ਵਿੱਚ ਪੜ੍ਹਨ ਵਿਚਾਰਨ ਬਿਆਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਨੇ ਸਿੱਖਿਆ ਜ਼ਰੂਰ ਪ੍ਰਾਪਤ ਕੀਤੀ ਹੋਵੇਗੀ। ਹੋ ਸਕਦਾ ਹੈ ਕਿ ਆਪ ਨੇ ਪਾਠਸ਼ਾਲਾ ਵਿੱਚ ਬੈਠ ਕੇ ਢੰਗ ਨਾਲ ਲੌਕਿਕ ਵਿੱਦਿਆ ਪ੍ਰਾਪਤ ਨਾ ਕੀਤੀ ਹੋਵੇ। ਡਾ. ਯੋਗੇਂਦ੍ਰ ਸਿੰਹੁ "ਆਪ ਨੂੰ ਗੁਰੂ ਕਿਰਪਾ ਸਤਿਸੰਗ ਅਤੇ ਅੰਤਰ ਗਿਆਨ ਰਾਹੀਂ ਹੀ ਸਿੱਖਿਅਤ ਹੋਇਆ ਮੰਨਦੇ ਹਨ।[60]

ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ਼ਬਦਾਂ ਦੇ ਭਾਸ਼ਾਈ ਵਿਸ਼ਲੇਸ਼ਣ ਵਿੱਚ ਕਈ ਤਰ੍ਹਾਂ ਦੀਆਂ ਨਿਵੇਕਲੀਆਂ ਵਿਸ਼ੇਸ਼ਤਾਈਆਂ ਨਜ਼ਰ ਆਉਂਦੀਆਂ ਹਨ। ਉਨ੍ਹਾਂ ਨੇ ਸਮਕਾਲੀ ਸਮਾਜ ਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਸੁਨੇਹਾ ਪ੍ਰਦਾਨ ਕਰਨ ਲਈ ਲੋਕ ਮੁਹਾਵਰੇ ਵਾਲੀ ਭਾਸ਼ਾ ਨੂੰ ਅਪਣਾਇਆ।ਅਸਲ ਵਿੱਚ ਭਗਤ ਇੱਕ ਥਾਂ ਉਪਰ ਬੈਠ ਕੇ ਪ੍ਰਭੂ ਭਗਤੀ ਵੱਲ ਕੇਂਦਰਿਤ ਨਹੀਂ ਸਨ ਅਰਥਾਤ ਉਨ੍ਹਾਂ ਨੇ ਘੁੰਮ ਫਿਰ ਕੇ ਭਗਤੀ ਦੇ ਗੀਤ ਗਾਏ। ਉਹ ਜਿੱਥੇ ਵੀ ਜਾਂਦੇ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਕਿ ਉਥੋਂ ਦੀ ਸਥਾਨਕ ਰੰਗਣ ਵਾਲੀ ਸ਼ਬਦਾਵਲੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਇਨ੍ਹਾਂ ਦੀ ਬਾਣੀ ਵਿੱਚ ਸੰਸਕ੍ਰਿਤ, ਬ੍ਰਜੀ, ਅਰਬੀ, ਫ਼ਾਰਸੀ, ਪੰਜਾਬੀ ਆਦਿ ਦੀ ਸ਼ਬਦਾਵਲੀ ਸਹਿਜੇ ਹੀ ਮਿਲ ਜਾਂਦੀ ਹੈ। ਭਗਤ ਜੀ ਦੀ ਬਾਣੀ ਤੋਂ ਸਪੱਸ਼ਟ ਹੁੰਦਾ ਹੈ

---

58 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੩

59 ਉਹੀ, ਪੰਨਾ ੬੫੮

60 ਯੋਗੇਂਦ੍ਰ ਸਿੰਘ ਆਜ਼ਾਦ, *ਸੰਤ ਰਵਿਦਾਸ ਕ੍ਰਿਤਿਤਵ ਜੀਵਨ ਔਰ ਵਿਚਾਰ*, ਪੰਨਾ 35

ਕਿ ਆਪ ਅਨੇਕ ਭਾਸ਼ਾਵਾਂ ਦੇ ਗਿਆਤਾ ਸਨ। ਮਿਸਾਲ ਵਜੋਂ ਫਾਰਸੀ ਮੂਲਕ ਭਾਸ਼ਾ ਵਿੱਚ ਆਪ ਜੀ ਦੁਆਰਾ ਉਚਾਰਨ ਕੀਤਾ ਹੋਇਆ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ :

'ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥[61]

ਭਗਤ ਜੀ ਦੀ ਉਪਰੋਕਤ ਰਚਨਾ ਵਿੱਚ ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ। ਜਿਵੇਂ ਕਿ ਸ਼ਹਿਰ, ਖਿਰਾਜ, ਮਾਲ, ਤਸਵੀਸ, ਕਾਇਮ, ਪਾਤਸਾਹੀ, ਆਬਾਦਾਨ, ਮਸ਼ਹੂਰ ਗਲੀ, ਸੈਲ (ਸੈਰ) ਮਹਰਮ (ਹਰਮ), ਮਹਲ, ਹਮਸਹਰੀ ਆਦਿਕ।

ਇਸ ਤੋਂ ਇਲਾਵਾ ਰਵਿਦਾਸ ਜੀ ਦੀ ਬਾਣੀ ਵਿੰਚ ਅਰਬੀ-ਫਾਰਸੀ ਸ਼ਬਦਾਵਲੀ ਦੀ ਵਰਤੋਂ ਮਿਲਦੀ ਹੈ, ਜਿਵੇਂ ਕਿ ਤੁਮ ਮਖਤੂਲ ਸੁਬੇਦ ਸਪੀਹਲ।[62]

ਭਗਤ ਰਵਿਦਾਸ ਜੀ ਬ੍ਰਜ ਭਾਸ਼ਾ ਵਿੱਚ ਇਸ ਪ੍ਰਕਾਰ ਸ਼ਬਦ ਉਚਾਰਨ ਕਰਦੇ ਹਨ:

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥

---

61 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੬੫੪

62 *ਵੇਖੋ : ਰਵਿਦਾਸ ਬਾਣੀ : ਬਹੁਪੱਖੀ ਅਧਿਐਨ*, ਪੂਰਵ ਅੰਕਤ, ਪੰਨਾ 201.

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥[63]

ਭਗਤ ਰਵਿਦਾਸ ਜੀ ਦੀ ਰਚਨਾ ਉੱਤੇ ਪੰਜਾਬੀ ਦਾ ਵਿਸ਼ੇਸ਼ ਪ੍ਰਭਾਵ ਹੈ। ਇਹੋ ਕਾਰਨ ਹੈ ਕਿ 'ਚਉਤੀਸ ਅਖਰ ਮਾਹਿ' ਵਿੱਚ ਪੈਂਤੀਵੇਂ 'ਅਖਰ' 'ੜ' ਦਾ ਪ੍ਰਯੋਗ ਵੀ ਰਵਿਦਾਸ ਬਾਣੀ ਵਿੱਚ ਮਿਲਦਾ ਹੈ ਜਿਵੇਂ ਕਿ 'ਹਾਡ ਮਾਸ ਨਾੜੀ ਕੋ ਪਿੰਜਰ, ਤੀਨੋ ਜੁਗ ਤੀਨੋ ਦਿੜੇ' ਆਦਿਕ। ਭਗਤ ਜੀ ਦੀ ਬਾਣੀ ਵਿੱਚ ਪੰਜਾਬੀ ਰੂਪ ਵਿੱਚ ਸ਼ਬਦ ਇਸ ਤਰ੍ਹਾਂ ਹਨ :

ਜੇ ਓਹੁ ਅਠਸਠਿ ਤੀਰਥ ਨਾਵੈ॥

ਜੇ ਓਹੁ ਦੁਆਦਸ ਸਿਲਾ ਪੂਜਾਵੈ॥

ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥

ਸਾਧ ਕਾ ਨਿੰਦਕੁ ਕੈਸੇ ਤਰੈ॥

ਸਰਪਰ ਜਾਨਹੁ ਨਰਕ ਹੀ ਪਰੈ॥੧॥ ਰਹਾਉ॥

ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ਅਰਪੈ ਨਾਰਿ ਸੀਗਾਰ ਸਮੇਤਿ॥

ਸਗਲੀ ਸਿਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥

ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥

ਅਪਨਾ ਬਿਗਾਰਿ ਬਿਰਾਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥

ਨਿੰਦਾ ਕਹਾ ਕਰਹੁ ਸੰਸਾਰਾ॥ਨਿੰਦਕ ਕਾ ਪਰਗਟਿ ਪਾਹਾਰਾ॥[64]

ਇਸ ਪ੍ਰਕਾਰ ਉਪਰੋਕਤ ਸ਼ਬਦਾਂ ਤੋਂ ਇਹ ਭਲੀ ਭਾਂਤ ਸਪੱਸ਼ਟ ਹੈ ਕਿ ਆਪ ਜੀ ਨੂੰ ਭਾਸ਼ਾ, ਸਾਹਿਤ, ਦਰਸ਼ਨ, ਧਰਮ ਅਤੇ ਸੰਸਕ੍ਰਿਤੀ ਦਾ ਵਧੀਆ ਗਿਆਨ ਪ੍ਰਾਪਤ ਸੀ। ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਮਿਲਦੇ ਪੌਰਾਣਿਕ ਹਵਾਲੇ, ਉਨ੍ਹਾਂ ਦੀ ਇਤਿਹਾਸਕ ਸੂਝ-ਬੂਝ ਦਾ ਪ੍ਰਮਾਣ ਹਨ। ਬਾਣੀ ਦੀ ਸ਼ਬਦਾਵਲੀ, ਸੰਗੀਤਾਤਮਕਤਾ, ਭਾਵ ਪ੍ਰਵਾਹ ਅਤੇ ਦਾਰਸ਼ਨਿਕ ਪਰਿਪੱਕਤਾ, ਉਨ੍ਹਾਂ ਦੇ ਬੁੱਧੀਮਾਨ ਹੋਣ ਬਾਰੇ ਕੋਈ ਸ਼ੰਕਾ ਨਹੀਂ ਰਹਿਣ ਦਿੰਦੀ।

---

63 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੧੨੯੩

64 ਉਹੀ, ਪੰਨਾ ੮੭੫

ਸਿੱਖਿਆ ਸੰਬੰਧੀ ਵਿਦਵਾਨਾਂ ਦੇ ਵਿਚਾਰ ਕੁਝ ਵੀ ਹੋਣ ਰਵਿਦਾਸ ਜੀ ਦੀ ਬਾਣੀ ਦਾ ਅਧਿਐਨ ਕਰਨ ਉਪਰੰਤ ਪਤਾ ਲੱਗਦਾ ਹੈ ਕਿ ਉਹ ਪੜ੍ਹੇ-ਲਿਖੇ ਸਨ। ਉਨ੍ਹਾਂ ਨੇ ਉਸ ਸਮੇਂ ਦੇ ਵਿਦਵਾਨ ਬ੍ਰਾਹਮਣਾਂ ਤੋਂ ਆਪਣੀ ਵਿਦਵਤਾ ਦਾ ਲੋਹਾ ਆਪਣੀ ਬਾਣੀ ਵਿੱਚ ਰਚੇ ਸ਼ਬਦਾਂ ਨਾਲ ਮਨਵਾਇਆ ਸੀ।

## ਘਰ-ਪਰਿਵਾਰ

ਭਗਤ ਰਵਿਦਾਸ ਜੀ ਦੇ ਗ੍ਰਹਿਸਥ ਜੀਵਨ ਸੰਬੰਧੀ ਖੋਜੀ ਵਿਦਵਾਨਾਂ ਵਿੱਚ ਵਿਭਿੰਨ ਮੱਤ ਮਿਲਦੇ ਹਨ। ਕੁਝ ਵਿਦਵਾਨਾਂ ਦਾ ਅਨੁਮਾਨ ਹੈ ਕਿ ਭਗਤ ਰਵਿਦਾਸ ਬ੍ਰਹਮਚਾਰੀ ਰਹੇ। ਕੁਝ ਵਿਦਵਾਨ ਆਪ ਨੂੰ ਗ੍ਰਹਿਸਥੀ ਮਹਾਂਪੁਰਸ਼ ਮੰਨਦੇ ਹਨ। ਇਸ ਮੱਤ ਦੀ ਪੁਸ਼ਟੀ ਲਈ ਬਾਣੀ ਵਿੱਚ ਕੋਈ ਸੰਕੇਤ ਨਹੀਂ ਮਿਲਦਾ। ਦੂਸਰੇ ਸਮਕਾਲੀ ਸੰਤਾਂ ਦੀ ਤਰ੍ਹਾਂ ਆਪ ਨੇ ਨਾਰੀ ਦੀ ਨਿੰਦਾ ਵੀ ਨਹੀਂ ਕੀਤੀ। ਆਪ ਦੀ ਬਾਣੀ ਵਿੱਚ ਯਥਾਯੋਗ ਨਾਰੀ ਵਰਨਣ ਜ਼ਰੂਰ ਮਿਲਦਾ ਹੈ। ਇਸ ਲਈ ਇਹ ਮੱਤ ਪ੍ਰਚਲਿਤ ਹੈ ਕਿ ਆਪ ਗ੍ਰਹਿਸਥੀ ਸਨ। ਆਪ ਦੀ ਸੁਪਤਨੀ ਦਾ ਨਾਂ ਲੋਨਾ ਸੀ। ਕੁਝ ਵਿਦਵਾਨ ਭਾਗ ਦੇਵੀ ਵੀ ਲਿਖਦੇ ਹਨ। ਆਚਾਰੀਆ ਪਰਸ਼ੂਰਾਮ ਚਤੁਰਵੇਦੀ ਆਪ ਦੀ ਪਤਨੀ ਦਾ ਨਾਂ ਲੋਨਾ ਮੰਨਦੇ ਹਨ।[65]

'ਰਵਿਦਾਸ ਪੁਰਾਣ' ਰਚਿਤ ਪਰਮਾਨੰਦ ਦੇ ਹਵਾਲੇ ਨਾਲ ਆਪ ਦੇ ਪੁੱਤਰ ਦਾ ਨਾਮ ਵਿਜਯਦਾਸ ਲਿਖਦੇ ਹਨ ਅਤੇ ਯੋਗੇਂਦ੍ਰ ਸਿੰਹ ਨੇ ਪ੍ਰਚਲਿਤ ਲੋਕ-ਵਿਸ਼ਵਾਸ ਅਤੇ ਪਰੰਪਰਾ ਨੂੰ ਆਧਾਰ ਬਣਾਉਂਦਿਆਂ ਆਪ ਦੀ ਪਤਨੀ ਦਾ ਨਾਂ 'ਲੋਨਾ' ਜਾਂ 'ਲੋਣਾ' ਹੀ ਦਿੱਤਾ ਹੈ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਦੇ ਜੀਵਨ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਡਾ. ਪਦਮ, ਗੁਰਚਰਨ ਸਿੰਘ, ਡਾ. ਧਰਮਪਾਲ ਮੈਨੀ, ਡਾ. ਧਰਮਪਾਲ ਸਿੰਗਲ, ਡਾ. ਬੀ.ਪੀ. ਸ਼ਰਮਾ, ਡਾ. ਕੇ.ਐਨ. ਉਪਾਧਿਆਇ ਪਰੰਪਰਾਗਤ ਵਿਚਾਰ ਨੂੰ ਆਧਾਰ ਮੰਨਦੇ ਹੋਏ ਆਪ ਦੀ ਪਤਨੀ ਦਾ ਨਾਂ 'ਲੋਨਾ ਦੇਵੀ' ਅਤੇ ਪੁੱਤਰ ਦਾ ਨਾ 'ਵਿਜਯਦਾਸ' ਲਿਖਦੇ ਹਨ।[66]

---

65 ਪਰਸ਼ੂਰਾਮ ਚਤੁਰਵੇਦੀ, *ਉੱਤਰੀ ਭਾਰਤ ਕੀ ਸੰਤ ਪਰੰਪਰਾ*, ਪੰਨਾ 24

66 ਕੇ. ਐਨ. ਉਪਾਧਿਆਇ, *'ਗੁਰੂ ਰਵਿਦਾਸ,* ਪੰਨਾ 19

ਜਨਮਸਾਖੀ ਸਾਹਿਤ ਲਿਖਣ ਵਾਲੇ ਸਾਖੀਕਾਰਾਂ ਨੇ ਵੀ ਆਪ ਦੀ ਪਤਨੀ ਦਾ ਨਾਂ ਭਾਗਣ, ਭਾਗਵੰਤੀ ਅਤੇ ਸੁਭਾਗਣ ਲਿਖਿਆ ਹੈ। ਭਾਈ ਜੋਧ ਸਿੰਘ ਆਪ ਜੀ ਦੀ ਪਤਨੀ ਦਾ ਨਾਂ ਭਾਗਵੰਤੀ ਲਿਖਦੇ ਹਨ। ਬਰਕਤ ਸਿੰਘ ਅਨੰਦ 'ਭਾਗ ਦੇਵੀ' ਲਿਖਦੇ ਹਨ।[67]

ਆਪ ਸੁਰਤ ਸੰਭਾਲਣ ਦੇ ਸਮੇਂ ਤੋਂ ਸੰਤਾਂ ਦੀ ਸੇਵਾ ਤੇ ਗਰੀਬਾਂ ਦੀ ਭਲਾਈ ਵਿੱਚ ਰੁਝੇ ਹੋਏ ਦੱਸੇ ਜਾਂਦੇ ਹਨ। ਘਰੋਂ ਜੋ ਕੁਝ ਵੀ ਮਿਲਦਾ, ਉਹ ਆਪਣੇ ਖੇਡਣ ਵਾਲੇ ਸਾਥੀਆਂ ਨਾਲ ਵੰਡ ਕੇ ਖਾਂਦੇ ਜਾਂ ਭੁੱਖੇ ਗਰੀਬਾਂ ਨੂੰ ਖੁਆ ਦਿੰਦੇ। ਵਿਆਹ ਤੋਂ ਬਾਅਦ ਵੀ ਇਨ੍ਹਾਂ ਦੇ ਸੁਭਾਉ ਵਿੱਚ ਕੋਈ ਤਬਦੀਲੀ ਨਾ ਆਈ। ਭਗਤ ਜੀ ਅਤੇ ਉਨ੍ਹਾਂ ਦੀ ਵਿਆਹੁਤਾ, ਜੋ ਪਤੀਬ੍ਰਤਾ ਸੀ ਅਤੇ ਸੰਤੋਖੀ ਸੁਭਾਉ ਵਾਲੀ ਸੀ, ਜੁੱਤੀਆਂ ਗੰਢ ਕੇ ਅਤੇ ਨਵੀਆਂ ਬਣਾ ਕੇ ਗੁਜ਼ਾਰਾ ਕਰਨ ਲਗ ਪਏ। ਭਗਤ ਰਵਿਦਾਸ ਜੀ ਜੁੱਤੀਆਂ ਗੰਢਣ ਦਾ ਕੰਮ ਬੜੀ ਇਮਾਨਦਾਰੀ ਨਾਲ ਕਰਦੇ ਸਨ। ਇਸ ਲਈ ਉਨ੍ਹਾਂ ਦੀ ਛਪਰੀ ਅੱਗੇ ਗਾਹਕਾਂ ਦਾ ਮੇਲਾ ਲੱਗਾ ਰਹਿੰਦਾ ਸੀ। ਘਰੋਂ ਵੱਖ ਹੋਣ 'ਤੇ ਹੁਣ ਉਹਨਾਂ ਨੂੰ ਸੰਤਾਂ ਦੀ ਸੇਵਾ ਤੇ ਗ਼ਰੀਬਾਂ ਦੀ ਉਦਰ-ਪੂਰਨਾ ਤੋਂ ਕੋਈ ਰੋਕਣ ਵਾਲਾ ਨਹੀਂ ਸੀ। ਇਸ ਲਈ ਦੋਵੇਂ ਪਤੀ ਪਤਨੀ ਬੜੀ ਪ੍ਰਸੰਨ ਜ਼ਿੰਦਗੀ ਗੁਜ਼ਾਰਦੇ ਸਨ।

ਇਨ੍ਹਾਂ ਦੀ ਗਰੀਬੀ ਨੂੰ ਵੇਖ ਕੇ ਭਗਵਾਨ ਇੱਕ ਸਾਧੂ ਦਾ ਰੂਪ ਧਾਰ ਕੇ ਇਨ੍ਹਾਂ ਦੀ ਛੱਪਰੀ ਵਿੱਚ ਆਏ। ਦੰਪਤੀ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਉਨ੍ਹਾਂ ਪ੍ਰਸੰਨ ਹੋ ਕੇ ਇੱਕ ਪਾਰਸ ਦਾ ਪੱਥਰ ਭਗਤ ਜੀ ਨੂੰ ਦਿੱਤਾ ਅਤੇ ਆਖਿਆ ਕਿ ਇਸ ਨੂੰ ਲੋਹੇ ਨਾਲ ਛੁਹਾਏਂਗਾ, ਤਾਂ ਲੋਹਾ ਸੋਨਾ ਬਣ ਜਾਏਗਾ। ਫਿਰ ਤੂੰ ਚੰਗੀ ਤਰ੍ਹਾਂ ਆਪਣਾ ਗੁਜ਼ਾਰਾ ਕਰ ਸਕੇਂਗਾ ਤੇ ਆਏ ਗਏ ਸੰਤਾਂ ਦੀ ਸੇਵਾ ਤੇ ਗ਼ਰੀਬਾਂ ਨੂੰ ਰੋਟੀ ਟੁਕ ਵੀ ਖੁੱਲ੍ਹਾ ਵਰਤਾ ਸਕੇਂਗਾ। ਭਗਤ ਜੀ ਨੇ ਕਿਹਾ ਮੈਨੂੰ ਇਸ ਪਾਰਸ ਦੀ ਲੋੜ ਨਹੀਂ। ਦਸਾਂ ਨੌਹਾਂ ਦੀ ਕਿਰਤ ਕਰਕੇ ਜੋ ਮਿਲਦਾ ਹੈ, ਉਹ ਮੇਰੇ ਲਈ ਅੰਮ੍ਰਿਤ ਹੈ। ਪਰ ਸਾਧੂ ਨਾ ਮੰਨਿਆ ਅਤੇ ਰਵਿਦਾਸ ਜੀ ਨੇ ਕਿਹਾ ਇਹ ਪੱਥਰ ਛੱਪਰੀ ਦੇ ਕਿਸੇ ਵੀ ਕੋਨੇ ਵਿੱਚ ਟੰਗ ਜਾਉ, ਜਦੋਂ ਫਿਰ ਦਰਸ਼ਨ ਦਿਉਗੇ, ਤਾਂ ਆਪਣੀ ਅਮਾਨਤ ਲੈ ਜਾਣਾ। ਸਾਧੂ ਨੇ ਖ਼ਿਆਲ ਕੀਤਾ ਮਾਇਆ ਦੀ ਖਿੱਚ ਬੜੀ ਪ੍ਰਬਲ ਹੁੰਦੀ ਹੈ ਆਪੇ ਲੋੜ ਵੇਲੇ ਇਹ ਪਾਰਸ ਦੀ ਵਰਤੋਂ ਕਰ ਲਵੇਗਾ। ਪਰ ਜਦੋਂ ਉਹ ਵਰ੍ਹੇ ਖੰਡ ਮਗਰੋਂ ਫਿਰ ਆਇਆ, ਤਾਂ ਭਗਤ ਜੀ ਦੀ ਉਹੀ ਛੱਪਰੀ ਤੇ ਉਹੀ

[67] ਭਾਈ ਜੋਧ ਸਿੰਘ, *ਭਗਤ ਰਵਿਦਾਸ: ਜੀਵਨ ਦੇ ਰਚਨਾ*, ਪੰਨਾ 2,

ਖੁਰਾਕ ਵੇਖੀ। ਭਗਤ ਜੀ ਨੇ ਕਿਹਾ, ਮਹਾਰਾਜ ਆਪ ਦੀ ਅਮਾਨਤ ਜਿੱਥੇ ਤੁਸੀਂ ਰੱਖੀ ਸੀ ਉਥੋਂ ਹੀ ਲੈ ਲਓ।[68]

ਮਾਲੂਮ ਹੁੰਦਾ ਹੈ ਕਿ ਇਸ ਇਤਰਾਜ਼ ਦੇ ਉੱਤਰ ਵਿੱਚ ਭਗਤ ਰਵਿਦਾਸ ਜੀ ਨੇ ਨੀਚ ਜਾਤੀਆਂ ਵਿੱਚੋਂ ਉਗਮੇ ਸਮਕਾਲੀ ਤੇ ਪਹਿਲੋਂ ਹੋਏ ਮੰਨੇ-ਪ੍ਰਮੰਨੇ ਭਗਤਾਂ ਦੇ ਉਦਾਹਰਣ ਦਿੱਤੇ।

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥
ਏਕ ਹੀ ਏਕ ਅਨੇਕ ਹੋਇ
ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥[69]

ਫਿਰ ਕਿਹਾ ਹੈ :

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥੧॥ ਰਹਾਉ॥
ਹਰਿ ਕੇ ਨਾਮ ਕਬੀਰ ਉਜਾਗਰ॥
ਜਨਮ ਜਨਮ ਕੇ ਕਾਟੇ ਕਾਗਰ॥੧॥
ਨਿਮਤ ਨਾਮਦੇਉ ਦੂਧੁ ਪੀਆਇਆ॥
ਤਉ ਜਗ ਜਨਮ ਸੰਕਟ ਨਹੀ ਆਇਆ॥੨॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥੩॥੫॥[70]

ਫਿਰ ਇੱਕ ਹੋਰ ਮਿਸਾਲ ਦਿੰਦੇ ਹੋਏ :

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ
ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ
ਊਪਰੇ ਪੂਜੀਐ ਕਰਿ ਨਮਸਕਾਰੰ॥੨॥[71]

---

68 ਭਾਈ ਜੋਧ ਸਿੰਘ, ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਨਾ 3,
69 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੧੨੯੩
70 *ਉਹੀ*, ਪੰਨਾ ੪੮੭
71 *ਉਹੀ*, ਪੰਨਾ ੧੨੯੩

ਤਾੜ ਦਾ ਰੁੱਖ ਅਪਵ੍ਰਿਤ ਮੰਨਿਆ ਜਾਂਦਾ ਹੈ। ਕਿਉਂ ਜੋ ਉਸ ਵਿੱਚੋਂ 'ਤਾੜੀ' ਨਾਮ ਦੀ ਸ਼ਰਾਬ ਨਿਕਲਦੀ ਹੈ, ਪਰੰਤੂ ਜਦੋਂ ਉਸਦੇ ਛਿਲਕੇ ਦੇ ਕਾਗਜ਼ ਬਣਾ ਕੇ ਉਨ੍ਹਾਂ ਉਪਰ ਨਿਰੰਕਾਰ ਦਾ ਜਸ ਲਿਖਿਆ ਜਾਂਦਾ ਹੈ, ਲੋਕ ਉਸੇ ਰੁੱਖ ਦੇ ਛਿਲਕਿਆਂ ਨੂੰ ਨਮਸਕਾਰ ਕਰਦੇ ਹਨ।

ਜਦੋਂ ਤੋਂ ਰਾਜਾ ਅਤੇ ਰਾਣੀ ਨੇ ਭਗਤ ਰਵਿਦਾਸ ਜੀ ਨੂੰ ਗੁਰੂ ਧਾਰਿਆ ਤਾਂ ਬਨਾਰਸ ਵਿੱਚ ਉਨ੍ਹਾਂ ਦੀ ਮਾਨਤਾ ਵੱਧ ਗਈ।ਆਪਨੇ ਲਿਖਿਆ ਕਿ ਜਿਹੜੇ ਬ੍ਰਾਹਮਣ ਅਛੂਤ ਚਮਾਰ ਸਮਝ ਕੇ ਭਗਤ ਜੀ ਦੇ ਨੇੜੇ ਨਹੀਂ ਸੀ ਢੁਕਦੇ, ਉਹ ਇਹ ਜਾਣਦੇ ਹੋਏ ਵੀ ਕਿ ਮੈਂ ਚਮਾਰ ਹਾਂ, ਹੁਣ ਡੰਡਾਉਤ ਕਰਨ ਲੱਗ ਪਏ:

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥[72]

ਆਪ ਜੀ ਦੀ ਪ੍ਰੇਮਾ ਭਗਤੀ ਬਾਰੇ ਕਈ ਕਰਾਮਾਤਾਂ ਜੋੜੀਆਂ ਜਾਂਦੀਆਂ ਹਨ, ਜਿਵੇਂ ਚਮੜੇ ਦੀਆਂ ਬਣਾਈਆਂ ਮੂਰਤੀਆਂ ਦਾ ਹਿੱਲਣਾ ਤੇ ਤੈਰਨਾ, ਗੰਗਾ ਦਾ ਹੱਥ ਕੱਢ ਕੇ ਕਸੀਰਾ ਲੈਣਾ, ਅਮੀਰ ਨੂੰ ਕੋਹੜ ਆਦਿ। ਸਾਰਿਆਂ ਭਗਤਾਂ ਦੇ ਜੀਵਨ ਵਿੱਚ ਕਰਾਮਾਤਾਂ ਦਾ ਜ਼ਿਕਰ ਮਿਲਦਾ ਹੈ, ਪਰ ਭਗਤ ਰਵਿਦਾਸ ਦੇ ਜੀਵਨ ਵਿੱਚ ਇਨ੍ਹਾਂ ਦੀ ਬਹੁਤੀ ਭਰਮਾਰ ਨਹੀਂ ਹੈ। ਦੋ ਕਰਾਮਾਤਾਂ ਜੋ ਸਾਰਿਆਂ ਨੇ ਅੰਕਿਤ ਕੀਤੀਆਂ ਹਨ, ਦਿੱਤੀਆਂ ਜਾਂਦੀਆਂ ਹਨ। ਭਗਤ ਜੀ ਨੂੰ ਜਦੋਂ ਮਾਪਿਆਂ ਨੇ ਵੱਖ ਕਰ ਦਿੱਤਾ, ਤਾਂ ਇੱਕ ਵੱਖਰੀ ਛੰਨ ਪਾ ਕੇ ਜੁੱਤੀਆਂ ਗੰਢਣ ਦਾ ਕੰਮ ਕਰਨ ਲੱਗ ਪਏ। ਇੱਕ ਦਿਨ ਇੱਕ ਬ੍ਰਾਹਮਣ ਜੋ ਗੰਗਾ ਇਸ਼ਨਾਨ ਕਰਨ ਲਈ ਜਾ ਰਿਹਾ ਸੀ, ਜੁੱਤੀ ਦੇ ਟੁੱਟ ਜਾਣ ਕਰਕੇ ਉਨ੍ਹਾਂ ਪਾਸ ਗੰਢਾਣ ਲਈ ਅਟਕਿਆ। ਭਗਤ ਜੀ ਨੇ ਚੰਗੀ ਤਰ੍ਹਾਂ ਤੋਪੇ ਲਾ ਕੇ ਟੁੱਟੀ ਜੁੱਤੀ ਨੂੰ ਫਿਰ ਵਰਤਣਯੋਗ ਕਰ ਦਿੱਤਾ। ਬ੍ਰਾਹਮਣ ਨੇ ਇੱਕ ਕਸੀਰਾ (ਦਮੜੀ) ਉਜਰਤ ਵਜੋਂ ਦਿਤੀ। ਭਗਤ ਜੀ ਨੇ ਆਖਿਆ ਪੰਡਿਤ ਜੀ ਇਹ ਕਸੀਰਾ ਸਾਡੇ ਵਲੋਂ ਗੰਗਾ ਦੀ ਭੇਂਟ ਕਰ ਦੇਣਾ। ਪੰਡਿਤ ਨੇ ਇਹ ਗੱਲ ਮੰਨ ਲਈ, ਪਰ ਉਹ ਬੜਾ ਹੈਰਾਨ ਹੋਇਆ ਜਦੋਂ ਗੰਗਾ ਨੇ ਆਪਣਾ

---

72 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੧੨੯੩

ਹੱਥ ਕੱਢ ਕੇ ਉਹ ਭੇਂਟਾ ਕਬੂਲ ਕੀਤੀ। ਭਾਈ ਗੁਰਦਾਸ ਜੀ ਨੇ ਇਸ ਵਾਕਿਆ ਦਾ ਜ਼ਿਕਰ ਆਪਣੀ ਦਸਵੀਂ ਵਾਰ ਵਿੱਚ ਕੀਤਾ ਹੈ :

ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।
ਪਾਣਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
... ... ...
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ ਡਿੱਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾ ਪਿਉ ਬੇਟਾ।[73]

ਦੂਜੀ ਕਰਾਮਾਤ ਚਿਤੌੜ ਵਿੱਚ ਹੋਈ। ਰਾਣੀ ਝਾਲੀ ਨੇ ਗੁਰੂ ਧਾਰਨ ਦੀ ਖੁਸ਼ੀ ਵਿੱਚ ਇੱਕ ਵੱਡਾ ਯੱਗ ਕੀਤਾ ਅਤੇ ਭਗਤ ਰਵਿਦਾਸ ਜੀ ਨੂੰ ਵੀ ਸ਼ਾਮਿਲ ਹੋਣ ਲਈ ਬੇਨਤੀ ਕੀਤੀ, ਜੋ ਭਗਤ ਜੀ ਨੇ ਮੰਨ ਲਈ। ਬ੍ਰਾਹਮਣਾਂ ਨੇ ਆਖਿਆ ਅਸੀਂ ਇੱਕ ਚਮਾਰ ਨਾਲ ਬੈਠ ਕੇ ਭੋਜਨ ਨਹੀਂ ਖਾਵਾਂਗੇ। ਵੱਖ ਰਸੋਈ ਤਿਆਰ ਕੀਤੀ। ਪਰ ਜਦੋਂ ਪੰਗਤ ਲੱਗੀ ਹਰ ਦੋਹਾਂ ਪੰਡਿਤਾਂ ਵਿਚਕਾਰ ਇੱਕ ਰਵਿਦਾਸ ਬੈਠਾ ਦਿਸਿਆ। ਪੰਡਿਤ ਆਪਣੀ ਗਲਤੀ ਮੰਨ ਕੇ ਭਗਤ ਜੀ ਦੇ ਸਿਸ਼ ਹੋ ਗਏ।[74]

ਭਗਤ ਰਵਿਦਾਸ ਜੀ ਬਚਪਨ ਤੋਂ ਹੀ ਵੈਰਾਗੀ ਸੁਭਾਅ ਦੇ ਮਾਲਕ ਸਨ। ਆਪ ਜੀ ਨੂੰ ਦੁਨਿਆਵੀ ਪਰਪੰਚ ਵਿੱਚ ਸ਼ਾਮਿਲ ਕਰਨ ਦੇ ਮਨਸੂਬੇ ਨਾਲ ਪਿਤਾ ਜੀ ਨੇ ਆਪ ਜੀ ਦਾ ਵਿਆਹ ਬੀਬੀ ਲੋਨਾ ਦੇਵੀ ਨਾਲ ਕਰ ਦਿੱਤਾ। ਫਲਸਰੂਪ, ਵਿਆਹ ਤੋਂ ਕੁਝ ਸਮੇਂ ਬਾਅਦ ਆਪ ਜੀ ਦੇ ਘਰ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਵਿਜੈ ਦਾਸ ਰੱਖਿਆ ਗਿਆ।[75]

ਭਗਤ ਜੀ ਆਪਣੇ ਪਿਤਾ ਪੁਰਖੀ ਕੰਮ ਬਾਰੇ ਬਾਣੀ ਵਿਚ ਇਉਂ ਫੁਰਮਾਣ ਕਰਦੇ ਹਨ:

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥੧॥[76]

---

73 ਭਾਈ ਗੁਰਦਾਸ ਜੀ, *ਵਾਰਾਂ ਗਿਆਨ ਰਤਨਾਵਲੀ*, ਵਾਰ 10, ਪਉੜੀ 17
74 ਭਾਈ ਜੋਧ ਸਿੰਘ, *ਭਗਤ ਰਵਿਦਾਸ ਜੀਵਨੀ ਤੇ ਰਚਨਾ*, ਪੰਨਾ 7
75 ਆਚਾਰੀਆ ਪ੍ਰਿਥਵੀ ਆਚਾਰੀਆ ਸਿੰਘ ਆਜ਼ਾਦ (ਸੰਪਾ), *ਯੁਗ ਪਰਵਰਤਕ,* ਪੰਨਾ 58
76 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੬੫੯

ਬੇਸ਼ਕ ਆਪ ਜੀ ਨੇ ਆਪਣਾ ਪਿਤਾ-ਪੁਰਖੀ ਕੰਮ ਸੰਭਾਲਿਆ, ਪਰ ਫਿਰ ਵੀ ਇਸ ਕੰਮ ਵਿੱਚ ਉਨ੍ਹਾਂ ਦੀ ਵਿਸ਼ੇਸ਼ ਰੁਚੀ ਨਾ ਹੋਈ। ਜਿਸ ਕਾਰਨ ਆਪ ਦੇ ਪਿਤਾ ਨੇ ਆਪ ਨੂੰ ਘਰੋਂ ਅਲੱਗ ਕਰ ਦਿੱਤਾ। ਸਿੱਟੇ ਵਜੋਂ ਭਗਤ ਰਵਿਦਾਸ ਜੀ ਨੇ ਆਪਣੀ ਵੱਖਰੀ ਝੋਪੜੀ ਪਾ ਕੇ ਰਹਿਣਾ ਸ਼ੁਰੂ ਕਰ ਦਿਤਾ।[77]

ਉਪਰੋਕਤ ਵਿਵੇਚਨਾ ਤੋਂ ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਗ੍ਰਹਿਸਥ ਜੀਵਨ ਬਤੀਤ ਕਰਦੇ ਸਨ ਨਾਲ ਹੀ ਆਪ ਨੇ ਗ੍ਰਹਿਸਥ ਜੀਵਨ ਨੂੰ ਇੱਕ ਚੰਗਾ ਮਾਰਗ ਦੱਸਿਆ ਹੈ।

## ਭਗਤ ਰਵਿਦਾਸ ਜੀ ਦੇ ਗੁਰੂ

ਭਗਤ ਰਵਿਦਾਸ ਜੀ ਦੇ ਗੁਰੂ ਬਾਰੇ ਵਿਦਵਾਨਾਂ ਦੀ ਰਾਇ ਇੱਕਮੱਤ ਨਹੀਂ ਹੈ। ਸੁਆਮੀ ਅਨੰਤ ਦਾਸ ਦੀ 'ਪਰਿਚਈ' ਅਤੇ ਸੰਤ ਨਾਭਾ ਦਾਸ ਦੀ ਰਚਨਾ 'ਭਗਤ ਮਾਲ' ਨੂੰ ਆਧਾਰ ਬਣਾ ਕੇ ਬਹੁਤੇ ਵਿਦਵਾਨ ਰਵਿਦਾਸ ਜੀ ਨੂੰ ਸੁਆਮੀ ਰਾਮਾਨੰਦ ਦਾ ਚੇਲਾ ਸਵੀਕਾਰ ਕਰਦੇ ਹਨ। ਇਨਾਂ ਵਿਦਵਾਨਾਂ ਵਿੱਚ ਡਾ. ਰਾਮਚੰਦਰ ਸ਼ੁਕਲ, ਡਾ. ਗੁਣਪਤਿ ਚੰਦਰ ਗੁਪਤ, ਡਾ. ਮੈਕਾਲਫ, ਡਾ. ਬਦਰੀ ਨਰਾਇਣ, ਸ੍ਰੀ ਵਾਸਤਵ, ਡਾ. ਧਰਮਪਾਲ ਸਿੰਗਲ, ਡਾ. ਬੇਣੀ ਪ੍ਰਸ਼ਾਦਿ ਸ਼ਰਮਾ, ਆਚਾਰੀਆ ਪ੍ਰਿਥੀ ਸਿੰਹੁ ਆਜ਼ਾਦ, ਪ੍ਰੋ. ਪ੍ਰਕਾਸ਼ ਸਿੰਘ, ਪੰਡਤ ਲਾਲ ਸਿੰਘ ਨਰੋਤਮ, ਮਹੰਤ ਜਸਵੰਤ ਸਿੰਘ ਆਦਿ ਸ਼ਾਮਿਲ ਹਨ।[78]

ਪਰ ਸੁਆਮੀ ਰਾਮਾਨੰਦ ਦੀ ਵੈਸ਼ਨਵ ਭਗਤੀ-ਪੱਧਤੀ ਅਤੇ ਵੈਰਾਗੀ ਜੀਵਨ ਸ਼ੈਲੀ ਦੇ ਸਨਮੁੱਖ ਅਜੋਕੇ ਬਹੁਤ ਸਾਰੇ ਵਿਦਵਾਨ ਇਸ ਮੱਤ ਨੂੰ ਅਪ੍ਰਵਾਨ ਕਰਦੇ ਹਨ। ਸੁਆਮੀ ਅਨੰਤਦਾਸ ਅਤੇ ਨਾਭਾ ਦਾਸ ਦੇ ਮੱਤ ਨੂੰ ਇਹ ਵਿਦਵਾਨ ਜਾਤੀਵਾਦੀ ਪ੍ਰਥਾ ਤੋਂ ਪ੍ਰੇਰਤ ਪੱਖਪਾਤੀ ਰਚਨਾ ਮੰਨਦੇ ਹਨ। ਇਨਾਂ ਵਿਦਵਾਨਾਂ ਵਿੱਚ ਡਾ. ਮੈਕਲੋਡ, ਡਾ. ਸਾਬਰ, ਡਾ. ਪ੍ਰਵਾਨਾ, ਡਾ. ਕਲੇਰ, ਡਾ. ਕ੍ਰਿਸ਼ਨਾ ਕਲਸੀਆ, ਡਾ. ਕਰਮ ਸਿੰਘ ਰਾਜੂ, ਡਾ. ਰਾਮ ਕੁਮਾਰ ਵਰਮਾ, ਡਾ. ਪਰਸ਼ੂਰਾਮ

---

77 ਗੁਰਮੀਤ ਕਲਰਮਾਜਰੀ (ਡਾ.), *ਹਾਸ਼ੀਆ*, ਪਟਿਆਲਾ, ਪੰਨਾ 21

78 ਜਸਬੀਰ ਸਿੰਘ ਸਾਬਰ (ਡਾ.), *ਭਗਤ ਰਵਿਦਾਸ : ਜੀਵਨ ਅਤੇ ਬਾਣੀ ਸ੍ਰੋਤ ਪਰਿਚੈ*, ਸਰਬਜਿੰਦਰ ਸਿੰਘ (ਡਾ.) (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਨਾ 67

ਚਤੁਰਵੇਦੀ, ਡਾ. ਬੀ.ਐਨ. ਸ੍ਰੀ ਵਾਸਤਵ, ਡਾ. ਚੰਦ੍ਰਿਕਾ ਪ੍ਰਸਾਦਿ ਜਗਿਆਸੂ, ਡਾ. ਚੰਦਰ ਦੇਵ, ਡਾ. ਤ੍ਰਿਲੋਕੀ ਨਾਰਾਯਣ ਦੀਕਸ਼ਤ ਆਦਿ ਸ਼ਾਮਿਲ ਹਨ।[79]

ਭਗਤ ਦਰਸ਼ਨ ਵਿੱਚ ਗਿਆਨੀ ਪ੍ਰਤਾਪ ਸਿੰਘ ਜੀ ਨੇ ਭਗਤ ਰਵਿਦਾਸ ਨੂੰ ਰਾਮਾਨੰਦ ਦੇ ਚੇਲੇ ਤੇ ਕਬੀਰ ਦੇ ਸਮਕਾਲੀ ਕਿਹਾ ਹੈ।[80]

ਜੈ ਮਿਸ਼ਰ ਅਨੁਸਾਰ ਆਪ ਰਾਮਾਨੰਦ ਦੇ ਸ਼ਿਸ਼ ਅਤੇ ਕਬੀਰ ਦੇ ਸਮਕਾਲੀ ਸਨ।[81]

ਇਸ ਤੋਂ ਇਲਾਵਾ ਪ੍ਰਸਿੱਧ ਵਿਦਵਾਨ ਆਚਾਰੀਆ ਸ਼ੁਕਲ, ਮੈਕਾਲਿਫ਼, ਸਵਾਮੀ ਰਾਮਾਨੰਦ ਸ਼ਾਸਤਰੀ, ਡਾ. ਗੋਬਿੰਦ ਤ੍ਰਿਗੁਣਾਇਤ, ਡਾ. ਨਗੇਂਦ੍ਰ, ਪ੍ਰੋ. ਰਤਨ ਚੰਦ, ਡਾ. ਧਰਮਪਾਲ ਮੈਨੀ, ਡਾ. ਧਰਮਪਾਲ ਸਰੀਨ, ਡਾ. ਦਲੀਪ ਸਿੰਘ 'ਦੀਪ' ਆਦਿ ਕਹਿੰਦੇ ਹਨ ਕਿ ਰਵਿਦਾਸ ਜੀ ਦਾ ਰਾਮਾਨੰਦ ਦੇ ਸ਼ਿਸ਼ਾਂ ਦੇ ਸਮਕਾਲੀ ਸਨ। ਜਿਹੜੇ ਵਿਦਵਾਨ ਭਗਤ ਰਵਿਦਾਸ ਜੀ ਨੂੰ ਸਵਾਮੀ 'ਰਾਮਾਨੰਦ' ਦਾ ਸਮਕਾਲੀ ਨਹੀਂ ਮੰਨਦੇ, ਉਨ੍ਹਾਂ ਦਾ ਮੱਤ ਵੀ ਤਰਕਹੀਣ ਹੋ ਜਾਂਦਾ ਹੈ, ਕਿਉਂਕਿ ਭਗਤ ਰਵਿਦਾਸ ਜੀ ਦੀ ਜਨਮ ਤਿਥੀ ਸੰਮਤ 1433 ਬਿ. ਸੰਮਤ ਅਤੇ 'ਰਾਮਾਨੰਦ' ਸੰਪ੍ਰਦਾਇ ਦੀ ਮਾਣਤਾ ਦੇ ਅਨੁਸਾਰ ਸਵਾਮੀ ਰਾਮਾਨੰਦ ਦਾ ਜਨਮ ਸੰਮਤ 1356 ਬਿ. ਅਤੇ ਉਨ੍ਹਾਂ ਦੀ ਮ੍ਰਿਤੂ 1467 ਬਿ. ਸੰਮਤ ਵਿੱਚ ਹੋਈ ਮੰਨੀ ਜਾਂਦੀ ਹੈ। ਇੰਜ ਇਹ ਦੋਵੇਂ ਮਹਾਂ ਪੁਰਸ਼ਾਂ ਦੀ 34 ਸਾਲ ਦੀ ਸਮਕਾਲੀਨਤਾ ਸਿੱਧ ਹੁੰਦੀ ਹੈ। ਭਗਤ ਹਰੀ ਦਾਸ ਵਿਆਸ (1567–1669 ਬਿ. ਸੰਮਤ) ਸਵਾਮੀ ਰਾਮਾਨੰਦ ਦੇ ਸ਼ਿਸ਼ਯ ਸੂਚੀ ਵਿੱਚ ਰਵਿਦਾਸ ਜੀ ਦਾ ਨਾਂ ਦਰਜ ਕਰਕੇ ਇਸ ਮੱਤ ਦੀ ਪ੍ਰਮਾਣਿਕਤਾ ਸਪੱਸ਼ਟ ਕਰਦੇ ਹਨ। ਇਸ ਲਈ ਦਰਸ਼ਨ ਸਿੰਘ ਦਾ ਇਹ ਕਥਨ ਅਸਲ ਵਿੱਚ ਕਿ ਪਰਮਾਨੰਦ ਰਵਿਦਾਸ ਜੀ ਦੇ ਗੁਰੂ ਸਨ ਬਿਲਕੁਲ ਆਧਾਰਹੀਣ ਹੈ, ਕਿਉਂਕਿ ਕਬੀਰ ਆਦਿ ਦੂਸਰੇ ਭਗਤਾਂ ਦੀ ਬਾਣੀ ਵਿੱਚ ਰਵਿਦਾਸ ਜੀ ਦੀ ਸਮਕਾਲੀਨਤਾ ਲਗਪਗ ਸਿੱਧ ਹੋ ਚੁੱਕੀ ਹੈ। ਇੱਥੇ ਇਹ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਪਰਮਾਨੰਦ 'ਅਸ਼ਟ ਛਾਪ' ਦੇ ਕਵੀਆਂ (ਜਿਹੜੇ ਰਾਮਾਨੰਦ ਦੇ ਸ਼ਿਸ਼ ਸਨ) ਵਿੱਚੋਂ ਸਨ ਅਤੇ ਉਹ ਭਗਤ ਰਵਿਦਾਸ ਜੀ ਦੀ ਮ੍ਰਿਤੂ ਤੋਂ ਵੀ ਲੱਗਭਗ ਡੇਢ ਸੌ ਸਾਲ ਬਾਅਦ ਹੋਏ ਸਨ।

---

79 ਜਸਬੀਰ ਸਿੰਘ ਸਾਬਰ, ਭਗਤ ਰਵਿਦਾਸ : ਜੀਵਨ ਅਤੇ ਬਾਣੀ ਸ੍ਰੋਤ ਪਰਿਚੈ, ਸਰਬ-ਜਿੰਦਰ ਸਿੰਘ (ਡਾ.) (ਸੰਪਾ.), ਪੰਨਾ 67

80 ਗਿਆਨੀ ਪ੍ਰਤਾਪ ਸਿੰਘ, *ਭਗਤ ਦਰਸ਼ਨ*, ਪੰਨਾ 160

81 ਜੈ ਰਾਮ ਮਿਸ਼ਰ, *ਸ੍ਰੀ ਗੁਰੂ ਗ੍ਰੰਥ ਦਰਸ਼ਨ*, ਪੰਨਾ 29

ਆਚਾਰੀਆ ਪਰਸ਼ੂਰਾਮ ਚਤੁਰਵੇਦੀ ਰਾਮਾਨੰਦ ਜੀ ਨੂੰ ਭਗਤ ਰਵਿਦਾਸ ਜੀ ਦਾ ਗੁਰੂ ਸਵੀਕਾਰ ਨਹੀਂ ਕਰਦੇ ਹਨ। ਉਹ ਲਿਖਦੇ ਹਨ, ਭਗਤ ਰਵਿਦਾਸ, ਕਬੀਰ, ਪੀਪਾ, ਧੰਨਾ ਤੇ ਸੈਣ, ਕਿਉਂਕਿ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਆਪਣੀਆਂ ਬਾਣੀਆਂ ਵਿੱਚ ਸਵਾਮੀ ਰਾਮਾਨੰਦ ਜੀ ਨੂੰ ਗੁਰੂ ਨਹੀਂ ਮੰਨਿਆ ਹੈ। ਇਸੇ ਸੰਬੰਧ ਵਿੱਚ ਚਤੁਰਵੇਦੀ ਜੀ ਕਹਿੰਦੇ ਹਨ: ਭਿੰਨ-ਭਿੰਨ ਮਤਾਂ ਕਾਰਨ ਨਾ ਤਾਂ ਸਾਨੂੰ ਕਬੀਰ, ਰੈਦਾਸ, ਪੀਪਾ, ਧੰਨਾ ਤੇ ਸੈਣ ਨੂੰ ਸਵਾਮੀ ਰਾਮਾਨੰਦ ਦਾ ਸਮਕਾਲੀਨ ਮੰਨਣ ਦਾ ਸਾਹਸ ਹੁੰਦਾ ਹੈ ਤੇ ਨਾ ਹੀ ਉਨ੍ਹਾਂ ਵਿੱਚ ਗੁਰੂ-ਸ਼ਿਸ਼ ਸੰਬੰਧ ਮੰਨਣ ਦਾ। ਪਰ ਬੜੇ ਦੁੱਖ ਦੀ ਗੱਲ ਹੈ ਕਿ ਚਤੁਰਵੇਦੀ ਵਰਗੇ ਆਲੋਚਕ ਸਿਰਫ ਇਸ ਗੱਲ ਤੋਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਆਪਣੇ ਗੁਰੂ ਦਾ ਨਾਂ ਨਹੀਂ ਉਚਾਰਿਆ, ਇਸ ਲਈ ਸਵਾਮੀ ਰਾਮਾਨੰਦ ਜੀ ਭਗਤ ਰਵਿਦਾਸ ਜੀ ਦੇ ਗੁਰੂ ਨਹੀਂ ਹੋ ਸਕਦੇ। ਇਹ ਕੋਈ ਯੁਕਤੀ-ਸੰਗਤ ਨਹੀਂ, ਕਿਉਂਕਿ ਆਪਣੇ ਗੁਰੂ ਦਾ ਨਾਂ ਆਮ ਤੌਰ ’ਤੇ ਗੁਪਤ ਰੱਖਣ ਦੀ ਪਰੰਪਰਾ ਲਗਭਗ ਸਾਰੇ ਭਗਤਾਂ ਵਿੱਚ ਰਹੀ ਹੈ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਕਰਨਾ ਉਚਿਤ ਹੈ ਕਿ ਚਤੁਰਵੇਦੀ ਜੀ ਦੀ ਭਗਤ ਰਵਿਦਾਸ ਸੰਬੰਧੀ ਜਾਣਕਾਰੀ ਦਾ ਆਧਾਰ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ 1604 ਈ. ਵਿੱਚ ਹੋਈ ਜਿਸ ਵਿੱਚ ਭਗਤ ਰਵਿਦਾਸ ਜੀ ਦੇ ਸਿਰਫ 40 ਪਦਾਂ ਅਤੇ ਇੱਕ ਸਲੋਕ ਦੀ ਜਾਣਕਾਰੀ ਪ੍ਰਗਟ ਹੁੰਦੀ ਹੈ।

ਕਈ ਆਧੁਨਿਕ ਆਲੋਚਕ ਸਵਾਮੀ ਰਾਮਾਨੰਦ ਨੂੰ ਭਗਤ ਰਵਿਦਾਸ ਦਾ ਦੀਖਿਆ ਗੁਰੂ ਨਹੀਂ ਮੰਨਦੇ ਅਤੇ ਨਾ ਹੀ ਉਨ੍ਹਾਂ ਨੇ ਕਿਸੇ ਹੋਰ ਨੂੰ ਰਵਿਦਾਸ ਦਾ ਗੁਰੂ ਹੀ ਮੰਨਿਆ ਹੈ। ਉਨ੍ਹਾਂ ਦੇ ਮੱਤ ਅਨੁਸਾਰ ਭਗਤ ਰਵਿਦਾਸ ਜੀਵਨ ਭਰ ‘ਨਿਗੁਰੇ’ ਰਹਿ ਕੇ ਮੱਧ-ਕਾਲੀਨ ਪ੍ਰਭੂ ਭਗਤੀ ਦੇ ਖੇਤਰ ਵਿੱਚ ਉੱਚ ਕੋਟੀ ਤੇ ਪੁੱਜੇ। ਭਗਤ ਰਵਿਦਾਸ ਖੁਦ ਆਪਣੀ ਬਾਣੀ ਵਿੱਚ ਕਹਿੰਦੇ ਹਨ:

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।[82]

ਇਤਿਹਾਸ ਵਿੱਚ ਪ੍ਰਮਾਣ ਮਿਲਦਾ ਹੈ ਕਿ ਗੁਰੂ ਰਾਮਾਨੰਦ ਜੀ ਨੇ ਬਾਰਾਂ ਸ਼ਿਸ਼ਾਂ ਨੂੰ ਆਪਣੇ ਸ਼ਿਸ਼ ਬਣਾ ਕੇ ਇਹ ਬਹੁਤ ਬਹਾਦਰੀ ਦਾ ਕੰਮ ਕੀਤਾ। ਇਸ ਲਈ ਉਨ੍ਹਾਂ ਸ੍ਰੀ ਸੰਪ੍ਰਦਾਇ ਤੋਂ

---

82 ਧਰਮਪਾਲ ਸਿੰਗਲ (ਡਾ.), *ਗੁਰੂ ਰਵਿਦਾਸ ਜੀਵਨ ਤੇ ਬਾਣੀ*, ਪੰਨਾ 143

ਅਲੱਗ ਹੋ ਕੇ 'ਰਾਮਾਵੰਸ਼' ਸੰਪ੍ਰਦਾਇ ਦੁਆਰਾ ਇੱਕ ਹਰੀਜਨ ਨੂੰ ਬਿਹਾਰ ਖੇਤਰ ਵਿੱਚ ਮਹਾਂਵੀਰ ਮੰਦਰ ਦਾ ਮੁੱਖ ਪੁਜਾਰੀ ਨਿਯੁਕਤ ਕੀਤਾ ਗਿਆ ਹੈ।[83]

ਇਹ ਪੱਦ ਗੁਰੂ ਰਾਮਾਨੰਦ ਦੀ ਉਸਤਤਿ ਵਿੱਚ ਹੀ ਗਾਇਆ ਗਿਆ ਹੈ ਅਤੇ ਇਸ ਦਾ ਸੰਬੰਧ ਕਿਸੇ ਹੋਰ ਪਾਸੇ ਜੋੜਨਾ ਉਚਿਤ ਨਹੀਂ ਹੈ। 'ਪੀਪਾ ਪਰਚਈ' ਵਿੱਚ ਵੀ ਇਹ ਉਲੇਖ ਮਿਲਦਾ ਹੈ ਕਿ ਪੀਪਾ ਦੇ ਸੱਦੇ ਤੇ ਜਦ ਸਵਾਮੀ ਗਗਨੋਰਗੜ੍ਹ ਪੁੱਜੇ, ਤਾਂ ਰੈਦਾਸ, ਸੈਣ ਅਤੇ ਹੋਰ ਭਗਤ ਮੰਡਲੀ ਨੇ ਸਵਾਮੀ ਰਾਮਾਨੰਦ ਦਾ ਸਵਾਗਤ ਕੀਤਾ ;-

ਤਬ ਰਾਮਾਨੰਦ ਬਾਚੀ ਪਾਤੀ ਲੀਏ ਰੈਦਾਸ ਕਬੀਰ ਸੰਘਾਤੀ।
ਅਵਰੁ ਭਗਤ ਚਾਰੀਸ ਬੁਲਾਯੇ, ਗਿਰਹੀ ਅਰੁ ਵੈਰਾਗੀ ਆਏ।[84]

ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਸਵਾਮੀ ਰਾਮਾਨੰਦ ਜੀ ਨਿਸ਼ਚਿਤ ਤੌਰ 'ਤੇ ਭਗਤ ਰਵਿਦਾਸ ਅਤੇ ਹੋਰ ਸ਼ਿਸ਼ਾਂ ਦੇ ਗੁਰੂ ਸਨ। ਭਾਵੇਂ ਭਗਤ ਰਵਿਦਾਸ ਜੀ ਨੇ ਆਪਣੇ 40 ਪਦਾਂ ਵਿੱਚ ਕਿਤੇ ਵੀ ਗੁਰੂ ਰਾਮਾਨੰਦ ਦਾ ਨਾਂ ਨਹੀਂ ਲਿਆ, ਪਰ ਉਨ੍ਹਾਂ ਦੇ ਗੁਰ ਭਾਈ ਸੈਣ ਨੇ ਸਪੱਸ਼ਟ ਰੂਪ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸਵਾਮੀ ਰਾਮਾਨੰਦ ਦਾ ਇੰਜ ਉਲੇਖ ਕੀਤਾ ਹੈ :-

ਰਾਮ ਭਗਤਿ ਰਾਮਾਨੰਦ ਜਾਨੈ ਪੂਰਨ ਪਰਮਾਨੰਦ ਬਖਾਨੈ।[85]

ਵੈਸੇ ਤਾਂ ਭਗਤ ਰਵਿਦਾਸ ਜੀ ਨੇ ਆਪਣੀ ਕਿਸੇ ਰਚਨਾ ਵਿੱਚ ਕਿਸੇ ਵੀ ਦੇਹਧਾਰੀ ਗੁਰੂ ਪਾਸੋਂ ਦੀਖਿਆ ਲੈਣ ਬਾਰੇ ਜ਼ਿਕਰ ਨਹੀਂ ਕੀਤਾ। ਆਪ ਜੀ ਸਪੱਸ਼ਟ ਰੂਪ ਵਿੱਚ ਆਖਦੇ ਹਨ :

ਮੋਹਿ ਆਧਾਰੁ ਨਾਮੁ ਨਰਾਇਣ
ਜੀਵਨ ਪ੍ਰਾਨ ਧਨ ਮੋਰੇ॥[86]

ਇਸ ਰਚਨਾ ਦੇ ਸਨਮੁੱਖ ਆਪ ਜੀ ਇੱਕੋ, ਪਰਮੇਸ਼ਰ ਦੇ ਭਗਤ ਸਨ, ਕਿਸੇ ਵਿਅਕਤੀ ਦੇ ਨਹੀਂ। ਇਸ ਦ੍ਰਿਸ਼ਟੀਕੋਣ ਦੇ ਸਨਮੁੱਖ ਆਪ ਜੀ ਸੁਆਮੀ ਰਾਮਾਨੰਦ ਦੇ ਚੇਲੇ ਸਿੱਧ ਨਹੀਂ ਹੁੰਦੇ। ਜਿਨ੍ਹਾਂ ਵਿਅਕਤੀਆਂ ਨੇ ਭਗਤ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰਨ ਕੀਤਾ ਉਨ੍ਹਾਂ ਵਿੱਚੋਂ ਚਿਤੌੜ ਦੇ ਰਾਜਾ ਚੰਦਰ ਹਾਂਸ ਦੀ ਪਤਨੀ ਰਾਣੀ ਝਾਲੀ ਅਤੇ ਮੀਰਾਂ ਬਾਈ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ

83 *ਦੀ ਟ੍ਰਿਬਿਊਨ* (ਅੰਗਰੇਜ਼ੀ), ਜੁਲਾਈ 13, 1993
84 ਪਰਚਈ ਪੀਪਾ, ਪਦ 84-85 ਪੰਨਾ 103-105
85 ਉਹੀ, ਪਦ 84-85 ਪੰਨਾ 103-105, 106
86 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੭੬

ਵਿਦਵਾਨਾਂ ਵਲੋਂ ਕੀਤਾ ਜਾਂਦਾ ਹੈ। ਰਾਣੀ ਝਾਲੀ ਅਤੇ ਚਿਤੌੜ ਦੇ ਰਾਜਾ ਆਪ ਜੀ ਦੇ ਅਨਿਨ ਭਗਤ ਸਨ। ਰਾਜ ਘਰਾਣੇ ਦੇ ਸੱਦੇ ਉੱਪਰ ਰਵਿਦਾਸ ਜੀ ਦਾ ਚਿਤੌੜ ਜਾਣ ਦਾ ਜ਼ਿਕਰ ਵੀ ਸਾਹਿਤਕਾਰਾਂ ਨੇ ਕੀਤਾ ਹੈ। ਮੀਰਾਂ ਬਾਈ ਜੋਧਪੁਰ ਦੇ ਸੰਸਥਾਪਕ ਰਾਠੌਰ ਰਾਜਾ ਰਾਉ ਜੋਧਾ ਜੀ ਦੇ ਪੁੱਤਰ, ਦੂਦਾ ਜੀ ਦੀ ਪੋਤਰੀ ਅਤੇ ਰਾਣਾ ਰਤਨ ਸਿੰਘ ਦੀ ਇੱਕਲੌਤੀ ਔਲਾਦ ਸੀ। ਸਮਾਂ ਪਾ ਕੇ ਮੀਰਾਂ ਦੀ ਸ਼ਾਦੀ ਮੇਵਾੜ ਦੇ ਪ੍ਰਸਿੱਧ ਮਹਾਰਾਣਾ ਸਾਂਗਾ ਦੇ ਜੇਠੇ ਪੁੱਤਰ ਰਾਜ ਕੁਮਾਰ ਭੋਜ ਰਾਜ ਨਾਲ ਹੋ ਗਈ। ਪਰ ਰਾਜਾ ਕੁਮਾਰ ਭੋਜਰਾਜ ਵਿਆਹ ਤੋਂ ਪੰਜ ਸਾਲ ਬਾਅਦ ਹੀ ਬੇ-ਔਲਾਦ ਮੈਦਾਨ-ਏ-ਜੰਗ ਦਾ ਸ਼ਿਕਾਰ ਹੋ ਗਿਆ। ਬਚਪਨ ਵਿੱਚ ਪਿਤਾ ਦੀ ਮੌਤ, ਜੁਆਨੀ ਵਿੱਚ ਪਤੀ ਦੀ ਮੌਤ, ਸ਼ਾਹੀ ਘਰਾਣੇ ਦੀ ਰਾਜਪੂਤ-ਪਰੰਪਰਾ ਅਨੁਸਾਰ 'ਸਤੀ' ਹੋਣ ਲਈ ਮੀਰਾਂ ਉੱਤੇ ਰਾਜ ਘਰਾਣੇ ਦਾ ਦਬਾਉ, ਅਜਿਹੀਆਂ ਘਟਨਾਵਾਂ ਸਨ, ਜਿਨਾਂ ਨਾਲ ਮੀਰਾਂ ਦਾ ਜੀਵਨ ਉਪਰਾਮ ਹੋ ਕੇ ਵੈਰਾਗ ਨਾਲ ਭਰ ਗਿਆ। ਸ਼ਾਹੀ ਘਰਾਣੇ ਦੇ ਜ਼ੁਲਮਾਂ ਤੋਂ ਸਤਾਈ, ਮੀਰਾਂ ਬਾਈ ਮੇਵਾੜ ਤੋਂ ਬਨਾਰਸ ਜਾ ਪੁੱਜੀ, ਜਿੱਥੇ ਰਵਿਦਾਸ ਜੀ ਨੂੰ ਇਸਨੇ ਆਪਣਾ ਗੁਰੂ ਧਾਰਨ ਕਰ ਲਿਆ। ਇਸੇ ਤਰ੍ਹਾਂ ਗਗਨੌਰ ਦੇ ਰਾਜਾ ਪੀਪਾ ਵਲੋਂ ਵੀ ਭਗਤ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰਨ ਕਰਨ ਦੇ ਹਵਾਲੇ ਮਿਲਦੇ ਹਨ। ਸ੍ਰੀ ਪੂਰਨ ਚੰਦ ਜਖੂ ਨੇ ਆਪਣੀ ਕਿਰਤ 'ਜਨਮ ਸਾਖੀ ਗੁਰੂ ਰਵਿਦਾਸ' ਵਿੱਚ ਉਦੇਪੁਰ ਅਤੇ ਮਹਾਰਾਣਾ ਸਾਂਗਾ, ਗਾਜੀਪੁਰ ਦੇ ਰਾਜਾ ਚੰਦਰ ਪ੍ਰਤਾਪ ਅਤੇ ਬੀਬੀ ਭਾਨਮਤੀ ਵਲੋਂ ਰਵਿਦਾਸ ਜੀ ਨੂੰ ਆਪਣਾ ਗੁਰੂ ਧਾਰਨ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ, ਪਰ ਉਨ੍ਹਾਂ ਦੇ ਇਸ ਕਥਨ ਦੀ ਕਿਸੇ ਵੀ ਹੋਰ ਸ੍ਰੋਤ ਤੋਂ ਪੁਸ਼ਟੀ ਨਹੀਂ ਹੁੰਦੀ, ਜਿਸ ਕਰਕੇ ਉਨ੍ਹਾਂ ਦੀ ਇਹ ਸੂਚਨਾ ਪ੍ਰਮਾਣਿਕ ਨਹੀਂ ਆਖੀ ਜਾ ਸਕਦੀ।[87]

ਭਗਤ ਰਵਿਦਾਸ ਜੀ ਨੂੰ ਰਾਣੀ ਝਾਲਾਂ, ਮੀਰਾਂ ਬਾਈ ਅਤੇ ਪੀਪਾ ਜੀ ਨੇ ਗੁਰੂ ਧਾਰਨ ਕੀਤਾ, ਇਸ ਤੱਥ ਦੀ ਬੇਸ਼ਕ ਪੁਸ਼ਟੀ ਹੋ ਜਾਂਦੀ ਹੈ, ਪਰ ਕੀ ਇਨ੍ਹਾਂ ਨੇ ਰਵਿਦਾਸ ਜੀ ਦੀ ਗੁਰੂ ਪਰੰਪਰਾ ਨੂੰ ਇੱਕ ਸੰਸਥਾ ਦਾ ਰੂਪ ਦਿੰਦਿਆ ਬਕਾਇਦਾ ਜਾਰੀ ਰੱਖਿਆ? ਇਸ ਦਾ ਪ੍ਰਮਾਣ ਹਾਲੇ ਤੱਕ ਨਹੀਂ ਮਿਲਿਆ। ਰਵਿਦਾਸ ਜੀ ਦੇ ਨਾਮ ਹੇਠ ਬਣੀਆਂ ਸੰਸਥਾਵਾਂ, ਡੇਰੇ ਅਤੇ ਰਵਿਦਾਸੀ ਸੰਪ੍ਰਦਾਇ ਨਾਲ ਜੁੜੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਸ ਨੂੰ ਸੰਸਥਾਈ ਰੂਪ ਦੇਣ ਹਿਤ ਲੋੜੀਂਦੀਆਂ ਲੋੜਾਂ ਤਾਂ ਪੂਰੀਆਂ ਕਰਦੇ ਹਨ, ਪਰ ਗੁਰੂ ਪਦ ਕੇਵਲ, ਰਵਿਦਾਸ ਜੀ ਨੂੰ ਹੀ ਦਿੰਦੇ

---

[87] ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਨਾ 68

ਹਨ। ਰਵਿਦਾਸ ਜੀ ਤੋਂ ਬਾਅਦ ਇਸ ਪਰੰਪਰਾ ਨੂੰ ਅੱਗੋਂ ਕਿਸੇ ਨੇ ਸੰਸਥਾਗਤ ਰੂਪ ਵਿੱਚ ਚਲਾਇਆ ਕਿ ਨਹੀਂ, ਇਤਿਹਾਸ ਇਸ ਮੁੱਦੇ ਬਾਰੇ ਖਾਮੋਸ਼ ਹੈ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ 'ਭਵਿਸ਼ਯ-ਪ੍ਰਰਾਣ' ਦੇ ਆਧਾਰ ਤੇ ਭਗਤ ਰਵਿਦਾਸ ਜੀ ਨੂੰ ਰਾਮਾਨੰਦ ਦਾ ਸ਼ਿਸ਼ ਮੰਨਦੇ ਹਨ। ਡਾ. ਬੀ.ਪੀ. ਸ਼ਰਮਾ ਵੀ ਇਸੇ ਵਿਚਾਰ ਨਾਲ ਸਹਿਮਤ ਹਨ। ਪਦਮ ਗੁਰਚਰਨ ਸਿੰਘ ਭਗਤ ਰਵਿਦਾਸ ਜੀ ਨੂੰ ਰਾਮਾਨੰਦ ਦਾ ਸ਼ਿਸ਼ ਮੰਨਣ ਤੋਂ ਇਨਕਾਰ ਕਰਦੇ ਹਨ। ਉਨ੍ਹਾਂ ਅਨੁਸਾਰ ਨਾਭਾਦਾਸ ਰਚਿਤ 'ਭਗਤਮਾਲ' ਇੱਕ ਸੰਪ੍ਰਦਾਇਕ ਗ੍ਰੰਥ ਹੈ। ਇਸ ਲਈ ਉਸ ਦੀ ਪ੍ਰਮਾਣਿਕਤਾ ਸੰਦੇਹਪੂਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਬਾਣੀ ਵਿੱਚ ਕਿਧਰੇ ਵੀ ਰਾਮਾਨੰਦ ਗੁਰੂ ਰੂਪ ਵਿੱਚ ਵਰਣਨ ਨਹੀਂ ਆਇਆ। ਬਾਰਾਂ ਸ਼ਿਸ਼ਾਂ ਵਿੱਚੋਂ ਕੁਝ ਰਾਮਾਨੰਦ ਤੋਂ ਬਹੁਤ ਬਾਅਦ ਵਿੱਚ ਆਉਂਦੇ ਹਨ। ਡਾ. ਰਾਮ ਕੁਮਾਰ ਵਰਮਾ ਨੇ ਵੀ ਬਾਅਦ ਵਿੱਚ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ "ਉਨ੍ਹਾਂ ਨੂੰ ਰਾਮਾਨੰਦ ਦਾ ਸ਼ਿਸ਼ਯ ਮੰਨਿਆ ਜਾਂਦਾ ਹੈ, ਪਰੰਤੂ ਅੰਤਰ ਸਾਖੀਆਂ ਦੇ ਕਿਸੇ ਵੀ ਸਰੋਤ ਵਿੱਚ ਰਵਿਦਾਸ ਜੀ ਦਾ ਰਾਮਾਨੰਦ ਦਾ ਸ਼ਿਸ਼ਯ ਹੋਣਾ ਸਿੱਧ ਨਹੀਂ ਹੁੰਦਾ, ਪਰੰਤੂ ਇਸ ਮੱਤ ਦੇ ਉਲਟ ਡਾ. ਦਰਸ਼ਨ ਸਿੰਘ ਨੇ ਰਵਿਦਾਸ ਦੇ ਗੁਰੂ ਪਰਮਾਨੰਦ ਨੂੰ ਸਵੀਕਾਰ ਕੀਤਾ ਹੈ। ਇਸ ਸੰਦਰਭ ਵਿੱਚ ਉਹ ਇਸਦੀ ਪੁਸ਼ਟੀ 'ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇੱਕ ਸ਼ਬਦ ਨੂੰ ਆਧਾਰ ਬਣਾ ਕੇ ਹੇਠ ਲਿਖੇ ਪਦ ਰਾਹੀਂ ਕਰਦੇ ਹਨ :-

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ-ਗਿਆਨ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥[88]

ਇਸ ਮੱਤ ਅਨੁਸਾਰ "ਪਰਮਾਨੰਦ" ਆਪ ਦੇ ਗੁਰੂ ਸਨ। ਅਸਲ ਵਿੱਚ 'ਪਰਮ-ਆਨੰਦ' ਸ਼ਬਦ ਭਗਤ ਰਵਿਦਾਸ ਜੀ ਨੇ ਪ੍ਰਮਾਤਮਾ ਲਈ ਵਰਤਿਆ ਹੈ, ਨਾ ਕਿ ਗੁਰੂ ਵਾਸਤੇ। ਇਸ ਸ਼ਬਦ ਦੇ ਭਾਵ ਅਰਥ ਸਮਝਣ ਦਾ ਭੁਲੇਖਾ ਡਾ. ਦਵਿੰਦਰ ਸਿੰਘ ਵੀ ਖਾ ਚੁੱਕੇ ਹਨ। ਡਾ. ਧਰਮਪਾਲ ਸਿੰਗਲ ਇਸ ਤਰ੍ਹਾਂ ਸਪੱਸ਼ਟ ਕਰਦੇ ਹੋਏ ਲਿਖਦੇ ਹਨ ਕਿ ਅਸਲ ਵਿੱਚ ਇਸ ਵਿਦਵਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਰਾਗ ਆਸਾ' ਵਿੱਚ ਦਰਜ ਸ਼ਬਦ ਨੂੰ ਸਮਝਿਆ ਹੀ ਨਹੀਂ, ਉਹ ਭਗਵਾਨ ਦੇ ਵਿਸ਼ੇਸ਼ਣ 'ਪਰਮ-ਆਨੰਦ' ਪਰਮਾਨੰਦ ਸਮਝਣ ਦਾ ਟਪਲਾ ਖਾ ਗਏ। ਡਾ. ਕੁਲਵੰਤ

---

88 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

ਕੌਰ ਵੀ ਡਾ. ਸਿੰਗਲ ਦੇ ਮੱਤ ਦੀ ਪ੍ਰੋੜਤਾ ਕਰਦੀ ਹੈ। ਇਸ ਲਈ ਪ੍ਰੋ. ਦਰਸ਼ਨ ਸਿੰਘ ਦਾ ਗੁਰੂ ਸੰਬੰਧੀ ਇਹ ਮੱਤ ਬਿਲਕੁਲ ਨਿਰਾਧਾਰ ਸਿੱਧ ਹੁੰਦਾ ਹੈ।

## ਅੰਤਿਮ ਸਮਾਂ

ਭਗਤ ਰਵਿਦਾਸ ਜੀ ਦੇ ਜਨਮ ਸਥਾਨ, ਮਾਤਾ-ਪਿਤਾ ਆਦਿ ਦੀ ਤਰ੍ਹਾਂ ਉਨ੍ਹਾਂ ਦੇ ਅਕਾਲ ਚਲਾਣੇ ਬਾਰੇ ਵੀ ਵਿਦਵਾਨ ਲੋਕ ਇੱਕ ਮੱਤ ਨਹੀਂ ਹਨ। ਵਿਦਵਾਨਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ ਸੰਮਤ 1506 ਤੋਂ 1584 ਬਿ. ਤੱਕ ਮੰਨਿਆ ਹੈ।[89] ਪਰ ਇੱਕ ਗੱਲ ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਦੇ ਅਕਾਲ ਚਲਾਣੇ ਸਮੇਂ, ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਦਨਾ ਅਤੇ ਸੈਣ ਜੀ ਪਰਲੋਕ ਸਿਧਾਰ ਚੁੱਕੇ ਸਨ। ਕਬੀਰ ਜੀ ਦੇ ਅਕਾਲ ਚਲਾਣੇ ਦਾ ਸੰਮਤ 1575 ਬਿ. ਨਿਰਵਿਵਾਦ ਹੈ। ਇਸ ਦਾ ਮਤਲਬ ਹੈ ਕਿ ਭਗਤ ਰਵਿਦਾਸ ਜੀ ਦੇ ਅਕਾਲ ਚਲਾਣੇ ਸਮੇਂ ਭਗਤ ਕਬੀਰ ਜੀ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। ਇਸ ਤੋਂ ਇਲਾਵਾ 'ਸੁਖਮਨੀ- ਸਹੰਸਰਨਾਮਾ' ਅਤੇ ਬਖਸ਼ੀ ਦਾਸ ਦੀ 'ਰੈਦਾਸ ਰਾਮਾਯਣ' ਵਿੱਚ ਰਵਿਦਾਸ ਜੀ ਦੀ ਸਿਕੰਦਰ ਲੋਧੀ ਨਾਲ ਭੇਟ-ਵਾਰਤਾ ਦਾ ਹਵਾਲਾ ਮਿਲਦਾ ਹੈ। ਜੋਤਸ਼-ਵਿੱਦਿਆ ਦੇ ਮਾਹਿਰ ਡਾ. ਸ਼ਕਤੀਧਰ ਸ਼ਰਮਾ ਨੇ ਰਵਿਦਾਸ ਜੀ ਦਾ ਨਿਰਵਾਣ-ਦਿਵਸ ਬਿਕਰਮੀ ਸੰਮਤ 1584 ਈ. ਚੇਤਰ ਦਿੱਤਾ ਹੈ। ਡਾ. ਸ਼ਕਤੀਧਰ ਦਾ ਮੱਤ ਪ੍ਰਵਾਨ ਕਰਨ ਨਾਲ ਰਵਿਦਾਸ ਜੀ ਦੀ ਉਮਰ 151 ਸਾਲ ਬਣਦੀ ਹੈ, ਜੋ ਅਸਾਧਾਰਣ ਹੋਣ ਕਾਰਨ ਵਿਦਵਾਨਾਂ ਵਲੋਂ ਪ੍ਰਵਾਨ ਨਹੀਂ ਕੀਤੀ ਜਾ ਰਹੀ। ਪਰ ਅਜੋਕੇ ਸਮੇਂ ਪੰਜਾਬ ਦੇ ਪ੍ਰਸਿੱਧ ਨਗਰ ਕੁਰਾਲੀ ਵਿੱਚ ਨਦੀ ਪਾਰ ਵਾਲੇ ਮਹਾਂਪੁਰਸ਼ ਸੰਤ ਸ਼ਿਵ ਸਰੂਪ ਜੀ 155 ਸਾਲ ਦੀ ਆਯੂ ਭੋਗ ਕੇ ਪਰਲੋਕ ਸਿਧਾਰੇ ਹਨ। ਜੇਕਰ ਅਜੋਕੇ ਸਮੇਂ ਵਿੱਚ ਕੋਈ ਮਹਾਂਪੁਰਸ਼ ਐਨੀ ਲੰਬੀ ਆਯੂ ਭੋਗ ਸਕਦਾ ਹੈ ਤਾਂ ਰਵਿਦਾਸ ਜੀ ਤਾਂ ਸਾਤਵਿਕ ਪੁਰਸ਼ ਸਨ। ਉਨ੍ਹਾਂ ਦੀ ਐਨੀ ਲੰਬੀ 151 ਸਾਲ ਦੀ ਆਯੂ ਸੰਭਵ ਹੋ ਸਕਦੀ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਦਾ ਅਕਾਲ ਚਲਾਣਾ ਬਨਾਰਸ ਵਿੱਚ ਬਿ. ਸੰਮਤ 1584 ਅਰਥਾਤ 1528 ਈ. ਨੂੰ ਹੋਇਆ ਪ੍ਰਵਾਨ ਕੀਤਾ ਜਾਂਦਾ ਹੈ।[90]

---

89 ਜਸਬੀਰ ਸਿੰਘ ਸਾਬਰ, (ਸੰਪਾ.), ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 7

90 ਭਗਤ ਰਵਿਦਾਸ ਜੀ ਦੇ ਅਕਾਲ ਚਲਾਣੇ ਦਾ ਇਹ ਸਾਰਾ ਵੇਰਵਾ ਡਾ. ਜਸਬੀਰ ਸਿੰਘ ਸਾਬਰ ਦੇ ਲੇਖ ਭਗਤ ਰਵਿਦਾਸ : ਜੀਵਨ ਅਤੇ ਬਾਣੀ ਸ੍ਰੋਤ ਪਰੀਚੈ 'ਚੋਂ ਲਿਆ ਗਿਆ ਹੈ। ਵੇਖੋ : ਨਾਨਕ ਪ੍ਰਕਾਸ਼ ਪ੍ਰਤਿਕਾ, ਪੂਰਵ ਅੰਕਤ, ਪੰਨਾ 60

ਭਗਤ ਰਵਿਦਾਸ ਜੀ ਦੇ ਜਨਮ ਵਾਂਗ ਮ੍ਰਿਤੂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ। ਜਨਮ ਸਾਖੀ ਭਗਤ ਰਵਿਦਾਸ ਜੀ ਦੇ ਕਰਤਾ ਸ੍ਰੀ ਹਰੀਸ਼ ਚੰਦਰ ਜੀ ਆਪ ਦੀ ਮ੍ਰਿਤੂ ਬਾਰੇ ਲਿਖਦੇ ਹਨ, "ਆਪ ਦੀ ਮ੍ਰਿਤੂ 28 ਮਾਘ ਸੁਦੀ ਪੂਰਨਮਾਸ਼ੀ ਸੰਮਤ 1575 ਬਿਕਰਮੀ ਮੁਤਾਬਕ 1518 ਈ. ਨੂੰ ਹੋਈ।[91]

ਭਗਤ ਰਵਿਦਾਸ ਜੀ ਦੀ ਆਯੂ ਦਾ ਨਿਰਣਾ ਕਰਨ ਲਈ ਵਿਦਵਾਨਾਂ ਨੇ ਭਗਤ ਕਬੀਰ ਜੀ ਦੀ ਆਯੂ ਨੂੰ ਆਧਾਰ ਬਣਾਇਆ ਹੈ। ਹਿੰਦੀ ਕੋਸ਼ ਵਿੱਚ ਭਗਤ ਕਬੀਰ ਜੀ ਨੂੰ ਭਗਤ ਰਵਿਦਾਸ ਜੀ ਤੋਂ ਪਹਿਲਾਂ ਹੋਇਆ ਮੰਨਿਆ ਹੈ ਅਤੇ ਉਨ੍ਹਾਂ ਦੀ ਆਯੂ 120 ਸਾਲ ਦੱਸੀ ਗਈ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਨੇ ਇਨਾਂ ਦੀ ਮੌਤ 1597 ਸੰਮਤ ਵਿੱਚ ਹੋਈ ਮੰਨੀ ਹੈ। ਡਾ. ਤ੍ਰਿਲੋਕੀ ਨਾਰਾਇਣ ਨੇ 1577 ਸੰਮਤ ਬਿ. ਅਤੇ ਮਿਸ਼ਰ ਨੇ 1506 ਸੰਮਤ ਬਿ. ਅਤੇ ਆਚਾਰੀਆ ਪ੍ਰਿਥਵੀ ਸਿੰਘ ਨੇ ਆਜ਼ਾਦ ਨੇ 1584 ਬਿ. ਸਵੀਕਾਰ ਕੀਤਾ। ਡਾ. ਬੀ.ਪੀ. ਸ਼ਰਮਾ ਨੇ ਆਪ ਜੀ ਦੀ ਮ੍ਰਿਤੂ 1584 ਈ ਵਿੱਚ ਮੰਨੀ ਹੈ। ਆਪ ਅਨੁਸਾਰ ਭਗਤ ਰਵਿਦਾਸ ਜੀ ਭਗਤ ਕਬੀਰ ਜੀ ਤੋਂ ਵੱਡੇ ਸਨ।

ਹਜਾਰੀ ਪ੍ਰਸਾਦ ਦਿਵੇਦੀ ਦਾ ਮੱਤ ਹੈ "ਰਵਿਦਾਸ ਜੀ ਕਬੀਰ ਤੋਂ ਵੱਡੇ ਜਾਂ ਛੋਟੇ-ਵਿਵਾਦ ਦਾ ਵਿਸ਼ਾ ਹੈ। ਪਰ ਇਹ ਗੱਲ ਨਿਸ਼ਚਿਤ ਹੈ ਕਿ ਆਪ ਕਬੀਰ ਤੋਂ ਬਾਅਦ ਕਾਫ਼ੀ ਸਮੇਂ ਤੱਕ ਜਿਉਂਦੇ ਰਹੇ। ਡਾ. ਜਸਬੀਰ ਸਿੰਘ ਸਾਬਰ ਆਪਣਾ ਮੱਤ ਪ੍ਰਗਟ ਕਰਦੇ ਹੋਏ ਲਿਖਦੇ ਹਨ, ਆਜ਼ਾਦ ਜੀ ਦੀ ਸੁਝਾਈ ਤਿਥੀ ਠੀਕ ਸਿੱਧ ਨਹੀਂ ਹੁੰਦੀ ਕਿਉਂਕਿ ਇਸ ਸਾਲ 1584 ਬਿ. ਮਾਘ ਦੀ 10 ਨੂੰ ਪੂਰਨਮਾਸ਼ੀ ਆਉਂਦੀ ਹੈ ਅਤੇ ਉਸ ਦਿਨ ਬੁੱਧਵਾਰ ਹੈ। ਰਵਿਦਾਸ ਜੀ ਦਾ ਸਵਰਗ ਸਿਧਾਰਨ ਤੋਂ ਬਾਅਦ ਅਤੇ ਸਿਕੰਦਰ ਲੋਧੀ ਦੇ ਰਾਜਕਾਲ ਵਿੱਚ ਹੋਇਆ। ਇਸ ਤਰ੍ਹਾਂ ਰਵਿਦਾਸ ਜੀ ਦਾ ਅਕਾਲ ਚਲਾਣਾ ਸੰਮਤ 1546 ਤੋਂ 1574 ਵਿਚਕਾਰ ਹੀ ਨਿਰਧਾਰਤ ਕੀਤਾ ਜਾ ਸਕਦਾ ਹੈ। ਡਾ. ਧਰਮ ਮੈਨੀ ਲਿਖਦੇ ਹਨ ਕਿ 'ਇਨ੍ਹਾਂ ਦੀ ਮਿਤ੍ਰੂ ਜੇਕਰ 1584 ਸੰਮਤ ਬਿ. ਵਿੱਚ ਹੁੰਦੀ ਹੈ, ਤਾਂ ਇਨ੍ਹਾਂ ਦੀ ਉਮਰ 151 ਵਰ੍ਹੇ ਬਣਦੀ ਹੈ ਜੋ ਬਹੁਤੀ ਮੁਮਕਿਨ ਨਹੀਂ। ਦੂਜੇ ਪਾਸੇ ਭਗਤ ਰਵਿਦਾਸ ਜੀ ਦੇ ਕਬੀਰ ਤੋਂ ਕੁਝ ਛੋਟਾ ਹੋਣ ਦੀ ਗੱਲ ਵਿੱਚ ਕੁਝ ਬਲ ਜਾਪਦਾ ਹੈ, ਇਸ ਲਈ ਇਨ੍ਹਾਂ ਦਾ ਜਨਮ ਸਮਾਂ ਸੰਮਤ 1456 ਦੇ ਨੇੜੇ ਤੇੜੇ ਹੀ ਮੰਨ ਲਿਆ ਜਾਵੇ, ਤਾਂ ਰਾਮਾਨੰਦ ਦੇ ਸ਼ਿਸ਼

91 ਸ੍ਰੀ ਹਰੀਸ਼ ਚੰਦਰ, ਜਨਮ ਸਾਖੀ ਭਗਤ ਰਵਿਦਾਸ , ਪੰਨਾ 151

ਹੋਣ ਵਿੱਚ ਕਬੀਰ ਨਾਲੋਂ ਕੁਝ ਛੋਟਾ ਅਤੇ ਸਮਕਾਲੀ ਹੋਣ ਵਿੱਚ ਲਗਪਗ 128 ਵਰ੍ਹੇ ਦੀ ਉਮਰ ਭੋਗਣ ਵਿੱਚ ਬਹੁਤੇ ਇਤਰਾਜ਼ ਦੀ ਗੁੰਜਾਇਸ਼ ਨਹੀਂ। 151 ਵਰ੍ਹੇ ਰਵਿਦਾਸ ਜੀ ਦੀ ਉਮਰ ਹੋਣਾ ਸੁਭਾਵਿਕ ਹੀ ਹੈ। ਇਸ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਡਾ. ਧਰਮਪਾਲ ਸਿੰਗਲ ਡਾ. ਧਰਮਪਾਲ ਮੈਨੀ ਦੇ ਵਿਚਾਰ ਸੰਬੰਧੀ ਲਿਖਦੇ ਹਨ, ਡਾ. ਮੈਨੀ ਜੀ ਨੂੰ ਇਸ ਗੱਲ ਦਾ ਤਾਂ ਬਿਲਕੁਲ ਗਿਆਨ ਹੈ ਕਿ ਸ਼ੁਧ ਸਾਤਵਿਕ ਜੀਵਨ ਜਿਊਣ ਵਾਲੇ ਪ੍ਰਭੂ ਭਗਤ ਗੁਰੂ ਰਵਿਦਾਸ ਜੀ ਲਈ ਡੇਢ ਸੌ ਵਰ੍ਹੇ ਦੀ ਉਮਰ ਭੋਗਣਾ ਕੋਈ ਅਲੋਕਾਰੀ ਗੱਲ ਨਹੀਂ, ਜਦ ਕਿ ਅੱਜ ਕੱਲ੍ਹ ਦੇ ਕਈ ਕਲਯੁਗੀ ਜੀਵ ਵੀ 120-125 ਵਰ੍ਹੇ ਦੀ ਉਮਰ ਪਾ ਹੀ ਜਾਂਦੇ ਹਨ।ਇਸ ਲਈ ਭਗਤ ਰਵਿਦਾਸ ਜੀ ਦੀ ਮ੍ਰਿਤੂ ਦੀ ਤਾਰੀਖ 1584 ਸੰਮਤ ਮੰਨਣ ਵਿੱਚ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ।[92]

ਭਗਤ ਰਵਿਦਾਸ ਜੀ ਦੇ ਅੰਤਿਮ ਸਮੇਂ ਬਾਰੇ ਇੱਕ ਦੋਹਾ ਵੀ ਪ੍ਰਚਲਿਤ ਹੈ। ਇਸ ਦੋਹੇ ਅਨੁਸਾਰ ਆਪ ਬਿਕਰਮੀ 1584 (1527 ਈ.) ਵਿੱਚ ਜੋਤੀ ਜੋਤ ਸਮਾਏ :

ਪੰਦਰਹ ਸੈ ਚਉਰਾਸੀ। ਭਈ ਚਿਤੌੜ ਮੀਹੈ ਭੀਰ
ਜਰ ਜਰ ਦੇਹ ਕੰਚਨ ਭਈ, ਰਵਿ ਰਵਿ ਮਿਲਿਓ ਸਰੀਰ।[93]

## ਭਗਤ ਰਵਿਦਾਸ ਜੀ ਦੀ ਬਾਣੀ

ਮਧਕਾਲੀਨ ਚਿੰਤਨ ਸਾਹਿਤ ਵਿੱਚ ਭਗਤ ਰਵਿਦਾਸ ਬਾਣੀ ਨੂੰ ਆਦਰਯੋਗ ਸਥਾਨ ਪ੍ਰਾਪਤ ਹੈ। ਇਹ ਬਾਣੀ ਆਪਣੀ ਵਿਸ਼ੇਸ਼ ਮਾਨਵਵਾਦੀ ਵਿਚਾਰਧਾਰਾ ਅਤੇ ਸਾਹਿਤਕ ਗੁਣਾਂ ਕਾਰਨ ਉੱਤਮ ਰਚਨਾ ਸਵੀਕਾਰ ਕੀਤੀ ਜਾਂਦੀ ਹੈ, ਪ੍ਰੰਤੂ ਫਿਰ ਵੀ ਇਸ ਬਾਣੀ ਦਾ ਮੌਜੂਦਾ ਸਮੇਂ ਤੱਕ ਕੋਈ ਵੀ ਅਜਿਹਾ ਹੱਥ ਲਿਖਤ ਖਰੜਾ (ਗ੍ਰੰਥ) ਨਹੀਂ ਮਿਲਿਆ, ਜਿਹੜਾ ਕਿ ਭਗਤ ਜੀ ਨੇ ਆਪ ਲਿਖਿਆ ਜਾਂ ਲਿਖਵਾਇਆ ਹੋਵੇ। ਇਸ ਕਾਰਨ ਕਿਸੇ ਗ੍ਰੰਥ ਜਾਂ ਲਿਖਤ ਨੂੰ ਭਗਤ ਜੀ ਦਾ ਪ੍ਰਮਾਣਿਕ ਸ੍ਰੋਤ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਭਗਤ ਰਵਿਦਾਸ ਜੀ ਦੀ ਬਾਣੀ ਨੂੰ ਅਸੀਂ ਦੋ ਹਿੱਸਿਆਂ ’ਚ ਵੰਡ ਸਕਦੇ ਹਾਂ- ਪ੍ਰਮਾਣਿਕ ਅਤੇ ਅਪ੍ਰਮਾਣਿਕ। ਪ੍ਰਮਾਣਿਕ ਬਾਣੀ ਉਹ ਹੈ ਜਿਹੜੀ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਅੰਕਿਤ ਕੀਤੀ। ਦੂਜੀ ਅਪ੍ਰਮਾਣਿਕ ਬਾਣੀ ਉਹ ਹੈ, ਜਿਹੜੀ ਸ੍ਰੀ

92 ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 28

93 ਹੈਰਤ ਹਰਕੇਸ਼, ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਪਦੇਸ਼ ਤੇ ਇੱਕ ਝਾਤ, ਪੰਨਾ 190

ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਹੋਰ ਗ੍ਰੰਥਾਂ ਵਿੱਚ ਉਪਲਬਧ ਹੈ। ਇੱਥੇ ਅਸੀਂ ਪਹਿਲਾਂ ਭਗਤ ਰਵਿਦਾਸ ਜੀ ਦੀ ਪ੍ਰਮਾਣਿਕ ਬਾਣੀ ਦੀ ਸੂਚੀ ਦੇਣ ਦਾ ਜਤਨ ਕਰਾਂਗੇ, ਉਪਰੰਤ ਉਨ੍ਹਾਂ ਦੀ ਅਪ੍ਰਮਾਣਿਕ ਬਾਣੀ ਦੀ ਸੂਚੀ ਵੀ ਸ਼ਾਮਿਲ ਕੀਤੀ ਜਾਵੇਗੀ।

## ਪ੍ਰਮਾਣਿਕ ਬਾਣੀ

**ਸ੍ਰੀ ਗੁਰੂ ਗ੍ਰੰਥ ਸਾਹਿਬ** : ਇਸ ਪਾਵਨ ਗ੍ਰੰਥ ਵਿੱਚ ਦਰਜ ਬਾਣੀ ਨੂੰ ਸਿੱਖ ਧਰਮ-ਜਗਤ ਵਿੱਚ 'ਧੁਰ ਕੀ ਬਾਣੀ' ਦਾ ਦਰਜਾ ਦਿੱਤਾ ਗਿਆ ਹੈ।

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥[94]

ਇਸ ਪਵਿੱਤਰ ਗ੍ਰੰਥ ਵਿੱਚ 6 ਸਿੱਖ ਗੁਰੂਆਂ ਸਮੇਤ ਬਾਰਵੀਂ ਤੋਂ ਸਤਾਰਵੀਂ ਸਦੀ ਤੱਕ ਦੇ 35 ਬਾਣੀਕਾਰਾਂ ਦੀ ਸਮੁੱਚੀ ਬਾਣੀ ਪ੍ਰਮਾਣਿਕਤਾ ਦੇ ਦ੍ਰਿਸ਼ਟੀਕੋਣ ਤੋਂ ਸੰਦੇਹ-ਮੁਕਤ ਪ੍ਰਵਾਨੀ ਜਾਂਦੀ ਹੈ, ਕਿਉਂਕਿ ਇਸਦੇ ਸੰਪਾਦਨ ਕਾਰਜ ਸਮੇਂ ਜੋ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਥਾਪਿਤ ਕੀਤਾ, ਉਹੋ ਆਰੰਭਕ ਰੂਪ ਅੱਜ ਤੱਕ ਸਥਿਰ ਹੈ ਅਤੇ ਉਸ ਵਿੱਚ ਕਿਸੇ ਪ੍ਰਕਾਰ ਦਾ ਅੱਖਰ, ਨਾ ਹੀ ਅਜਿਹਾ ਕਰਨਾ ਸੰਭਵ ਹੀ ਹੈ। ਇਹੋ ਕਾਰਨ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਰਵਿਦਾਸ ਜੀ ਦੇ 40 ਸ਼ਬਦਾਂ ਅਤੇ ਇੱਕ ਸਲੋਕ ਨੂੰ ਵਿਵੇਕ ਬੁੱਧ ਦੇ ਧਾਰਨੀ ਸਾਰੇ ਵਿਦਵਾਨਾਂ ਨੇ ਪ੍ਰਮਾਣਿਕ ਅਤੇ ਪ੍ਰਾਚੀਨ ਮੰਨਿਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਕੀਤੀ ਗਈ 6 ਸਿੱਖ ਗੁਰੂਆਂ ਤੋਂ ਇਲਾਵਾ 29 ਬਾਣੀਕਾਰਾਂ ਦੀ ਬਾਣੀ ਬਾਰੇ ਇੱਕ ਗੱਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ 29 ਬਾਣੀਕਾਰਾਂ ਦੀ ਉਹੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੀ, ਜੋ ਮਾਨਵ ਹਿਤੈਸ਼ੀ ਅਤੇ ਗੁਰਮਤਿ ਸਿਧਾਂਤਾਂ ਦੀ ਸੁਰ-ਨਾਲ ਸੁਰ ਮਿਲਾਉਂਦੀ ਸੀ। ਜਿਹੜੀ ਰਚਨਾ ਜਾਂ ਤੁਕ ਸੰਦੇਹ ਪੈਦਾ ਕਰਨ ਦਾ ਕਾਰਨ ਬਣ ਸਕਦੀ ਸੀ, ਉਥੇ ਗੁਰੂ ਸਾਹਿਬ ਨੇ ਆਪਣੀ ਟਿੱਪਣੀ ਨਾਲ ਉਸ ਦਾ ਆਸ਼ਾ ਸਪੱਸ਼ਟ ਕਰ ਦਿੱਤਾ। ਭਗਤ ਰਵਿਦਾਸ ਜੀ ਦੀ ਬਾਣੀ ਨਾਲ ਅਜਿਹੀ ਕੋਈ ਟਿੱਪਣੀ ਦਰਜ ਨਹੀਂ, ਕਿਉਂਕਿ ਉਨ੍ਹਾਂ ਦਾ ਆਸ਼ਾ ਬੜਾ ਸਪੱਸ਼ਟ ਸੀ। ਆਪ ਜੀ ਦੀ ਬਾਣੀ ਰਾਗਮਈ, ਲੈਅਮਈ ਅਤੇ ਵੈਰਾਗਮਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :

---

94 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੨੮

| ਲੜੀ ਨੰ. | ਰਾਗੁ | ਸ਼ਬਦਾਂ ਦੀ ਗਿਣਤੀ | ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕ |
|---|---|---|---|
| 1. | ਸਿਰੀ ਰਾਗੁ | 1 | ੯੩ |
| 2. | ਰਾਗੁ ਗਉੜੀ | 5 | ੩੪੫-੪੬ |
| 3. | ਆਸਾ | 6 | ੪੮੬-੮੭ |
| 4. | ਗੂਜਰੀ | 1 | ੫੨-੫ |
| 5. | ਸੋਰਠਿ | 7 | ੬੫੭-੫੯ |
| 6. | ਧਨਾਸਰੀ | 3 | ੬੯੪ |
| 7. | ਜੈਤਸਰੀ | 1 | ੭੨੦ |
| 8. | ਸੂਹੀ | 3 | ੭੯੩-੯੪ |
| 9. | ਬਿਲਾਵਲੁ | 2 | ੮੫੮ |
| 10. | ਗੋਂਡ | 2 | ੮੭੫ |
| 11. | ਰਾਮਕਲੀ | 1 | ੯੭੩-੭੪ |
| 12. | ਮਾਰੂ | 2 | ੧੧੦੬ |
| 13. | ਕੇਦਾਰ | 1 | ੧੧੨੪ |
| 14. | ਭੈਰਉ | 1 | ੧੧੬੭ |
| 15. | ਬਸੰਤੁ | 1 | ੧੧੯੬ |
| 16. | ਮਲਾਰ | 3 | ੧੨੯੩ |
| 17. | ਸਲੋਕ | 1 | ੧੩੭੭ |
|  | ਕੁੱਲ | 41 |  |

**ਅਪ੍ਰਮਾਣਿਕ ਬਾਣੀ** :- ਉਪਰੋਕਤ ਸਾਰਣੀ 'ਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਤੋਂ ਇਲਾਵਾ ਭਗਤ ਜੀ ਦੀ ਬਹੁਤੀ ਅਜਿਹੀ ਬਾਣੀ ਉਪਲਬਧ ਹੈ, ਜਿਸ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾਂਦਾ। ਇਸ ਦਾ ਵੇਰਵਾ ਜਿਨ੍ਹਾਂ ਗ੍ਰੰਥਾਂ ਵਿੱਚ ਮਿਲਦਾ ਹੈ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

1. ਪੁਰਾਤਨ ਗੋਸ਼ਟਿ - ਸੰਗ੍ਰੈਹਿ
2. ਗੋਸ਼ਟਾਂ ਸੋਢੀ ਮਿਹਰਬਾਨ
3. ਪਰਮਾਰਥ ਸੁਖਮਨੀ ਸਹੰਸ੍ਰਨਾਮਾ
4. ਪ੍ਰੇਮ-ਅੰਬੋਧ ਪੋਥੀ
5. ਭਾਈ ਦਰਬਾਰੀ ਦਾਸ
6. ਕੁਸ਼ਲਦਾਸ
7. ਭਗਤਿ ਪ੍ਰੇਸਾਕਰਿ
8. ਭਗਤਿ ਪ੍ਰੇਸਾਕਰਿ (ਕੀਰਤ ਸਿੰਘ)
9. ਭਗਤਿ-ਸੁਧਾਰ
10. ਗੋਸ਼ਟਿ ਕਬੀਰ ਅਤੇ ਰਵਿਦਾਸ
11. ਭਗਤ ਰਸ ਮੰਜਰੀ (ਕਵੀ ਧਿਆਨ ਸਿੰਘ)
12. ਵਾਰਤਕ ਟੀਕਾ 'ਭਗਤ ਮਾਲ' (ਲਾਲ ਸਿੰਘ ਨਰੋਤਮ)

## ਹਿੰਦੀ ਸ੍ਰੋਤ

1) ਪਰਿਚਈ (ਅਨੰਦ ਦਾਸ)
2) ਭਗਤ ਮਾਲ (ਨਾਭਾ ਦਾਸ)
3) ਪ੍ਰਹਲਾਦ ਚਰਿਤ੍ਰ (ਰੈਦਾਸ)
4) ਭਗਤ ਮਾਲ (ਰਾਘੋਦਾਸ)
5) ਭਗਤਿ ਰਸ ਬੋਧਨੀ ਟੀਕਾ 'ਭਗਤ ਮਾਲ' (ਟੀਕਾਕਾਰ ਪ੍ਰਿਯਦਾਸ)
6) ਗੋਸ਼ਟਿ ਕਬੀਰ ਰਵਿਦਾਸ (ਦੇਵਨਾਗਰੀ)

7) ਰਾਮਰਸਕਾਵਲੀ (ਰਘੁਰਾਜ ਸਿੰਹੁ)[95]

ਸਮੁੱਚੇ ਰੂਪ ਵਿੱਚ ਅਸੀਂ ਇਸ ਅਧਿਆਇ ਵਿਚ ਭਗਤੀ ਲਹਿਰ ਦਾ ਪਿਛੋਕੜ ਦਿੰਦੇ ਹੋਏ ਭਗਤ ਰਵਿਦਾਸ ਜੀ ਦੇ ਜਨਮ, ਜਨਮ ਸਥਾਨ, ਮਾਤਾ ਪਿਤਾ, ਪ੍ਰਚਲਿਤ ਨਾਮ, ਜਾਤ, ਵਿੱਦਿਆ, ਪਰਿਵਾਰਿਕ ਜੀਵਨ ਅਤੇ ਭਗਤ ਜੀ ਦੇ ਗੁਰੂ ਆਦਿ ਦਾ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਭਗਤ ਰਵਿਦਾਸ ਜੀ ਦੁਆਰਾ ਰਚਿਤ ਪ੍ਰਮਾਣਿਕ ਅਤੇ ਅਪ੍ਰਮਾਣਿਕ ਬਾਣੀ ਸੂਚੀ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਵੀ ਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਗਤ ਰਵਿਦਾਸ ਜੀ ਦੇ ਜੀਵਨ ਰਾਹੀਂ ਵਿਸ਼ਵ ਪੱਧਰ ਤੇ ਵਾਪਰ ਰਹੀ ਅਜੋਕੀ ਵਿਸਫੋਟਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਮਾਨਵ ਸੋਚ ਵਿਚੋਂ ਨਿੱਜਵਾਦ, ਨਿੱਜਲਾਭ ਅਤੇ ਸੰਕੀਰਨਤਾ ਨੂੰ ਮਨਫ਼ੀ ਕਰਕੇ ਉਸਾਰੂ ਰੁਚੀਆਂ ਵਾਲੇ ਮਾਨਵ-ਸਮਾਜ ਦਾ ਨਿਰਮਾਣ ਕਰ ਸਕਣਾ ਹੈ, ਜਿਸ ਦੀ ਰੂਪ-ਰੇਖਾ ਭਗਤ ਰਵਿਦਾਸ ਜੀ ਨੇ ਉਲੀਕੀ ਹੈ।

95 ਇਹ ਸੂਚੀ ਸਾਬਰ ਜਸਬੀਰ ਸਿੰਘ ਸਾਬਰ ਦੀ ਸ੍ਰੋਤ ਪੁਸਤਕ '*ਭਗਤ ਰਵਿਦਾਸ*' ਤੇ ਆਧਾਰਿਤ ਹੈ।

# ਅਧਿਆਇ – ਦੂਜਾ

## ਭਗਤ ਰਵਿਦਾਸ ਜੀ : ਵਿਅਕਤਿਤਵ

ਭਗਤ ਰਵਿਦਾਸ ਜੀ ਦਾ ਵਿਅਕਤਿਤਵ ਸੰਘਰਸ਼ਮਈ ਜੀਵਨ ਦੀ ਦੇਣ ਹੈ, ਉਹ ਇੱਕ ਅਜਿਹੇ ਭਗਤ ਸਨ ਜੋ ਰੋਜ਼ੀ-ਰੋਟੀ ਲਈ ਹੱਥੀਂ ਕੰਮ-ਕਾਜ ਕਰਨ ਨੂੰ ਆਪਣੇ ਜੀਵਨ ਦਾ ਪ੍ਰਮੁੱਖ ਆਧਾਰ ਮੰਨਦੇ ਹੋਏ ਨਾਲ ਹੀ ਪ੍ਰਭੂ ਭਗਤੀ ਦੀਆਂ ਕਠਿਨਾਈਆਂ ਭਰੇ ਰਸਤੇ ਤੇ ਚੱਲਦੇ ਹਨ। ਭਗਤੀ ਤੇ ਕਰਮ ਦਾ ਅਤੇ ਗ੍ਰਿਹਸਥ ਤੇ ਤਿਆਗ ਦਾ ਸੁਚੱਜਾ ਸੁਮੇਲ ਪੇਸ਼ ਕਰਦੇ ਹਨ।[1] ਭਗਤ ਰਵਿਦਾਸ ਛੋਟੀ ਜਾਤ ਵਿੱਚ ਪੈਦਾ ਹੋ ਕੇ ਉੱਚ ਸ਼੍ਰੇਣੀਆਂ ਲਈ ਪ੍ਰਕਾਸ਼ ਦਾ ਸੋਮਾ ਬਣੇ। ਰਵਿਦਾਸ ਜੀ ਨੇ ਸਮਾਜਗਤ ਬੁਰਾਈਆਂ ਦੇ ਰੂਪ ਨੂੰ ਦੇਖਿਆ ਹੀ ਨਹੀਂ, ਸਗੋਂ ਚੰਗੀ ਤਰ੍ਹਾਂ ਹੰਢਾਇਆ ਵੀ। ਭਗਤ ਰਵਿਦਾਸ ਜੀ ਅਹਿੰਸਾ ਦੇ ਪ੍ਰਤੱਖ ਸਵਰੂਪ ਸਨ। ਨਿਮਨ ਵਰਗ ਨੂੰ ਇਨ੍ਹਾਂ ਨੇ ਧਰਮ-ਸੰਕਟ ਵਿੱਚ ਸੇਧ ਦਿੱਤੀ ਅਤੇ ਉਚੇਚਾ ਮਾਰਗ-ਦਰਸ਼ਨ ਕਰਕੇ ਉਨ੍ਹਾਂ ਨੂੰ ਸਹੀ ਰਾਹ ਦਿਖਾਇਆ। ਉਸ ਸਮੇਂ ਦੇ ਭਗਤੀ ਸਮਾਜ ਦਾ ਮੁਲਾਂਕਣ ਕੀਤਾ ਜਾਵੇ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਇਕ ਪਾਸੇ ਇਸਲਾਮ ਵਿੱਚ ਧਨ, ਮਾਣ ਅਸੁਰੱਖਿਆ ਅਤੇ ਦੂਸਰੇ ਪਾਸੇ ਅਪਮਾਨ, ਹਿੰਸਾ ਵਰਗੀਆਂ ਪਰਿਸਥਿਤੀਆਂ ਵਿੱਚੋਂ ਸਮਾਜ ਨੂੰ ਡੋਲਣ ਤੋਂ ਬਚਾਉਣਾ ਕਿਸੇ ਸਾਧਾਰਣ ਪੁਰਸ਼ ਦਾ ਕੰਮ ਨਹੀਂ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਲੋਕਾਂ ਦੇ ਮਰਹਮ-ਪੱਟੀ ਕੀਤੀ। ਮੇਰੀ ਜਾਤ ਚਮਾਰਾ, ਬੇਗਮਪੁਰਾ, ਰਵਿਦਾਸ ਸੋਈ ਸਾਧੂ ਭਲੇ, ਜੋ ਜਗ-ਮਹਿ ਲਿਖਤ ਨਾ ਹੋਏ, ਦੇ ਰੂਪ ਵਿੱਚ ਸਮਾਜ ਲਈ ਇੱਕ ਮਿੱਠਾ-ਮਿੱਠਾ ਜਿਹਾਦ ਛੇੜ ਦਿੱਤਾ। ਸਹਿਜ ਢੰਗ ਨਾਲ ਪ੍ਰਭਾਵੀ ਪੇਸ਼ਕਾਰੀ ਉਨ੍ਹਾਂ ਦੇ ਵਿਅਕਤਿਤਵ ਦੀ ਵਿਸ਼ੇਸ਼ਤਾ ਹੈ। ਈਸ਼ਵਰੀ ਰੂਪ ਵਿੱਚ ਉਨ੍ਹਾਂ ਨੇ ਇਹ ਪਹਿਚਾਣ ਲਿਆ ਸੀ ਕਿ ਇੱਕ ਪਾਸੇ ਸਰਗੁਣ ਸਮਰਥਕ ਹਨ ਅਤੇ ਦੂਸਰੇ ਪਾਸੇ ਨਿਰਗੁਣ ਵਿਚਾਰਧਾਰਾ ਵਾਲੇ ਲੋਕ ਸਨ। ਅਜਿਹੀ ਪਰਿਸਥਿਤੀ ਵਿੱਚ ਮੱਧ-ਮਾਰਗ ਰਾਹੀਂ ਦੋਹਾਂ ਵਿੱਚ ਏਕਤਾ ਬਣਾਈ, ਤਾਂ ਜੋ ਸਮਾਜ ਟੁੱਟਣ ਤੋਂ ਬਚ ਸਕੇ ਅਤੇ ਇੱਕ ਦੂਜੇ ਦੇ ਨੇੜੇ ਆਵੇ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਬ੍ਰਹਮ ਦਾ ਸੁਚੱਜਾ

---

1 ਡਾ. ਕੁਲਦੀਪ ਕੌਰ, ਗੁਰੂ ਗ੍ਰੰਥ ਸਾਹਿਬ ਦੇ ਕੁਝ ਯੋਗਦਾਨੀਆਂ ਦੀ ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀ, ਪੰਨਾ 28

ਸਰੂਪ ਨਿਰਗੁਣ ਸਰਗੁਣ ਦੇ ਸੰਯੋਗ ਨਾਲ ਉੱਘੜ ਸਕਦਾ ਹੈ। ਅਸਲ ਵਿੱਚ ਉਨ੍ਹਾਂ ਦਾ ਬ੍ਰਹਮ ਨਿਰਗੁਣ ਅਤੇ ਸਰਗੁਣ ਦੇ ਰੰਗਾਂ ਵਿਚਾਰਾਂ ਵਿੱਚੋਂ ਨਿਕਲ ਕੇ ਉਸ ਖੁੱਲ੍ਹੇ ਮੈਦਾਨ ਵਿੱਚ ਪਹੁੰਚਿਆ, ਜਿੱਥੇ ਨਿਰਗੁਣ ਅਤੇ ਸਰਗੁਣ ਦੇ ਸਭ ਭੇਦ-ਭਾਵ ਖ਼ਤਮ ਹੋ ਜਾਂਦੇ ਹਨ। ਭਗਤੀ ਦੇ ਖੇਤਰ ਵਿੱਚ ਜਿਸ ਦਾ ਨਾਂ 'ਸਰਗੁਣ' ਹੈ, ਗਿਆਨ ਦੇ ਖੇਤਰ ਵਿੱਚ ਉਸ ਦਾ ਹੀ ਨਾਂ 'ਨਿਰਗੁਣ' ਹੈ। ਉਨ੍ਹਾਂ ਨੂੰ ਇਹ ਅਨੁਭਵ ਹੋਇਆ ਕਿ ਹਿੰਦੂਆਂ ਦੇ ਪੂਜਾ-ਪਾਠ ਵਿੱਚ ਅਨੇਕ ਆਡੰਬਰ ਅਤੇ ਕਮੀਆਂ ਹਨ। ਉਨ੍ਹਾਂ ਆਡੰਬਰਾਂ ਨੂੰ ਭਗਤ ਰਵਿਦਾਸ ਜੀ ਨੇ ਅਪਣਾਉਣ ਤੋਂ ਉੱਕਾ ਹੀ ਇਨਕਾਰ ਕੀਤਾ। ਜਦੋਂ ਨਿਰਗੁਣ ਬ੍ਰਹਮ ਦੀ ਗੱਲ ਕਰਦੇ ਹਨ, ਤਾਂ ਸਰਗੁਣ ਬ੍ਰਹਮ ਵਿੱਚ ਵੀ ਉਹ ਆਸਥਾ ਰੱਖਦੇ ਹਨ। ਸਰਗੁਣ ਦੀ ਗੱਲ ਕਰਦੇ ਹੀ ਨਿਰਗੁਣ ਬ੍ਰਹਮ ਪਾਠਕਾਂ ਦੇ ਦਿਲਾਂ ਵਿੱਚ ਪ੍ਰਗਟ ਹੋ ਜਾਂਦਾ ਹੈ।

ਭਗਤ ਰਵਿਦਾਸ ਜੀ ਦੇ ਵਿਅਕਤਿਤਵ ਦੀ ਤੀਸਰੀ ਵਿਸ਼ੇਸ਼ਤਾ ਭਾਰਤੀ ਜਨਤਾ ਵਿੱਚ ਭਗਤੀ ਦਾ ਸੰਚਾਰ ਕਰਨਾ ਸੀ। ਭਗਤੀ ਰਸ ਦੀ ਇਸ ਭਾਵਨਾ ਦੇ ਦਰਸ਼ਨ ਅੱਗੇ ਚੱਲ ਕੇ ਤੁਲਸੀ ਅਤੇ ਸੂਰਦਾਸ ਵਿੱਚ ਮਿਲਦੇ ਹਨ। ਭਗਤੀ ਦੀਆਂ ਰਾਗਣੀਆਂ ਹਿਰਦੇ ਨੂੰ ਛੂਹਣ ਵਾਲੀਆਂ ਹਨ। "ਪ੍ਰਭੂ ਜੀ, ਤੁਮ ਚੰਦਨ ਹਮ ਪਾਣੀ", ਆਦਿ। ਮੀਰਾਂ ਬਾਈ ਵਾਂਗ ਉਨ੍ਹਾਂ ਦੇ ਸ਼ਬਦਾਂ ਦੀ ਲੋਅ ਵਿੱਚ ਭਗਤ ਹਿਰਦਾ ਡੁੱਬ ਜਾਂਦਾ ਹੈ। ਉਨ੍ਹਾਂ ਦੀਆਂ ਭਗਤੀ ਪੂਰਤ ਰਾਗਣੀਆਂ ਹਿਰਦੇ ਟੁੰਬ ਜਾਂਦੀਆਂ ਹਨ:-

> ਤੁਮ ਚੰਦਨ, ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
> ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥[2]

ਉਨ੍ਹਾਂ ਦੇ ਵਿਅਕਤੀਤਵ ਦੀ ਵਿਚਾਰ ਹੇਠ ਲਿਖੇ ਪੱਖਾਂ ਤੋਂ ਕੀਤੀ ਜਾ ਰਹੀ ਹੈ।

## ਨਿਰਭੈ ਅਤੇ ਸਹਿਜ

ਮੱਧਕਾਲੀਨ ਸਮਾਜ ਵਿਚ ਸਹਿਮ ਅਤੇ ਡਰ ਦਾ ਵਰਤਾਰਾ ਸੀ। ਉਸ ਸਮੇਂ ਉੱਚ ਸ਼੍ਰੇਣੀ ਅਤੇ ਪੁਰੋਹਿਤ ਵਰਗ ਨੂੰ ਵਧੇਰੇ ਤਾਕਤ ਪ੍ਰਦਾਨ ਸੀ। ਜਦੋਂ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਇਸ ਵਰਗ ਵੰਡ ਦਾ ਵਿਰੋਧ ਕੀਤਾ ਤਾਂ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਵੀ ਪਰੰਪਰਾ ਤੋੜਨ ਤੇ ਸਮਾਜਗਤ ਵਿਰੋਧਤਾ ਝੱਲਣੀ ਪਈ। ਉਨ੍ਹਾਂ ਦੀ ਬਾਣੀ ਵਿੱਚ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਪਿਛਲੀ ਉਮਰ ਵਿੱਚ ਉਨ੍ਹਾਂ ਦਾ ਵਿਰੋਧ ਲਗਭਗ ਖ਼ਤਮ ਹੋ ਗਿਆ ਸੀ। ਸਾਰੇ ਵਰਗਾਂ ਨੇ ਉਨ੍ਹਾਂ ਨੂੰ

---

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

ਸੰਤ-ਭਗਤ ਰੂਪ ਵਿਚ ਸਵੀਕਾਰ ਕਰ ਲਿਆ ਸੀ। ਬ੍ਰਾਹਮਣ ਸਮਾਜ ਵੀ ਉਨ੍ਹਾਂ ਅੱਗੇ ਡੰਡਾਉਤ ਕਰਨ ਲੱਗ ਪਿਆ ਸੀ। ਅਜਿਹਾ ਉਨ੍ਹਾਂ ਦੀ ਉੱਚ ਕੋਟੀ ਭਗਤੀ ਕਾਰਨ ਸੰਭਵ ਹੋਇਆ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥[3]

ਭਾਵੇਂ ਭਗਤ ਰਵਿਦਾਸ ਜੀ ਨੇ ਆਪਣੇ ਬਾਣੀ ਵਿੱਚ ਤਤਕਾਲੀਨ ਸ਼ਾਸਕਾਂ ਦੀ ਨਿੰਦਿਆ ਨਹੀਂ ਕੀਤੀ, ਪਰ ਫਿਰ ਵੀ ਉਨ੍ਹਾਂ ਨੇ ਛਤਰਪਤੀ ਰਾਜਾ, ਸੁਲਤਾਨ ਅਤੇ ਹਾਕਮਾਂ ਦੀ ਗੁਲਾਮੀ ਨੂੰ ਫਟਕਾਰਿਆ ਹੈ ਅਤੇ 'ਭਗਤ' ਨੂੰ ਇਨ੍ਹਾਂ ਤੋਂ ਉੱਚਾ ਅਤੇ ਪਵਿੱਤਰ ਦੱਸ ਕੇ ਦੂਸਰੇ ਢੰਗ ਨਾਲ ਉਨ੍ਹਾਂ ਦੀ ਲਘੂਤਾ ਵੀ ਸਪੱਸ਼ਟ ਕੀਤੀ ਹੈ :-

ਪੰਡਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ।[4]

...

ਏਕੁ ਮੁਕੰਦੁ ਕਰੈ ਉਪਕਾਰੁ॥

ਹਮਰਾ ਕਹਾ ਕਰੈ ਸੰਸਾਰ॥[5]

ਸੱਚ ਤਾਂ ਇਹ ਹੈ ਕਿ ਜਿਸ ਦੇ ਕੋਲ ਪ੍ਰਭੂ ਵਰਗਾ ਸਵਾਮੀ ਹੈ, ਉਸ ਨੂੰ ਭਲਾ ਹੋਰ ਕਿਸ ਦੀ ਪ੍ਰਵਾਹ ਹੋ ਸਕਦੀ ਹੈ ਅਤੇ ਉਸ ਨੂੰ ਕੀ ਕਮੀ ਹੋ ਸਕਦੀ ਹੈ?

## ਸੰਜਮਤਾ

ਭਗਤ ਬਾਣੀ ਵਿੱਚ ਮਨੁੱਖ ਦੇ ਮਨੋਵਿਕਾਰਾਂ ਨੂੰ ਠੱਲ੍ਹ ਪਾਉਣ ਲਈ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਂਤਾਂ ਨੂੰ ਜਿੱਥੇ ਦ੍ਰਿੜਤਾ ਨਾਲ ਪੇਸ਼ ਕੀਤਾ ਗਿਆ ਹੈ ਉਥੇ ਸੰਜਮ ਤੇ ਸੰਤੋਖ ਭਰਪੂਰ ਜ਼ਿੰਦਗੀ ਜਿਊਣ ਲਈ ਵੀ ਕਿਹਾ ਗਿਆ ਹੈ। ਭਗਤ ਰਵਿਦਾਸ ਜੀ ਦੇ ਜੀਵਨ ਵਿੱਚ ਸਬਰ ਭਰਪੂਰ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ।

ਭਗਤ ਰਵਿਦਾਸ ਜੀ ਬਚਪਨ ਤੋਂ ਹੀ ਸਹਿਣਸ਼ੀਲ ਹਰਖ ਸੋਗ ਤੋਂ ਨਿਆਰੇ, ਰੱਬੀ ਰਜ਼ਾ ਵਿੱਚ ਖੀਵੇ ਰਹਿਣ ਵਾਲੇ ਦਿਆਲੂ ਤੇ ਪਰਉਪਕਾਰੀ ਰੁਚੀ ਵਾਲੇ ਸਨ। ਉਨ੍ਹਾਂ ਨੂੰ ਕਿਸੇ ਭੁੱਖੇ ਨੂੰ ਅੰਨ-ਪਾਣੀ ਛਕਾ ਕੇ ਕਿਸੇ ਨੂੰ ਨੰਗੇ ਪੈਰੀਂ ਵੇਖ ਕੇ ਜੁੱਤੀ ਪਵਾ ਕੇ ਕਿਸੇ ਲੋੜਵੰਦ ਦੀ ਸਹਾਇਤਾ

---

3 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩

4 ਉਹੀ, ੮੫੮

5 ਉਹੀ, ੮੭੫

ਕਰਕੇ ਬੜੀ ਖੁਸ਼ੀ ਮਹਿਸੂਸ ਕਰਦੇ ਸਨ। ਕਦੇ ਵੀ ਕਿਸੇ ਚੀਜ਼ ਤੋਂ ਧਨ ਲਾਭ ਪ੍ਰਾਪਤੀ ਦੀ ਆਸ ਨਹੀਂ ਕਰਦੇ ਸਨ। ਕਿਹਾ ਜਾਂਦਾ ਹੈ ਕਿ ਜਦੋਂ ਭਗਤ ਜੀ ਦੇ ਮਾਤਾ-ਪਿਤਾ ਨੇ ਆਪਣੀਆਂ ਵੈਰਾਗੀ ਰੁਚੀਆਂ ਵੇਖ ਕੇ ਆਪ ਨੂੰ ਵੱਖ ਕਰ ਦਿੱਤਾ ਤਾਂ ਵੀ ਆਪ ਦਾ ਹਾਲ ਉਹੋ ਜਿਹਾ ਹੀ ਸੀ। ਇੱਕ ਵਾਰ ਭਗਤ ਜੀ ਦੀ ਮੰਦੀ ਆਰਥਿਕ ਹਾਲਤ ਨੂੰ ਵੇਖ ਕੇ ਉਨ੍ਹਾਂ ਪਾਸ ਇੱਕ ਸਾਧੂ ਆਇਆ ਤੇ ਕਹਿਣ ਲੱਗਾ 'ਮੈਂ ਤੁਹਾਡੀ ਇਹ ਹਾਲਤ ਦੇਖ ਨਹੀਂ ਸਕਦਾ, ਮੈਨੂੰ ਤੁਹਾਡੀ ਇਹੋ ਜਿਹੀ ਹਾਲਤ ਤੇ ਬਹੁਤ ਤਰਸ ਆ ਰਿਹਾ ਹੈ। ਇਹ ਪਾਰਸ ਰੱਖ ਲਉ ਘਰ ਵਿੱਚ ਲਹਿਰ-ਬਹਿਰ ਹੋ ਜਾਵੇਗੀ। ਤੁਹਾਨੂੰ ਕਿਰਤ ਕਰਨ ਦੀ ਵੀ ਲੋੜ ਨਹੀਂ ਪਵੇਗੀ।' ਪਰ ਆਪ ਅਡੋਲ ਕਿਰਤ ਕਰਦੇ ਰਹੇ ਤੇ ਮਨ ਪ੍ਰਭੂ ਵਿੱਚ ਜੁੜਿਆ ਰਿਹਾ। ਉਨ੍ਹਾਂ ਨੇ ਸਾਧੂ ਦੀਆਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਪਾਰਸ ਵਾਪਸ ਲਿਜਾਣ ਲਈ ਕਿਹਾ ਪਰੰਤੂ ਸਾਧੂ ਨੇ ਇਹ ਗੱਲ ਨਾ ਮੰਨੀ ਤਾਂ ਪਾਰਸ ਨੂੰ ਛੱਪਰੀ ਵਿੱਚ ਰੱਖ ਕੇ ਚਲਾ ਗਿਆ। ਕੁਝ ਸਮਾਂ ਬੀਤਣ ਤੇ ਜਦੋਂ ਉਹ ਸਾਧੂ ਫਿਰ ਵਾਪਸ ਆਇਆ ਤੇ ਭਗਤ ਜੀ ਦੀ ਉਹੀ ਹਾਲਤ ਦੇਖ ਕੇ ਪਾਰਸ ਬਾਰੇ ਪੁੱਛਣ ਲੱਗੇ ਤਾਂ ਭਗਤ ਜੀ ਨੇ ਕਿਹਾ ਕਿ ਜਿੱਥੇ ਆਪ ਨੇ ਰੱਖਿਆ ਸੀ ਉਥੇ ਹੀ ਪਿਆ ਹੋਵੇਗਾ। ਇਸ ਤਰ੍ਹਾਂ ਆਪ ਦਾ ਜੀਵਨ ਬਣਾ ਸੰਜਮੀ ਤੇ ਸੰਤੁਲਿਤ ਸੀ। ਆਪ ਜੀ ਮਾਇਆ ਮੋਹ ਤੋਂ ਦੂਰ ਅਤੇ ਕਰਮ ਦੀਆਂ ਛੱਲਾਂ ਤੋਂ ਅਭਿੱਜ ਰਹੇ। ਉਨ੍ਹਾਂ ਲਈ ਪਾਰਸ ਇੱਕ ਸਾਧਾਰਣ ਪੱਥਰ ਤੋਂ ਵਧ ਕੇ ਹੋਰ ਕੁਝ ਵੀ ਨਹੀਂ।[6]

## ਇੱਕ ਈਸ਼ਵਰ ਪ੍ਰਤੀ ਆਸਥਾ

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਭਗਤ ਰਵਿਦਾਸ ਬਾਣੀ ਭਗਤੀ ਰਸ ਨਾਲ ਓਤਪੋਤ ਹੈ, ਜਿਸ ਵਿੱਚ ਸਭ ਤੋਂ ਪ੍ਰਮੁੱਖ ਅੰਗ 'ਨਾਮ-ਜਪ' ਹੈ। ਬਾਣੀ ਵਿੱਚ ਦਰਜ ਪ੍ਰਭੂ ਦੇ ਨਾਮ ਰਾਮ, ਰਹੀਮ, ਹਰੀ, ਗੋਪਾਲ ਆਦਿ ਇੱਕ ਹੀ ਈਸ਼ਵਰ ਦੇ ਵੱਖ-ਵੱਖ ਨਾਂ ਤੇ ਰੂਪ ਵਿੱਚ ਪ੍ਰਯੁਕਤ ਹੋਏ ਹਨ। ਇੱਥੇ ਉਨ੍ਹਾਂ ਦਾ ਮੰਤਵ ਪ੍ਰਭੂ ਦੇ ਵੱਖ-ਵੱਖ ਨਾਵਾਂ ਦਾ ਵਰਣਨ ਨਹੀਂ ਬਲਕਿ ਵਿਸ਼ੇਸ਼ ਮਹੱਤਤਾ ਨਾਮ ਜਪਣ ਦੀ ਹੈ ਅਤੇ ਇਹ ਦੱਸਣਾ ਕਿ ਪਰਮਾਤਮਾ ਇੱਕ ਹੈ। ਡਾ. ਜੈ ਪ੍ਰਕਾਸ਼ ਇਸ ਸੰਦਰਭ ਵਿੱਚ ਲਿਖਦੇ ਹਨ ਕਿ, "ਪ੍ਰਭੂ ਦੇ ਨਾਵਾਂ ਦੀ ਜਿੰਨੀ ਵਿਸਤ੍ਰਿਤ ਚਰਚਾ ਰਵਿਦਾਸ ਜੀ ਦੀ ਬਾਣੀ ਵਿੱਚ ਮਿਲਦੀ ਹੈ, ਉਨੀ ਉਨ੍ਹਾਂ ਦੇ ਸਮਕਾਲੀਨ ਭਗਤ ਕਵੀਆਂ ਵਿਚ ਨਹੀਂ ਮਿਲਦੀ।"[7]

---

6 ਪਰਸ਼ੂਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 242

7 ਜੈ ਪ੍ਰਕਾਸ਼, ਸੰਤ ਗੁਰੂ ਰਵਿਦਾਸ ਬਾਣੀ, ਪੰਨਾ 128.

## ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਕੇ ਛਕਣਾ

ਇਹ ਭਗਤ ਰਵਿਦਾਸ ਜੀ ਦੇ ਵਿਅਕਤਿਤਵ ਦੀ ਖਾਸ ਵਿਸ਼ੇਸ਼ਤਾ ਰਹੀ ਹੈ ਕਿ ਉਨ੍ਹਾਂ ਨੇ ਹੱਥੀਂ ਕਾਰ ਕਰਦਿਆਂ ਪਰਮਾਤਮਾ ਦੀ ਭਜਨ ਬੰਦਗੀ ਕਰਨ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਸਮਾਨਤਾ ਤੇ ਸੁਚੱਜੇ ਸਮਾਜਿਕ ਜੀਵਨ ਦੀ ਆਧਾਰਸ਼ਿਲਾ ਸੱਚਾਈ ਵਾਲੀ ਜ਼ਿੰਦਗੀ ਹੈ। ਉਹੀ ਮਨੁੱਖ ਸੱਚਾ ਹੈ ਜੋ ਅੰਦਰੋਂ ਬਾਹਰੋ ਇੱਕੋ ਜਿਹਾ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਦੀ ਭਗਤੀ ਦਾ ਸਬੰਧ ਮਨੁੱਖ ਦੇ ਅੰਦਰ ਨਾਲ ਹੈ ਤੇ ਕਿਰਤ ਦਾ ਸਬੰਧ ਮਨੁੱਖ ਦੇ ਬਾਹਰੀ ਜੀਵਨ ਨਾਲ ਹੈ। ਜੀਵ ਦੇ ਮਨ ਵਿੱਚ ਇਹ ਗੱਲ ਨਹੀਂ ਆਉਣੀ ਚਾਹੀਦੀ ਕਿ ਉਹ ਵਿਹਲਾ ਹੋ ਕੇ ਪਰਮਾਤਮਾ ਦਾ ਸਿਮਰਨ ਕਰੇਗਾ ਕਿਉਂਕਿ ਇਹ ਨਾਸ਼ਮਾਨ ਸਰੀਰ ਕਦੇ ਵੀ ਮਿੱਟੀ ਹੋ ਸਕਦਾ ਹੈ ਫਿਰ ਕਿਰਤ ਦੇ ਨਾਲ-ਨਾਲ ਜਪਿਆ ਨਾਮ ਹੀ ਨਾਲ ਜਾਣਾ ਹੈ। ਸਾਰੇ ਭਗਤ ਮਿਹਨਤ ਮਜ਼ਦੂਰੀ ਕਰਨ ਵਾਲੇ ਮਹਾਂਪੁਰਸ਼ ਹੋਏ ਹਨ। ਹੱਥੀਂ ਕਿਰਤ ਕਰਨ ਦਾ ਆਦੇਸ਼ ਉਨ੍ਹਾਂ ਦੇ ਜੀਵਨ ਅਤੇ ਬਾਣੀ ਵਿਚੋਂ ਝਲਕਦਾ ਹੈ।

ਭਗਤ ਰਵਿਦਾਸ ਜੀ ਜੋ ਇੱਕ ਉੱਚ ਪ੍ਰਤਿਭਾ ਵਾਲੇ ਭਗਤ ਹੋਏ ਹਨ, ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਕਰਨ ਦੇ ਨਾਲ-ਨਾਲ ਸੱਚੀ ਕਿਰਤ ਕਰਦਿਆਂ, ਲੋਕਾਂ ਦੀ ਸੇਵਾ ਤੇ ਦੂਜਿਆਂ ਨਾਲ ਵੰਡ ਕੇ ਛਕ ਕੇ ਬਹੁਤ ਠਰ੍ਹੰਮੇ ਨਾਲ ਆਪਣਾ ਗ੍ਰਹਿਸਥੀ ਜੀਵਨ ਬਤੀਤ ਕੀਤਾ। ਇਸ ਬਾਰੇ ਪਰਸ਼ੂਰਾਮ ਚਤੁਰਵੇਦੀ ਲਿਖਦੇ ਹਨ ਕਿ ਆਪ ਜੱਦੀ ਪੁਸ਼ਤੀ ਕਿੱਤਾ ਆਪਣੇ ਹੱਥੀਂ ਕਰਿਆ ਕਰਦੇ ਸਨ ਅਤੇ ਕਿਰਤ ਕਰਨ, ਵੰਡ ਛਕਣ ਤੇ ਨਾਮ ਸਿਮਰਨ ਵਿੱਚ ਪੂਰੀ ਤਰ੍ਹਾਂ ਲੀਨ ਰਹਿੰਦੇ ਸਨ। ਉਨ੍ਹਾਂ ਨੂੰ ਪ੍ਰਭੂ ਭਗਤੀ ਨਾਲ ਬਹੁਤ ਪ੍ਰਸਿੱਧੀ ਮਿਲੀ ਪਰ ਉਨ੍ਹਾਂ ਨੇ ਆਪਣੇ ਧੰਦੇ ਨੂੰ ਨਹੀਂ ਛੱਡਿਆ, ਇਸ ਨਾਲ ਹੀ ਉਹ ਆਪਣਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਨੂੰ ਬਚਪਨ ਤੋਂ ਹੀ ਸਤਿਸੰਗ ਦਾ ਸ਼ੌਕ ਹੋਣ ਕਰਕੇ ਸਿਮਰਨ ਵਿੱਚ ਲੱਗੇ ਰਹਿੰਦੇ ਸਨ, ਪਿਤਾ ਦੇ ਅਲੱਗ ਕਰ ਦੇਣ ਤੇ ਵੀ ਉਹ ਆਪਣੇ ਘਰ ਦੇ ਨਾਲ ਝੌਂਪੜੀ ਪਾ ਕੇ ਰਹਿਣ ਲੱਗ ਪਏ।[8] ਭਗਤ ਰਵਿਦਾਸ ਜੀ ਭਗਤੀ ਦੀ ਚਰਮ ਸੀਮਾ ਤੱਕ ਪਹੁੰਚ ਕੇ ਵੀ ਆਪਣੇ ਸਮਾਜਿਕ ਅਥਵਾ ਪਰਿਵਾਰਿਕ ਸਬੰਧਾਂ ਨੂੰ ਭੁੱਲਦੇ ਨਹੀਂ ਅਤੇ ਬੜੇ ਨਿਮਰ ਤਰੀਕੇ ਨਾਲ ਇਉਂ ਪੇਸ਼ ਕਰਦੇ ਹਨ :

8 ਪਰਸ਼ੂਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 241

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ

ਅਜਹੁ ਬੰਨਾਰਸੀ ਆਸ ਪਾਸਾ॥[9]

## 2.4 ਨਿਮਰਤਾ

ਭਗਤਾਂ ਅਨੁਸਾਰ ਪਰਮਾਤਮਾ ਨੂੰ ਮਿਲਣ ਲਈ ਘਾਹ ਜਿੰਨੀ ਨਿਮਰਤਾ ਹੋਣੀ ਜ਼ਰੂਰੀ ਹੈ ਜਿਸ ਤਰ੍ਹਾਂ ਘਾਹ ਪੈਰਾਂ ਹੇਠ ਦੱਬਿਆ ਜਾਂਦਾ ਹੈ ਪਰ ਸੀ ਤੱਕ ਨਹੀਂ ਕਰਦਾ। ਪਰਮਾਤਮਾ ਦੇ ਮਿਲਾਪ ਲਈ ਨਿਰਮਾਨਤਾ ਬਹੁਤ ਜ਼ਰੂਰੀ ਹੈ। ਆਤਮਾ ਤੇ ਪਰਮਾਤਮਾ ਨੂੰ ਵਖਰਿਆਉਣ ਵਾਲੀ ਸ਼ਕਤੀ ਮਾਇਆ ਹੈ ਜਿਹੜੀ ਹਉਮੈਂ ਅਤੇ ਵਿਕਾਰਾਂ ਦੇ ਰੂਪ ਵਿੱਚ ਜੀਵ ਤੇ ਹਾਵੀ ਰਹਿੰਦੀ ਹੈ। ਜਦੋਂ ਸਾਧਕ ਇਸ ਨੂੰ ਨਿਯੰਤ੍ਰਣ ਵਿੱਚ ਰੱਖ ਕੇ ਅਧਿਆਤਮਕ ਮਾਰਗ ਦਾ ਪਾਂਧੀ ਬਣਦਾ ਹੈ ਤਾਂ ਉਸ ਨੂੰ ਨਿਰਮਾਣ ਪ੍ਰਾਣੀ ਬਣ ਕੇ ਵਿਚਰਨਾ ਹੁੰਦਾ ਹੈ। ਸਾਧਕ ਦੀ ਮਹਾਨਤਾ ਦਾ ਆਧਾਰ ਵੀ ਉਸ ਦੀ ਨਿਮਰਤਾ ਹੈ।[10] ਦੂਜਿਆਂ ਦੇ ਗੁਣ ਮਨੁੱਖ ਨਿਮਰ ਹੋ ਕੇ ਹੀ ਪਛਾਣ ਸਕਦਾ ਹੈ, ਹੰਕਾਰ ਮਤੇ ਮਨੁੱਖ ਨੂੰ ਆਪਣੇ ਹੀ ਗੁਣ ਨਜ਼ਰ ਆਉਂਦੇ ਹਨ। ਕਿਸੇ ਤੋਂ ਸਿੱਖਿਆ ਗ੍ਰਹਿਣ ਕਰਨ ਲਈ ਇਹ ਜ਼ਰੂਰੀ ਹੈ ਕਿ ਨਿਮਰਤਾ ਦਾ ਜੀਵਨ ਹੰਢਾਇਆ ਜਾਵੇ। ਭਗਤ ਰਵਿਦਾਸ ਜੀ ਦੀ ਨਿਮਰਤਾ ਦੀ ਇੱਕ ਨਿਸ਼ਾਨੀ ਇਹ ਵੀ ਹੈ ਕਿ ਉਹ ਆਪਣੇ ਆਪ ਨੂੰ ਸਭ ਤੋਂ ਛੋਟਾ ਮਹਿਸੂਸ ਕਰਦੇ ਹਨ। ਸਿਰਫ ਪਰਮਾਤਮਾ ਦੇ ਓਟ ਆਸਰੇ ਤੇ ਹੀ ਟੇਕ ਰੱਖਦੇ ਹਨ :

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[11]

ਇਸ ਤਰ੍ਹਾਂ ਭਗਤ ਰਵਿਦਾਸ ਜੀ ਦੇ ਵਿਅਕਤਿਤਵ ਦੀ ਇਹ ਖਾਸ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਦੁਆਰਾ ਨਾਮ ਜਪ ਕੇ ਪ੍ਰਭੂ ਦੀ ਸ਼ਰਨ ਵਿੱਚ ਪੈ ਕੇ ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਨਿਮਰ ਭਾਵ ਦੁਆਰਾ ਜਨ-ਜੀਵਨ ਵਿੱਚ ਵਿਚਰਦੇ ਰਹੇ ਅਤੇ ਉਨ੍ਹਾਂ ਨੇ ਇਸ ਨਿਮਰ ਭਾਵ ਨਾਲ ਸੰਸਾਰਿਕਤਾ ਨੂੰ ਬਾਖੂਬੀ ਨਿਭਾਇਆ।

ਭਗਤ ਰਵਿਦਾਸ ਜੀ ਅਤਿ ਨਿਮਰ ਵਿਅਕਤੀ ਸਨ। ਇਹ ਨਿਮਰਤਾ ਦੀ ਭਾਵਨਾ ਉਨ੍ਹਾਂ ਵਿੱਚ ਸੰਤਾਂ ਦੀ ਸੰਗਤ ਕਰਕੇ ਆਈ। ਜਿੱਥੇ ਤੱਕ ਭਗਤ ਰਵਿਦਾਸ ਜੀ ਦੀ ਨਿਮਰਤਾ ਦਾ ਸੰਬੰਧ

---

9 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩

10 ਡਾ. ਕੁਲਵੰਤ ਕੌਰ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ, ਪੰਨਾ 185

11 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮

ਹੈ। ਉਨ੍ਹਾਂ ਤੋਂ ਹਰ ਕੋਈ ਪ੍ਰੇਰਿਤ ਸੀ। ਉਹ ਐਨੇ ਕੋਮਲ ਚਿੱਤ ਸਨ ਕਿ ਆਪਣੇ ਵਿਰੋਧੀਆਂ ਲਈ ਵੀ ਕੋਮਲ ਤੇ ਆਦਰਯੋਗ ਸ਼ਬਦਾਂ ਦੀ ਵਰਤੋਂ ਕਰਕੇ ਵਾਤਾਵਰਨ ਹੀ ਬਦਲ ਦਿੰਦੇ ਸਨ। ਉਨ੍ਹਾਂ ਦੀ ਸ਼ਿਸ਼ ਮੀਰਾਂ ਬਾਈ ਉਨ੍ਹਾਂ ਬਾਰੇ ਕਹਿੰਦੀ ਹੈ 'ਗੁਰ ਮਿਲਿਯਾ ਰਵਿਦਾਸ ਨਾਮ ਨਹੀਂ ਛੋੜੋ'। ਉਨ੍ਹਾਂ ਦੀ ਪ੍ਰੀਤ ਪ੍ਰਭੂ ਨਾਮ ਨਾਲ ਸੀ ਜਿਸ ਦੇ ਲੇਖੇ ਉਨ੍ਹਾਂ ਆਪਣਾ ਸਾਰਾ ਜੀਵਨ ਲਾਇਆ ਹੋਇਆ ਸੀ। ਪ੍ਰਭੂ ਭਗਤੀ ਤੇ ਪ੍ਰੇਮ ਦੇ ਬਲ ਕਾਰਨ ਉਨ੍ਹਾਂ ਹਰ ਇੱਕ ਤੇ ਡੂੰਘਾ ਪ੍ਰਭਾਵ ਪਾਇਆ ਤੇ ਮਹਾਨ ਮਾਨਵ ਅਖਵਾਏ।

ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਇਨ੍ਹਾਂ ਦੀ ਨਿਮਰਤਾ ਦਾ ਕਾਰਨ ਨੀਚ ਜਾਤੀ ਦਾ ਹੋਣਾ ਹੈ। ਨਿਮਨ ਜਾਤੀ ਦੇ ਹੋਣ ਕਾਰਨ ਇਨ੍ਹਾਂ ਦੀ ਵਿਰੋਧਤਾ ਵਧੇਰੇ ਹੋਈ, ਵਿਰੋਧਤਾ ਦਾ ਪ੍ਰਤੀਕਰਮ ਨਿਮਰਤਾ ਪ੍ਰਦਾਨ ਨਹੀਂ ਕਰਦਾ, ਸਗੋਂ ਵਿਅਕਤੀ ਨੂੰ ਹਮੇਸ਼ਾਂ ਅਖੜ ਬਣਾਉਂਦਾ ਹੈ। ਇਹ ਰਵਿਦਾਸ ਜੀ ਦੀ ਸਖ਼ਸ਼ੀਅਤ ਦਾ ਇੱਕ ਵਿਸ਼ੇਸ਼ ਗੁਣ ਹੈ ਕਿ ਉਨ੍ਹਾਂ ਸਾਰੀਆਂ ਕੁੜਤੱਣਾਂ ਨੂੰ ਪੀ ਕੇ ਨਿਮਰਤਾ ਵਿੱਚ ਰਹਿ ਕੇ ਅੰਮ੍ਰਿਤ ਰੂਪੀ ਬਾਣੀ ਇਸ ਜਗਤ ਨੂੰ ਦਿੱਤੀ।

ਭਗਤ ਰਵਿਦਾਸ ਜੀ ਦਾ ਤਿੰਨ ਵਾਰ ਬ੍ਰਾਹਮਣਾਂ ਨਾਲ ਵਾਦ-ਵਿਵਾਦ ਹੋਇਆ ਸੀ, ਪਰ ਫਿਰ ਵੀ ਉਨ੍ਹਾਂ ਨੇ ਬ੍ਰਾਹਮਣਾਂ ਦੇ ਵਿਰੋਧ ਵਿੱਚ ਇੱਕ ਵੀ ਸ਼ਬਦ ਨਹੀਂ ਆਖਿਆ, ਸਗੋਂ ਆਪਣੇ ਆਪ ਨੂੰ ਉਨ੍ਹਾਂ ਨੇ ਨੀਚ ਅਪਰਾਧੀ, ਕੀਟ, ਦਾਸ ਅਤੇ ਦੁਰਮਤੀ ਆਦਿ ਕਹਿ ਕੇ ਇੱਕ ਤਰ੍ਹਾਂ ਨਾਲ ਆਪਣੀ ਨਿਮਰਤਾ ਦਾ ਹੀ ਪਰਿਚੈ ਦਿੱਤਾ ਹੈ।

## ਸਮਕਾਲੀਨ ਸਮਾਜ ਪ੍ਰਤੀ ਉਦਾਸੀਨ

ਭਗਤ ਰਵਿਦਾਸ ਜੀ ਨੇ ਕੋਈ ਵਿਸ਼ੇਸ਼ ਸੰਪ੍ਰਦਾਇ ਜਾਂ ਪੰਥ ਦੀ ਸਥਾਪਨਾ ਨਹੀਂ ਕੀਤੀ। ਰਵਿਦਾਸੀ ਸੰਪ੍ਰਦਾਇ ਜੋ ਅੱਜਕੱਲ੍ਹ ਪ੍ਰਚਲਿਤ ਹੈ, ਉਹ ਰਵਿਦਾਸ ਜੀ ਦੇ ਸਮੇਂ ਤੋਂ ਬਹੁਤ ਬਾਅਦ ਵਿੱਚ ਪ੍ਰਚਲਿਤ ਹੋਇਆ ਹੋਵੇਗਾ। ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦੇ ਕਾਲ ਵਿੱਚ ਕੋਈ ਰਵਿਦਾਸ ਧਰਮ ਜਾਂ ਸੰਪ੍ਰਦਾਇ ਇਤਿਹਾਸ ਬਣ ਕੇ ਸਾਹਮਣੇ ਆਇਆ ਹੋਵੇ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਨੂੰ ਨਾਂ ਅਤੇ ਪੰਥ ਵਿੱਚ ਕੋਈ ਦਿਲਚਸਪੀ ਨਹੀਂ ਸੀ, ਸਗੋਂ ਮਾਨਵ ਹਿੱਤ ਉਨ੍ਹਾਂ ਦਾ ਮੁਖ ਮੰਤਵ ਅਤੇ ਉਦੇਸ਼ ਸੀ।

## ਖਿਮਾ ਦੀ ਭਾਵਨਾ

ਭਗਤਾਂ ਅਨੁਸਾਰ ਖਿਮਾ ਇੱਕ ਉੱਤਮ ਨੈਤਿਕ ਗੁਣ ਹੈ ਜੋ ਲੋਭ ਤੇ ਅਹੰਕਾਰ ਦਾ ਖਾਤਮਾ ਕਰਦਾ ਹੈ। ਉਨ੍ਹਾਂ ਅਨੁਸਾਰ ਜਿਸ ਮਨੁੱਖ ਕੋਲ ਇਹ ਗਿਆਨ ਦੀ ਪੂੰਜੀ ਹੈ, ਉਸ ਨੂੰ ਜੀਵਨ ਮਨੋਰਥ ਤੇ ਜੀਵਨ ਦੇ ਫਰਜ਼ਾਂ ਦਾ ਪਤਾ ਹੈ। ਉਸ ਨੂੰ ਸਮਝ ਹੈ ਜਿਥੇ ਝੂਠ ਹੈ ਉਥੇ ਪਾਪ ਹੈ, ਜਿੱਥੇ ਲੋਭ ਹੈ ਉਥੇ ਮੌਤ ਹੈ ਪਰ ਜਿਹੜੇ ਹਿਰਦੇ ਵਿੱਚ ਖਿਮਾ ਹੈ ਉਸ ਹਿਰਦੇ ਵਿੱਚ ਪਰਮਾਤਮਾ ਦਾ ਵਾਸਾ ਹੁੰਦਾ ਹੈ।[12]

ਗੁਰਮਤਿ ਚਿੰਤਨ ਅਨੁਸਾਰ ਪਰਮਾਤਮਾ ਉਸੇ ਮਨੁੱਖ ਨੂੰ ਪਛਾਣਦਾ ਹੈ ਜਿਸਨੇ ਹਉਮੈ ਨੂੰ ਤਿਆਗ ਦਿੱਤਾ ਹੈ ਜਿਵੇਂ :

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥[13]

ਇਸ ਲਈ ਪ੍ਰਭੂ ਪ੍ਰਾਪਤੀ ਲਈ ਖਿਮਾ ਇੱਕ ਵਿਸ਼ੇਸ਼ ਗੁਣ ਹੈ ਜੋ ਭਗਤ ਰਵਿਦਾਸ ਵਿੱਚ ਝਲਕਦਾ ਹੈ। ਭਗਤ ਰਵਿਦਾਸ ਜੀ ਦੀ ਵਧਦੀ ਹੋਈ ਪ੍ਰਸਿੱਧੀ ਤੇ ਮਾਨਤਾ ਨੂੰ ਦੇਖ ਕੇ ਈਰਖਾ ਕਰਨ ਵਾਲੇ ਬ੍ਰਾਹਮਣਾਂ ਨੇ ਰਾਜੇ ਕੋਲ ਸ਼ਿਕਾਇਤ ਕੀਤੀ ਕਿ ਭਗਤ ਰਵਿਦਾਸ ਨੀਚ ਜਾਤ ਦਾ ਹੁੰਦਾ ਹੋਇਆ ਪਰਮਾਤਮਾ ਦੀ ਪੂਜਾ ਕਰਦਾ ਹੈ। ਰਾਜੇ ਨੇ ਭਗਤ ਜੀ ਨੂੰ ਬੁਲਾਇਆ ਤੇ ਕਿਹਾ ਕਿ ਆਪਣੀ ਪ੍ਰੀਖਿਆ ਲਈ ਪਰਮਾਤਮਾ ਨੂੰ ਮੰਦਰ 'ਚੋਂ ਇੱਥੇ ਬੁਲਾਓ। ਭਗਤ ਜੀ ਦੀ ਬੇਨਤੀ ਤੇ ਪ੍ਰਭੂ ਆਪ ਜੀ ਦੀ ਗੋਦ ਵਿੱਚ ਆ ਕੇ ਬੈਠ ਗਏ।[14]

ਇਸੇ ਤਰ੍ਹਾਂ ਜਦੋਂ ਚਿਤੌੜ ਦੀ ਰਾਣੀ ਝਾਲੀ ਨੇ ਭਗਤ ਰਵਿਦਾਸ ਜੀ ਦੀ ਪ੍ਰਸਿੱਧੀ ਬਾਰੇ ਸੁਣਿਆ ਤੇ ਉਸ ਨੇ ਭਗਤ ਰਵਿਦਾਸ ਜੀ ਦੇ ਦਰਸ਼ਨ ਕਰਨ ਬਾਰੇ ਸੋਚਿਆ ਅਤੇ ਦਰਸ਼ਨ ਕਰਕੇ ਉਨ੍ਹਾਂ ਦੀ ਸ਼ਿਸ਼ ਬਣ ਗਈ। ਇਸ ਘਟਨਾ ਤੋਂ ਬ੍ਰਹਮਣ ਬੇਹੱਦ ਨਰਾਜ਼ ਹੋਏ। ਫੇਰ ਬ੍ਰਾਹਮਣਾਂ ਦੀ ਸ਼ਿਕਾਇਤ ਤੇ ਰਾਜੇ ਨੇ ਫੈਸਲਾ ਕਰਨ ਲਈ ਪਹਿਲਾਂ ਬ੍ਰਾਹਮਣਾਂ ਤੋਂ ਸਾਲਗਰਾਮ ਨਦੀ ਵਿੱਚ ਸੁਟਾਏ ਪਰ ਉਹ ਡੁੱਬ ਗਏ ਫਿਰ ਜਦੋਂ ਭਗਤ ਜੀ ਦਾ ਸਾਲਗਰਾਮ ਨਦੀ ਵਿੱਚ ਸੁੱਟਿਆ ਗਿਆ ਤਾਂ ਉਹ ਮੁਰਗਾਈ ਵਾਂਗ ਤਰ ਕੇ ਭਗਤ ਜੀ ਕੋਲ ਵਾਪਸ ਆ ਗਿਆ, ਸੋ, ਉਸ ਸਮੇਂ ਬ੍ਰਾਹਮਣਾਂ ਵਲੋਂ ਭਗਤ ਜੀ ਦੀਆਂ ਪ੍ਰੀਖਿਆਵਾਂ ਅਤੇ ਕਦਮ ਕਦਮ ਤੇ ਜ਼ਲੀਲਤਾ ਸਹਿਣੀ ਪਈ ਪਰ ਆਪ ਨੇ ਸੀ

---

12 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1372

13 ਉਹੀ, ਪੰਨਾ ੧੪੨੭

14 ਜਸਬੀਰ ਸਿੰਘ ਸਾਬਰ, (ਡਾ.), (ਸੰਪਾ.) ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 48.

ਨਹੀਂ ਵੱਟੀ। ਇਸ ਸਾਰੇ ਕੁਝ ਦੇ ਬਾਵਜੂਦ ਵੀ ਭਗਤ ਜੀ ਦੇ ਮਨ ਵਿੱਚ ਬ੍ਰਾਹਮਣਾਂ ਪ੍ਰਤੀ ਕੋਈ ਬਦਲੇ ਦੀ ਭਾਵਨਾ ਨਹੀਂ ਆਈ ਬਲਕਿ ਉਨ੍ਹਾਂ ਨੂੰ ਖਿਮਾ ਕਰਦੇ ਰਹੇ।[15]

## ਇਸਤਰੀ ਜਾਤੀ ਪ੍ਰਤੀ ਵਿਚਾਰ

ਕਿਸੇ ਵੀ ਸੰਸਕ੍ਰਿਤੀ ਨੂੰ ਸਮਝਣ ਲਈ ਇਸਤਰੀ ਦੀ ਸਥਿਤੀ ਨੂੰ ਜਾਣ ਲੈਣਾ ਬਹੁਤ ਸਹਾਇਕ ਹੁੰਦਾ ਆਇਆ ਹੈ। ਭਗਤ ਰਵਿਦਾਸ ਜੀ ਨੇ ਪਰੰਪਰਾਗਤ ਰੂੜ੍ਹੀਵਾਦੀ ਵਿਚਾਰਾਂ ਨੂੰ ਠੋਕਰ ਮਾਰਦੇ ਹੋਏ ਰਾਜਿਆ-ਮਹਾਰਾਜਿਆਂ ਦੀ ਜਨਮਦਾਤੀ ਇਸਤਰੀ ਨੂੰ ਇੱਜ਼ਤ ਮਾਣ ਦਿੱਤਾ। ਭਾਰਤੀ ਪਰੰਪਰਾ ਵਿੱਚ ਇਹ ਇੱਕ ਬਹੁਤ ਵੱਡੀ ਪ੍ਰਾਪਤੀ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਐਨਾ ਵੱਡਾ ਰੁਤਬਾ ਦਿੰਦੇ ਹੋਏ ਕਿਹਾ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[16]

ਭਗਤ ਰਵਿਦਾਸ ਜੀ ਨੇ ਇਸਤਰੀ ਨੂੰ ਮਾੜਾ ਸਮਝਣ ਦੀ ਥਾਂ ਉਸ ਨੂੰ ਸਮਾਨਤਾ ਦਾ ਦਰਜਾ ਦਿੱਤਾ। ਭਗਤ ਰਵਿਦਾਸ ਜੀ ਨੇ ਗੁਰਬਾਣੀ ਵਾਂਗ ਹੀ ਗੁਰਮੁਖ ਅਤੇ ਸਨਮੁਖ ਦੇ ਸੰਕਲਪ ਨੂੰ ਇਸਤਰੀ ਦੇ ਸੁਹਾਗਣ ਅਤੇ ਦੁਹਾਗਣ ਹੋਣ ਦੇ ਦ੍ਰਿਸ਼ਟਾਂਤ ਨੂੰ ਸਮਝਾਉਂਦੇ ਹੋਏ ਇੰਜ ਖਿਆਲ ਦ੍ਰਿੜਾਇਆ ਹੈ :

ਸਹ ਕੀ ਸਾਰ ਸੁਹਾਗਨਿ ਜਾਨੈ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ॥[17]

– ਦੁਖੀ ਦੁਹਾਗਨਿ ਦੁਇ ਪਖ ਹੀਨੀ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥[18]

ਭਗਤ ਰਵਿਦਾਸ ਜੀ ਨੇ ਨਾਰੀ ਦੇ ਵਿਰੋਧ ਵਿੱਚ ਇੱਕ ਸ਼ਬਦ ਵੀ ਨਹੀਂ ਉਚਾਰਿਆ। ਉਨ੍ਹਾਂ ਨੇ 'ਮਾਂ' ਅਤੇ 'ਸੁਹਾਗਣ', ਨੂੰ 'ਪਤਨੀ' ਦੇ ਰੂਪ ਵਿਚ ਆਪਣੀ ਬਾਣੀ ਵਿੱਚ ਵਿਚਾਰਿਆ ਹੈ। ਇੰਨਾ ਹੀ ਨਹੀਂ, ਰਵਿਦਾਸ ਜੀ ਨੇ ਰਾਣੀ ਝਾਲੀ ਅਤੇ ਮੀਰਾਂ ਨੂੰ ਆਪਣੀ ਸ਼ਿਸ਼ ਬਣਾ ਕੇ ਨਾਰੀ ਦੀ ਮਹਿਮਾ ਉਨ੍ਹਾਂ ਪਰਿਸਥਿਤੀਆਂ ਵਿੱਚ ਵਧਾਉਣ ਦਾ ਇਕ ਉਦਾਹਰਣ ਪੇਸ਼ ਕੀਤਾ ਹੈ। ਇਸਤਰੀ

---

15 ਜਸਬੀਰ ਸਿੰਘ ਸਾਬਰ, (ਡਾ.), (ਸੰਪਾ.) ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 48

16 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੩

17 ਉਹੀ, ਪੰਨਾ ੭੯੩

18 ਉਹੀ

ਅਤੇ ਪੁਰਸ਼ ਦੇ ਪਵਿੱਤਰ ਸੰਬੰਧਾਂ, ਆਤਮਾ ਅਤੇ ਪਰਮਾਤਮਾ ਦੇ ਮੇਲ ਦਾ ਰੂਪ ਦੇ ਕੇ ਨਾਰੀ ਪ੍ਰਤੀ ਉਨ੍ਹਾਂ ਦੀ ਦ੍ਰਿਸ਼ਟੀ ਸਪਸ਼ਟ ਹੋ ਜਾਂਦੀ ਹੈ।

## ਉੱਚ ਕੋਟੀ ਦਾ ਬਾਣੀ-ਕਾਵਿ

ਭਗਤ ਰਵਿਦਾਸ ਜੀ ਇਕ ਉੱਚ ਕੋਟੀ ਦੇ ਕਵੀ ਸਨ। ਉਨ੍ਹਾਂ ਨੇ ਲੋਕ ਕਲਿਆਣ ਲਈ ਬਾਣੀ ਦਾ ਉਚਾਰਨ ਕਵਿਤਾ ਦੇ ਰੂਪ ਵਿੱਚ ਕੀਤਾ। ਬਹੁਤ ਸਾਰੇ ਸੰਤ ਕਵੀ, ਰਵਿਦਾਸ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਲਿਖਣ ਲੱਗੇ। ਭਗਤੀ-ਭਾਵਨਾ ਵਿੱਚ ਡੁੱਬ ਕੇ ਗਾਏ ਉਨ੍ਹਾਂ ਦੇ ਪਦ ਸੂਰਦਾਸ ਦੀ ਭਗਤੀ-ਲਹਿਰ ਵਿੱਚ ਉੱਚ ਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਬਾਣੀ ਵਿੱਚ ਬ੍ਰਹਮ, ਜੀਵ, ਜਗਤ ਅਤੇ ਪ੍ਰਭੂ ਲੀਲ੍ਹਾ ਦੇ ਸੰਬੰਧ ਵਿੱਚ ਜੋ ਪਦ ਮਿਲਦੇ ਹਨ, ਉਨ੍ਹਾਂ ਵਿੱਚ ਉਨ੍ਹਾਂ ਦੀ ਕਾਵਿ-ਕੁਸ਼ਲਤਾ ਦਾ ਪਤਾ ਚੱਲਦਾ ਹੈ, ਪਰੰਤੂ ਐਨੇ ਸੂਖਮ ਵਿਸ਼ਿਆਂ ਨੂੰ ਲੈ ਕੇ ਜਿਸ ਢੰਗ ਨਾਲ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ, ਉਹ ਸਭ ਕੁਝ ਉਨ੍ਹਾਂ ਨੂੰ ਤਤਕਾਲੀਨ ਸੰਤਾਂ ਵਿੱਚ ਉੱਚ ਸਥਾਨ ਦਿੰਦਾ ਹੈ। ਇਹ ਬਾਣੀ ਭਗਤੀ-ਭਾਵਨਾ ਵਿੱਚ ਡੁੱਬ ਕੇ ਉੱਠੀਆਂ ਲਹਿਰਾਂ ਦੇ ਸਮਾਨ ਹੈ, ਜਿਸ ਵਿੱਚ ਬ੍ਰਹਮ ਅਤੇ ਆਤਮਾ ਇਕਮਿਕ ਹੋ ਕੇ ਬ੍ਰਹਮ ਹੀ ਆਤਮਾ ਅਤੇ ਆਤਮਾ ਹੀ ਬ੍ਰਹਮ ਦਾ ਰੂਪ ਬਣ ਕੇ ਸਾਹਮਣੇ ਆਉਂਦਾ ਹੈ। ਡਾ. ਗੁਰਚਰਨ ਸਿੰਘ ਜੀ ਲਿਖਦੇ ਹਨ ਕਿ ਉਨ੍ਹਾਂ ਨੇ ਮਹਾਤਮਾ ਬੁੱਧ ਦੀ ਤਰ੍ਹਾਂ ਲੋਕ-ਭਾਸ਼ਾ ਨੂੰ ਆਪਣੀ ਬਾਣੀ ਦਾ ਮਾਧਿਅਮ ਬਣਾਇਆ ਹੈ। ਉਨ੍ਹਾਂ ਨੇ ਪਰੰਪਰਾਗਤ ਕਾਵਿ-ਸ਼ਾਸਤਰ ਦੇ ਨਿਯਮਾਂ ਦੀ ਉਲੰਘਣਾ ਵੀ ਕੀਤੀ ਅਤੇ ਕੁਝ ਨਿਯਮਾਂ ਨੂੰ ਨਵਾਂ ਰੂਪ ਵੀ ਪ੍ਰਦਾਨ ਕੀਤਾ। ਰਵਿਦਾਸ ਜੀ ਦੀ ਬਾਣੀ ਦਾ ਮਹੱਤਵ ਦੱਸਦੇ ਹੋਏ ਸ੍ਰੀ ਨਾਭਾ ਦਾਸ ਜੀ ਲਿਖਦੇ ਹਨ

ਸੰਦੇਹ ਗ੍ਰੰਥ ਖੰਡਨ ਨਿਪੁੰਨ, ਬਾਣੀ ਬਿਮਲ ਰੈਦਾਸ ਕੀ।...
ਵਰਣ ਆਸ਼ਰਮ ਅਭਿਮਾਨ ਤਜਿ ਪਦ ਰਜ ਬਨਦਹਿ ਜਾਸੁ ਕੀ।
ਸੰਦੇਹ ਗ੍ਰੰਥ ਖੰਡਨ ਨਿਪੁੰਨ, ਬਾਣੀ ਬਿਮਲ ਰੈਦਾਸ ਕੀ।[19]

ਇਨ੍ਹਾਂ ਭਾਵਨਾਵਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਵਿਦਾਸ ਜੀ ਉੱਚਕੋਟੀ ਦੇ ਮਹਾਨ ਕਵੀ ਸਨ।

---

19 ਸ੍ਰੀ ਨਾਭਾਦਾਸ, ਭਗਤ ਮਾਲ, ਪੰਨਾ ੪੫੨

## ਕ੍ਰਾਂਤੀਕਾਰੀ ਵਿਚਾਰਧਾਰਾ

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਕਿਸੇ ਪ੍ਰਕਾਰ ਦਾ ਕੋਈ ਟਕਰਾਉਂਦਾ ਸੁਰ ਨਹੀਂ ਮਿਲਦਾ। ਉਹ ਸੰਪ੍ਰਦਾਇਕਤਾ ਦੇ ਨਾਲ ਕਦੇ ਨਹੀਂ ਜੁੜੇ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਪ੍ਰਤੀ ਦਵੈਤਭਾਵ ਨਹੀਂ ਸੀ। ਭਗਤ ਰਵਿਦਾਸ ਜੀ ਦੀ ਇਹ ਵਿਸ਼ੇਸ਼ਤਾ ਖਾਸ ਤੌਰ 'ਤੇ ਵਿਚਾਰ ਯੋਗ ਹੈ। ਰਵਿਦਾਸ ਜੀ ਇਹ ਸਮਝ ਚੁੱਕੇ ਸਨ ਕਿ ਹਿੰਦੂ, ਮੁਸਲਮਾਨਾਂ ਦਾ ਚੋਲੀ-ਦਾਮਨ ਦਾ ਸਾਥ ਹੋਣ ਕਰਕੇ ਉਨ੍ਹਾਂ ਵਿੱਚ ਟਕਰਾਉ ਠੀਕ ਨਹੀਂ, ਸਿਰਫ਼ ਪਿਆਰ ਦਾ ਮਾਰਗ ਹੀ ਅਪਣਾਇਆ ਜਾ ਸਕਦਾ ਸੀ। ਇਸ ਦ੍ਰਿਸ਼ਟੀ ਤੋਂ ਭਗਤ ਰਵਿਦਾਸ ਜੀ ਨੂੰ 'ਕ੍ਰਾਂਤੀਕਾਰੀ' ਕਹਿ ਸਕਦੇ ਹਾਂ। ਇੱਕ ਕ੍ਰਾਂਤੀਕਾਰੀ ਦੀ ਮਨੁੱਖਤਾ ਇਸੇ ਗੱਲ ਵਿੱਚ ਬਿਰਾਜਮਾਨ ਹੈ ਕਿ ਸੱਭਿਅਤਾ ਉਸ ਦੇ ਕਾਰਜ ਵਿੱਚੋਂ ਉਪਜਦੀ ਹੈ। ਇਕ ਬਾਗ਼ੀ ਦਾ ਕੰਮ ਹੁੰਦਾ ਹੈ ਮਿੱਥੇ ਹੋਏ ਸਦਾਚਾਰਕ ਨਿਯਮਾਂ ਅਤੇ ਸੱਭਿਅਤਾ ਦੀ ਕਠੋਰ ਬਣਤਰ ਨੂੰ ਹਲੂਣ ਦੇਣਾ ਤਾਂ ਜੋ ਅਕੇਵੇਂ ਅਤੇ ਉਦਾਸੀਨਤਾ ਤੋਂ ਬਚਾਇਆ ਜਾ ਸਕੇ। ਅਜਿਹਾ ਕਰਨਾ ਕਿੰਨਾ ਵੀ ਦੁਖਦਾਈ ਕਿਉਂ ਨਾ ਹੋਵੇ। ਵਿਭਿੰਨ ਵਿਦਿਵਾਨਾਂ ਦੇ ਮੱਤ ਦਿੰਦਿਆਂ, ਡਾ. ਅਵਤਾਰ ਸਿੰਘ ਈਸੇਵਾਲ ਆਖਦੇ ਹਨ ਕਿ, "ਪ੍ਰਸਿੱਧ ਵਿਦਵਾਨ ਅਮਰੀਕਨ ਰਾਬਰਟ ਸੀ ਟੱਕਰ ਨੇ ਕ੍ਰਾਂਤੀਕਾਰੀ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੀਆਂ ਹਨ। ਪਹਿਲੀ ਇਹ ਕਿ "ਕ੍ਰਾਂਤੀਕਾਰੀ ਮਨੁੱਖ ਆਪਣੇ ਆਲੇ-ਦੁਆਲੇ ਦੇ ਸਮਾਜਿਕ ਵਰਤਾਰੇ ਨੂੰ, ਜਿਸ ਵਿੱਚ ਉਹ ਵਿਚਰ ਰਿਹਾ ਹੁੰਦਾ ਹੈ, ਉਸ ਨੂੰ ਗਹੁ ਨਾਲ ਦੇਖਦਾ ਹੈ, ਫਿਰ ਉਸ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਾ ਹੈ। ਵਿਸ਼ਲੇਸ਼ਣ ਕਰਨ ਤੋਂ ਬਾਅਦ ਸਮਾਜ ਦੀਆਂ ਉਹ ਹਾਲਤਾਂ ਜਿਹੜੀਆਂ ਉਸ ਵੱਲੋਂ ਸੰਕਲਪਿਤ ਕੀਤੇ ਆਦਰਸ਼ ਸਮਾਜ ਦੇ ਅਨੁਕੂਲ ਨਾ ਹੋਣ ਉਨ੍ਹਾਂ ਨੂੰ ਰੱਦ ਕਰ ਦਿੰਦਾ ਹੈ। ਦੂਜੀ ਵਿਸ਼ੇਸ਼ਤਾ ਉਹ ਇਹ ਦੱਸਦਾ ਹੈ ਕਿ "ਇੱਕ ਕ੍ਰਾਂਤੀਕਾਰੀ ਆਪਣੇ ਦੁਆਰਾ ਸੰਕਲਪਿਤ ਆਦਰਸ਼ ਸਮਾਜ ਦੀ ਰੂਪ-ਰੇਖਾ ਉਲੀਕਦਾ ਹੈ, ਤਾਂ ਕਿ ਉਹ ਭ੍ਰਿਸ਼ਟ ਸਮਾਜ ਦੇ ਰੱਦ ਕੀਤੇ ਗਏ ਪਹਿਲੂਆਂ ਦਾ ਬਦਲਵਾਂ ਪ੍ਰਬੰਧ ਦੇ ਸਕੇ।" ਤੀਜੀ ਵਿਸ਼ੇਸ਼ਤਾ ਉਨ੍ਹਾਂ ਨੇ ਇਹ ਦੱਸੀ ਹੈ ਕਿ "ਹਰ-ਕ੍ਰਾਂਤੀਕਾਰੀ ਆਪਣੇ ਸਮੇਂ ਵਿੱਚ ਅਜਿਹੀਆਂ ਸੰਸਥਾਵਾਂ ਦਾ ਨਿਰਮਾਣ ਕਰ ਜਾਂਦਾ ਹੈ, ਜਿਹੜੀਆਂ ਉਸ ਦੇ ਸਮੇਂ ਵਿੱਚ ਜਾਂ ਉਸ ਦੇ ਮਰਨ ਮਗਰੋਂ ਸੰਗਠਿਤ ਲਹਿਰਾਂ ਦੇ ਰੂਪ

ਵਿੱਚ ਉਸ ਵੱਲੋਂ ਸੰਕਲਪਿਤ ਆਦਰਸ਼ ਸਮਾਜ ਦੀ ਸਥਾਪਨਾ ਪ੍ਰਤੀ ਸਮਰਪਿਤ ਰਹਿ ਕੇ ਕਾਰਜ ਕਰਦੀਆਂ ਹਨ।[20]

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿੱਚ ਅਸੀਂ ਭਗਤ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਬਾਰੇ ਹੇਠ ਲਿਖੇ ਅਨੁਸਾਰ ਚਰਚਾ ਕਰਦੇ ਹਾਂ।

ਭਗਤ ਰਵਿਦਾਸ ਜੀ ਉਸ ਸਮੇਂ ਧਰਤੀ ਤੇ ਵਿਚਰਦੇ ਹਨ ਜਦੋਂ ਪੁਜਾਰੀ-ਵਰਗ ਦੁਆਰਾ ਸਥਾਪਿਤ ਕੀਤੀਆਂ ਮਨੁੱਖਤਾ ਮਾਰੂ ਕਦਰਾਂ-ਕੀਮਤਾਂ ਦੀ ਸਮਾਜ ਵਿੱਚ ਪ੍ਰਧਾਨਤਾ ਸੀ। ਮਨੁੱਖਤਾ ਦੇ ਹਿੱਸੇ ਦੀ ਛੂਹ ਪਾਪ ਸਮਝੀ ਜਾਂਦੀ ਸੀ। ਮਨੁੱਖਤਾ ਮਾਰੂ ਨਿਯਮਾਂ ਦੀ ਪ੍ਰੋੜ੍ਹਤਾ ਧਾਰਮਿਕ ਗ੍ਰੰਥਾਂ ਵੱਲੋਂ ਵੀ ਕਰਵਾਈ ਗਈ ਸੀ, ਇਸੇ ਕਰਕੇ ਉਨ੍ਹਾਂ ਨਿਯਮਾਂ ਨੂੰ ਈਸ਼ਵਰੀ ਹੁਕਮ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੀ ਵਿਵਸਥਾ ਸੀ। ਵਹਿਮਾਂ, ਭਰਮਾਂ ਤੇ ਪਾਖੰਡਾਂ ਦੁਆਰਾ ਭਾਰਤੀ ਜਨਤਾ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਧਰਮ ਨੂੰ ਪਾਖੰਡ ਨਾਂ ਦਾ ਗ੍ਰਹਿਣ ਲੱਗਿਆ ਹੋਇਆ ਸੀ। ਇਨ੍ਹਾਂ ਮਨੁੱਖਤਾ-ਮਾਰੂ ਨਿਯਮਾਂ ਵਿੱਚ ਵਰਣ-ਵਿਵਸਥਾ, ਜਾਤ-ਪਾਤ, ਕਰਮਕਾਂਡ, ਮੁੱਖ ਸਨ, ਜਿਨ੍ਹਾਂ ਅਨੁਸਾਰ ਅਛੂਤ ਸ਼ੂਦਰ ਜਾਂ ਅਖੌਤੀ ਨੀਵੀਆਂ ਆਖੀਆਂ ਜਾਣ ਵਾਲੀਆਂ ਜਾਤੀਆਂ ਲਈ ਧਰਮ-ਕਰਮ, ਪ੍ਰਭੂ-ਭਗਤੀ, ਵਿੱਦਿਆ-ਪ੍ਰਾਪਤੀ, ਸ਼ਾਸਤਰ-ਵਿੱਦਿਆ, ਜਾਇਦਾਦ ਅਤੇ ਕਿਸੇ ਵੀ ਕਿਸਮ ਦੇ ਮਨੁੱਖੀ ਅਧਿਕਾਰਾਂ ਦੀ ਮਨਾਹੀ ਸੀ, ਸਗੋਂ ਬ੍ਰਾਹਮਣ, ਖੱਤਰੀ ਅਤੇ ਵੈਸ਼ ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਹੀ ਇਨ੍ਹਾਂ ਨੀਚ ਆਖੀਆਂ ਜਾਣ ਵਾਲੀਆਂ ਜਾਤੀਆਂ ਦਾ ਫਰਜ਼ ਸੀ। ਲੋਕਾਂ ਨਾਲ ਹੋ ਰਹੀ ਬੇਇਨਸਾਫੀ ਨੂੰ ਭਗਤ ਰਵਿਦਾਸ ਜੀ ਦਾ ਮਾਨਵਵਾਦੀ ਮਨ ਸਹਾਰ ਨਾ ਸਕਿਆ ਤੇ ਉਨ੍ਹਾਂ ਨੇ ਮਨੁੱਖਤਾ-ਮਾਰੂ ਨਿਯਮਾਂ ਦੁਆਰਾ ਪੀੜਤ ਸਮਾਜ ਨੂੰ ਮਨੁੱਖੀ ਅਧਿਕਾਰ ਦਿਵਾਉਣ ਲਈ ਕ੍ਰਾਂਤੀਕਾਰੀ ਵਿਚਾਰਧਾਰਾ ਦੁਆਰਾ ਬਗਾਵਤ ਦਾ ਝੰਡਾ ਬੁਲੰਦ ਕੀਤਾ, ਜਿਸ ਨਾਲ ਵਰਣ-ਆਸ਼ਰਮ ਤੇ ਆਧਾਰਿਤ ਧਰਮ ਰੂਪੀ ਕਿਲ੍ਹੇ ਦੀਆਂ ਨੀਹਾਂ ਹਿੱਲ ਗਈਆਂ।

ਭਗਤ ਰਵਿਦਾਸ ਜੀ ਅਨੁਸਾਰ ਸਮਾਜ ਦੀ ਇਸ ਪੀੜਾ ਦਾ ਕਾਰਨ ਅਗਿਆਨਤਾ ਹੀ ਸੀ। ਉਨ੍ਹਾਂ ਦਾ ਮੱਤ ਸੀ ਕਿ ਜੀਵ ਨੂੰ ਮਨੁੱਖਾ ਜਨਮ ਜੋ ਦੁਰਲੱਭ ਹੈ, ਉਸ ਦੀ ਪ੍ਰਾਪਤੀ ਹੋਈ ਤੇ

---

[20] ਅਵਤਾਰ ਸਿੰਘ (ਡਾ.) ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੇ ਅਧਿਆਤਮਿਕ ਚਿੰਤਨ ਦਾ ਤੁਲਨਾਤਮਕ ਅਧਿਐਨ, ਪੰਨਾ 8

ਉਨ੍ਹਾਂ ਨੇ ਇਸ ਜਨਮ ਵਿੱਚ ਜੀਵ ਨੂੰ ਅਗਿਆਨਤਾ ਦੂਰ ਕਰਕੇ ਆਪਣੇ ਹੱਕਾਂ ਤੇ ਫਰਜਾਂ ਤੋਂ ਸੁਚੇਤ ਹੋਣ ਲਈ ਪ੍ਰੇਰਿਆ। ਉਨ੍ਹਾਂ ਦੇ ਵਿਚਾਰ ਅਨੁਸਾਰ ਅਗਿਆਨਤਾ ਨਾਲ ਬੁੱਧੀ ਮਲੀਨ ਹੋ ਜਾਂਦੀ ਹੈ। ਆਪ ਬਾਣੀ ਵਿੱਚ ਲਿਖਦੇ ਹਨ ਕਿ :

ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥੧॥ ਰਹਾਉ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥[21]

ਭਗਤ ਰਵਿਦਾਸ ਜੀ ਨੇ ਹਿੰਦੂ ਧਰਮ-ਗ੍ਰੰਥਾਂ ਦੇ ਉਨ੍ਹਾਂ ਫਤਵਿਆਂ ਦੇ ਖ਼ਿਲਾਫ ਆਵਾਜ਼ ਬੁਲੰਦ ਕੀਤੀ, ਜੋ ਸ਼ੂਦਰ ਵਰਗ ਦੇ ਅਧਿਕਾਰਾਂ ਤੇ ਰੋਕ ਲਗਾਉਂਦੇ ਸਨ। ਉਨ੍ਹਾਂ ਨੇ ਬਿਨਾਂ ਕਿਸੇ ਜਾਤ, ਧਰਮ ਤੇ ਫ਼ਿਰਕੇ ਤੋਂ ਸਾਰੇ ਜੀਵਾਂ ਨੂੰ ਪ੍ਰਭੂ ਦੀ ਭਗਤੀ ਕਰਨ ਦਾ ਸਰਬ ਸਾਂਝਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਮੱਤ ਸੀ ਕਿ ਪਰਮਾਤਮਾ ਹੀ ਸਾਰੇ ਜੀਵਾਂ ਦਾ ਸਿਰਜਨਹਾਰ ਹੈ, ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੈ। ਇਸ ਲਈ ਪ੍ਰਭੂ-ਭਗਤੀ ਕਰਨ ਦਾ ਵੀ ਸਭ ਨੂੰ ਹੱਕ ਹੋਣਾ ਚਾਹੀਦਾ ਹੈ। ਆਪ ਲਿਖਦੇ ਹਨ ਕਿ :-

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥[22]

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੁਆਰਾ ਮੂਰਤੀ-ਪੂਜਾ ਤੇ ਕਰਮ-ਕਾਂਡ ਦੀ ਨਿਖੇਧੀ ਕੀਤੀ ਤੇ ਇਨ੍ਹਾਂ ਨੂੰ ਅਡੰਬਰ ਤੇ ਪਾਖੰਡ ਆਖਿਆ। ਪੁਜਾਰੀ-ਵਰਗ ਪੂਜਾ ਸਮੱਗਰੀ ਦੇ ਰੂਪ ਵਿਚ ਲੋਕਾਂ ਦੀ ਬਹੁਤ ਲੁੱਟ ਕਰਦਾ ਸੀ। ਭਗਤ ਰਵਿਦਾਸ ਜੀ ਨੇ ਕਿਸੇ ਕਿਸਮ ਦੀ ਪੂਜਾ-ਸਮੱਗਰੀ ਨੂੰ ਪ੍ਰਭੂ ਦੇ ਯੋਗ ਨਾ ਸਮਝ ਕੇ ਜਨਤਾ ਨੂੰ ਇਸ ਟੈਕਸ ਤੋਂ ਰਾਹਤ ਦਿਵਾਈ। ਉਨ੍ਹਾਂ ਅਨੁਸਾਰ ਇਹ ਦੁਨੀਆਵੀ ਪਦਾਰਥ ਪੂਜਾ ਦੇ ਯੋਗ ਨਹੀਂ ਹਨ, ਇਹ ਪਵਿੱਤਰ ਨਹੀਂ ਹਨ। ਇਸ ਲਈ ਤਨ ਤੇ ਮਨ ਹੀ ਪ੍ਰਭੂ ਤੇ ਅਰਪਨ ਕਰਨਾ ਚਾਹੀਦਾ ਹੈ। ਆਪ ਲਿਖਦੇ ਹਨ ਕਿ :

21 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬
22 ਉਹੀ, ਪੰਨਾ ੮੫੮

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰ ਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥੩॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥[23]

ਭਗਤ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੇ ਜਾਤ-ਅਭਿਮਾਨੀਆਂ ਦੇ ਹੰਕਾਰ ਨੂੰ ਤੋੜ ਕੇ ਉਨ੍ਹਾਂ ਦੇ 'ਪਾਖੰਡਵਾਦ' ਦਾ ਖੰਡਨ ਕੀਤਾ। ਉਸ ਸਮੇਂ ਸਮਾਜ ਵਿੱਚ ਪ੍ਰਭੂ ਭਗਤੀ ਦਾ ਵਿਸ਼ੇਸ਼ ਸਾਧਨ ਆਰਤੀ ਮੰਨਿਆ ਜਾਂਦਾ ਸੀ। ਭਗਤ ਜੀ ਜਨਤਾ ਨੂੰ ਸਮਝਾਉਂਦੇ ਹੋਏ ਆਪਣੀ ਬਾਣੀ ਦੁਆਰਾ ਇੰਝ ਬਿਆਨ ਕਰਦੇ ਹਾਂ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮੁ ਬਿਨੁ ਝੂਠੇ ਸਗਲ ਪਾਸਾਰੇ॥ਰਹਾਉ॥
ਨਾਮੁ ਤੇਰੋ ਆਸਨੋ ਨਾਮ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥
ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥

23 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੫

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[24]

ਭਗਤ ਰਵਿਦਾਸ ਜੀ ਨੇ ਮੰਦਰਾਂ ਤੇ ਮਸੀਤਾਂ ਨੂੰ ਈਸ਼ਵਰ ਤੇ ਖੁਦਾ ਦਾ ਘਰ ਸਮਝਣ ਵਾਲੀ ਜਨਤਾ ਨੂੰ ਇਹ ਉਪਦੇਸ਼ ਦਿੱਤਾ ਕਿ ਪਰਮਾਤਮਾ ਮੰਦਰਾਂ ਜਾਂ ਮਸੀਤਾਂ ਵਿੱਚ ਨਹੀਂ ਸਗੋਂ ਉਹ ਤਾਂ ਸਰਵਵਿਆਪੀ ਹੈ, ਜੋ ਜੀਵ ਦੇ ਹਿਰਦੇ ਅੰਦਰ ਹੀ ਵਸਦਾ ਹੈ। ਇਸ ਲਈ ਉਸ ਨੂੰ ਜੰਗਲਾਂ, ਪਹਾੜਾਂ ਤੇ ਤੀਰਥਾਂ ਆਦਿ ਤੇ ਵੀ ਭਾਲਣ ਦੀ ਜ਼ਰੂਰਤ ਨਹੀਂ ਹੈ ਉਹ ਸਰਵ ਸ਼ਕਤੀਮਾਨ ਤਾਂ ਹਰ ਸ਼ੈਅ ਵਿੱਚ ਵਸਦਾ ਹੈ।

ਭਗਤ ਰਵਿਦਾਸ ਜੀ ਨੇ ਪੁਜਾਰੀ ਵਰਗ ਦੁਆਰਾ ਸਥਾਪਿਤ ਕੀਤੀ ਜਾਤ-ਪਾਤ ਦੀ ਵਿਵਸਥਾ ਦੀ ਵੀ ਵਿਰੋਧਤਾ ਕੀਤੀ। ਉਨ੍ਹਾਂ ਨੇ ਧਾਰਮਿਕ ਗ੍ਰੰਥਾਂ ਦੇ ਉਨ੍ਹਾਂ ਫਤਵਿਆਂ ਦਾ ਵੀ ਖੰਡਨ ਕੀਤਾ, ਜਿਹੜੇ ਆਖਦੇ ਸਨ ਕਿ ਉੱਚੀ ਕੁਲ ਵਿਚ ਜਨਮ ਲੈਣ ਵਾਲਾ ਹੀ ਉੱਚਾ ਹੁੰਦਾ ਹੈ। ਸ਼ੂਦਰ ਭਾਵੇਂ ਕਿੰਨਾ ਹੀ ਵਿਦਵਾਨ ਹੋਏ, ਉਸ ਦਾ ਸਤਿਕਾਰ ਨਹੀਂ ਕਰਨਾ ਚਾਹੀਦਾ। ਇਸ ਸੰਬੰਧ ਵਿੱਚ ਰਵਿਦਾਸ ਜੀ ਦਾ ਮੱਤ ਸੀ ਕਿ ਕੋਈ ਵਿਅਕਤੀ ਜਨਮ ਜਾਂ ਜਾਤ ਕਰਕੇ ਉੱਚਾ ਜਾਂ ਨੀਵਾਂ ਨਹੀਂ ਹੁੰਦਾ ਸਗੋਂ ਪਰਮਾਤਮਾ ਦਾ ਸਿਮਰਨ ਕਰਨ ਵਾਲਾ ਉੱਚਾ ਤੇ ਮਨਮੁੱਖ ਨੀਵੇਂ ਹੁੰਦੇ ਹਨ।

ਭਗਤ ਰਵਿਦਾਸ ਜੀ ਨੇ ਭਗਤੀ ਦੀਆਂ ਵਿਧੀਆਂ ਦਾ ਵੀ ਖੰਡਨ ਕੀਤਾ ਅਤੇ ਲੋਕਾਂ ਨੂੰ ਪ੍ਰਭੂ ਦੀ ਸੱਚੀ ਭਗਤੀ ਕਰਨ ਦਾ ਸੌਖਾ ਮਾਰਗ ਦਿਖਾਇਆ। ਆਪ ਜੀ ਨੇ ਆਪਣੀ ਬਾਣੀ ਦੁਆਰਾ ਅਵਤਾਰਵਾਦ ਦਾ ਵੀ ਖੰਡਨ ਕੀਤਾ ਹੈ। ਉਹ ਕਿਸੇ ਦੇਵੀ-ਦੇਵਤੇ ਦੇ ਉਪਾਸਕ ਨਹੀਂ ਸਨ। ਉਨ੍ਹਾਂ ਦੇ ਇਸ਼ਟ ਤਾਂ ਕੇਵਲ ਪਰਮਾਤਮਾ ਹੀ ਸਨ। ਇਸ ਸੰਬੰਧੀ ਆਪ ਬਾਣੀ ਵਿੱਚ ਲਿਖਦੇ ਹਨ ਕਿ :

ਜਹ ਜਹ ਜਾਉ ਤਹਾ ਤੇਰੀ ਸੇਵਾ॥
ਤੁਮ ਸੋ ਠਾਕੁਰੁ ਆਉਰੁ ਨ ਦੇਵਾ॥[25]

ਇਸ ਤਰ੍ਹਾਂ ਭਗਤ ਰਵਿਦਾਸ ਜੀ ਦੀ ਕ੍ਰਾਂਤੀਕਾਰੀ, ਉਸਾਰੂ ਸੇਧ ਦੇਣ ਵਾਲੀ ਤੇ ਸਮੁੱਚੀ ਮਾਨਵਤਾ ਲਈ ਪ੍ਰੇਮਮਈ ਵਿਚਾਰਧਾਰਾ ਨੇ ਅਨੇਕਾਂ ਵਿਤਕਰਿਆਂ ਵਿੱਚ ਵੰਡੀ ਹੋਈ ਮਨੁੱਖਤਾ ਵਿੱਚ ਆਪਸੀ ਭਾਈਚਾਰਕ ਸਾਂਝ ਸਥਾਪਿਤ ਕੀਤੀ। ਇਸ ਵਿਚਾਰਧਾਰਾ ਵਿੱਚੋਂ ਭਗਤ ਰਵਿਦਾਸ ਜੀ ਨੇ

---

24 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੪
25 ਉਹੀ, ਪੰਨਾ ੬੫੯

'ਬੇਗਮਪੁਰਾ' ਜਿਹੇ ਜਾਤ ਰਹਿਤ, ਵਰਗ-ਰਹਿਤ, ਆਦਰਸ਼ ਸਮਾਜ ਨੂੰ ਸੰਕਲਪਿਤ ਕੀਤਾ, ਜਿਸ ਵਿੱਚ ਸਭ ਬਰਾਬਰ ਹੋਣ। ਹਰ ਕਿਸੇ ਨੂੰ ਆਪਣੀ ਮਰਜ਼ੀ ਨਾਲ ਕੰਮ ਕਰਨ ਤੇ ਵਿਚਰਨ ਦੀ ਖੁੱਲ੍ਹ ਹੋਵੇ ਅਤੇ ਅਜਿਹਾ ਸਮਾਜ ਸਮਾਨਤਾ, ਇਨਸਾਫ਼ ਅਤੇ ਆਪਸੀ ਭਾਈਚਾਰੇ ਤੇ ਆਧਾਰਿਤ ਹੋਵੇ।ਉਹ ਅਜਿਹਾ ਰਾਜ-ਪ੍ਰਬੰਧ ਚਾਹੁੰਦੇ ਸਨ, ਜਿਥੇ ਮਨੁੱਖ ਵਿੱਚ ਕੋਈ ਫਰਕ ਨਾ ਹੋਵੇ ।[26]

## ਭਰਾਤਰੀ ਭਾਵ ਦਾ ਸੰਦੇਸ਼

ਭਗਤ ਰਵਿਦਾਸ ਜੀ ਨੇ ਤਤਕਾਲੀਨ ਪਰਸਥਿਤੀਆਂ ਅਨੁਸਾਰ ਭਰਾਤਰੀ ਭਾਵ ਦਾ ਸੁਨੇਹਾ ਦਿੱਤਾ। ਉਨ੍ਹਾਂ ਦੇ ਦਰਸ਼ਨ ਵਿੱਚ ਜਾਤੀ, ਵਰਗ, ਕੁਲ ਅਤੇ ਧਰਮ ਦੇ ਆਧਾਰ ਤੇ ਭੇਦ-ਭਾਵ ਦਾ ਕੋਈ ਮਹੱਤਵ ਨਹੀਂ ਸੀ। ਉਨ੍ਹਾਂ ਨੇ ਭਾਰਤੀ ਸਮਾਜ ਦੇ ਚਾਰੇ ਵਰਗਾਂ ਵਿੱਚ ਏਕਤਾ, ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਨਾਲ ਕੰਮ ਕਰਨ ਦਾ ਅਮਰ ਸੁਨੇਹਾ ਦਿੱਤਾ ਹੈ। ਉਹ ਸਮਝਦੇ ਸਨ ਕਿ ਜਾਤੀ-ਵਰਗ ਵਿੱਚ ਨਹੀਂ, ਸਗੋਂ ਭਗਵਦ ਭਜਨ ਵਿੱਚ ਕੋਈ ਵੀ ਉੱਚਾ-ਨੀਵਾਂ ਨਹੀਂ ਹੋ ਸਕਦਾ ਹੈ।

ਬ੍ਰਹਮਨ, ਬੈਸ, ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।[27]

## ਬਾਣੀ ਵਿੱਚ ਸੁਤੰਤਰਤਾ

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਖਾਸ ਵਿਸ਼ੇਸ਼ਤਾਵਾਂ ਹਨ। ਭਗਤ ਰਵਿਦਾਸ ਜੀ ਦੇ ਕਾਲ ਦੀ ਪਰਜਾ ਪੂਰੀ ਤਰ੍ਹਾਂ ਨਾਲ ਗੁਲਾਮੀ ਦੇ ਪੰਜਿਆਂ ਵਿੱਚ ਜਕੜੀ ਹੋਈ ਸੀ। ਫਿਰ ਵੀ ਤਤਕਾਲੀਨ ਸਮਾਜਿਕ ਨੇਤਾਵਾਂ ਵਲੋਂ ਕਿਸੇ ਤਰ੍ਹਾਂ ਦੇ ਦੁੱਖ ਜਾਂ ਵਿਰੋਧ ਦੀ ਆਵਾਜ਼ ਇਤਿਹਾਸ ਵਿੱਚ ਨਹੀਂ ਮਿਲਦੀ। ਇਸ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਤਾਂ ਜਨ-ਸਾਧਾਰਣ ਵਿੱਚ ਲਗਾਤਾਰ ਯੁੱਧਾਂ ਦੇ ਕਾਰਨ ਨਿਰਾਸ਼ਾ ਅਤੇ ਭੈਅ ਸੀ, ਇਸ ਤੋਂ ਵੀ ਵੱਧ ਕੇ ਗੁਲਾਮ ਪ੍ਰਤੀ ਆਵਾਜ਼ ਨਾ ਉਠਾਉਣ ਦਾ ਮੌਲਿਕ ਕਾਰਨ ਤਤਕਾਲੀਨ ਸਮਾਜਿਕ ਆਤਮਾ ਦੀ ਵਿਲਾਸਤਾ ਸੀ। ਇਕ ਪਾਸੇ ਜਨ ਸਾਧਾਰਣ ਬੰਦਾ ਬਾਹਰਲੇ ਹਮਲਿਆਂ ਦੇ ਪ੍ਰਭਾਵ ਨਾਲ ਟੁੱਟ ਚੁੱਕਿਆ ਸੀ, ਦੂਜੇ ਪਾਸੇ ਇਸ ਦੀ

---

26 ਉਪਰੋਕਤ ਲੇਖ ਸੰਪਾਦਕ ਬਲਦੇਵ ਸਿੰਘ ਬੱਦਨ ਦੀ ਪੁਸਤਕ ਬਾਣੀ ਭਗਤ ਰਵਿਦਾਸ-ਇਕ ਵਿਵੇਚਨ ਦੇ 27 ਅਧਿਆਇ ਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਵਿਚੋਂ ਈਸ਼ੇਵਾਲ ਅਵਤਾਰ ਸਿੰਘ ਵਿਚੋਂ ਪ੍ਰਕਾਸ਼ਿਤ ਹੈ, ਪੰਨਾ 152-53,54.

27 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੮

ਜ਼ਿੰਮੇਵਾਰੀ ਸਮਾਜਿਕ ਜਾਗ੍ਰਿਤੀ ਵਰਗ ਤੇ ਆ ਜਾਂਦੀ ਹੈ ਜਿਹੜੇ ਲਗਾਤਾਰ ਸੁਰਾਂ ਅਤੇ ਸੁੰਦਰੀਆਂ ਦੇ ਆਗੋਸ਼ ਵਿੱਚ ਡੁੱਬੇ ਰਹਿੰਦੇ ਸਨ। ਭਗਤ ਰਵਿਦਾਸ ਜੀ ਨੇ ਗੁਲਾਮੀ ਦੀ ਪ੍ਰਥਾ ਨੂੰ ਇੱਕ ਸਰਾਪ ਕਹਿ ਕੇ ਫਟਕਾਰਿਆ। ਭਗਤ ਰਵਿਦਾਸ ਜੀ ਨੇ ਗੁਲਾਮੀ ਪ੍ਰਤੀ ਭਵਿੱਖ ਦੇ ਲਈ ਭੂਮਿਕਾ ਬਣਾ ਦਿੱਤੀ।

ਸੱਚ ਤਾਂ ਇਹ ਹੈ ਕਿ ਗੁਲਾਮੀ ਸਾਡੀ ਸੁਤੰਤਰ ਰਹਿਣ-ਸਹਿਣ ਧਰਮ-ਭਾਸ਼ਾ ਅਤੇ ਵਿਵਹਾਰ 'ਤੇ ਇਕ ਬਹੁਤ ਵੱਡਾ ਕਲੰਕ ਹੈ। ਗੁਲਾਮੀ ਸਾਡੀਆਂ ਸੁੱਖ-ਸੰਪਤੀਆਂ ਤੇ ਵੀ ਇਕ ਧੱਬਾ ਹੈ, ਸ਼ਾਇਦ 'ਰਵਿਦਾਸ-ਬਾਣੀ' ਵਿੱਚ ਗੁਲਾਮੀ ਦੇ ਪ੍ਰਤੀ ਵਿਦਰੋਹ ਦੀ ਚੰਗਿਆੜੀ ਹੀ ਬਾਅਦ ਵਿੱਚ ਵੱਖ-ਵੱਖ ਕ੍ਰਾਂਤੀਆਂ ਦਾ ਕਾਰਨ ਬਣੀ। ਸਮਾਜ ਤਾਂ ਆਵਾਜ਼ ਵਿੱਚ ਆਵਾਜ਼ ਮਿਲਾਉਣ ਲਈ ਤਿਆਰ ਬੈਠਾ ਸੀ, ਉਸ ਨੂੰ ਤਾਂ ਗੁਲਾਮੀ ਦੇ ਵਿਦਰੋਹ ਲਈ ਸੰਕੇਤ ਦਾ ਇੰਤਜ਼ਾਰ ਸੀ। ਜਿਹੜਾ ਰਵਿਦਾਸ-ਬਾਣੀ ਵਿੱਚੋਂ ਉਪਲੱਬਧ ਹੋ ਗਿਆ। ਕ੍ਰਾਂਤੀ ਕੋਈ ਇੱਕ ਦਿਨ ਦਾ ਨਤੀਜਾ ਨਹੀਂ ਹੁੰਦੀ। ਉਸ ਦੀ ਭੂਮਿਕਾ ਤਿਆਰ ਹੁੰਦੇ ਬਹੁਤ ਸਮਾਂ ਲੱਗ ਜਾਂਦਾ ਹੈ, ਜਿਹੜੀ 1857 ਵਿੱਚ ਪੂਰੇ ਰੂਪ ਵਿੱਚ ਸਾਡੇ ਸਾਹਮਣੇ ਆਈ।

ਇਸੇ ਤਰ੍ਹਾਂ 'ਜਾਤੀਵਾਦ' ਦੇ ਆਧਾਰ 'ਤੇ ਵਰਗੀਕਰਨ ਅਤੇ 'ਬ੍ਰਾਹਮਣਵਾਦ' ਦੇ ਪ੍ਰਤੀ ਵਿਦਰੋਹੀ ਸੁਰ ਵੀ ਕ੍ਰਾਂਤੀ ਦੀ ਇਕ ਹੋਰ ਧਾਰਾ ਮੰਨੀ ਜਾ ਸਕਦੀ ਹੈ ਪਰ ਇਹ ਕ੍ਰਾਂਤੀ ਆਪਣੇ ਹੀ ਸਮਾਜ ਦੇ ਵਿਰੁੱਧ ਸੀ, ਇੱਥੇ ਰਵਿਦਾਸ ਜੀ ਦੀ ਇਹ ਵਿਸ਼ੇਸ਼ਤਾ ਕਹੀ ਜਾਵੇਗੀ ਕਿ ਉਨ੍ਹਾਂ ਨੇ ਉੱਚ ਵਰਗ ਤੋਂ ਅਪਮਾਨ ਸਹਿ ਕੇ ਵੀ ਕੌੜੇ ਅਤੇ ਤੀਬਰ ਸ਼ਬਦਾਂ ਵਿਚ ਆਪਣੇ ਸਮਾਜ ਦਾ ਵਿਰੋਧ ਨਹੀਂ ਕੀਤਾ, ਸਗੋਂ ਸਿੱਧੇ ਸਾਦੇ ਸ਼ਬਦਾਂ ਵਿੱਚ ਉੱਚ ਵਰਗ ਨੂੰ ਕਾਇਲ ਕਰਕੇ ਯੋਗਤਾ ਅਤੇ ਭਗਤੀ ਦੇ ਬਲ ਤੇ ਉਨ੍ਹਾਂ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਆ।

## ਕਥਨੀ ਅਤੇ ਕਰਨੀ ਵਿੱਚ ਸੁਮੇਲ

ਭਗਤ ਰਵਿਦਾਸ ਜੀ ਦੀ ਇਹ ਮੌਲਿਕ ਵਿਸ਼ੇਸ਼ਤਾ ਕਹੀ ਜਾਵੇਗੀ ਕਿ ਉਨ੍ਹਾਂ ਨੇ ਕਥਨੀ ਅਤੇ ਕਰਨੀ ਵਿੱਚ ਤਾਲਮੇਲ ਕਾਇਮ ਕੀਤਾ। ਤਤਕਾਲੀਨ ਸਮਾਜ ਵਿੱਚ ਝੂਠ, ਫਰੇਬ ਅਤੇ ਅਵਿਸ਼ਵਾਸ ਦਾ ਐਨਾ ਜ਼ੋਰ ਸੀ ਕਿ ਕਿਸੇ ਦੀ ਗੱਲ ਤੇ ਵਿਸ਼ਵਾਸ ਕਰਨਾ ਅਸੰਭਵ ਸੀ। ਰਾਜਾ ਤੋਂ ਲੈ ਕੇ ਪਰਜਾ ਤੱਕ ਦੀ ਕਥਨੀ ਅਤੇ ਕਰਨੀ ਵਿੱਚ ਤਾਲਮੇਲ ਪੈਦਾ ਕਰਨਾ, ਜਿਸ ਦੇ ਲਈ ਭਗਤ

ਜੀ ਨੇ ਪੂਰੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਅਜਿਹੇ ਵਿਅਕਤੀ ਪ੍ਰਤੀ ਦੁੱਖ ਪ੍ਰਗਟ ਕਰਦੇ ਹੋਏ ਅਨੁਭਵ ਕੀਤਾ :-

ਕਹੀਅਤ ਆਨ ਅਚਰੀਅਤ ਅਨ

ਕਛੁ ਸਮਝ ਨਾ ਪਰੈ ਅਪਰ ਮਾਇਆ॥[28]

ਇਸ ਤੋਂ ਇਲਾਵਾ ਧਰਮਗਤ, ਮਾਨਵ, ਸੁੱਖ-ਦੁੱਖ ਵਿੱਚ ਵੀ ਤਾਲਮੇਲ ਪ੍ਰਗਟ ਕਰਕੇ ਉਨ੍ਹਾਂ ਨੇ ਅਨੁਕੂਲ ਵਿਅਕਤੀਤਵ ਨੂੰ ਸਾਰਥਿਕ ਬਣਾਉਣ ਲਈ ਪ੍ਰੇਰਿਤ ਕੀਤਾ।

## ਮਾਨਵ ਅਤੇ ਮਾਨਵਤਾ ਵਿੱਚ ਸੁਮੇਲ

ਭਗਤ ਰਵਿਦਾਸ ਜੀ ਦਾ ਮੁੱਖ ਉਦੇਸ਼ ਮਾਨਵੀ ਭਾਈਚਾਰਾ ਪੈਦਾ ਕਰਨਾ ਅਤੇ ਸਾਰੀ ਮਨੁੱਖਤਾ ਨੂੰ ਇੱਕ ਸਾਂਝੀ ਲੜੀ ਵਿੱਚ ਪਰੋਣਾ ਹੈ। ਮਨੁੱਖ ਨੂੰ ਸਾਰੇ ਭੇਦ-ਭਾਵਾਂ ਦੇ ਖਲਜਗਣ ਵਿੱਚੋਂ ਕੱਢ ਕੇ ਪਰਮਾਤਮਾ ਦੀ ਸਰਬ-ਵਿਆਪਕਤਾ ਨੂੰ ਦਰਸਾਉਂਦੇ ਹੋਏ ਮਨੁੱਖੀ ਸਮਾਨਤਾ ਨੂੰ ਪੈਦਾ ਕਰਨਾ, ਮਨੁੱਖ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢਣਾ ਹੈ। ਭਗਤ ਰਵਿਦਾਸ ਜੀ ਨ ਸਾਰੇ ਭੇਦ ਭਾਵਾਂ ਤੇ ਕਰਮਕਾਡਾਂ ਦਾ ਸਮਕਾਲੀ ਸਮਾਜ ਨਾਲ ਟੱਕਰ ਲੈਂਦੇ ਹੋਏ ਖੰਡਨ ਕੀਤਾ ਹੈ। ਉਨ੍ਹਾਂ ਨੇ ਆਪਣੇ ਨਿੱਜੀ ਜੀਵਨ ਦੇ ਤਜਰਬਿਆਂ ਰਾਹੀਂ ਮਨੁੱਖੀ ਸਮਾਨਤਾ ਤੇ ਭਾਈਚਾਰੇ ਨੂੰ ਪੈਦਾ ਕਰਨ ਦੀ ਸਿੱਖਿਆ ਦਿੱਤੀ ਹੈ। ਆਪਣੇ ਇਨ੍ਹਾਂ ਉਦੇਸ਼ਾਂ ਕਰਕੇ ਭਗਤ ਰਵਿਦਾਸ ਜੀ ਨੂੰ ਸਮਕਾਲੀ ਸਮਾਜ ਦੀਆਂ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਿਆ। ਭਗਤ ਜੀ ਨੇ ਜਾਤ-ਪਾਤ, ਵਰਣ ਵੰਡ, ਊਚ-ਨੀਚ ਦੇ ਭੇਦ-ਭਾਵਾਂ ਦੇ ਸੰਤਾਪ ਨੂੰ ਖੁਦ ਭੋਗਿਆ ਸੀ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਇਸ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ।

ਤਤਕਾਲੀਨ ਸਮਾਜ ਵਿੱਚ ਊਚ-ਨੀਚ ਅਤੇ ਹਿੰਦੂ ਮੁਸਲਮਾਨ ਵਰਗ ਵਿੱਚ ਤਾਲਮੇਲ ਨਹੀਂ ਸੀ। ਉਨ੍ਹਾਂ ਵਿੱਚ ਕਾਫ਼ੀ ਵਿਭਿੰਨਤਾ ਸੀ। ਉੱਚ ਜਾਤੀ ਦੇ ਲੋਕ ਨਿਮਨ ਸਮਝੀ ਜਾਂਦੀ ਜਾਤੀ ਨਾਲ ਬਹੁਤ ਬੁਰਾ ਵਰਤਾਉ ਕਰਦੇ ਸਨ। ਹਿੰਦੂ ਧਰਮ ਵਿਚ ਧਰਮ ਦੇ ਠੇਕੇਦਾਰਾਂ ਦਾ ਪ੍ਰਭਾਵ ਜ਼ਿਆਦਾ ਸੀ। ਨਿਮਨ ਵਰਗ ਆਪਣਾ ਧਰਮ ਬਦਲ ਕੇ ਮੁਸਲਮਾਨ ਬਣਨ ਲਈ ਮਜ਼ਬੂਰ ਹੋ ਗਏ। ਅਜਿਹੀਆਂ ਸੰਕਟਮਈ ਪਰਿਸਥਿਤੀਆਂ ਵਿੱਚ ਮਨੁੱਖ ਹੀ ਮਨੁੱਖ ਦੀ ਸੱਤਾ ਮਿਟਾਉਣ ਤੇ ਤੁਲਿਆ ਹੋਇਆ ਸੀ। ਇਸ ਵੇਲੇ ਨਿਮਾਣਿਆਂ ਦੇ ਮਾਣ ਭਗਤ ਰਵਿਦਾਸ ਜੀ ਅੱਗੇ ਧਰਮ ਦੇ ਠੇਕੇਦਾਰ

---

28 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮

ਆਪ ਦੀ ਭਗਤੀ ਭਾਵਨਾ ਨੂੰ ਨਮਸਕਾਰ ਕਰਨ ਲੱਗ ਪਏ। ਭਗਤ ਰਵਿਦਾਸ ਜੀ ਨੇ ਹਿੰਦੂ ਅਤੇ ਮੁਸਲਿਮ ਸਮਾਜ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਵਿਚਾਰ ਸੀ ਕਿ ਜਦੋਂ ਤੱਕ ਸਮਾਜਿਕ ਏਕਤਾ ਦਾ ਬੀਜ ਨਹੀਂ ਪੁੰਗਰਦਾ, ਉਦੋਂ ਤੱਕ ਸਮਾਜਿਕ ਫੁਲਵਾੜੀ ਵਧ-ਫੁਲ ਨਹੀਂ ਸਕਦੀ। ਉਨ੍ਹਾਂ ਨੇ ਆਪਣੇ ਉਪਦੇਸ਼ਾਂ ਨਾਲ ਸਮਾਜ ਨੂੰ ਖੁਸ਼ਹਾਲ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ।

## ਗ੍ਰਹਿਸਥ ਮਾਰਗ ਤੇ ਜ਼ੋਰ

ਭਗਤ ਰਵਿਦਾਸ ਜੀ ਨੇ ਪ੍ਰਭੂ ਭਗਤੀ ਵਾਸਤੇ ਜੰਗਲਾਂ ਵਿੱਚ ਜਾਣ ਦੀ ਬਜਾਏ ਗ੍ਰਹਿਸਥ ਵਿੱਚ ਰਹਿ ਕੇ ਪਰਮਪਦ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ। ਮੱਧਕਾਲੀਨ ਭਾਰਤੀ ਸਮਾਜ ਵਿੱਚ ਇਸਤਰੀ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ ਕਿਉਂਕਿ ਭਗਤਾਂ ਤੋਂ ਪੂਰਵਲੇ ਧਾਰਮਿਕ ਦ੍ਰਿਸ਼ਟੀਕੋਣ ਵਿੱਚ ਸੰਸਾਰਿਕ ਜੀਵਨ ਦੀ ਕੋਈ ਮਹੱਤਤਾ ਨਹੀਂ ਸੀ। ਇਸ ਤਰ੍ਹਾਂ ਨਾਥਾਂ ਜੋਗੀਆਂ ਦੇ ਅਨੁਸਾਰ ਵੀ ਗ੍ਰਹਿਸਥ ਜੀਵਨ ਨੂੰ ਤਿਆਗ  ਕੇ ਜੰਗਲਾਂ ਵਿੱਚ ਡੇਰਾ ਲਾ ਕੇ ਹੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਭਗਤਾਂ ਨੇ ਧਰਮ ਸਬੰਧੀ ਇਸ ਧਾਰਨਾ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਦੀ ਸਾਰਥਿਕਤਾ ਨੂੰ ਸਥਾਪਿਤ ਕੀਤਾ ਅਤੇ ਸੰਸਾਰ ਤਿਆਰ ਕਰਕੇ ਜੀਵਨ ਸੰਘਰਸ਼ ਤੋਂ ਆਪਾ ਬਚਾ ਕੇ ਦੌੜਨ ਦੀ ਥਾਂ ਤੇ ਸਵਾਰਥ, ਕਾਮ, ਕ੍ਰੋਧ, ਲੋਭ, ਮੋਹ, ਮਾਇਆ ਤੇ ਹਉਮੈ ਆਦਿ ਔਗੁਣਾਂ ਉਪਰ ਕਾਬੂ ਰੱਖਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਆਪਣੇ ਜੀਵਨ ਦੇ ਨਿੱਜੀ ਤਜਰਬੇ ਰਾਹੀਂ ਗ੍ਰਹਿਸਥ ਮਾਰਗ ਨੂੰ ਪਰਮ ਲਕਸ਼ ਦੀ ਪ੍ਰਾਪਤੀ ਦਾ ਵਧੀਆ ਰਾਹ ਦੱਸਿਆ। ਉਨ੍ਹਾਂ ਦੀ ਇਹ ਵਿਚਾਰਧਾਰਾ ਧਾਰਮਿਕਤਾ ਤੇ ਸਮਾਜਿਕਤਾ ਦਾ ਸੁੰਦਰ ਸੁਮੇਲ ਕਹੀ ਜਾ ਸਕਦੀ ਹੈ। ਭਗਤ ਰਵਿਦਾਸ ਜੀ ਨੇ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਸਮਾਜ ਦੇ ਹਰ ਵਿਅਕਤੀ ਨੂੰ ਜੀਵਨ ਸੰਘਰਸ਼ ਵਿੱਚ ਹਿੱਸਾ ਲੈਣ ਲਈ ਇੱਕ ਵੰਗਾਰ ਬਣ ਕੇ ਖੜ੍ਹਨ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਆਪ ਗ੍ਰਹਿਸਥੀ ਜੀਵਨ ਜੀਅ ਕੇ ਪ੍ਰਭੂ ਭਗਤੀ ਵਿੱਚ ਲੀਨ ਹੋ ਕੇ ਵਿਅਕਤੀਗਤ ਸੁੱਖ ਦੀ ਭਾਲ ਲਈ ਭਗੌੜੇ ਬਣ ਕੇ ਜੰਗਲਾਂ ਵਿੱਚ ਨੱਠਣ ਵਾਲੇ ਲੋਕਾਂ ਦੀ ਕਾਇਰਤਾ ਤੇ ਬੁਜ਼ਦਿਲੀ ਤੇ ਕਰਾਰੀ ਸੱਟ ਮਾਰੀ ਹੈ।

## ਸੰਗੀਤਕਾਰ ਪ੍ਰੇਮੀ

ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਨੂੰ ਰਾਗਾਂ ਵਿੱਚ ਲਿਖਿਆ ਸੀ, ਪਰੰਤੂ ਇਹ ਬਾਣੀ ਰਾਗਾਂ ਵਿੱਚ ਲਿੱਪੀਬੱਧ ਜ਼ਰੂਰ ਮਿਲਦੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਬਾਣੀ ਦੀ ਇਹ ਵਿਲੱਖਣਤਾ ਹੈ ਕਿ ਇਹ ਰਾਗਾਂ ਅਧੀਨ ਦਰਜ ਹੈ ਅਤੇ ਇਨ੍ਹਾਂ ਰਾਗਾਂ ਵਿੱਚ ਹੀ ਗਾਈ ਜਾਂਦੀ ਰਹੀ ਹੈ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਭਗਤ ਰਵਿਦਾਸ ਆਪਣੇ ਸ਼ਿਸ਼ਾਂ ਨੂੰ ਪਦ ਗਾ ਕੇ ਸੁਣਾਇਆ ਕਰਦੇ ਸਨ। ਇਹ ਰਾਗ ਹੀ, ਕੀਰਤਨ ਭਗਤੀ ਨੂੰ ਸੰਪੂਰਨਤਾ ਪਰਦਾਨ ਕਰਦੇ ਹਨ। ਭਗਤ ਰਵਿਦਾਸ ਜੀ ਦੀ ਬਾਣੀ ਸਾਖੀ ਭਰਦੀ ਹੈ ਕਿ ਆਪ ਨੂੰ ਰਾਗਾਂ ਦੀ ਬਹੁਤ ਜਾਣਕਾਰੀ ਸੀ। ਡਾ. ਧਰਮਪਾਲ ਸਿੰਗਲ ਦੁਆਰਾ ਰਚਿਤ ਪੁਸਤਕ 'ਬਾਣੀ ਸ੍ਰੀ ਗੁਰੂ ਰਵਿਦਾਸ ਜੀ' ਵਿੱਚ ਭਗਤ ਰਵਿਦਾਸ ਜੀ ਦੀ ਬਾਣੀ 29 ਰਾਗਾਂ ਵਿਚ ਦਰਜ ਹੈ।[29] ਇਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਰਵਿਦਾਸ ਜੀ ਨੂੰ ਸੰਗੀਤ ਪ੍ਰਤੀ ਗਹਿਰਾ ਪ੍ਰੇਮ ਸੀ।

ਰਵਿਦਾਸ ਜੀ ਦਾ ਵਿਚਾਰ ਸੀ ਕਿ ਪੰਜ ਵਿਕਾਰ, ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗਣਾ, ਸੱਚ ਬੋਲਣਾ, ਸਤ ਅਤੇ ਸਦਾਚਾਰ ਦਾ ਜੀਵਨ ਬਤੀਤ ਕਰਨ ਦੇ ਨਾਲ-ਨਾਲ ਪ੍ਰਭੂ ਭਗਤੀ ਕਰਨ ਨਾਲ, ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਸਦਾ ਪ੍ਰਭੂ ਪ੍ਰੇਮ ਦੇ ਵਿਚਾਰਾਂ ਵਿੱਚ ਰੰਗੇ ਰਹਿੰਦੇ ਸਨ। ਇਸ ਲਈ ਹੀ ਉਨ੍ਹਾਂ ਦੀ ਆਤਮਿਕ ਅਵਸਥਾ ਐਨੀ ਉੱਚੀ ਹੋ ਜਾਂਦੀ ਸੀ ਕਿ ਉਹ ਆਪ ਹੀ ਪ੍ਰੇਮ ਸਰੂਪ ਹੋ ਜਾਂਦੇ ਸਨ। ਭਗਤਾਂ ਨੇ ਕਦੇ ਵੀ ਯੌਗਿਕ ਸਾਧਨਾਂ ਨਾਲ ਸਿੱਧੀ ਪ੍ਰਾਪਤੀ ਕਰਨ ਦੀ ਕਾਮਨਾ ਨਹੀਂ ਕੀਤੀ। ਪ੍ਰਭੂ ਭਗਤੀ ਅਤੇ ਭਜਨ ਦੁਆਰਾ ਹੀ ਆਪਣੇ ਆਪ ਨੂੰ ਪਰਮਾਤਮਾ ਵਿੱਚ ਲੀਨ ਕਰਕੇ ਉਸ ਸਰਵ ਸ਼ਕਤੀਮਾਨ ਪ੍ਰਭੂ ਦੀਆਂ ਸ਼ਕਤੀਆਂ ਦਾ ਰਸਪਾਨ ਕੀਤਾ, ਜਿਸ ਵਿੱਚ ਸਾਰੀਆਂ ਰਿੱਧੀਆਂ-ਸਿੱਧੀਆਂ ਸ਼ਾਮਲ ਹਨ। ਉਨ੍ਹਾਂ ਨੇ ਜੋ ਕੁਝ ਵੀ ਕੀਤਾ, ਉਹ ਪ੍ਰਭੂ ਦੀ ਇੱਛਾ ਅਨੁਸਾਰ ਕੀਤਾ ਅਤੇ ਜੋ ਕੁਝ ਹੋਇਆ ਉਹ ਪ੍ਰਭੂ ਨੇ ਕੀਤਾ, ਉਹ ਤਾਂ ਕੇਵਲ ਇੱਕ ਸਾਧਨ ਸਨ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਬਾਣੀ ਦਾ ਅਧਿਐਨ ਕੀਤਿਆਂ ਰਵਿਦਾਸ ਜੀ ਦੀ ਸ਼ਖਸੀਅਤ ਦੇ ਵਿਲੱਖਣ ਰੂਪਾਂ ਦਾ ਪਤਾ ਲੱਗਦਾ ਹੈ। ਜਾਤ ਚਮਾਰ

29 ਧਰਮਪਾਲ ਸਿੰਗਲ (ਡਾ.) ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 23

ਸੁਚੱਜੇ ਕਰਮ, ਉੱਚ ਕੋਟੀ ਦੇ ਭਗਤ, ਤਿਆਗੀ, ਮਹਾਨ-ਵਕਤਾ, ਗਣਿਕ-ਭਜਨੀਕ ਆਦਿ ਰੂਪ ਸਾਹਮਣੇ ਆਉਂਦੇ ਹਨ।

ਨਿਗੁਣ-ਸਗੁਣ ਇਕ ਵਮੇਕਾ, ਜਿੰਨ ਕਰੈ ਕੋ ਆਪਨ ਨੇ ਟੇਕਾ॥

ਅਗੁਣ ਸਗੁਣ ਦੋ ਸਮਕਰ, ਚਹੁੰ ਦਿਸ ਦਰਸਨ ਤੇਰਾ॥[30]

ਭਗਤ ਰਵਿਦਾਸ ਜੀ ਐਨੇ ਮਹਾਨ ਅਤੇ ਨਿਮਰਤਾ ਦੇ ਧਾਰਨੀ ਸਨ ਕਿ ਨੀਵੀਂ ਜਾਤ ਦੇ ਹੋਣ ਦੇ ਬਾਵਜੂਦ ਵੀ ਇਨ੍ਹਾਂ ਅੱਗੇ ਚਾਰ ਵਰਣਾਂ ਦੇ ਲੋਕ ਡੰਡਾਉਤ ਕਰਦੇ ਸਨ।

ਰਵਿਦਾਸੁ ਚਮਾਰੁ ਉਸਤਿਤ ਕਰੇ।

ਹਰਿ ਕੀਰਤਿ ਨਿਮਖ ਇਕ ਗਾਇ॥

ਪਤਿਤ ਜਾਤਿ ਉਤਮੁ ਭਇਆ।

ਚਾਰਿ ਵਰਨ ਪਏ ਪਗਿ ਆਇ॥[31]

ਭਗਤ ਧੰਨਾ ਜੀ ਰਵਿਦਾਸ ਦੀ ਜਾਤ, ਉਨ੍ਹਾਂ ਦੇ ਕੰਮ, ਉਨ੍ਹਾਂ ਦੀ ਬਿਰਤੀ, ਉਨ੍ਹਾਂ ਦੀ ਜੀਵਨ-ਜਾਚ, ਪ੍ਰਭੂ-ਭਗਤੀ ਆਦਿ ਦੀ ਵਿਆਖਿਆ ਕਰਦੇ ਹੋਏ ਉਨ੍ਹਾਂ ਦੀ ਸ਼ਖਸੀਅਤ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੇ ਲਿਖਦੇ ਹਨ :-

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥

ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥[32]

ਰਵਿਦਾਸ ਜੀ ਦੀ ਮਕਬੂਲੀਅਤ ਚੌਗਿਰਦੇ ਸਥਾਪਤ ਹੋ ਚੁੱਕੀ ਸੀ, ਇਸ ਗੱਲ ਦਾ ਅੰਦਾਜ਼ਾ ਗੁਰੂਆਂ ਅਤੇ ਭਗਤਾਂ ਦੀ ਬਾਣੀ ਤੋਂ ਮਿਲਦਾ ਹੈ, ਜੋ ਉਸ ਵੇਲੇ ਪੂਰਨ ਸਥਾਪਤੀ ਲੈ ਚੁੱਕੇ ਸਨ, ਭੱਟਾਂ ਵੱਲੋਂ ਗਾਏ ਗਏ ਸਵੱਈਏ ਇਸ ਦਾ ਪ੍ਰਮਾਣ ਹਨ :-

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥[33]

30 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੭੦

31 ਉਹੀ, ਪੰਨਾ ੭੩੩

32 ਉਹੀ, ੪੮੭

33 ਉਹੀ, ਪੰਨਾ ੧੩੯੦

ਸਾਰੇ ਭਗਤਾਂ ਅਤੇ ਭੱਟਾਂ ਨੇ ਇਹ ਸਵੀਕਾਰ ਕੀਤਾ ਹੈ ਕਿ ਰਵਿਦਾਸ ਚਮਾਰ ਜਾਤੀ ਨਾਲ ਸੰਬੰਧਿਤ ਸਨ। ਆਪਣੇ ਪਿੱਤਰਾਂ ਦਾ ਕਿੱਤਾ ਕਰਦੇ ਸਨ, ਪ੍ਰਭੂ-ਭਗਤ ਸਨ, ਚਾਰ ਵਰਣਾਂ ਵਿੱਚ ਪਰਵਾਨ ਹੋ ਚੁੱਕੇ ਸਨ। ਪ੍ਰਭੂ-ਭਗਤੀ ਵਿੱਚ ਅਤੇ ਪ੍ਰੇਮ ਵਿੱਚ ਡੁੱਬੇ ਹੋਏ ਸਨ। ਜਿਸ ਕਾਰਨ ਉਨ੍ਹਾਂ ਨੇ ਬ੍ਰਹਮ ਦੇ ਰਹੱਸ ਨੂੰ ਪਾ ਲਿਆ ਸੀ। ਉਪਰੋਕਤ ਵਿਸ਼ਲੇਸ਼ਣ ਤੋਂ ਉਨ੍ਹਾਂ ਦੀ ਮਹਾਨ ਸ਼ਖਸੀਅਤ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ।

## ਜਾਤ-ਪਾਤ ਦਾ ਖੰਡਨ ਅਤੇ ਸੰਕਲਪ

ਭਗਤ ਰਵਿਦਾਸ ਜੀ ਗੁਰੂਆਂ, ਸੰਤਾਂ-ਭਗਤਾਂ ਦੀ ਤਰ੍ਹਾਂ ਜਾਤ-ਪਾਤ ਦਾ ਡਟ ਕੇ ਖੰਡਨ ਕਰਦੇ ਹਨ। ਬ੍ਰਾਹਮਣਵਾਦ ਦੇ ਵਿਰੋਧ ਵਿੱਚ ਉੱਠੀ ਭਗਤੀ ਲਹਿਰ ਉਨ੍ਹਾਂ ਸਾਰੇ ਸਰੋਕਾਰਾਂ ਨੂੰ ਰੱਦ ਕਰਦੀ ਹੈ, ਜੋ ਆਮ ਆਦਮੀ ਦਾ ਸ਼ੋਸ਼ਣ ਕਰਨ ਲਈ ਘੜੇ ਗਏ ਸਨ। ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਭਗਤ ਰਵਿਦਾਸ ਵੀ ਜਾਤ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਵੱਡਾ ਛੋਟਾ ਸਮਝਣ ਵਾਲੀ ਧਾਰਨਾ ਦਾ ਖੰਡਨ ਕਰਦੇ ਹਨ। ਇਸ ਮੰਤਵ ਲਈ ਇਹ ਸਾਰੇ ਸੰਤ-ਭਗਤ ਘੋਸ਼ਿਤ ਕਰ ਦਿੰਦੇ ਹਨ ਕਿ ਮੈਂ ਨੀਵੀਂ ਜਾਤ ਨਾਲ ਸੰਬੰਧ ਰੱਖਦਾ ਹਾਂ, ਪਰ ਮੈਨੂੰ ਇਸ ਗੱਲ ਦੀ ਕੋਈ ਸ਼ਿਕਾਇਤ ਨਹੀਂ ਹੈ। ਮੈਂ ਪ੍ਰਭੂ ਦੀ ਭਗਤੀ ਸਦਕਾ ਉਸ ਦੀ ਕਿਰਪਾ ਦਾ ਪਾਤਰ ਬਣ ਗਿਆ ਹਾਂ। ਮੇਰੀਆਂ ਸਭ ਇੱਛਾਵਾਂ ਪੂਰਨ ਹੋ ਗਈਆਂ ਹਨ। ਭਗਤ ਰਵਿਦਾਸ ਜੀ ਅਖੌਤੀ ਉੱਚ ਜਾਤੀਆਂ ਦੇ ਲੋਕਾਂ ਵਲੋਂ ਅਖੌਤੀ ਨਿਮਨ ਜਾਤੀਆਂ ਲਈ ਵਰਤੇ ਜਾਂਦੇ ਤ੍ਰਿਸਕਾਰਮਈ ਸ਼ਬਦਾਂ ਨੂੰ ਵੀ ਅਪਣਾ ਲੈਂਦੇ ਹਨ। ਇਸ ਤਰ੍ਹਾਂ ਆਪ ਬ੍ਰਾਹਮਣਵਾਦੀਆਂ ਤੋਂ ਜਾਤੀ-ਈਰਖਾ ਦਾ ਹਥਿਆਰ ਖੋਹ ਕੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਪਰਾਜਿਤ ਕਰ ਦਿੰਦੇ ਹਨ। ਇਸ ਪ੍ਰਸੰਗ ਵਿੱਚ ਆਪ ਇਸ ਤਰ੍ਹਾਂ ਆਖਦੇ ਹਨ:

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥[34]

ਅਥਵਾ

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥

34 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥[35]

ਮੱਧਕਾਲੀਨ ਉੱਤਰੀ ਭਾਰਤ ਵਿੱਚ ਭਗਤ ਰਵਿਦਾਸ ਜੀ ਦਾ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਨੂੰ ਵਰਨ-ਆਸ਼ਰਮ-ਪ੍ਰਧਾਨ ਸਮਾਜ ਵਿੱਚ ਜਨਮ ਲੈਣ ਕਾਰਨ 'ਬ੍ਰਾਹਮਣਵਾਦ ਨਾਲ ਟੱਕਰ ਲੈਣੀ ਪਈ, ਪਰੰਤੂ ਉਨ੍ਹਾਂ ਦੀ ਮਹਾਨ ਸ਼ਖਸੀਅਤ ਸਮਕਾਲੀਨ ਸਮਾਜ ਵਿੱਚ ਅਗਿਆਤ ਨਾ ਰਹੀ। ਆਪ ਨੀਵੀਂ ਸ਼੍ਰੇਣੀ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਆਪਣੀ ਅਧਿਆਤਮਿਕ ਪ੍ਰਾਪਤੀ ਕਾਰਨ, ਵਕਤ ਦੇ ਪ੍ਰਤਿਨਿਧਿ ਪੁਰੋਹਿਤਾਂ ਵਲੋਂ ਸਲਾਹੇ ਅਤੇ ਸਤਿਕਾਰੇ ਗਏ। ਫਲਸਰੂਪ ਆਪ ਆਪਣੇ ਜੀਵਨ-ਕਾਲ ਵਿੱਚ ਦੂਰ-ਦੂਰ ਤੱਕ ਜਾਣੇ-ਪਹਿਚਾਣੇ ਜਾਣ ਲੱਗ ਪਏ।

ਭਗਤ ਰਵਿਦਾਸ ਜੀ ਦੇ ਸਮੇਂ ਹਿੰਦੂ ਸਮਾਜ ਵਿੱਚ ਨੀਵੀਆਂ ਜਾਤਾਂ ਨਾਲ ਹਰ ਪੱਖੋਂ ਵਿਤਕਰਾ ਕੀਤਾ ਜਾਂਦਾ ਸੀ ਅਤੇ ਉੱਚੀਆਂ ਜਾਂਤਾਂ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਹਿੰਦੂ ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ, ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਅਧਿਕਾਰ ਪਹਿਲੇ ਦੋ ਵਰਨਾਂ ਤੱਕ ਸੀਮਿਤ ਸਨ।[36] ਰਾਜ-ਪ੍ਰਬੰਧ ਵਿੱਚ ਉੱਚੀਆਂ ਪਦਵੀਆਂ 'ਤੇ ਖੱਤਰੀ ਜਾਤਾਂ ਨੂੰ ਸੰਬੰਧ ਰੱਖਦੇ ਵਿਅਕਤੀ ਕੰਮ ਕਰ ਸਕਦੇ ਸਨ ਅਤੇ ਛੋਟੇ ਪੱਧਰ ਦਾ ਕੰਮ ਬਾਕੀ ਦੇ ਦੋ ਵਰਣਾਂ ਵਾਸਤੇ ਰਾਖਵਾਂ ਸੀ। ਗਲੀਆਂ ਦੀ ਸਫਾਈ, ਕੂੜ੍ਹਾ-ਕਰਕਟ ਚੁੱਕਣਾ ਅਤੇ ਮਰੇ ਹੋਏ ਪਸ਼ੂਆਂ ਜਾਨਵਰਾਂ ਦੇ ਪਿੰਜਰ ਢੋਣਾ ਸ਼ੂਦਰ ਜਾਤੀ ਦਾ ਕਿੱਤਾ ਸੀ। ਉੱਚੇ ਤਬਕੇ ਦੇ ਲੋਕ ਉਨ੍ਹਾਂ ਨਾਲ ਨੌਕਰਾਂ ਵਾਂਗ ਵਰਤਾਉ ਕਰਦੇ ਸਨ, ਜਿਸ ਕਾਰਨ ਉਨ੍ਹਾਂ ਦਾ ਆਰਥਿਕ ਤੌਰ ਤੇ ਵੀ ਨਪੀੜਨ ਹੁੰਦਾ ਸੀ ਅਰਥਾਤ ਉਨ੍ਹਾਂ ਨੂੰ ਪੈਦਾਇਸ਼ੀ ਤੌਰ ਤੇ ਹੀ ਗ਼ੈਰਕਾਨੂੰਨੀ ਸਮਝਿਆ ਜਾਂਦਾ ਸੀ।

ਰਾਜਨੀਤਿਕ ਅਤੇ ਆਰਥਿਕ ਵਖਰੇਵੇਂ ਕਾਰਨ ਉਹ ਸਮਾਜ ਦੀਆਂ ਨਜ਼ਰਾਂ ਵਿੱਚ ਨੀਵੇਂ ਸਮਝੇ ਜਾਂਦੇ ਸਨ। ਬ੍ਰਾਹਮਣ ਵਰਗ ਸ਼ੂਦਰ ਜਾਤੀ ਤੇ ਬਹੁਤ ਅਤਿਆਚਾਰ ਕਰਦਾ ਸੀ। ਜੇਕਰ ਕੋਈ ਉੱਚ-ਸ਼੍ਰੇਣੀ ਦਾ ਵਿਅਕਤੀ ਸ਼ੂਦਰ ਨਾਲ ਛੂਹ ਜਾਂਦਾ ਸੀ ਤਾਂ ਉਹ ਭਿੱਟਿਆ ਜਾਂਦਾ ਸਮਝਿਆ ਜਾਂਦਾ ਸੀ, ਜਿਸਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ, ਜਿਨ੍ਹਾਂ ਨੂੰ ਖੁਦ ਸਮਾਜਿਕ ਅਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ :

---

35 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩

36 Darshan Singh (Dr.) , A Study of Bhakta Ravidasa, p. 5.

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥[37]

ਜਾਤ-ਪਾਤ ਸੰਬੰਧੀ ਇਹ ਵਿਤਕਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਸਮਾਜ ਵਿੱਚ ਪ੍ਰਚੱਲਤ ਸੀ, ਜਿਸ ਦਾ ਵਰਨਣ ਉਨ੍ਹਾਂ ਦੀ ਪ੍ਰਸਿੱਧ ਰਚਨਾ 'ਆਸਾ ਦੀ ਵਾਰ' ਵਿਚੋਂ ਮਿਲਦਾ ਹੈ :

ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨ ਅਸਾਡਾ ਫਿਟੈ॥[38]

ਇਹੀ ਨਹੀਂ ਭਗਤ ਰਵਿਦਾਸ ਜੀ ਨੇ ਛੂਤ-ਛਾਤ ਦੇ ਵਿਰੁੱਧ ਬੁਲੰਦ ਆਵਾਜ਼ ਉਠਾਈ ਕਿ ਸਾਰੇ ਮਨੁੱਖ ਆਪਸ ਵਿੱਚ ਭਾਈ-ਭਾਈ ਹਨ। ਸਪੱਸ਼ਟ ਹੈ ਕਿ ਭਗਤ ਰਵਿਦਾਸ ਜੀ ਦੇ ਸਮੇਂ ਹਿੰਦੂ ਸਮਾਜ ਵਿੱਚ ਛੂਤ-ਛਾਤ ਦਾ ਕਾਫ਼ੀ ਬੋਲਬਾਲਾ ਸੀ। ਚਮਾਰ, ਡੂਮ, ਨਾਈ, ਧੋਬੀ, ਚੰਡਾਲ ਆਦਿ ਸ਼ੂਦਰ ਉਪਜਾਤੀਆਂ ਦੀ ਹਾਲਤ ਬੜੀ ਤਰਸਯੋਗ ਸੀ। ਧਾਰਮਿਕ ਅਸਥਾਨਾਂ ਤੇ ਸਿਰਫ਼ ਉੱਚ ਵਰਗ ਦੇ ਲੋਕ ਹੀ ਜਾ ਸਕਦੇ ਸਨ। ਜੇ ਨੀਵੀਂ ਸ਼੍ਰੇਣੀ ਦਾ ਵਿਅਕਤੀ, ਜਿਵੇਂ ਕਿ ਸ਼ੂਦਰ ਆਦਿ ਕਿਸੇ ਮੰਦਰ ਵਿੱਚ ਚਲਾ ਜਾਂਦਾ ਸੀ ਤਾਂ ਉਸਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਂਦੀ ਸੀ। ਇਹੀ ਨਹੀਂ ਧਾਰਮਿਕ ਗ੍ਰੰਥ ਜਿਵੇਂ ਵੇਦ, ਪੁਰਾਣ ਆਦਿ ਦਾ ਪਾਠ ਵੀ ਬ੍ਰਾਹਮਣ ਹੀ ਕਰ ਸਕਦੇ ਸਨ ਅਤੇ ਜੇ ਕੋਈ ਸ਼ੂਦਰ ਵੇਦਾਂ ਦਾ ਪਾਠ ਕਰਦਾ, ਤਾਂ ਉਸਦੀ ਜ਼ੁਬਾਨ ਕੱਟ ਦਿੱਤੀ ਜਾਂਦੀ ਸੀ ਅਤੇ ਸਿੱਕਾ ਪਿਘਲਾ ਕੇ ਉਸਦੇ ਕੰਨਾਂ ਵਿੱਚ ਪਾਇਆ ਜਾਂਦਾ ਸੀ :

ਮੋਚੀ ਨੀਚ ਜਾਤਿ ਚੰਮਿਆਰ। ਠਾਕੁਰ ਪੂਜਨ ਨਰਿ-ਅਧਿਕਾਰ॥[39]

ਭਗਤ ਰਵਿਦਾਸ ਜੀ ਅਨੁਸਾਰ ਪ੍ਰਭੂ ਦੀ ਸ਼ਰਣ ਗ੍ਰਹਿਣ ਕਰਨ ਲਈ ਅਥਵਾ ਭਗਤ ਲਈ ਉੱਚੀ-ਨੀਵੀਂ ਜਾਤ ਦਾ ਕੋਈ ਭਿੰਨ-ਭੇਦ ਨਹੀਂ ਅਤੇ ਨਾ ਹੀ ਭਗਤੀ ਦੀ ਸਾਧਨਾ ਵਿੱਚ ਗਰੀਬੀ ਅਤੇ ਆਰਥਿਕ ਹਾਲਤ ਕੋਈ ਵਿਘਨ ਪਾ ਸਕਦੀ ਹੈ। ਪਰਮਾਤਮਾ ਦਾ ਭਗਤ ਜਿਸ ਕਿਸੇ ਕੁਲ ਵਿੱਚ ਵੀ ਹੋਵੇ, ਉੱਚੀ ਜਾਤ ਦਾ ਹੋਵੇ ਜਾਂ ਨੀਵੀਂ ਜਾਤ ਦਾ, ਗਰੀਬ ਹੋਵੇ ਜਾਂ ਅਮੀਰ, ਜਗਤ ਵਿੱਚ ਉਸਦੀ ਸ਼ੋਭਾ, ਜਾਤ, ਜਨਮ ਜਾਂ ਧੰਨ-ਦੌਲਤ ਸਦਕਾ ਨਹੀਂ ਹੁੰਦੀ, ਸਗੋਂ ਉਸਦੀ ਭਗਤੀ ਕਾਰਨ ਹੁੰਦੀ ਹੈ। ਕੋਈ ਬ੍ਰਾਹਮਣ ਹੋਵੇ ਜਾਂ ਵੈਸ਼, ਸ਼ੂਦਰ ਹੋਵੇ ਜਾਂ ਡੂਮ, ਪ੍ਰਭੂ ਦੀ ਭਗਤੀ ਦੁਆਰਾ ਪਵਿੱਤਰ

---

37 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੬

38 ਉਹੀ,ਪੰਨਾ ੪੭੨

39 ਜਸਬੀਰ ਸਿੰਘ ਸਾਬਰ (ਡਾ.) ਭਗਤ ਰਵਿਦਾਸ ਸ੍ਰੋਤ ਪੁਸਤਕ, ਪੰਨਾ 102-103.

ਪੁਨੀਤ ਹੋ ਨਿਬੜਦਾ ਹੈ। ਸੰਸਾਰ-ਸਾਗਰ ਤੋਂ ਨਾ ਕੇਵਲ ਉਹ ਆਪ ਪਾਰ ਉਤਰਦਾ ਹੈ, ਬਲਕਿ ਆਪਣੀਆਂ ਕਈ ਕੁਲਾਂ ਨੂੰ ਵੀ ਤਾਰ ਦਿੰਦਾ ਹੈ।

ਜਿਹ ਕੁਲ ਸਾਧ ਬੈਸਨੌ ਹੋਇ॥

ਬਰਨ ਅਬਰਨ ਰੰਕੁ ਨਹੀ ਈਸ ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ਰਹਾਉ॥

ਬ੍ਰਹਮਣ ਬੈਸ ਸੂਦ ਅਰੁ ਖਤ੍ਰੀ ਚੰਡਾਲ ਮਲੇਛ ਮਨ ਸੋਇ॥

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥[40]

ਇਸ ਸ਼ਬਦ ਵਿੱਚ ਆਪ ਜੀ ਨੇ ਦੱਸਿਆ ਹੈ ਕਿ ਉੱਚੀ ਕੁਲ ਵਾਲਾ ਕਰਮਕਾਂਡੀ ਵਿਅਕਤੀ ਸੱਚੀ ਭਗਤੀ ਤੋਂ ਬਿਨਾਂ ਨੀਚ ਅਤੇ ਚੰਡਾਲ ਹੈ। ਨੀਚ ਤੋਂ ਨੀਚ ਵਿਅਕਤੀ ਵੀ ਸੱਚੀ ਭਗਤੀ ਕਰਕੇ ਉੱਚੀ ਪਦਵੀ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ। ਹੇਠ ਦਿੱਤੀਆਂ ਤੁਕਾਂ ਵਿੱਚ ਉਨ੍ਹਾਂ ਨੇ ਪ੍ਰਭੂ ਦੀ ਭਗਤੀ ਦੀ ਵਿਸ਼ੇਸ਼ਤਾ ਦੱਸ ਕੇ ਇਸ ਨੂੰ ਦ੍ਰਿੜਾਇਆ ਹੈ :

ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ॥

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥[41]

ਸਪਸ਼ਟ ਹੈ ਕਿ ਉੱਚੀ ਜਾਤ ਵਾਲਾ ਹੋਣ ਜਾਂ ਨੀਵੀ ਜਾਤ ਦੇ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ ਸਗੋਂ ਜੋ ਵੀ ਉਸ ਪ੍ਰਭੂ ਦੀ ਪਨਾਹ ਵਿੱਚ ਆ ਜਾਂਦੇ ਹਨ, ਉਸ ਤੋਂ ਸਾਰੇ ਭਾਰ ਉਤਰ ਜਾਂਦੇ ਹਨ :

ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥[42]

ਇਹੀ ਨਹੀਂ, ਉੱਚੀ ਕੁਲ ਵਿੱਚ ਜਨਮ ਲੈ ਕੇ ਜੇ ਪ੍ਰਭੂ ਨਹੀਂ ਸਿਮਰਿਆ, ਤਾਂ ਜਾਤ, ਜਨਮ ਸਭ ਕੁੱਝ ਤੁੱਛ ਹੈ :

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥

ਰਾਜਾ ਰਾਮ ਕੀ ਸੇਵਾ ਨ ਕੀਨੀ ਕਹਿ ਰਵਿਦਾਸ ਚਮਾਰਾ॥੩॥[43]

---

40 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੮

41 ਉਹੀ, ਪੰਨਾ ੬੫੯

42 ਉਹੀ, ਪੰਨਾ ੮੫੮

43 ਉਹੀ, ਪੰਨਾ ੪੮੬

ਇਸ ਅਵਸਥਾ ਵਿਚ 'ਹਉਮੈ' ਨੂੰ ਤਿਆਗ ਕੇ ਮਨੁੱਖ ਪ੍ਰਭੂ ਦੀ ਸ਼ਰਣ ਵਿਚ ਆ ਜਾਂਦਾ ਹੈ ਅਤੇ ਜਦੋਂ ਉਸ ਦਾ ਅਨੁਭਵ ਹੁੰਦਾ ਹੈ 'ਤੂੰਹੀ-ਤੂੰਹੀ' ਰਹਿ ਜਾਂਦਾ ਹੈ ਅਤੇ 'ਮੈਂ' ਦੀ ਭਾਵਨਾ ਖ਼ਤਮ ਹੋ ਜਾਂਦੀ ਹੈ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥ ...[44]

ਰਵਿਦਾਸ-ਬਾਣੀ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਤ ਰਵਿਦਾਸ ਜੀ ਨੇ 'ਬ੍ਰਾਹਮਣਵਾਦ ਵਿਚਾਰਧਾਰਾ ਨਾਲ ਸੰਘਰਸ਼ ਕੀਤਾ ਅਤੇ 'ਨਾਮ' ਦਾ ਉਪਦੇਸ਼ ਦੇ ਕੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਪੱਖਪਾਤ ਦੇ ਵਿਰੁੱਧ ਆਵਾਜ਼ ਉਠਾਈ। ਉਹ ਲੌਕਿਕਤਾ ਦੀ ਬਜਾਏ ਪਰਾਲੌਕਿਕਤਾ ਨੂੰ ਮਹੱਤਵ ਦਿੰਦੇ ਹਨ। ਫਲਸਰੂਪ ਬ੍ਰਾਹਮਣਵਾਦ ਨੂੰ ਉਨ੍ਹਾਂ ਦੇ ਸਰਲ ਸਿਧਾਂਤਾਂ ਦੇ ਅੱਗੇ ਝੁਕਣਾ ਪਿਆ :

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥[45]

ਕਿਹਾ ਜਾਂਦਾ ਹੈ ਕਿ ਰਵਿਦਾਸ ਜੀ ਦੀ ਅਧਿਆਤਮਿਕ ਸ਼ਕਤੀ ਨਾਲ ਈਰਖਾ ਕਰਨ ਵਾਲੇ ਪੁਰੋਹਿਤਾਂ ਤੇ ਪੰਡਿਤਾਂ ਵੱਲੋਂ ਸਿਕੰਦਰ ਦੇ ਕੰਨ ਭਰੇ ਜਾਣ 'ਤੇ ਰਵਿਦਾਸ ਜੀ ਨੂੰ ਮਾਰਨ ਲਈ ਸਿਕੰਦਰ ਲੋਧੀ ਨੇ ਦਰਬਾਰ ਵਿੱਚ ਬੁਲਾ ਕੇ ਇੱਕ ਮਸਤ ਹਾਥੀ ਛੱਡਿਆ, ਪਰੰਤੂ ਜਦੋਂ ਹਾਥੀ ਭਗਤ ਰਵਿਦਾਸ ਜੀ ਅੱਗੇ ਝੁਕ ਕੇ ਖੜਾ ਹੋ ਗਿਆ, ਤਾਂ ਬਾਦਸ਼ਾਹ ਨੂੰ ਉਨ੍ਹਾਂ ਅੱਗੇ ਝੁਕਣਾ ਪਿਆ।[46] ਭਾਈ ਗੁਰਦਾਸ ਜੀ ਨੇ ਆਪਣੀ 10ਵੀਂ ਵਾਰ ਵਿੱਚ ਇੱਕ ਬ੍ਰਾਹਮਣ ਦੀ ਰਵਿਦਾਸ ਨਾਲ ਭੇਂਟ ਬਾਰੇ ਵਰਨਣ ਕੀਤਾ ਹੈ। ਇੱਕ ਬ੍ਰਾਹਮਣ ਭਗਤ ਜੀ ਕੋਲ ਜੁੱਤੀ ਗੰਢਾਣ ਲਈ ਆਇਆ ਤੇ ਭਗਤ ਜੀ ਨੇ ਉਸਦੀ ਜੁੱਤੀ ਠੀਕ ਕਰ ਦਿੱਤੀ, ਜਿਸ ਦੇ ਬਦਲੇ ਬ੍ਰਾਹਮਣ ਨੇ ਉਨ੍ਹਾਂ ਨੂੰ ਇੱਕ ਕਸੀਰਾ ਦਿੱਤਾ। ਆਪ ਜੀ ਨੇ ਉਹ ਕਸੀਰਾ ਗੰਗਾ ਮਾਤਾ ਨੂੰ ਭੇਂਟ ਕਰ ਦਿੱਤਾ ਤੇ ਪਾਣੀ ਨੇ ਛਲ ਮਾਰ ਕੇ ਕਸੀਰਾ ਸਵੀਕਾਰ ਕਰ ਲਿਆ :

ਭਗਤ ਭਗਤ ਜਗਿ ਵਜਿਆ ਚਹੁ ਚਕਾਂ ਦੇ ਵਿਚ ਚਮਿਰੇਟਾ।
ਪਾਨ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ॥

---

44 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩
45 ਉਹੀ, ਪੰਨਾ, ੧੨੯੩
46 ਜੋਧ ਸਿੰਘ (ਭਾਈ), ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਨਾ 6

ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੋਟਾ॥
ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ॥
ਨ੍ਹਾਵਣਿ ਆਇਆ ਸੰਗੁ ਮਿਲਿ ਬਨਾਰਸ ਕਰਿ ਗੰਗਾ ਬੇਟਾ॥
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ॥
ਲਇਆ ਕਸੀਰਾ ਹਥੁ ਕਢਿ ਸੂਤੁ ਇਕ ਜਿਉ ਤਾਣਾ ਪੇਟਾ।[47]

## ਆਦਰਸ਼ ਸਮਾਜ

ਭਗਤ ਰਵਿਦਾਸ ਜੀ ਨੇ ਭਾਵੇਂ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਤੇ ਚਾਨਣਾ ਪਾਇਆ ਹੈ, ਪਰ ਇੱਥੇ ਸਿਰਫ 'ਬੇਗਮਪੁਰੇ' ਦੀ ਵਿਚਾਰ ਹੀ ਕੀਤੀ ਜਾਵੇਗੀ। ਕੋਈ ਵੀ ਜਿਉਂਦੀ ਆਤਮਾ ਵਾਲਾ ਮਨੁੱਖ ਜ਼ੋਰ-ਜਬਰ ਹੁੰਦਾ ਵੇਖ ਕੇ ਕਦੇ ਵੀ ਖੁਸ਼ ਨਹੀਂ ਹੋ ਸਕਦਾ। ਉਸ ਲਈ ਫਿਰ ਖਾਮੋਸ਼ ਰਹਿਣਾ ਵੀ ਅਸੰਭਵ ਹੋ ਜਾਂਦਾ ਹੈ। ਰਵਿਦਾਸ ਜੀ ਨੇ ਨਾਮ ਅਤੇ ਭਗਤੀ ਵਿਚੋਂ ਜੋ ਆਤਮਿਕ ਚਾਨਣ ਪ੍ਰਾਪਤ ਕੀਤਾ ਸੀ, ਉਸ ਕਾਰਣ ਉਨ੍ਹਾਂ ਹਾਕਮਾਂ ਨੂੰ ਗਰੀਬ ਜਨਤਾ ਦੇ ਰਾਖੇ ਬਣਨ ਦੀ ਥਾਂ ਡੀਕਾਂ ਲਾ ਕੇ ਖੂਨ ਪੀਂਦੇ ਵੇਖਿਆ ਗਿਆ। ਵਾੜ ਹੀ ਖੇਤ ਨੂੰ ਖਾ ਰਹੀ ਸੀ। ਮਾਂ ਹੀ ਔਲਾਦ ਨੂੰ ਜ਼ਹਿਰ ਦੇ ਰਹੀ ਸੀ। ਰਾਖਾ ਹੀ ਘਰ ਨੂੰ ਸੰਨ੍ਹ ਲਾ ਰਿਹਾ ਸੀ। ਮਲਾਹ ਹੀ ਆਪਣੀ ਬੇੜੀ ਡੋਬ ਰਿਹਾ ਸੀ। ਅਖੌਤੀ ਧਰਮੀ ਪੁਰਸ਼ ਜੋ ਹਰ ਇੱਕ ਨੂੰ ਰੱਬੀ ਗਿਆਨ ਦੇਣ ਦਾ ਜ਼ਿੰਮੇਵਾਰ ਸੀ, ਉਹੀ ਮਾਸੂਮਾਂ ਤੇ ਕਹਿਰ ਢਾਹ ਰਿਹਾ ਸੀ। ਨਫਰਤ, ਈਰਖਾ, ਲੁੱਟ, ਸ਼ੋਸ਼ਣ, ਸਭ ਧਰਮ ਦੇ ਨਾਂ ਤੇ ਚੱਲ ਰਿਹਾ ਸੀ। ਇੱਕ ਪਾਸੇ ਆਲੀਸ਼ਾਨ ਮਹਿਲ ਸਨ, ਦੂਜੇ ਪਾਸੇ ਝੁੱਗੀਆਂ। ਇਕ ਪਾਸੇ ਰੇਸ਼ਮੀ ਬਸਤਰ ਅਤੇ ਗਲੀਚੇ ਸਨ, ਦੂਜੇ ਪਾਸੇ ਤਨ ਨੰਗੇ ਤੜਫ ਰਹੇ ਸਨ। ਇਕ ਬੰਨੇ ਘੁੰਮਣ ਫਿਰਨ ਲਈ ਪੂਰੀ ਆਜ਼ਾਦੀ ਸੀ, ਦੂਜੇ ਪਾਸੇ ਅਣਗਿਣਤ ਰੁਕਾਵਟਾਂ। ਇੱਕ ਪਾਸੇ ਰਾਜਸੀ ਠਾਠ, ਦੂਜੇ ਪਾਸੇ ਕੀੜਿਆਂ ਵਾਂਗ ਕੁਰਬਲ-ਕੁਰਬਲ ਕਰਦੀ ਜ਼ਿੰਦਗੀ। ਇਕ ਪਾਸੇ ਧਰਮ ਹੈ, ਵਿਦਿਆ ਦਾ ਚਾਨਣ ਹੈ, ਦੂਜੇ ਪਾਸੇ ਧਰਮ-ਕਰਮ ਉਤੇ ਰੋਕ, ਵਿਦਿਆ ਪੜ੍ਹਨ ਤੇ ਸਖਤ ਪਾਬੰਦੀ, ਚਾਰੇ ਪਾਸੇ ਅਗਿਆਨਤਾ ਦਾ ਘੁੱਪ ਹਨੇਰਾ। ਇਕ ਤਰਫ਼ ਐਸ਼ੋ-ਇਸ਼ਰਤ ਹੈ, ਦੂਜੇ ਪਾਸੇ ਜ਼ਿੰਦਗੀ ਦੇ ਬੋਝ ਨੂੰ ਘਸੀਟਿਆ ਜਾ ਰਿਹਾ ਹੈ। ਇਕ ਤਰਫ ਜ਼ਾਲਮ ਰਾਜ ਹੈ ਅਤੇ ਧਰਮ ਉਸਦਾ ਹੱਥ ਠੋਕਾ ਹੈ, ਤਾਂ

47 ਭਾਈ ਗੁਰਦਾਸ, ਵਾਰਾਂ, ਵਾਰ ੧੦, ਪਉੜੀ ੧੭.

ਦੂਸਰੀ ਤਰਫ਼ ਕੇਵਲ ਅਕਾਲ ਪੁਰਖ ਅੱਗੇ ਪੁਕਾਰ ਹੈ, ਮਦਦ ਜਾਂ ਜੋਦੜੀ ਲਈ ਮੰਗ ਹੈ, ਇਨਸਾਫ਼ ਲਈ ਤਰਲਾ ਹੈ, ਮਨੁੱਖਤਾ ਵਾਲਾ ਦਰਜਾ ਪ੍ਰਾਪਤ ਕਰਨ ਲਈ ਅਰਦਾਸ ਹੈ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਇੱਕ ਆਦਰਸ਼ ਸਮਾਜ 'ਬੇਗਮਪੁਰਾ ਸਹਰ' ਦਾ ਮਾਡਲ ਪ੍ਰਸਤੁਤ ਵੀ ਕਰਦੇ ਹਨ :

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨਾ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਉਹਾਂ ਖੈਰਿ ਸਦਾ ਮੇਰੇ ਭਾਈ॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥ [48]

ਇਸ ਪਾਵਨ ਸ਼ਬਦ ਰਾਹੀਂ ਧੁਰ ਅੰਤਹਕਰਣ ਵਿੱਚੋਂ ਨਿਕਲੀ ਜੋਦੜੀ, ਦਰਦ-ਭਰੀ ਪੁਕਾਰ, ਰੱਬੀ ਦਰਬਾਰ ਤੱਕ ਜਾ ਪੁੱਜੀ। ਇਸ ਰੋਣ ਨੂੰ, ਹਉਕਿਆਂ-ਹਾਵਿਆਂ ਨੂੰ, ਭਗਤ ਰਵਿਦਾਸ ਜੀ ਨੇ ਆਪਣੀ ਆਤਮਾ ਦਾ ਦਰਦ ਬਣਾ ਲਿਆ। ਸਾਰੇ ਇਨਸਾਨ ਇੱਕੋ ਪਿਤਾ ਦੇ ਪੁੱਤਰ ਹੋਣ ਦਾ ਐਲਾਨ ਡੰਕੇ ਦੀ ਚੋਟ ਨਾਲ ਕਰ ਦਿੱਤਾ ਗਿਆ। ਲੰਗਰ, ਸੰਗਤ ਅਤੇ ਸਾਂਝੇ ਸਰੋਵਰਾਂ ਰਾਹੀਂ ਏਕਤਾ ਵਾਲੇ ਪਹਿਲੇ ਜ਼ਰੂਰੀ ਕਦਮ ਪੁੱਟੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਅਤੇ

48 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫.

ਅਛੂਤ ਨੂੰ ਆਤਮਿਕ ਉੱਚਤਾ ਦੀ ਕਸਵੱਟੀ ਤੇ ਲਾ ਕੇ ਬਰਾਬਰ ਇਕੋ ਧਰਮ-ਗ੍ਰੰਥ ਵਿੱਚ ਬਿਰਾਜਮਾਨ ਕਰ ਦਿੱਤਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਬਾਟੇ ਵਿੱਚੋਂ ਖੰਡੇ ਦਾ ਅੰਮ੍ਰਿਤ ਛਕਾ ਕੇ ਜਾਤ-ਪਾਤ ਦੀ ਜੜ੍ਹ ਵੱਢ ਕੇ, ਕਾਇਰਾਂ, ਨੀਵਿਆਂ, ਨਿਮਾਣਿਆਂ ਨੂੰ ਖੰਡਾਂ ਹੱਥ ਵਿੱਚ ਫੜਾ ਕੇ, ਮਰਦੇ-ਮੁਜਾਹਿਦ ਬਣ ਦਿੱਤਾ। ਕਿਰਪਾਨ ਨੂੰ ਸਦਾ ਅੰਗ-ਸੰਗ ਰੱਖਣ ਦਾ ਹੁਕਮ ਦੇ ਕੇ ਸਮਝਾ ਦਿੱਤਾ ਕਿ ਮਹਿੰਗੇ ਮੁੱਖ ਪ੍ਰਾਪਤ ਕੀਤੀ ਆਜ਼ਾਦੀ ਤੇ ਸਵੈਮਾਨ ਹੁਣ ਮੁੜ ਪਰਾਧੀਨ ਨਾ ਹੋ ਜਾਣ। ਜਾਗ ਚੁੱਕੇ ਮਨੁੱਖਤਾ ਦੇ ਕਾਫਲੇ ਨੂੰ ਕੋਈ ਤਾਕਤ ਨਾਲ ਵੀ ਝੁਕਾ ਨਾ ਦੇਵੇ। ਇਹ ਜਾਗੇ ਹੋਏ ਮਨੁੱਖ 'ਰੰਘਰੇਟੇ ਗੁਰੂ ਕੇ ਬੇਟੇ' ਤਾਂ ਆਪਣੀ ਬੀਰਤਾ ਨਾਲ ਬਣੇ ਹੀ ਸੀ, ਇਨ੍ਹਾਂ ਤਾਂ ਸੇਵਾ ਅਤੇ ਸੂਰਮਗਤੀ ਨਾਲ ਚਮਕੌਰ ਗੜ੍ਹੀ ਵਿੱਚ ਦਸਮ ਪਿਤਾ ਹਜ਼ੂਰ ਤੋਂ ਬਾਦਸ਼ਾਹੀ ਚਿੰਨ੍ਹ ਕਲਗੀ, ਤੀਰ-ਕਮਾਨ ਦਸਮ ਪਿਤਾ ਹਜ਼ੂਰ ਦੀ ਖਾਸ ਵਰਦੀ ਵੀ ਪ੍ਰਾਪਤ ਕਰ ਲਈ ਸੀ। ਪ੍ਰਤੀਕ ਵਜੋਂ ਭਾਵੇਂ ਇਹ ਬਖ਼ਸ਼ਿਸ਼ ਭਾਈ ਸੰਗਤ ਸਿੰਘ ਲਈ ਹੀ ਸੀ, ਪਰ ਅਛੂਤਾਂ ਲਈ ਅੱਗੇ ਵਧਣ ਦੇ ਸਾਰੇ ਰਾਹ ਮੋਕਲੇ ਹੋ ਗਏ। ਕਲਗੀ ਸਜਣ ਤੋਂ ਬਾਅਦ ਸੀਸ ਕਟ ਤਾਂ ਸਕਦਾ ਸੀ, ਪਰ ਝੁਕ ਨਹੀਂ ਸਕਦਾ ਸੀ, ਫਿਰ ਇਵੇਂ ਹੀ ਹੋਇਆ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਅੰਕਿਤ 'ਬੇਗਮਪੁਰਾ' ਇਸ ਧਰਤੀ ਉਮਰ ਵਸਾਉਣ ਦਾ ਗੁਰੂ ਕੇ ਲਾਡਲਿਆਂ ਨੇ ਅਕਾਲ ਪੁਰਖ ਨੂੰ ਹਾਜ਼ਰ ਜਾਣ ਕੇ ਪ੍ਰਣ ਲਿਆ ਹੋਇਆ ਹੈ। ਵਿਰੋਧੀ ਹਾਲਾਤ ਰੁਕਾਵਟਾਂ ਖੜੀਆਂ ਕਰ ਸਕਦੇ ਹਨ, ਹੋਰ ਦੇਰੀ ਹੋ ਸਕਦੀ ਹੈ, ਪਰੰਤੂ ਮਿਲ ਕੇ ਚਲਿਆ ਕਾਫਿਲਾ ਮੰਜ਼ਿਲੇ-ਮਕਸਦ ਨੂੰ ਪ੍ਰਾਪਤ ਅਵੱਸ਼ ਕਰੇਗਾ।[49]

ਮੱਧਕਾਲੀਨ ਬਾਣੀ-ਕਾਵਿ ਵਿੱਚ ਵਾਰ-ਵਾਰ ਕਰਮ ਕਰਨ ਦੀ ਜੋ ਪ੍ਰੇਰਣਾ ਅਤੇ ਆਦੇਸ਼ ਹੈ, ਉਸ ਕਰਮ ਦਾ ਸਿੱਧਾ ਉਦੇਸ਼ ਮਾਨਵੀ ਕਾਰਜਸ਼ੀਲਤਾ ਹੈ, ਅਤੇ ਇਹ ਕਾਰਜਸ਼ੀਲਤਾ ਹੀ ਸਮਾਜਿਕ ਸੰਦਰਭਾਂ ਨੂੰ ਅਰਥ ਦੇਂਦੀ ਹੈ। ਜਿਸ ਸਮਾਜ ਵਿੱਚ ਕਿਰਤ-ਕਰਮ ਦੀ ਮਾਨਤਾ ਹੋਵੇ। ਉਹੀ ਸਮਾਜ ਮਾਨਵ ਲਈ ਆਦਰਸ਼ਕ ਹੋ ਸਕਦਾ ਹੈ। ਇਤਿਹਾਸਿਕ ਤੱਥ ਪੁਸ਼ਟੀ ਕਰਦੇ ਹਨ ਕਿ ਬਾਣੀਕਾਰਾਂ ਨੇ ਆਪਣੀ ਜ਼ਿੰਦਗੀ ਵਿੱਚ ਕਿਰਤ-ਕਰਮ ਕਰਦਿਆਂ ਅਪਰੰਪਾਰ ਸੱਚ ਅਨੁਭਵ ਕੀਤਾ ਹੈ। ਸਪੱਸ਼ਟ ਹੀ ਹੈ ਕਿ ਅਜਿਹੇ ਅਨੁਭਵੀ ਬਾਣੀਕਾਰਾਂ ਨੇ ਬਾਣੀ ਵਿੱਚ ਮਨੁੱਖ ਦੀ ਸਮਾਜਕ ਹੋਂਦ

---

49 ਉਪਰੋਕਤ ਕਥਨ ਬਲਦੇਵ ਸਿੰਘ ਬੱਦਨ ਦੁਆਰਾ ਰਚਿਤ ਪੁਸਤਕ ਬਾਣੀ ਭਗਤ ਰਵਿਦਾਸ-ਇਕ ਵਿਵੇਚਨ ਦੇ 17 ਅਧਿਆਇ ਭਾਈ ਰਵਿਦਾਸ ਜੀ ਦਾ 'ਬੇਗਮਪੁਰਾ' ਇੰਦਰ ਸਿੰਘ ਘੱਗਾ ਵਿੱਚੋਂ ਉਲੀਕੇ ਗਏ ਹਨ।

ਨੂੰ ਸਵਿਕਾਰਿਆ ਹੈ। ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਸ਼ੁਭ ਅਮਲ, ਸ਼ੁਭ ਕਰਮ ਸਮਾਜਕ ਪਰਿਪੇਖ ਵਿੱਚ ਹੀ ਜਾਣੇ ਗਏ ਹਨ। ਕਰਮ ਦੀ ਪ੍ਰੇਰਣਾ ਦੇ ਕੇ ਬਾਣੀਕਾਰਾਂ ਨੇ ਮਨੁੱਖ ਅੰਦਰ ਗੌਰਵ ਦਾ ਅਹਿਸਾਸ ਜਗਾਇਆ ਹੈ। 'ਰਵਿਦਾਸ ਬਾਣੀ' ਵਿੱਚ ਤਾਂ ਕਰਮ ਨੂੰ ਹੀ ਇੱਕ ਧਰਮ ਵੱਜੋਂ ਦ੍ਰਿੜਾਇਆ ਗਿਆ ਹੈ। ਕਰਮ ਕਰਦਿਆਂ ਪ੍ਰਭੂ ਬਖਸ਼ਿਸ਼ ਪ੍ਰਾਪਤ ਕਰਨ ਵਾਲੇ ਭਗਤ ਰਵਿਦਾਸ ਜੀ ਨੇ ਇਸ ਸੱਚ ਨੂੰ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਹੈ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥[50]

'ਰਵਿਦਾਸ-ਬਾਣੀ' ਵਿੱਚ ਕਰਮ ਰਾਹੀਂ ਮਨੁੱਖ ਦੀ ਬੁੱਧੀ ਅਤੇ ਕਾਇਆ ਵਿੱਚ ਜੋ ਪਰਿਵਰਤਨ ਆਉਂਦਾ ਹੈ, ਉਸ ਨੂੰ ਬਾਰ-ਬਾਰ ਧਿਆਇਆ ਗਿਆ ਹੈ। ਇਸ ਕਰਮ ਨੇ ਮਨੁੱਖ ਅੰਦਰ ਗਿਆਨ ਦੀ ਸੋਝੀ ਕਰਨੀ ਹੈ, ਇਸ ਗਿਆਨ ਅਤੇ ਕਰਮ ਰਾਹੀਂ ਹੀ ਇੱਕ ਆਦਰਸ਼ਕ ਸਮਾਜ ਦੀ ਸਿਰਜਣਾ ਸੰਭਵ ਹੁੰਦੀ ਹੈ।

## ਦਲਿਤ ਚੇਤਨਾ

ਦਲਿਤ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਦਬਿਆ ਹੋਇਆ, ਕੁਚਲਿਆ ਹੋਇਆ ਭਾਵ ਨੀਵੀਂ ਜਾਤੀ ਵਾਲਾ। ਉਸ ਸਮੇਂ ਅਨੁਸਾਰ ਜਿਹੜਾ ਉੱਚੀ ਕੁਲ ਦੇ ਪੈਰਾਂ ਹੇਠਾਂ ਦਬਿਆ ਹੋਵੇ। ਦਲਿਤ ਸ਼ਬਦ ਉਨ੍ਹਾਂ ਲੋਕਾਂ ਦੇ ਲਈ ਪ੍ਰਚਲਿਤ ਹੋਇਆ, ਜਿਨ੍ਹਾਂ ਨੂੰ ਪਹਿਲਾਂ ਅਛੂਤ ਜਾਂ ਹਰੀਜਨ ਕਿਹਾ ਜਾਂਦਾ ਸੀ। ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਵੀ ਦਲਿਤ ਕਹੇ ਜਾਣ ਦਾ ਪ੍ਰਚਲਨ ਰਿਹਾ ਹੈ। ਦਲਿਤ ਉਹ ਹੈ ਜੋ ਨੀਵੀਂ ਜਾਤ ਦਾ ਹੋਣ ਦੇ ਨਾਲ-ਨਾਲ ਆਰਥਿਕ ਪੱਖ ਤੋਂ ਵੀ ਕਮਜ਼ੋਰ ਹੋਵੇ ਅਤੇ ਇਨ੍ਹਾਂ ਦੋਹਾਂ ਕਾਰਨਾਂ ਕਰਕੇ ਸਮਾਜ ਵਿੱਚ ਨੀਵਾਂ ਸਮਝਿਆ ਜਾਂਦਾ ਹੋਵੇ, ਸਮਾਜ ਵਿੱਚ ਹੀਣਤਾ ਮਹਿਸੂਸ ਕਰਦਾ ਹੋਵੇ, ਨਿਮਨ ਜਾਤੀ ਅਤੇ ਆਰਥਿਕ ਪੀੜਾ ਨੂੰ ਉਹ ਹੀ ਸਮਝ ਸਕਦਾ ਜਿਸ ਨੇ ਇਹ ਦੁੱਖ ਆਪ ਹੰਢਾਇਆ ਹੋਵੇ।[51] ਦਲਿਤ ਵਰਗ ਸਮਾਜ ਦਾ ਉਹ

---

50 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩

51 ਸਰਬਜਿੰਦਰ ਸਿੰਘ (ਡਾ.), (ਸੰਪਾ.) *ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤ ਰਵਿਦਾਸ ਵਿਸ਼ੇਸ਼ ਅੰਕ*, ਪੰਨਾ 75

ਵਰਗ ਸੀ, ਜਿਹੜਾ ਸਦੀਆਂ ਤੱਕ ਸਮਾਜਿਕ ਜੰਜ਼ੀਰਾਂ ਵਿੱਚ ਜਕੜਿਆ ਰਿਹਾ। ਜਿਸ ਵਰਣ ਵਿਵਸਥਾ ਨੂੰ ਕਰਮ ਆਧਾਰਿਤ ਬਣਾਇਆ ਗਿਆ ਸੀ, ਉਹ ਸਮੇਂ ਨਾਲ ਜਨਮ ਆਧਾਰਿਤ ਹੋ ਕੇ ਜਾਤੀ ਵਿਵਸਥਾ ਬਣ ਗਈ। ਜਿਸ ਕਾਰਣ ਹਿੰਦੂ ਸਮਾਜ ਰੂੜੀਵਾਦੀਆਂ ਦੀ ਅਧਿਆਤਮਿਕ ਤਾਨਾਸ਼ਾਹੀ ਦੀਆਂ ਜੰਜ਼ੀਰਾਂ ਵਿੱਚ ਬੰਨਿਆ ਗਿਆ। ਸਮਾਨਤਾ, ਸੁਤੰਤਰਤਾ ਦੇ ਨਾਲ-ਨਾਲ ਸਦ-ਭਾਵਨਾ ਵੀ ਉਨ੍ਹਾਂ ਦੇ ਹਿੱਸੇ ਨਾ ਆਈ। ਸਨਾਤਨ ਧਰਮ ਦਾ ਅੰਗ ਹੁੰਦੇ ਹੋਏ ਵੀ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਰਿਹਾ। ਇਹ ਲੋਕ ਦਲਿਤ ਕਹੇ ਜਾਣ ਤੋਂ ਵੀ ਘਬਰਾ ਜਾਂਦੇ ਸਨ ਅਤੇ ਆਪਣੇ ਦਲਿਤਪੁਣੇ ਨੂੰ ਲੁਕਾਉਣ ਦਾ ਜਤਨ ਕਰਦੇ ਸਨ।

'ਦਲਿਤ ਚੇਤਨਾ' ਤੋਂ ਭਾਵ ਉਹ ਜਾਗ੍ਰਿਤੀ ਹੈ ਜਿਸ ਕਾਰਨ ਦਲਿਤ ਆਪਣੇ ਅਧਿਕਾਰਾਂ ਦੀ ਸ਼ਕਤੀ ਨੂੰ ਪਹਿਚਾਣ ਸਕਣ, ਸਮਾਜ ਵਿੱਚ ਸਨਮਾਨ ਜਨਕ ਸਥਾਨ ਪ੍ਰਾਪਤ ਕਰਨ। ਆਪਣੇ ਨਾਲ ਕੀਤੇ ਜਾਣ ਵਾਲੇ ਸੋਸ਼ਣ ਪ੍ਰਤੀ ਚੇਤਨ ਹੋਣਾ ਹੀ ਦਲਿਤ ਚੇਤਨਾ ਹੈ। ਇਹ ਸਵੈ ਪਹਿਚਾਣ, ਸਵੈਮਾਣ ਅਤੇ ਸਵੈ ਨਿਸ਼ਚੇ ਦੇ ਰਾਹ ਤੇ ਅੱਗੇ ਵਧਣ ਦੀ ਪ੍ਰਕਿਰਿਆ ਹੈ। ਇਹ ਜਾਤੀ ਪ੍ਰਥਾ ਦੇ ਵਿਰੁੱਧ ਚੇਤਨਾ ਹੈ। ਜੀਵਨ ਦੇ ਹਰ ਖੇਤਰ ਵਿੱਚ ਦਬਾਏ, ਡਰਾਏ, ਦੁਰਕਾਰੇ, ਫਿਟਕਾਰੇ ਭਾਵ ਹਰ ਤਰ੍ਹਾਂ ਦੇ ਸਮਾਜਿਕ ਸੋਸ਼ਣ ਤੋਂ ਛੁਟਕਾਰਾ ਪ੍ਰਾਪਤ ਕੀਤੇ ਜਾਣ ਦੇ ਜਤਨ ਦਲਿਤ ਚੇਤਨਾ ਦੇ ਅੰਗ ਹਨ। ਇਹ ਚੇਤਨਾ ਦਲਿਤ ਵਰਗ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਕੇ ਸੰਘਰਸ਼ ਕਰਨ ਦਾ ਮਾਰਗ ਦਰਸ਼ਨ ਕਰਦੀ ਹੈ। 1931 ਈ. ਵਿੱਚ ਭਾਰਤ ਦੇ ਉਸ ਸਮੇਂ ਦੇ ਜਨਗਣਨਾ ਕਮਿਸ਼ਨਰ ਦੁਆਰਾ ਜਾਤਾਂ ਦੇ ਵਰਗੀਕਰਣ ਦੇ ਆਧਾਰ ਉੱਪਰ ਜਨਗਣਨਾ ਵਿਚ ਦਲਿਤ ਜਾਤਾਂ ਨੂੰ ਹੇਠ ਲਿਖੇ ਅਰਥ ਪ੍ਰਧਾਨ ਕੀਤੇ ਗਏ ਸਨ : 'ਮੈਂ ਦਲਿਤ ਜਾਤ ਉਨ੍ਹਾਂ ਜਾਤਾਂ ਨੂੰ ਮੰਨਿਆਂ ਹੈ, ਜਿਨ੍ਹਾਂ ਨਾਲ ਸਪਰਸ਼ ਹੋਣ ਦੇ ਨਤੀਜੇ ਵਜੋਂ ਉੱਚ ਜਾਤੀ ਹਿੰਦੂਆਂ ਲਈ ਆਪਣੇ ਆਪ ਨੂੰ ਸ਼ੁੱਧ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਇਸ ਸ਼ਬਦ ਨੂੰ ਕਿਸੇ ਖਾਸ ਕਿੱਤੇ ਨਾਲ ਸੰਬੰਧਿਤ ਕਰ ਦਿੱਤਾ ਜਾਵੇ। ਇਸ ਦੇ ਉਲਟ ਇਹ ਸ਼ਬਦ ਉਨ੍ਹਾਂ ਜਾਤਾਂ ਲਈ ਹੀ ਉਚਿਤ ਹੈ ਜਿਨ੍ਹਾਂ ਦਾ ਆਪਣੀ ਪਰੰਪਰਾਗਤ ਸਥਿਤੀ ਕਾਰਨ ਮੰਦਰ ਵਿੱਚ ਜਾਣਾ ਮਨ੍ਹਾਂ ਹੈ, ਸਕੂਲਾਂ ਵਿੱਚ ਜਾਣ ਦੀ ਆਗਿਆ ਨਹੀਂ ਜਾਂ ਜਿਨ੍ਹਾਂ ਦੇ ਖੂਹ ਅਲੱਗ ਹਨ, ਇਸ ਤਰ੍ਹਾਂ ਦੀਆਂ ਕਈ ਹੋਰ ਸਮਾਜਿਕ ਅਸਮਾਨਤਾਵਾਂ ਨਾਲ ਪੀੜਤ ਹਨ।'

ਭਾਰਤ ਵਿੱਚ ਸਾਮਰਾਜੀ ਤਾਕਤਾਂ ਨੇ ਰਾਜ ਕਰਨ ਸਮੇਂ ਇਸ ਵਰਗ ਲਈ ਸਰਕਾਰੀ ਪੱਧਰ ਤੇ ਪਛੜੀਆਂ ਜਾਤਾਂ ਅਤੇ ਬਾਅਦ ਵਿਚ 1930 ਈ. ਦੇ ਨੇੜੇ ਇਸ ਵਰਗ ਲਈ ਸ਼ਡਿਊਲਡ ਕਾਸਟ ਸ਼ਬਦ ਵਰਤਣਾ ਆਰੰਭ ਕਰ ਦਿੱਤਾ। ਮਹਾਤਮਾ ਗਾਂਧੀ ਨੇ ਇਸ ਵਰਗ ਲਈ ਹਰੀਜਨ ਸ਼ਬਦ ਦੀ ਵਰਤੋਂ ਕੀਤੀ ਅਤੇ ਆਪਣੀਆਂ ਲਿਖਤਾਂ ਰਾਹੀਂ ਇਸ ਸ਼ਬਦ ਦਾ ਜ਼ੋਰਦਾਰ ਪ੍ਰਚਾਰ ਕੀਤਾ। ਮਹਾਤਮਾ ਗਾਂਧੀ ਦਾ ਇਹ ਸ਼ਬਦ ਡਾ. ਭੀਮ ਰਾਓ ਅੰਬੇਦਕਰ ਵਰਗੇ ਦਲਿਤ ਆਗੂਆਂ ਨੇ ਅਪ੍ਰਵਾਨ ਕੀਤਾ। ਇਸ ਵਰਗ ਲਈ ਦਲਿਤ ਸ਼ਬਦ ਦੀ ਵਰਤੋਂ 19ਵੀਂ ਸਦੀ ਦੇ ਸ਼ੁਰੂ ਵਿੱਚ ਮਹਾਤਾ ਜਯੋਤੀ ਰਾਉ ਫੂਲੇ ਨੇ ਮਹਾਰਾਸ਼ਟਰ ਵਿਚ ਸ਼ੁਰੂ ਕੀਤੀ। ਦਲਿਤ ਵਿਦਵਾਨਾਂ ਵਲੋਂ ਜੀਵਨ ਦੇ ਹਰ ਖੇਤਰ ਵਿੱਚ ਦੱਬੇ, ਫਿਟਕਾਰੇ, ਡਰਾਏ ਅਤੇ ਹਾਸ਼ੀਆ ਗ੍ਰਸਤ ਲੋਕਾਂ ਦੁਆਰਾ ਹਰ ਪ੍ਰਕਾਰ ਦੇ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਸ਼ੋਸ਼ਣ ਦੇ ਸ਼ਿਕਾਰ ਪ੍ਰਬੰਧ ਤੋਂ ਛੁਟਕਾਰਾ ਪ੍ਰਾਪਤ ਕਰਨ ਦੇ ਜਤਨਾਂ ਨੂੰ ਦਲਿਤ ਚੇਤਨਾ ਕਿਹਾ ਜਾਂਦਾ ਹੈ।

ਦਲਿਤ ਚੇਤਨਾ ਦਾ ਸੰਕਲਪ ਭਗਤ ਰਵਿਦਾਸ ਜੀ ਦੀ ਪਰਮ ਸੱਤਾ ਨਾਲ ਇਕਮਿਕਤਾ ਤੋਂ ਬਾਅਦ ਬਖਸ਼ਿਸ਼ ਹੋਈ ਬਾਣੀ ਬ੍ਰਹਿਮੰਡੀ ਚਿੰਤਨ ਵਿਚੋਂ ਆਪ-ਮੁਹਾਰੇ ਸਥਾਪਿਤ ਹੁੰਦੀ ਦਿਸਦੀ ਹੈ। ਇਹ ਦੈਵੀ ਦਲਿਤ ਚੇਤਨਾਂ ਕਿਸੇ ਖਿਆਲੀ ਬੌਧਿਕ ਝੁਕਾਵਾਂ ਦੀ ਬਜਾਏ ਪਰਮਸੱਤਾ ਦੇ ਨੂਰ ਨਾਲ ਬ੍ਰਹਿਮੰਡੀ ਚਿੰਤਨ ਉਪਰ ਆਧਾਰਿਤ ਹੈ। ਸੋ ਇਸ ਦਲਿਤ ਚੇਤਨਾ ਦਾ ਆਧਾਰ ਪਰਮਸੱਤਾ ਨਾਲ ਇਕਮਿਕਤਾ ਉਪਰ ਆਧਾਰਿਤ ਵਿਸਮਾਦੀ ਬ੍ਰਹਿਮੰਡੀ ਚਿੰਤਨ ਹੈ। ਭਗਤ ਰਵਿਦਾਸ ਜੀ ਚਾਹੁੰਦੇ ਸਨ ਕਿ ਮਨੁੱਖ ਸਾਰੇ ਮਾਨਵੀ ਭੇਦ-ਭਾਵ ਮਿਟਾ ਕੇ ਇੱਕ ਸਰਬ-ਸਾਂਝੇ ਮਾਨਵੀ ਧਰਾਤਲ ਦੀ ਗੱਲ ਕਰਨ, ਜਿਸ ਨਾਲ ਕਿ ਸਮਾਜ ਦੀ ਵੀ ਪਹੁੰਚ-ਪੱਖੀ ਪ੍ਰਗਤੀ ਹੋ ਸਕੇ। ਭਗਤ ਰਵਿਦਾਸ ਜੀ ਦਾ ਬ੍ਰਹਮ ਵਿੱਚ ਪੂਰਾ ਵਿਸ਼ਵਾਸ ਹੈ ਅਤੇ ਉਹ ਇਸ ਨੂੰ ਪਰਮਾਤਮਾ, ਪਰਮਸਤਿ, ਅਨਾਦ, ਅਗਮ, ਅਗੋਚਰ, ਸਰਬ ਸ਼ਕਤੀਮਾਨ, ਦਿਆਲੂ ਤੇ ਕ੍ਰਿਪਾਲੂ ਸਵੀਕਾਰ ਕਰਦੇ ਹਨ। ਉਹ ਸੰਸਾਰ ਨੂੰ ਮਿਥਿਆ, ਮਨੁੱਖੀ ਸਰੀਰ ਨੂੰ ਛਿੰਨਭੰਗਰ, ਸਮਾਜਿਕ ਸੰਬੰਧਾਂ ਅਤੇ ਸੁੱਖਾਂ ਨੂੰ ਅਸਥਾਈ ਹੀ ਖ਼ਿਆਲ ਕਰਦੇ ਹਨ। ਉਹ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਦੂਈ-ਭਾਵ ਅਤੇ ਦੁਸ਼ਮਣੀ ਦਾ ਪੱਲਾ ਛੱਡ ਕੇ ਦਇਆ, ਤਰਸ, ਨਿਮਰਤਾ, ਸੰਤ, ਸਬਰ, ਸੰਤੋਖ, ਕਿਰਤ ਕਰਨ, ਨਾਮ ਜਪਣ, ਸਾਧੂ ਸੰਤਾਂ ਦੀ ਸੰਗਤ ਕਰਨ, ਵੰਡ ਕੇ ਛੱਕਣ, ਨੇਕੀ, ਪਰਉਪਕਾਰ, ਮਾਨਵ-ਕਲਿਆਣ, ਨਿਰੰਤਰਤਾ, ਮਨੁੱਖੀ ਭਾਈਚਾਰੇ 'ਚ ਵਿਸ਼ਵਾਸ ਤੇ ਸਹਿਯੋਗ ਆਦਿ ਨੂੰ ਹੀ

ਜੀਵਨ ਦਾ ਆਧਾਰ ਮੰਨਦੇ ਹਨ। ਭਗਤ ਰਵਿਦਾਸ ਦਾ ਸੰਦੇਸ਼ ਸਰਬ ਸਾਂਝਾ ਹੈ, ਜੋ ਜਾਤ-ਪਾਤ, ਫਿਰਕੂਪੁਣੇ, ਦੇਸ਼, ਵਰਗ, ਅਮੀਰ ਜਾਂ ਗਰੀਬ ਆਦਿ ਦੇ ਸਾਰੇ ਬੰਧਨ ਤੋੜ ਕੇ ਮਾਨਵਵਾਦੀ ਕਦਰਾਂ ਅਪਣਾਉਣ ਲਈ ਪ੍ਰੇਰਤ ਕਰਦਾ ਹੈ। ਉਨ੍ਹਾਂ ਦੀ ਬਾਣੀ ਮਾਨਵਤਾ-ਪ੍ਰਧਾਨ ਜੀਵਨ ਜਿਉਣ ਦਾ ਰਾਹ ਨਿਰਧਾਰਿਤ ਕਰਦੀ ਹੈ। ਰਵਿਦਾਸ ਬਾਣੀ ਦਾ ਉਤਸ਼ਾਹੀ ਤੇ ਅਗਾਂਹਵਧੂ ਸੰਦੇਸ਼ ਮਨੁੱਖ ਨੂੰ ਚੇਤਨਾ-ਯੁਕਤ ਹੋ ਕੇ ਅੱਗੇ ਵੱਧਣ ਦੀ ਪ੍ਰੇਰਣਾ ਦਿੰਦਾ ਹੈ। ਭਗਤ ਰਵਿਦਾਸ ਨੇ ਧਰਮ ਦੇ ਸਹੀ ਰੂਪ ਨੂੰ ਸਮਾਜਿਕ ਪ੍ਰਸੰਗ ਵਿੱਚ ਉਭਾਰਨ ਦੀ ਸਫਲ ਕੋਸ਼ਿਸ਼ ਕੀਤੀ। ਰਵਿਦਾਸ ਜੀ ਦੀ ਬਾਣੀ ਵਿੱਚ ਕਰਮ ਕਰਨ ਨੂੰ ਪ੍ਰਸੰਨਤਾ ਦਿੱਤੀ ਗਈ ਹੈ। ਉਨ੍ਹਾਂ ਦੇ ਸਮਾਜਿਕ ਵਿਧਾਨ ਵਿੱਚ ਵਰਣ-ਭੇਦ ਜਾਂ ਜਾਤ-ਵਿਵਸਥਾ ਨੂੰ ਨਕਾਰਿਆ ਗਿਆ ਹੈ। ਉਨ੍ਹਾਂ ਨੇ ਕਰਮ ਸਾਧਨਾ, ਕਿਰਤ ਰਾਹੀਂ, ਸ੍ਰੇਣਿਕ ਮੁੱਲਾਂ ਵਾਲੇ ਸਮਾਜ ਨੂੰ ਵੰਗਾਰਦਿਆਂ ਕੁਲੀਨ ਵਰਗ ਨੂੰ ਝੁਕਣ ਲਈ ਮਜ਼ਬੂਰ ਕਰਦਿਆਂ ਮਾਨਵ-ਹਿਤਕਾਰੀ ਸਮਾਜ ਦਾ ਸੰਕਲਪ ਪੇਸ਼ ਕੀਤਾ।

ਭਗਤ ਰਵਿਦਾਸ ਜੀ ਦੀ ਬਾਣੀ ਮੱਧਕਾਲ ਵਿਚ ਦਲਿਤ ਚੇਤਨਾ ਪ੍ਰਤੀ ਜਾਗਰੂਕ ਕਰਦੀ ਹੈ। ਦਲਿਤ ਚੇਤਨਾ ਦੇ ਸੰਦੇਸ਼ ਨੂੰ ਪ੍ਰਚਾਰਿਤ ਕਰਨ ਵਾਲੇ ਇਹ ਯੁੱਗ ਪੁਰਸ਼ ਆਪ ਦਲਿਤ ਹੁੰਦੇ ਹੋਏ ਵੀ ਹੀਣਤਾ ਦੀ ਭਾਵਨਾ ਤੋਂ ਮੁਕਤ ਸਨ। ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਅਨੇਕ ਪਦ ਅਜਿਹੇ ਮਿਲਦੇ ਹਨ, ਜਿਨ੍ਹਾਂ ਨੂੰ ਦਲਿਤ-ਚੇਤਨਾ ਦੇ ਪ੍ਰਸੰਗ ਵਿੱਚ ਵਿਚਾਰਿਆ ਜਾ ਸਕਦਾ ਹੈ। ਉਹ ਕਿਧਰੇ ਵੀ ਆਪਣੀ ਜਾਤ-ਬਿਰਾਦਰੀ ਨੂੰ ਛੁਪਾਉਣ ਦਾ ਯਤਨ ਨਹੀਂ ਕਰਦੇ :

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥੧॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥੨॥
ਚਰਣ ਨ ਛਾਡਉ ਸਰੀਰ ਕਲ ਜਾਈ॥
ਕਹੁ ਰਵਿਦਾਸ ਪਰਉ ਤੇਰੀ ਸਾਭਾ
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥[52]

52 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫

- ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥
ਮਾਧਉ ਸਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥੧॥ ਰਹਾਉ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥[53]
- ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥੧॥[54]
- ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥੧॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥੧॥ ਰਹਾਉ॥[55]
- ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ
॥੧॥ ਰਹਾਉ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥[56]
- ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥੨॥
ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖਿ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ

53 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬
54 ਉਹੀ, ਪੰਨਾ ੬੫੯
55 ਉਹੀ, ਪੰਨਾ ੮੫੮
56 ਉਹੀ, ਪੰਨਾ ੯੭੩

ਬਿਸੇਖ॥੨॥ਰਹਾਉ॥

ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥੩॥੧॥[57]

– ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ॥
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥[58]

– ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥[59]

– ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ਰਹਾਉ॥
ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ
ਪਹੂਚਾ ॥੨॥[60]

– ਕਹਿ ਰਵਿਦਾਸ ਜੋੁ ਜਪੈ ਨਾਮੁ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥[61]

57 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੨੪
58 ਉਹੀ, ਪੰਨਾ, ੧੨੯੩.
59 ਉਹੀ, ਪੰਨਾ ੧੨੯੩
60 ਉਹੀ, ੬੫੯
61 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੬

ਉਪਰੋਕਤ ਬਾਣੀ ਨੂੰ ਵਿਚਾਰਿਆਂ ਸਾਡੇ ਸਾਹਮਣੇ ਭਗਤ ਰਵਿਦਾਸ ਜੀ ਨੇ ਤਿੰਨ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲੀ ਤਰ੍ਹਾਂ ਦੇ ਬਾਣੀ-ਪਦਾਂ ਵਿੱਚ ਉਨ੍ਹਾਂ ਨੇ ਆਪਣੀ ਨਿਮਨ ਜਾਤੀ ਚਮਾਰ ਦਾ ਉਲੇਖ ਕੀਤਾ ਹੈ। ਭਗਤ ਰਵਿਦਾਸ ਜੀ ਅਨੁਸਾਰ ਉਨ੍ਹਾਂ ਦਾ ਜਨਮ ਇੱਕ ਗਰੀਬ-ਛੋਟੇ ਪਰਿਵਾਰ ਵਿੱਚ ਹੋਇਆ ਹੈ, ਜੋ ਕਿ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਉਤਾਰਨ ਦਾ ਕੰਮ ਕਰਦੇ ਹਨ। ਉਨ੍ਹਾਂ ਦੇ ਇਸ ਕੰਮ ਨੂੰ ਸਮਾਜ ਵਿੱਚ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਕੁਲੀਨ ਵਰਗ ਦੇ ਲੋਕ ਤਾਂ ਸਾਨੂੰ ਦੂਰੋਂ ਹੀ ਦੇਖ ਕੇ ਦੁਰ ਦੁਰ ਕਰਦੇ ਹਨ। ਇਹ ਲੋਕ ਬੇਵਸ ਹੋ ਕੇ ਵਕਤ ਦੀ ਮਾਰ ਸਹਿ ਰਹੇ ਹਨ। ਜ਼ਲਾਲਤ-ਭਰੀ ਜ਼ਿੰਦਗੀ ਜੀਉਂਦੇ ਇਨ੍ਹਾਂ ਲੋਕਾਂ ਦੀ ਸੰਗਤ ਨੂੰ ਚੰਗਾ ਖ਼ਿਆਲ ਨਹੀਂ ਕੀਤਾ ਜਾਂਦਾ ਜਦੋਂ ਕਿ ਰਵਿਦਾਸ ਦਾ ਕਥਨ ਹੈ ਕਿ ਮੇਰੀ ਜਾਤ ਅਤੇ ਪਾਤ ਭੈੜੀ ਤੇ ਕਮੀਨੀ ਹੈ।

ਇਨ੍ਹਾਂ ਹੀ ਬਾਣੀ-ਪਦਾਂ ਵਿੱਚ ਇੱਕ ਬਹੁਤ ਹੀ ਸਾਰਥਕ ਵਿਚਾਰ ਉਭਰ ਕੇ ਸਾਹਮਣੇ ਆਉਂਦੇ ਹਨ ਕਿ ਜੋ ਜੀਵ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਜਾਤ ਅਤੇ ਜਨਮ ਆਦਿ ਦੇ ਬੰਧਨਾਂ ਤੋਂ ਤਾਂ ਉੱਪਰ ਉਠ ਜਾਂਦੇ ਹਨ, ਨਾਲ ਹੀ ਉਹ ਜੂਨਾਂ ਦੇ ਚੱਕਰਾਂ ਤੋਂ ਵੀ ਬਚ ਜਾਂਦੇ ਹਨ। ਭਾਵੇਂ ਉਨ੍ਹਾਂ ਨੇ ਨਿਮਨ ਜਾਤ ਵਿੱਚ ਜਨਮ ਲਿਆ ਹੈ, ਪਰ ਇਨ੍ਹਾਂ ਦੇ ਹਿਰਦੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੇ ਰਹਿੰਦੇ ਹਨ। ਨਾਮ-ਸਿਮਰਨ ਵਿੱਚ ਐਨੀ ਜ਼ਿਆਦਾ ਤਾਕਤ ਹੈ ਕਿ ਸਾਰਾ ਸਮਾਜ ਹੀ ਇਨ੍ਹਾਂ ਤ੍ਰਿਸਕਾਰੇ ਜਾ ਰਹੇ ਲੋਕਾਂ ਦੀ ਪੂਜਾ ਕਰਨ ਲਗ ਜਾਂਦਾ ਹੈ। ਭਗਤ ਰਵਿਦਾਸ ਜੀ ਪ੍ਰੇਮਾ-ਭਗਤੀ ਤਹਿਤ ਪਰਮਾਤਮਾ ਨਾਲ ਇਕਸੁਰ ਹੋਏ। ਉਹ ਆਪਣੇ ਅਧਿਆਤਮਕ ਅਨੁਭਵ ਨੂੰ ਦਿਸਦੇ ਜਗਤ ਨਾਲ ਜੋੜ ਕੇ ਹੀ ਆਤਮਾ ਅਤੇ ਪਰਮਾਤਮਾ ਵਿਚਾਲੇ ਸੰਬੰਧਾਂ ਨੂੰ ਸਾਡੇ ਦ੍ਰਿਸ਼ਟੀਗੋਚਰ ਕਰਦੇ ਹਨ।

ਉਪਰੋਕਤ ਬਾਣੀ-ਪਦਿਆਂ ਵਿੱਚ ਜ਼ਿਕਰ ਹੈ ਕਿ ਇਸ ਘ੍ਰਿਣਤ ਹਾਲਤ ਨੂੰ ਦੇਖ ਕੇ ਲੋਕ ਮੇਰੇ ਤੇ ਤਰਸ ਨਾ ਕਰਕੇ ਮੇਰੀ ਇਸ ਦਸ਼ਾ ਦੀ ਖਿੱਲੀ ਉਡਾਉਂਦੇ ਹਨ, ਪਰੰਤੂ ਮੈਂ ਤੇਰੀ ਰਹਿਮਤ ਤੋਂ ਬਲਿਹਾਰ ਜਾਂਦਾ ਹੈ, ਕਿਉਂਕਿ ਤੇਰੇ ਵਿੱਚ ਸੰਸਾਰ ਦੇ ਜੰਜਾਲ ਵਿੱਚ ਫਸੇ ਸਾਰੇ ਹੀ ਜੀਵਾਂ ਦਾ ਪਾਰ-ਉਤਾਰਾ ਕਰਨ ਦੀ ਸਮਰਥਾ ਹੈ। ਇਹ ਤੇਰੀ ਹੀ ਕ੍ਰਿਪਾ-ਦ੍ਰਿਸ਼ਟੀ ਹੈ ਕਿ ਤੂੰ ਨਾਚੀਜ਼ ਗਰੀਬ ਨੂੰ ਨਿਵਾਜ ਕੇ ਉਸ ਦੇ ਸਿਰ ਤੇ ਛਤਰ ਧਰ ਦਿੰਦਾ ਹੈਂ। ਕਮਾਲ ਦੀ ਗੱਲ ਤਾਂ ਇਹ ਹੈ ਕਿ ਜੋ ਲੋਕ ਕਦੇ ਉਸ ਦੇ ਪਰਛਾਵੇਂ ਤੋਂ ਵੀ ਭਿੱਟ ਹੋ ਜਾਣ ਦਾ ਡਰ ਪਾਲਦੇ ਸਨ, ਅੱਜ ਉਸ ਦੇ ਚਰਨਾਂ ਤੇ

ਆਪਣਾ ਸਿਰ ਝੁਕਾਉਣ ਵਿੱਚ ਫ਼ਖਰ ਮਹਿਸੂਸ ਕਰ ਰਹੇ ਹਨ। ਇੱਥੇ ਹੀ ਬਸ ਨਹੀਂ, ਉਸ ਦਇਆ ਦੇ ਸਾਗਰ ਪ੍ਰਭੂ ਨੇ ਤਾਂ ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਕਸਾਈ ਤੇ ਸੈਣ ਨਾਈ ਨੂੰ ਵੀ ਮਾਣ ਬਖ਼ਸ਼ ਕੇ ਨਿਵਾਜਿਆ ਹੈ। ਇਹ ਉਹ ਪਰਮਾਤਮਾ ਹੈ, ਜੋ ਕਰਮਸ਼ੀਲ ਸਾਧਕ ਉੱਪਰ ਪਸੀਜਦਾ ਹੈ, ਉਸ ਤੇ ਆਪਣੀ ਮਿਹਰ ਕਰਦਾ ਹੈ, ਉਸ ਨੂੰ ਸੰਸਾਰ ਦੀਆਂ ਸਭ ਮਾਣ-ਵਡਿਆਈਆਂ ਬਖਸ਼ਦਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥੨॥[62]

ਜਦੋਂ ਅਸੀਂ ਗੁਰਬਾਣੀ ਨਾਲ ਵਾਚਦੇ ਹਾਂ, ਤਾਂ ਇੱਕ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਭਗਤਾਂ ਨੇ ਸੱਚੀ ਪ੍ਰਭੂ ਭਗਤੀ ਦੁਆਰਾ ਉਸ 'ਬ੍ਰਹਮ' ਦੀ ਪ੍ਰਾਪਤੀ ਕਰ ਲਈ। ਭਗਤਾਂ ਦੀ ਇਸ ਪ੍ਰਾਪਤੀ ਦੇ ਸੰਕੇਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਅਨੇਕ ਥਾਈਂ ਮਿਲਦੇ ਹਨ। ਪਾਰਬ੍ਰਹਮ ਦੀ ਪ੍ਰਾਪਤੀ ਕਾਰਨ ਭਗਤਾਂ ਦਾ ਰੁਤਬਾ ਉੱਚਾ ਤੇ ਸਨਮਾਨਯੋਗ ਹੋ ਗਿਆ ਹੈ :

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਦ ਦਾਸ ਕੋ ਛੀਪਰੋ ਹੋ ਇਉ ਲਾਖੀਨਾ॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥

62 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੬

ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥

ਅਤੇ

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥[63]

– ਰਵਿਦਾਸੁ ਚਮਾਰ ਉਸਤਿਤ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥੨॥[64]

– ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋ ਗਏ ਚਮਰੇ॥[65]

ਕਬੀਰਿ ਧਿਆਇਓ ਏਕ ਰੰਗ॥

ਨਾਮਦੇਵ ਹਰਿ ਜੀਉ ਬਸਹਿ ਸੰਗਿ॥

– ਰਵਿਦਾਸ ਧਿਆਏ ਪ੍ਰਭ ਅਨੂਪ॥

ਗੁਰ ਨਾਨਕ ਦੇਵ ਗੋਵਿੰਦ ਰੂਪ॥[66]

– ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥

ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥[67]

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥[68]

ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਰੇਟਾ॥

ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ॥

ਜਿਉ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲੁ ਪਲੇਟਾ॥

---

63 ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭-੮੮

64 ਉਹੀ, ਪੰਨਾ ੭੩੩

65 ਉਹੀ, ਪੰਨਾ ੯੯੫

66 ਉਹੀ, ਪੰਨਾ ੧੧੯੨

67 ਉਹੀ, ਪੰਨਾ ੧੩੭੭.

68 ਉਹੀ ਪੰਨਾ ੧੩੯੦.

ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ
ਭਗਤ ਸਹੇਟਾ॥
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਬੇਟਾ॥
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ॥
ਲਗਾ ਪੁਰਬੁ ਅਭੀਚ ਨ ਡਿਠਾ ਚਲਿਤੁ ਅਚਰਜੁ ਅਮੇਟਾ॥
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ॥
ਭਜਨ ਜਨਾਂ ਹਰਿ ਮਾਂ ਪਿਉ ਬੇਟਾ॥[69]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਗਤ ਰਵਿਦਾਸ ਜੀ ਦੇ ਸਮਕਾਲੀਆਂ ਅਤੇ ਪਰਿਵਿਰਤੀਆਂ ਨੇ ਉਨ੍ਹਾਂ ਦੇ ਮਹਾਨ ਜੀਵਨ ਸੰਬੰਧੀ ਆਪਣੀ ਰਾਇ ਪ੍ਰਗਟ ਕੀਤੀ ਹੈ, ਜਿਸ ਤੋਂ ਇੱਕ ਗੱਲ ਸਾਡੇ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਪ੍ਰਭੂ ਭਗਤੀ ਕਾਰਨ ਉਨ੍ਹਾਂ ਨੂੰ ਸਿੱਖ ਪਰੰਪਰਾ ਵਿੱਚ ਬਹੁਤ ਹੀ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ।

ਭਗਤ ਰਵਿਦਾਸ ਜੀ ਨੇ ਕਿਰਤ ਕਰਨ ਤੇ ਨਾਮ ਜਪਣ ਦਾ ਸੰਕਲਪ ਪੇਸ਼ ਕਰਕੇ ਲੋਕਾਂ ਵਿੱਚ ਅਜਿਹੀ ਚੇਤਨਾ ਦੀ ਜਾਗ ਲਾ ਦਿੱਤੀ ਕਿ ਉਹ ਜਨਮ ਜਾਤ, ਧਰਮ ਅਤੇ ਸ਼੍ਰੇਣਿਕ ਸਮਾਜ ਦੇ ਬੰਧਨਾਂ ਤੋਂ ਭਉ-ਰਹਿਤ ਹੋ ਗਏ। ਮਨੁੱਖ ਵੱਲੋਂ ਨਿਰੰਤਰ ਕੀਤੇ ਜਾਂਦੇ ਸ਼ੁਭ ਕਰਮ ਤੇ ਸ਼ੁਭ ਅਮਲ ਉਸ ਨੂੰ 'ਭਗਤ' ਦੇ ਰੁਤਬੇ ਤੱਕ ਲੈ ਜਾਂਦੇ ਹਨ। ਨਾਮ-ਸਿਮਰਨ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ। ਜਿਸ ਕਿਸੇ ਵੀ ਕੁਲ ਵਿੱਚ ਪਰਮਾਤਮਾ ਦਾ ਭਗਤ ਜਨਮ ਪਏ, ਭਾਵੇਂ ਉਹ ਉੱਚੀ ਜਾਤ ਦਾ ਹੈ ਭਾਵੇਂ ਨੀਵੀਂ ਦਾ, ਭਾਵੇਂ ਉਹ ਗਰੀਬ ਹੈ ਭਾਵੇਂ ਅਮੀਰ, ਉਹ ਸੰਸਾਰ ਵਿੱਚ ਅਨੰਤ ਜੱਸ ਪ੍ਰਾਪਤ ਕਰਦਾ ਹੈ। ਭਾਵੇਂ ਕੋਈ ਬ੍ਰਾਹਮਣ ਹੋਵੇ, ਪਰਮਾਤਮਾ ਦੀ ਬੰਦਗੀ ਨਾਲ ਉਹ ਪਵਿੱਤਰ ਹੋ ਜਾਂਦਾ ਹੈ। ਉਹ ਸੰਸਾਰ ਰੂਪੀ ਸਮੁੰਦਰ ਤੋਂ ਆਪ ਹੀ ਨਹੀਂ ਤਰਦਾ ਆਪਣੀਆਂ ਦੋਵੇਂ ਕੁਲਾਂ ਵੀ ਤਾਰ ਦਿੰਦਾ ਹੈ। ਸੰਸਾਰ ਵਿੱਚ ਉਹ ਪਿੰਡ, ਉਹ ਥਾਂ ਧੰਨ ਹੈ, ਉਹ ਪਵਿੱਤਰ ਕੁਲ ਚੰਗੇ ਭਾਗਾਂ ਵਾਲੀ ਹੈ, ਜਿਸ ਵਿੱਚ ਜਨਮ ਲੈ ਕੇ ਕਿਸੇ ਵਿਅਕਤੀ ਨੇ ਪਰਮਾਤਮਾ ਦੇ ਨਾਮ ਦਾ ਉਤਮ ਰਸ ਪੀਤਾ, ਪਰਮਾਤਮਾ ਦੇ ਨਾਮ-ਰਸ ਵਿੱਚ ਲੀਨ ਹੋ ਕੇ ਵਿਕਾਰ-ਵਾਸ਼ਨਾ ਦੀ ਜ਼ਹਿਰ ਦਾ ਆਪਣੇ ਅੰਦਰੋਂ

69 ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੭.

ਨਾਸ਼ ਕੀਤਾ। ਪ੍ਰਭੂ ਭਗਤਾਂ ਦਾ ਜੰਮਣਾ ਹੀ ਸੰਸਾਰ ਵਿੱਚ ਮੁਬਾਰਕਵਾਦ ਵਾਲੀ ਗੱਲ ਹੈ। ਉਹ ਪਰਮਾਤਮਾ ਦੀ ਸ਼ਰਨ ਵਿੱਚ ਰਹਿੰਦੇ ਹਨ, ਜਿਵੇਂ ਦੁਪੱਤੀ ਪਾਣੀ ਦੇ ਨੇੜੇ ਰਹਿ ਕੇ ਹਰੀ ਰਹਿੰਦੀ ਹੈ :

ਜਿਹ ਕੁਲ ਸਾਧ ਬੈਸਨੌ ਹੋਇ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ॥
ਜਾਨੀਐ ਜਗਿ ਸੋਇ॥੧॥ਰਹਾਉ॥
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥[70]

ਭਗਤ ਰਵਿਦਾਸ ਜੀ ਪ੍ਰਭੂ ਪ੍ਰੇਮ ਦੀ ਅਵਸਥਾ ਤੇ ਪਹੁੰਚ ਕੇ ਪਰਮਾਤਮਾ ਨਾਲ ਇਕਸੁਰ ਹੋ ਜਾਂਦੇ ਹਨ। ਇਸ ਅਵਸਥਾ ਦੀ ਪ੍ਰਾਪਤੀ ਉਪਰੰਤ ਰਵਿਦਾਸ ਜੀ ਜੋ ਬਾਣੀ ਰਚਦੇ ਹਨ, ਇਸ ਵਿੱਚ ਨਿਰਮਾਣਤਾ ਹੈ। ਸਾਰੇ ਵਿਤਕਰੇ ਤਾਂ 'ਹਉ' ਕਾਰਨ ਹੀ ਹਨ। ਜਿੰਨਾ ਚਿਰ ਜੀਵਾਂ ਅੰਦਰ ਹਉਮੈ ਰਹਿੰਦੀ ਹੈ, ਉਨਾ ਚਿਰ ਉਹ ਆਪਣੇ ਆਪ ਨੂੰ ਵੱਖਰੀ ਹਸਤੀ ਹੀ ਖਿਆਲ ਕਰਦਾ ਹੈ, ਪਰੰਤੂ ਪਰਮਾਤਮਾ ਦੇ ਪ੍ਰਤੱਖ ਹੋਣ ਨਾਲ 'ਮੈਂ' ਜਾਂ ਹਉਮੈ ਦੀ ਭਾਵਨਾ ਦੂਰ ਹੋ ਜਾਂਦੀ ਹੈ। ਜਿਵੇਂ ਸਮੁੰਦਰ 'ਚੋਂ ਉੱਠੀਆਂ ਲਹਿਰਾਂ ਅੰਤ ਸਮੁੰਦਰ ਵਿੱਚ ਹੀ ਸਮਾ ਜਾਂਦੀਆਂ ਹਨ। ਇਹ ਸਾਰੇ ਜੀਅ-ਜੰਤ ਉਸ ਦਾ ਹੀ ਵਿਕਾਸ ਹੈ। ਅਸੀਂ ਭੁਲੇਖੇ ਸਮਝੀ ਬੈਠੇ ਹਾਂ ਕਿ ਜਗਤ ਪਰਮਾਤਮਾ ਨਾਲੋਂ ਕੋਈ ਵੱਖਰੀ ਹਸਤੀ ਹੈ, ਜੋ ਠੀਕ ਨਹੀਂ ਹੈ।

ਜਬ ਹਮ ਹੋਤੇ ਤਬ ਤੂ ਨਾਂਹੀ ਅਬ ਤੂਹੀ ਮੈ ਨਾਹੀ॥

70 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੮.

ਅਨਲ ਅਗਮ ਜੈਸੇ ਲਹਿਰ ਮਇ ਓਦਧਿ ਜਲ ਕੇਵਲ ਜਲ ਮਾਂਹੀ॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥[71]

ਹੇ ਮਾਧੋ! ਜੇ ਤੂੰ ਸੋਹਣਾ ਪਹਾੜ ਬਣੇ ਤਾਂ ਮੈਂ ਤੇਰਾ ਮੋਰ ਬਣਾਂਗਾ। ਜੇ ਤੂੰ ਚੰਦ ਬਣੇ, ਤਾਂ ਮੈਂ ਤੇਰਾ ਚਕੋਰ ਬਣਾਂਗਾ। ਜੇ ਤੂੰ ਮੇਰੇ ਨਾਲੋਂ ਪਿਆਰ ਨਾ ਤੋੜੇ ਤਾਂ, ਮੈਂ ਵੀ ਨਹੀਂ ਤੋੜਾਂਗਾ। ਤੇਰੇ ਵਰਗਾ ਕੋਈ ਹੈ ਹੀ ਨਹੀਂ, ਜਿਸ ਨਾਲ ਪ੍ਰੀਤ ਜੋੜਾਂ। ਜੇ ਤੂੰ ਸੋਹਣਾ ਦੀਵਾ ਬਣੇ, ਤਾਂ ਮੈਂ ਤੇਰੀ ਬੱਤੀ ਬਣ ਜਾਵਾਂ। ਜੇ ਤੂੰ ਤੀਰਕ ਬਣੇ ਤਾਂ ਮੈਂ ਤੇਰਾ ਦਰਸ਼ਨ ਕਰਨ ਲਈ ਯਾਤਰੂ ਬਣ ਜਾਵਾਂ। ਹੋਰ ਸਭਨਾਂ ਨਾਲੋਂ ਤੋੜ ਕੇ ਮੈਂ ਤਾਂ ਤੇਰੇ ਨਾਲ ਪੱਕੀ ਪ੍ਰੀਤ ਪਾ ਲਈ ਹੈ :

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥
ਮਾਧਵੇ ਤੁਮ ਨਾ ਤੋਰਹੁ ਤਉ ਹਮ ਨਹੀ ਤੋਰਹਿ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੨॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥
ਜਉ ਤੁਮ ਤੀਰਥ ਤਉ ਹਮ ਜਾਤੀ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥[72]

ਪਰਮਾਤਮਾ ਨੂੰ ਪਾਉਣ ਲਈ ਮਨ ਦੀ ਸ਼ੁੱਧਤਾ ਜ਼ਰੂਰੀ ਹੈ। ਭੇਖ, ਬਾਹਰੀ ਵਿਖਾਵੇ ਜਾਂ ਕਰਮ-ਕਾਂਡ ਲਈ ਇੱਥੇ ਕੋਈ ਥਾਂ ਨਹੀਂ ਹੈ। ਮਿਹਰਵਾਨ ਪਰਮਾਤਮਾ ਤਾਂ ਭਗਤ ਅੰਦਰ ਇਨ੍ਹਾਂ ਭਾਵਾਂ ਦਾ ਸੰਚਾਰ ਕਰਨ ਦੀ ਸਮਰੱਥਾ ਰੱਖਦਾ ਹੈ, ਜਿੱਥੇ ਭਗਤ ਨੂੰ 'ਸਮ ਦਲ' ਦੀ ਸੋਝੀ ਹੋ ਜਾਂਦੀ ਹੈ। ਭਗਤ ਰਵਿਦਾਸ ਜੀ ਅਨੁਸਾਰ ਤੇਰੇ, ਮੇਰੇ ਅਤੇ ਮੇਰੇ ਤੇਰੇ ਵਿੱਚ ਉਸ ਤਰ੍ਹਾਂ ਹੈ, ਜਿਵੇਂ ਸੋਨੇ ਅਤੇ ਸੋਨੇ ਤੋਂ ਬਣੇ ਕੜੇ ਜਾਂ ਜਲ ਅਤੇ ਉਸ 'ਚੋਂ ਉੱਠੀ ਤਰੰਗ ਵਿੱਚ ਹੈ। ਹੇ ਪਰਮਾਤਮਾ! ਤੇਰੇ ਵਿੱਚ ਪਾਪੀਆਂ ਨੂੰ ਪਵਿੱਤਰ ਕਰਨ ਦੀ ਸਮਰੱਥਾ ਹੈ। ਹੇ ਪਰਮਾਤਮਾ! ਤੁਸੀਂ ਸ਼ਿਰੋਮਣੀ ਹੋ ਅਤੇ

---

71 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੭

72 ਉਹੀ, ਪੰਨਾ ੬੫੮.

ਸਭ ਕੁਝ ਜਾਨਣਹਾਰ ਹੋ। ਮੇਰੇ ਤੇ ਰਹਿਮਤ ਕਰੋ ਕਿ ਇਹ ਸਰੀਰ ਤੁਹਾਡੀ ਅਰਾਧਨਾ ਵਿੱਚ ਲੱਗ ਜਾਵੇ ਅਤੇ ਕੋਈ ਅਜਿਹਾ ਸੱਜਣ ਮਿਲੇ, ਜੋ ਅਨੇਕਤਾ ਵਿੱਚ ਏਕਤਾ ਦਰਸਾ ਦੇਵੇ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥੧॥ਰਹਾਉ॥
ਤੁਮ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ ਕੋਊ॥ [73]

ਉਕਤ ਵਿਵੇਚਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦਾ ਅਦਭੁਤ ਵਿਅਕਤਿਤਵ ਸਮਾਜ ਲਈ ਬਹੁਤ ਵੱਡਾ ਮਾਨਵਵਾਦੀ ਸੰਦੇਸ਼ ਹੈ। ਉਨ੍ਹਾਂ ਨੇ ਭਗਤੀ ਭਾਵਨਾ ਭਰੇ ਉੱਚੇ ਜੀਵਨ ਅਤੇ ਸੱਚੀ ਸੁੱਚੀ ਬਾਣੀ ਕਾਰਨ ਆਪਣੇ ਸਮਕਾਲੀ ਸਮਾਜ ਵਿੱਚ ਹੌਲੀ-ਹੌਲੀ ਚੰਗੀ ਪ੍ਰਤਿਸ਼ਠਾ ਹਾਸਿਲ ਕੀਤੀ। ਭਗਤ ਰਵਿਦਾਸ ਜੀ ਬੇਹੱਦ ਮਾੜੇ ਹਾਲਾਤਾਂ ਵਿੱਚ ਪੈਦਾ ਹੋ ਕੇ ਵੀ ਨਿਰਭੈ, ਨਿਰਵੈਰ ਤੇ ਸਿਹਤਮੰਦ ਸ਼ਖਸੀਅਤ ਵਜੋਂ ਉਭਰੇ। ਉਹ ਨਿਰਭੈ, ਨਿਰਵੈਰ, ਮਾਨਵਵਾਦੀ ਵਿਚਾਰਾਂ ਵਾਲੀ ਸੋਚ ਰੱਖ ਕੇ ਇੱਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦਾ ਭੈ ਨਹੀਂ ਸਨ ਮੰਨਦੇ। ਉਹ ਸਾਰੀ ਮਾਨਵਜਾਤੀ ਵਿੱਚ ਸਮਾਨਤਾ ਤੇ ਪਰਸਪਰ ਪ੍ਰੇਮ ਪਿਆਰ ਦਾ ਮਾਹੌਲ ਚਾਹੁੰਦੇ ਸਨ। ਬਾਣੀਕਾਰ ਵਜੋਂ ਭਗਤ ਰਵਿਦਾਸ ਜੀ ਮਨੁੱਖੀ ਨੈਤਿਕ ਵਿਵਹਾਰ ਨੂੰ ਇਸੇ ਵਿਉਂਤ ਅਨੁਸਾਰ ਉਸਾਰਦੇ ਹਨ ਕਿ ਵਿਅਕਤੀਗਤ ਪੱਧਰ ਉਤੇ ਮੰਦ ਬਿਰਤੀਆਂ 'ਤੇ ਕਾਬੂ ਪਾ ਕੇ ਮਨੁੱਖ ਪਰਮਾਤਮਾ ਦੇ ਮਾਰਗ 'ਤੇ ਅਗਰਸਰ ਹੋ ਸਕਦਾ ਹੈ। ਇਸ ਲਈ ਧਰਮ ਭਾਵਨਾ ਸਹਿਤ ਸਦਾਚਾਰਕ ਕੀਮਤਾਂ ਦਾ ਅਭਿਆਸ ਅਤਿ ਜ਼ਰੂਰੀ ਹੈ, ਜਿਸ ਨਾਲ ਉਸ ਨੂੰ ਸੁੱਖ-ਸ਼ਾਂਤੀ ਪ੍ਰਾਪਤ ਹੁੰਦੀ ਹੈ, ਸਮਾਜ ਦੀ ਭਲਾਈ ਨਿਸ਼ਚਿਤ ਹੁੰਦੀ ਹੈ, ਕੌਮੀ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਇਹੋ ਜਿਹੇ ਸ਼ੁਭ ਗੁਣਾਂ ਦਾ ਸੋਮਾ ਉਹ ਪਰਮਾਤਮਾ ਸ਼ਕਤੀ ਦੱਸਦੇ ਹਨ ਜੋ ਗਰੀਬ ਨਿਵਾਜ਼

73 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩.

ਹੈ, ਦਿਆਲ ਹੈ, ਮਾਨਵਤਾ ਦਾ ਆਧਾਰ ਸਰੂਪ, ਨਾਇਕ ਠਾਕਰ, ਬਾਜੀਗਰ, ਮੁਕੰਦ, ਮੁਗਰ ਅਤੇ ਸੁੱਖ ਸਾਗਰ ਹੈ। ਭਗਤ ਰਵਿਦਾਸ ਜੀ ਦੇ ਵਿਹਾਰਕ ਜੀਵਨ ਦੀ ਸਭ ਤੋਂ ਡੂੰਘੀ ਵਿਸ਼ੇਸ਼ਤਾ ਆਪਦਾ ਸੰਨਿਆਸ ਦੀ ਥਾਂ ਗ੍ਰਹਿਸਥ ਅਤੇ ਨਿਵਿਰਤੀ ਦੀ ਥਾਂ ਪ੍ਰਵਿਰਤੀ-ਮਾਰਗ ਦਾ ਅਨੁਰਾਗੀ ਹੋਣਾ ਹੈ। ਆਪ ਨੇ ਗ੍ਰਹਿਸਥ ਜੀਵਨ ਵਿੱਚ ਰਹਿੰਦੇ ਹੋਏ ਕਰਮ-ਕਾਂਡਾਂ ਦੀ ਨਿਖੇਧੀ ਕਰਕੇ ਸੱਚੀ-ਸੁੱਚੀ ਭਗਤੀ ਦੀ ਪ੍ਰਤਿਸ਼ਠਾ ਕੀਤੀ।

ਭਗਤ ਰਵਿਦਾਸ ਜੀ ਨੇ ਅਜਿਹੇ ਆਦਰਸ਼ਕ ਸਮਾਜ ਦਾ ਨਿਰਮਾਣ ਕਰਨ ਦੀ ਪ੍ਰੇਰਨਾ ਤੇ ਸ਼ਕਤੀ ਪ੍ਰਦਾਨ ਕੀਤੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਵਿਅਕਤਿਤਵ ਦੇ ਵਿਸ਼ੇਸ਼ ਗੁਣ ਜਾਤ-ਪਾਤ, ਸੰਪਰਦਾਇਕਤਾ, ਭੇਖ, ਦੰਭ, ਅਗਿਆਨ, ਗਰੀਬੀ ਤੇ ਕਿਸੇ ਕਿਸਮ ਦੇ ਸ਼ੋਸ਼ਣ ਨੂੰ ਕੋਈ ਥਾਂ ਨਾ ਮਿਲ ਸਕੇ ਸਗੋਂ ਲੋਕਾਂ ਵਿੱਚ ਭਾਈਚਾਰਕ ਏਕਤਾ, ਮਿਲਾਪ, ਦਇਆ, ਖਿਮਾ, ਸੰਤੋਖ, ਨਿਡਰਤਾ, ਤਰਸ, ਸੇਵਾ, ਸਿਮਰਨ, ਸੱਚਾਈ, ਪਿਆਰ ਤੇ ਪਰਉਪਕਾਰ ਆਦਿ ਗੁਣਾਂ ਨਾਲ ਭਰਪੂਰ ਹੋਣਾ ਸਿਖਾਇਆ। ਭਗਤ ਰਵਿਦਾਸ ਜੀ ਨੇ ਇੱਕ ਕ੍ਰਿਆਸ਼ੀਲ ਮਾਨਵੀ ਸਮਾਜ ਦੀ ਸਿਰਜਨਾ ਕਰਕੇ ਭਾਰਤੀ ਜਨਤਾ ਸਾਹਮਣੇ ਆਪਣੀ ਕਲਿਆਣਕਾਰੀ ਨੀਤੀ ਦਾ ਪ੍ਰਗਟਾਵਾ ਕੀਤਾ ਹੈ। ਸੋ, ਭਗਤ ਰਵਿਦਾਸ ਜੀ ਨੈ ਗ੍ਰਹਿਸਥ ਜੀਵਨ ਵਿੱਚ ਵਿਚਰਦਿਆਂ ਸਮਕਾਲੀ ਸਮਾਜ ਦੀ ਹਰ ਪਾਸਿਉਂ ਹੋ ਰਹੀ ਅਧੋਗਤੀ ਨੂੰ ਵੇਖਿਆ ਤੇ ਟੁੱਟ ਰਹੀ ਜਨ ਸਾਧਾਰਨ ਨੂੰ ਆਪਣੀ ਅਧਿਆਤਮਿਕ ਦ੍ਰਿਸ਼ਟੀ ਤੋਂ ਸਹਾਰਾ ਦੇ ਕੇ ਜੀਵਨ ਸੰਘਰਸ਼ ਨਾਲ ਜੋੜਨ ਦਾ ਸਫ਼ਲ ਯਤਨ ਕੀਤਾ ਹੈ।

# ਅਧਿਆਇ – ਤੀਜਾ

## ਭਗਤ ਰਵਿਦਾਸ ਬਾਣੀ : ਸਮਾਜਿਕ ਤੱਤ

ਸਮਾਜ ਵਿਅਕਤੀਆਂ ਦਾ ਅਜਿਹਾ ਸੰਗਠਨ ਹੈ ਜਿਸ ਵਿੱਚ ਨਿਸ਼ਚਿਤ ਸੰਬੰਧ ਅਤੇ ਵਿਸ਼ਿਸ਼ਟ ਵਿਵਹਾਰ ਰਾਹੀਂ ਮਨੁੱਖ ਇੱਕ ਦੂਜੇ ਨਾਲ ਬੰਨ੍ਹੇ ਰਹਿੰਦੇ ਹਨ। ਵਿਅਕਤੀਆਂ ਦੀ ਇਹ ਸੰਗਠਿਤ ਵਿਵਸਥਾ ਵਿਭਿੰਨ ਕਾਰਜਾਂ ਲਈ ਭਿੰਨ-ਭਿੰਨ ਮਾਪਦੰਡਾਂ ਨੂੰ ਵਿਕਸਿਤ ਕਰਦੀ ਹੈ ਜਿਨ੍ਹਾਂ ਵਿੱਚ ਕੁਝ ਵਿਵਹਾਰ ਅਨੁਮਤ ਅਤੇ ਕੁਝ ਨਿਸ਼ਿੱਧ ਹੁੰਦੇ ਹਨ। ਸਮਾਜ ਵਿਅਕਤੀਆਂ ਦੇ ਪਰਸਪਰ ਸੰਬੰਧਾਂ ਦੀ ਇੱਕ ਵਿਵਸਥਾ ਹੈ, ਇਸ ਲਈ ਇਸ ਦਾ ਕੋਈ ਮੂਰਤ ਸਰੂਪ ਨਹੀਂ ਹੁੰਦਾ ਹੈ। ਸਮਾਜ ਵਿਅਕਤੀਆਂ ਦਾ ਸਮੁੱਚ ਹੈ, ਜਿਹੜਾ ਵਿਭਿੰਨ ਮਨੋਰਥਾਂ ਦੀ ਪ੍ਰਾਪਤੀ ਲਈ ਵੱਖ-ਵੱਖ ਸਮੂਹਾਂ ਵਿੱਚ ਵੰਡਿਆ ਹੁੰਦਾ ਹੈ। ਇਸ ਲਈ ਮਾਨਵ-ਮਨ ਅਤੇ ਸਮੂਹ-ਮਨ ਦੀ ਗਤੀਸ਼ੀਲਤਾ ਸਮਾਜ ਨੂੰ ਨਿਰੰਤਰ ਪ੍ਰਭਾਵਿਤ ਕਰਦੀ ਰਹਿੰਦੀ ਹੈ, ਜਿਸ ਕਰਕੇ ਸਮਾਜ ਪਰਿਵਰਤਨਸ਼ੀਲ ਹੈ। ਉਸ ਦੀ ਇਹ ਗਤੀਸ਼ੀਲਤਾ ਹੀ ਉਸ ਦੇ ਵਿਕਾਸ ਦਾ ਮੂਲ ਹੈ। ਸਮਾਜਿਕ ਵਿਕਾਸ, ਪਰਿਵਰਤਨ ਦੀ ਇੱਕ ਚਿਰ-ਕਾਲੀਨ ਪ੍ਰਕ੍ਰਿਆ ਹੈ, ਜੋ ਸਮਾਜ ਦੇ ਵਿਅਕਤੀਆਂ ਦੀਆਂ ਆਕਾਂਖਿਆਵਾਂ ਅਤੇ ਪੁਨਰ-ਨਿਰਧਾਰਿਤ ਮਨੋਰਥਾਂ ਦੀ ਪ੍ਰਾਪਤੀ ਦੀ ਦਿਸ਼ਾ ਵਿੱਚ ਤਤਪਰ ਰਹਿੰਦੀ ਹੈ।[1]

ਸਮਾਜ ਵਿਅਕਤੀਆਂ ਦੇ ਪਰਸਪਰ ਸੰਬੰਧਾਂ ਦੀ ਇੱਕ ਵਿਵਸਥਾ ਹੈ, ਇਸ ਲਈ ਇਸ ਦਾ ਕੋਈ ਮੂਰਤ ਸਰੂਪ ਨਹੀਂ ਹੁੰਦਾ ਹੈ।[2]

'ਸਮਾਜ' ਵਿਅਕਤੀਆਂ ਦਾ ਸਮੁੱਚ ਹੈ, ਜਿਹੜਾ ਵਿਭਿੰਨ ਮਨੋਰਥਾਂ ਦੀ ਪ੍ਰਾਪਤੀ ਲਈ ਵੱਖ-ਵੱਖ ਸਮੂਹਾਂ ਵਿੱਚ ਵੰਡਿਆ ਹੁੰਦਾ ਹੈ। ਇਸ ਲਈ ਮਾਨਵ-ਮਨ ਅਤੇ ਸਮੂਹ-ਮਨ ਦੀ ਗਤੀਸ਼ੀਲਤਾ ਸਮਾਜ ਨੂੰ ਨਿਰੰਤਰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਜਿਸ ਕਰਕੇ ਸਮਾਜ ਪਰਿਵਰਤਨਸ਼ੀਲ ਹੈ। ਉਸ ਦੀ ਇਹ ਗਤੀਸ਼ੀਲਤਾ ਹੀ ਉਸ ਦੇ ਵਿਕਾਸ ਦਾ ਮੂਲ ਹੈ। ਸਮਾਜਿਕ ਵਿਕਾਸ, ਪਰਿਵਰਤਨ ਦੀ ਇੱਕ ਚਿਰ- ਕਾਲੀਨ ਪ੍ਰਕ੍ਰਿਆ ਹੈ ਜੋ ਸਮਾਜ ਦੇ ਵਿਅਕਤੀਆਂ ਦੀਆਂ

1 ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 159
2 ਉਹੀ

ਆਕਾਂਖਿਆਵਾਂ ਅਤੇ ਪੁਨਰ-ਨਿਰਧਾਰਿਤ ਲਕਸ਼ਾਂ ਮਨੋਰਥਾਂ ਦੀ ਪ੍ਰਾਪਤੀ ਦੀ ਦਿਸ਼ਾ ਵਿਚ ਤਤਪਰ ਰਹਿੰਦੀ ਹੈ।[3]

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀ ਜਨਤਾ ਮੁੱਖ ਤੌਰ ਤੇ ਦੋ ਸਮਾਜਿਕ ਖੰਡਾਂ ਵਿੱਚ ਵੰਡੀ ਹੋਈ ਸੀ, ਇੱਕ ਹਿੰਦੂ ਅਤੇ ਦੂਜਾ ਮੁਸਲਮਾਨ। ਇਸ ਵਿੱਚ ਕੋਈ ਸੰਦੇਹ ਨਹੀਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਬਾਣੀਕਾਰਾਂ ਨੇ ਮੁਸਲਮਾਨਾਂ ਦੀ ਸਮਾਜਿਕ ਸਥਿਤੀ ਉਤੇ ਪ੍ਰਕਾਸ਼ ਪਾਇਆ ਹੈ, ਪਰ ਉਨ੍ਹਾਂ ਦਾ ਅਧਿਕ ਸਰੋਕਾਰ ਹਿੰਦੂ-ਸਮਾਜ ਨਾਲ ਹੀ ਰਿਹਾ ਸੀ। ਉਨ੍ਹਾਂ ਦੀ ਤਿੱਖੀ ਨਜ਼ਰ ਤੋਂ ਸਮਾਜ ਦਾ ਕੋਈ ਪੱਖ ਬਚ ਨਹੀਂ ਸਕਿਆ। ਉਨ੍ਹਾਂ ਦੀ ਸਮਾਜਿਕ ਪੜਚੋਲ ਬੜੀ ਵਿਸਤ੍ਰਿਤ ਅਤੇ ਵਿਆਪਕ ਸੀ। ਇੱਕ ਗੱਲ ਬੜੀ ਸਪੱਸ਼ਟ ਹੈ ਕਿ ਇਹ ਬਾਣੀਕਾਰ ਨਿਰੇ-ਪੁਰੇ ਸਮਾਜ-ਸੁਧਾਰਕ ਨਹੀਂ ਸਨ। ਇਹ ਤਾਂ ਅਸਲੋਂ ਮਨੁੱਖਤਾ ਦੇ ਅਧਿਆਤਮਿਕ ਕਲਿਆਣ ਵਿੱਚ ਜੁਟੇ ਹੋਏ ਸਨ, ਇਸੇ ਲਈ ਉਨ੍ਹਾਂ ਨੂੰ ਸਮਾਜ ਵਿੱਚ ਪਸਰੀਆਂ ਕੁਰੀਤੀਆਂ ਨੂੰ ਸੁਧਾਰਨ ਲਈ ਉਪਦੇਸ਼ ਕਰਨੇ ਪਏ, ਕਿਉਂਕਿ ਧਰਮ ਅਤੇ ਸਮਾਜ ਇੱਕ ਦੂਜੇ ਉਤੇ ਆਧਾਰਿਤ ਹਨ। ਇਸ ਲਈ ਸਮਾਜ ਨੂੰ ਧਰਮ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮੁਸਲਮਾਨਾਂ ਦੀ ਧਾਰਮਿਕ ਸੰਕੀਰਣਤਾ ਨੇ ਸਮਾਜਿਕ ਸੰਕੀਰਣਤਾ ਨੂੰ ਜਨਮ ਦਿੱਤਾ ਸੀ। ਹੱਥਲੇ ਅਧਿਆਏ ਵਿੱਚ ਅਸੀਂ ਭਗਤ ਰਵਿਦਾਸ ਜੀ ਦੀ ਬਾਣੀ ਵਿਚਲੇ ਸਮਾਜਿਕ ਤੱਤ ਪੜਚੋਲਣ ਦਾ ਯਤਨ ਕਰ ਰਹੇ ਹਾਂ, ਜਿਹੜੇ ਕਿ ਸਮਾਜ ਨੂੰ ਨਿਰੰਤਰ ਪ੍ਰਭਾਵਿਤ ਕਰਦੇ ਆ ਰਹੇ ਹਨ।

ਭਗਤ ਰਵਿਦਾਸ ਬਾਣੀ ਦਾ ਮੁੱਖ ਤੇ ਪ੍ਰਮਾਣਿਕ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦਾ ਸੰਕਲਨ ਸੰਮਤ 1661/1604 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੇ ਕੁੱਲ 40 ਸ਼ਬਦ ਦਰਜ ਹਨ। ਇਨ੍ਹਾਂ ਸ਼ਬਦਾਂ ਦੇ ਅਧਿਐਨ ਰਾਹੀਂ ਆਪ ਜੀ ਦੀ ਅਧਿਆਤਮਕ ਵਿਚਾਰਧਾਰਾ ਅਤੇ ਭਗਤੀ ਭਾਵਨਾ ਬਾਰੇ ਬਾ-ਖੂਬੀ ਗਿਆਨ ਪ੍ਰਾਪਤ ਹੁੰਦਾ ਹੈ। ਭਗਤ ਰਵਿਦਾਸ ਜੀ ਦੀ ਬਾਣੀ ਦਾ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਭਗਤ ਰਵਿਦਾਸ ਜੀ ਦੀ ਸ਼ਖਸੀਅਤ ਉਤੇ ਸਮੇਂ ਦੇ ਧਾਰਮਿਕ, ਦਾਰਸ਼ਨਿਕ, ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਵਾਤਾਵਰਣ ਨੇ ਬੜਾ ਡੂੰਘਾ ਅਸਰ ਪਾਇਆ।

---

3 ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 159

## ਭਗਤ ਰਵਿਦਾਸ ਜੀ ਅਤੇ ਸਮਾਜ

ਬਹੁਤ ਸਿਆਣੇ ਲੋਕਾਂ ਦਾ ਵਿਚਾਰ ਹੈ ਕਿ ਹਰ ਮਹਾਨ ਪੁਰਸ਼ ਆਪਣੇ ਸਮੇਂ ਦੇ ਪ੍ਰਚਲਿਤ ਵਿਚਾਰਾਂ ਦਾ ਨਤੀਜਾ ਹੁੰਦਾ ਹੈ। ਇਸ ਦਾ ਇਹ ਭਾਵ ਨਹੀਂ ਕਿ ਉਹ ਉਨ੍ਹਾਂ ਵਿਚਾਰਾਂ ਦੀ ਹਮਾਇਤ ਹੀ ਕਰਦਾ ਰਹਿੰਦਾ ਹੈ, ਸਗੋਂ ਮਹਾਨਤਾ ਤਾਂ ਇਸ ਵਿੱਚ ਹੈ ਕਿ ਜਿਨ੍ਹਾਂ ਗੱਲਾਂ ਨੂੰ ਸਾਰੀ ਦੁਨੀਆਂ ਅੰਧਾ-ਧੁੰਦ ਮੰਨੀ ਜਾਂਦੀ ਹੈ, ਉਨ੍ਹਾਂ ਵਿੱਚੋਂ ਜੋ ਸਮਾਜ ਲਈ ਹਾਨੀਕਾਰਕ ਹਨ, ਜਾਂ ਮਨੁੱਖਤਾ

ਲਈ ਨੁਕਸਾਨ ਕਰਨ ਵਾਲੀਆਂ ਹਨ, ਉਨ੍ਹਾਂ ਵਿਰੁੱਧ ਬੋਲਣ ਦਾ ਵੀ ਉਹ ਹੌਸਲਾ ਕਰੇ। ਇਸੇ ਲਈ ਜੇ ਅਸੀਂ ਪਹਿਲਾਂ ਇਹ ਵੇਖ ਲਈਏ ਕਿ ਉਸ ਸਮੇਂ ਦੇ ਸਮਾਜ ਵਿੱਚ ਕੀ ਕਮਜ਼ੋਰੀਆਂ ਸਨ, ਤਾਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਵੇਲੇ ਦੇ ਮਹਾਨ ਵਿਅਕਤੀ ਉਨ੍ਹਾਂ ਕਮਜ਼ੋਰੀਆਂ ਦੇ ਵਿਰੁੱਧ ਬੋਲਣ ਦਾ ਉਹ ਆਪ ਹੌਸਲਾ ਕਰਦੇ ਹਨ। ਇਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਕਈ ਵਾਰ ਆਪ ਕਈ ਤਕਲੀਫਾਂ ਲੋਕਾਂ ਦੇ ਵਿਰੋਧ ਕਰਕੇ ਸਹਿਣੀਆਂ ਪੈਂਦੀਆਂ ਹਨ। ਇਹੋ ਦੁੱਖ ਤਕਲੀਫਾਂ ਦਾ ਸਾਹਮਣਾ ਭਗਤ ਰਵਿਦਾਸ ਜੀ ਨੂੰ ਵੀ ਕਰਨਾ ਪਿਆ ਅਤੇ ਇਹੋ ਹੀ ਅਸੀਂ ਗੁਰੂ ਨਾਨਕ ਸਾਹਿਬ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਵਿੱਚ ਉਸੇ ਤਰ੍ਹਾਂ ਵੇਖ ਸਕਦੇ ਹਾਂ, ਜਿਵੇਂ ਅਸੀਂ ਇਹ ਗੱਲ ਮਹਾਤਮਾ ਗਾਂਧੀ ਜਾਂ ਹੋਰ ਕਿਸੇ ਮਹਾਨ ਵਿਅਕਤੀ ਦੇ ਸੰਬੰਧ ਵਿੱਚ ਅੱਜ ਵੀ ਵੇਖਦੇ ਹਾਂ।

ਭਗਤ ਰਵਿਦਾਸ ਜੀ ਬਨਾਰਸ ਜਾਂ ਕਾਸ਼ੀ ਵਿੱਚ ਹੋਏ ਪਰ ਇਨ੍ਹਾਂ ਦਾ ਸਮਾਂ ਲਗਭਗ ਉਹੀ ਸੀ, ਜੋ ਪੰਜਾਬ ਵਿੱਚ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ। ਸਾਨੂੰ ਇਨ੍ਹਾਂ ਮਹਾਨ ਵਿਅਕਤੀਆਂ ਵਿੱਚ ਵੀ ਅਨੇਕਾਂ ਖਿਆਲ ਸਾਂਝੇ ਮਿਲਦੇ ਹਨ ਅਤੇ ਇਹੀ ਉੱਚੇ ਵਿਚਾਰ ਉਨ੍ਹਾਂ ਦੀ ਵੱਡੀ ਸਮਾਜ ਨੂੰ ਦੇਣ ਹੈ।

ਸ.ਸ. ਅਮੋਲ ਜੀ ਦਾ ਕਥਨ ਹੈ ਕਿ, "ਅਸੀਂ ਕੋਈ ਮੁਕਾਬਲਾ ਨਹੀਂ ਕਰਨਾ, ਸਿਰਫ਼ ਵੇਖਣਾ ਹੈ ਕਿ ਭਗਤ-ਰਵਿਦਾਸ ਜੀ ਨੇ ਸਮਾਜ ਦੇ ਭਲੇ ਨੂੰ ਸੋਚਦਿਆਂ ਹੋਇਆਂ ਇਸ ਨੂੰ ਕੀ ਸੇਧ ਦਿੱਤੀ। ਇਹੀ ਭਗਤਾਂ, ਮਹਾਤਮਾ, ਸੁਧਾਰਕਾਂ, ਗੁਰੂਆਂ, ਪੀਰਾਂ, ਲੇਖਕਾਂ, ਕਵੀਆਂ ਅਤੇ ਨੇਤਾਵਾਂ ਦੀ ਸਮਾਜ ਨੂੰ ਦੇਣ ਹੁੰਦੀ ਹੈ। ਜੋ ਵਿਚਾਰ ਸਮਾਜ ਵਿੱਚ ਇਹੋ ਜਿਹੇ ਮਹਾਨ ਵਿਅਕਤੀ ਪੈਦਾ ਕਰ

ਜਾਂਦੇ ਹਨ, ਉਨ੍ਹਾਂ ਦੇ ਅਸਰ ਨਾਲ ਹੀ ਹੌਲੀ-ਹੌਲੀ ਸਮਾਜ ਬਦਲਣ ਲੱਗਦਾ ਹੈ ਤੇ ਫੇਰ ਚੰਗਾ ਹੋ ਜਾਂਦਾ ਹੈ।"[4]

ਭਗਤ ਰਵਿਦਾਸ ਜੀ ਦੀ ਬਾਣੀ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹੈ ਤੇ ਕੁਝ ਹੋਰ ਪੋਥੀਆਂ ਵਿੱਚ ਵੀ ਪ੍ਰਾਪਤ ਹੈ, ਤੋਂ ਉਨ੍ਹਾਂ ਦੇ ਅਨੇਕਾਂ ਹੀ ਖਿਆਲਾਂ, ਵਿਚਾਰਾਂ ਤੇ ਉਪਦੇਸ਼ਾਂ ਦਾ ਪਤਾ ਲੱਗਦਾ ਹੈ। ਸਭ ਤੋਂ ਵੱਡੀ ਗੱਲ ਜੋ ਸਾਡੇ ਸਾਹਮਣੇ ਆਉਂਦੀ ਹੈ, ਉਹ ਇਹੋ ਹੀ ਹੈ ਕਿ ਉਨ੍ਹਾਂ ਨੇ ਅੱਜ ਤੋਂ ਪੰਜ-ਛੇ ਸੌ ਸਾਲ ਪਹਿਲਾਂ ਉਹ ਵਿਚਾਰ ਸਮਾਜ ਨੂੰ ਦਿੱਤੇ, ਜੋ ਅੱਜ ਵੀ ਨਵੀਨ ਜਾਪਦੇ ਹਨ ਤੇ ਅੱਜ ਦੇ ਨੇਤਾ ਵੀ ਭਾਰਤ ਨੂੰ ਉਹੋ ਮੱਤਾਂ ਦੇ ਰਹੇ ਹਨ ਤੇ ਇਹੋ ਚਾਹੁੰਦੇ ਹਨ ਕਿ ਸਾਡਾ ਸਮਾਜ ਸਦਾਚਾਰੀ, ਸਹਿਣਸ਼ੀਲ ਤੇ ਸਹਿਯੋਗੀ ਹੋਵੇ।

ਰਵਿਦਾਸ ਜੀ ਦਾ ਸਮਾਂ ਇੱਕ ਪਾਸੇ ਵਹਿਮਾਂ-ਭਰਮਾਂ, ਜਾਤ-ਪਾਤ, ਛੂਤ-ਛਾਤ ਦੇ ਜਾਲ ਵਿੱਚ ਫਸਿਆ ਹੋਇਆ ਸੀ, ਦੂਜੇ ਪਾਸੇ ਤਾਕਤ, ਸੱਤਾ ਤੇ ਮਾਇਆ ਵਾਲੇ ਅੱਯਾਸ਼ੀ ਬੁਰਾਈਆਂ ਜਾਂ ਬਾਹਰਲੇ ਕਰਮਾਂ-ਕਾਂਡਾਂ, ਵਿਖਾਵੇ ਦੀ ਅਮੀਰੀ ਤੇ ਧਰਮ ਦੇ ਨਾਂ ਉਤੇ ਦੂਜਿਆਂ ਨੂੰ ਨੀਵਾਂ ਕਹਿਣ ਲੱਗੇ ਹੋਏ ਸਨ। ਇਸ ਅੰਧਕਾਰ ਵਿੱਚ, ਅਤਿ ਗਰੀਬੀ ਵਿੱਚ ਜੰਮ-ਪਲ ਕੇ ਭਗਤ ਰਵਿਦਾਸ ਜੀ ਨੂੰ ਇਕ ਚਾਨਣ ਮਿਲਿਆ, ਜੋਤ ਦਿੱਸੀ ਤੇ ਉਨ੍ਹਾਂ ਨੇ ਉਸ ਜੋਤ ਦੇ ਚਾਨਣ ਨਾਲ ਸਮਾਜ ਦੇ ਲੋਕਾਂ ਨੂੰ ਰਾਹ ਦਿਖਾਇਆ, ਜਿਸ ਨਾਲ ਸਮਾਜ ਚੰਗਾ, ਸ਼ਾਂਤ ਤੇ ਸੁਖੀ ਹੋ ਸਕੇ।

ਭਗਤ ਰਵਿਦਾਸ ਜੀ ਨੇ ਕੇਵਲ ਰੱਬ ਦੀ ਭਗਤੀ, ਕੇਵਲ ਉਸੇ ਨਾਲ ਪ੍ਰੇਮ, ਉਸੇ ਦਾ ਡਰ, ਉਸੇ ਦਾ ਸਤਿਕਾਰ ਤੇ ਇਉਂ ਉਹੀ ਕਾਰ, ਜੋ ਉਸ ਨੂੰ ਚੰਗੀ ਲੱਗੇ, ਕਰਨ ਦਾ ਅਸਲੀ ਰਾਹ ਦੱਸਿਆ ਹੈ। ਸਭ ਦੇ ਕਰਤੇ ਸਿਰਜਨਹਾਰ ਨਾਲ ਪ੍ਰੇਮ ਦਾ ਅਰਥ ਹੈ ਸਭ ਨੂੰ ਉਸ ਦੇ ਬਣਾਏ, ਉਸੇ ਦੀ ਸੰਤਾਨ ਮੰਨਣਾ। ਜੇ ਇਹ ਮੰਨ ਲਈਏ, ਤਾਂ ਕਿਸ ਨੂੰ ਨੀਵਾਂ ਕਹਾਂਗੇ? ਕਿਸ ਦਾ ਡਰ ਮੰਨਾਂਗੇ? ਕਿਸ ਦਾ ਨਹੀਂ। ਕੇਵਲ ਆਪਣੇ ਮਾਲਕ (ਰੱਬ) ਤੋਂ ਹੀ ਡਰਾਂਗੇ, ਜਿਸ ਨੇ ਇਹ ਸਭ ਕੁਝ ਬਣਾਇਆ ਹੈ। ਫੇਰ ਅਸੀਂ ਨਾ ਕਿਸੇ ਨਾਲ ਧੋਖਾ ਕਰਨ ਜੋਗੇ ਰਹਿ ਜਾਂਦੇ ਹਾਂ ਅਤੇ ਨਾ ਆਪਣੇ ਕੰਮ ਵਿੱਚ ਬੇਈਮਾਨੀ ਕਰ ਸਕਦੇ ਹਾਂ। ਫੇਰ ਹੀ ਹੱਥ ਕਾਰ ਵੱਲ ਤੇ ਮਨ ਕਰਤਾਰ ਵੱਲ ਲਾਉਣ ਦਾ ਅਸਲ ਸਵਾਦ ਬਣਦਾ ਹੈ। ਉਹ ਪਰਮਾਤਮਾ ਕਿਸੇ ਧਰਮ ਦੀ ਜਾਇਦਾਦ ਨਹੀਂ, ਅਤੇ ਨਾ ਹੀ ਕਿਸੇ ਇੱਕ ਦੀ ਮਲਕੀਅਤ ਹੈ, ਕਿਉਂਕਿ ਉਹ :

---

[4] ਸ.ਸ. ਅਮੋਲ, ਗੁਰੂ ਰਵਿਦਾਸ ਵਾਰਤਾ, ਪੰਨਾ 39

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥[5]

ਉਹ ਪ੍ਰਭੂ ਪਰਮਾਤਮਾ 'ਪ੍ਰੇਮ' ਦਾ ਭੁੱਖਾ ਹੈ। ਇਸ ਰਾਹ ਨੂੰ ਸਮਝ ਲਈਏ, ਤਾਂ ਦੂਜੇ ਧਰਮਾਂ ਨੂੰ ਨੀਵਾਂ ਮੰਨਣਾ ਜਾਂ ਆਪਣੇ ਨੂੰ ਹੋਰਨਾਂ ਨਾਲੋਂ ਵਧੇਰੇ ਉੱਚਾ-ਸੁੱਚਾ ਕਹਿਣਾ ਉਂਜ ਹੀ ਮੂਰਖਤਾ ਲੱਗਣ ਲੱਗ ਪੈਂਦੀ ਹੈ। ਇਸੇ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਵਿੱਚ ਆਈ ਉਨ੍ਹਾਂ ਦੀ ਰਚਨਾ ਵਿੱਚ ਇਹ ਮਾਰਗ ਇਉਂ ਸਮਝਾਇਆ ਹੈ :

ਬ੍ਰਹਮਨ ਬੈਸ ਸੂਦ ਅਰ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥[6]

ਜਦੋਂ ਅਸੀਂ ਕਿਧਰੇ ਸਫ਼ਰ ਕਰਦੇ ਹਾਂ ਤਾਂ ਸਾਡੇ ਲਈ ਕਈ ਵਿਚਾਰ ਤੇ ਚੀਜ਼ਾਂ ਸੁਖਦਾਈ ਸਿੱਧ ਹੁੰਦੀਆਂ ਹਨ, ਕਈ ਕੁਝ ਸਾਨੂੰ ਰਾਹ ਵਿੱਚ ਆਪਮੁਹਾਰੇ ਸੁੱਝਦਾ ਹੈ ਤੇ ਕਈ ਵਸਤਾਂ ਮਿਲ ਜਾਂਦੀਆਂ ਹਨ। ਇਸ ਉੱਚਤਾ, ਰੱਬ ਦੇ ਮਾਰਗ ਜਾਂ ਬਹੁਤ ਹੀ ਚੰਗੇ ਬਣਨ ਦੇ ਰਾਹ ਤੇ ਵੀ ਅਸੀਂ ਖਾਲੀ ਹੱਥੀਂ ਨਹੀਂ ਤੁਰਦੇ। ਆਪਣੇ ਤੇ ਸਾਥੀਆਂ ਲਈ ਇਸ ਜੀਵਨ ਦੇ ਪੰਧ ਨੂੰ ਸੁਖਦਾਈ ਬਣਾਉਣ ਲਈ ਰਵਿਦਾਸ ਜੀ ਨੇ ਸਮਾਜ ਨੂੰ ਬਹੁਤ ਕੁਝ ਦਿੱਤਾ ਹੈ ਤੇ ਇਨ੍ਹਾਂ ਦਿੱਤੇ ਹੋਏ ਪਦਾਰਥਾਂ ਨੂੰ ਸੋਹਣਾ ਤੇ ਸਵਾਦਲਾ ਬਣਾਉਣ ਲਈ ਇਨ੍ਹਾਂ ਨੂੰ ਕਵਿਤਾ ਤੇ ਰਾਗ ਵਿੱਚ ਦੇ ਕੇ ਇਸ ਤਰ੍ਹਾਂ ਨਾਲ ਸਮਾਜ ਨੂੰ ਬਾਣੀ ਕਾਵਿ ਤੇ ਸੰਗੀਤ ਦੀ ਦਾਤ ਵੀ ਦਿੱਤੀ, ਜਿਸ ਬਿਨ੍ਹਾਂ ਜੀਵਨ ਨਿਰੀ ਖੁਸ਼ਕੀ ਦਾ ਹੀ ਹੁੰਦਾ ਹੈ।

ਜੋ ਸੁਗਾਤਾਂ ਭਗਤ ਰਵਿਦਾਸ ਜੀ, ਜਿਨ੍ਹਾਂ ਨੂੰ ਲੱਖਾਂ ਹੀ ਲੋਕ ਸਤਿਕਾਰ ਨਾਲ ਗੁਰੂ ਰਵਿਦਾਸ ਜੀ ਆਖ ਕੇ ਉਨ੍ਹਾਂ ਅੱਗੇ ਸਿਰ ਝੁਕਾਉਂਦੇ ਹਨ, ਨੇ ਸਮਾਜ ਨੂੰ ਸੁਖੀ ਬਣਾਉਣ ਲਈ ਦਿੱਤੀਆਂ ਹਨ, ਉਨ੍ਹਾਂ ਨੇ ਆਪਣੇ ਜੀਵਨ ਵਿੱਚ ਕਮਾ ਕੇ ਵਿਖਾਈਆਂ ਹਨ। ਭਾਈ ਜੋਧ ਸਿੰਘ ਜੀ ਨੇ ਆਪਣੀ ਕਿਤਾਬ 'ਭਗਤ-ਰਵਿਦਾਸ' ਵਿੱਚ ਲਿਖਿਆ ਹੈ :

"ਭਗਤ ਰਵਿਦਾਸ ਜੀ ਜੁੱਤੀਆਂ ਗੰਢਣ ਦਾ ਕੰਮ ਬੜੀ ਈਮਾਨਦਾਰੀ ਨਾਲ ਕਰਦੇ ਸਨ। ਧਾਗਾ ਪੱਕਾ ਤੇ ਚਮੜਾ ਵਧੀਆ ਵਰਤਦੇ ਸਨ, ਇਸ ਲਈ ਉਸ ਦੀ ਛਪਰੀ ਅੱਗੇ ਗਾਹਕਾਂ ਦਾ

---

5 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮

6 ਉਹੀ, ਪੰਨਾ ੮੫੮

ਮੇਲਾ ਲੱਗਾ ਰਹਿੰਦਾ ਸੀ। ਹੁਣ ਉਸ ਨੂੰ ਸੰਤਾਂ ਦੀ ਸੇਵਾ ਤੇ ਗ਼ਰੀਬਾਂ ਦੀ ਉਦਰ-ਪੂਰਨਾ ਤੋਂ ਕੋਈ ਰੋਕਣ ਵਾਲਾ ਨਹੀਂ ਸੀ।"[7]

ਇਸ ਤਰ੍ਹਾਂ ਹੀ ਭਗਤ ਰਵਿਦਾਸ ਜੀ ਨੇ ਲੋਕਾਂ ਨੂੰ ਰੋਟੀ ਕੱਪੜੇ ਦੀ ਚਿੰਤਾ ਫ਼ਿਕਰ ਤੋਂ ਉੱਚੇ ਹੋ ਕੇ ਨੇਕੀ ਤੇ ਸੱਚਾਈ ਉੱਤੇ ਪਹਿਰਾ ਦੇਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਉਸ ਸਮੇਂ ਦੇ ਸਮਾਜ ਵਿੱਚ ਪ੍ਰਚਲਿਤ ਭੈੜੇ ਰੀਤੀ-ਰਿਵਾਜਾਂ, ਰੂੜੀਆਂ ਅਤੇ ਕਰਮ-ਕਾਂਡਾਂ ਦੇ ਨਾਂ ਤੇ ਚੱਲ ਰਹੀ ਬ੍ਰਾਹਮਣੀ ਮਨਮਾਨੀ ਦੇ ਵਿਰੁੱਧ ਅਤੇ ਨੀਵੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਵਿੱਚ ਆਤਮ-ਵਿਸ਼ਵਾਸ, ਸਿਦਕ ਤੇ ਸਵੈਮਾਨ ਦੇ ਭਾਵ ਨੂੰ ਉੱਚਾ ਚੁੱਕਿਆ। ਸਮਕਾਲੀ ਸਮਾਜ ਵਿੱਚ ਕਿਤੇ ਨਾ ਕਿਤੇ ਇਹ ਵਿਰੋਧ ਅੱਜ ਵੀ ਪ੍ਰਧਾਨ ਹੈ। ਭਗਤ ਰਵਿਦਾਸ ਜੀ ਨੇ ਜੋ ਜਾਗ੍ਰਿਤੀ ਸਮਾਜਿਕਤਾ ਪੱਖੋਂ ਲਿਆਂਦੀ, ਉਹ ਸਮਾਜ ਨੂੰ ਬਹੁਤ ਵੱਡੀ ਦੇਣ ਹੈ, ਕਿਉਂਕਿ ਮੱਧਕਾਲ ਵਿੱਚ ਵਰਣ-ਵਿਵਸਥਾ ਦੀ ਦ੍ਰਿਸ਼ਟੀ ਤੋਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਵਰਣ, ਅਵਰਣ, ਗੋਰਾ, ਕਾਲਾ, ਇਸਤਰੀ, ਪੁਰਸ਼ ਅਤੇ ਊਚ-ਨੀਚ ਪੱਖੋਂ ਵੰਡਿਆਂ ਹੋਇਆ ਸੀ। ਭਗਤ ਰਵਿਦਾਸ ਜੀ ਦੀ ਬਾਣੀ ਦਲਿਤ ਚੇਤਨਾ ਉਭਾਰਦੀ ਹੈ। ਸਭ ਮਨੁੱਖ ਬਰਾਬਰ ਹਨ, ਕੇਵਲ ਉੱਚੀ ਜਾਤੀ ਵਾਲੇ ਬ੍ਰਾਹਮਣ, ਕਸ਼ੱਤਰੀ, ਵੈਸ਼ ਹੀ ਭਗਤੀ ਕਰਕੇ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਨ, ਇਹ ਬਿਲਕੁਲ ਗਲਤ ਹੈ। ਪ੍ਰਭੂ ਸਭ ਵਿਚ ਵਸਦਾ ਹੈ ਭਾਵੇਂ ਮਨੁੱਖ ਕਿਸੇ ਵੀ ਜਾਤੀ, ਰੰਗ ਜਾਂ ਊਚ, ਨੀਚ ਰੁਤਬੇ ਦਾ ਹੋਵੇ।

ਇਹ ਤਾਂ ਸਾਫ਼ ਹੀ ਪਤਾ ਲੱਗਦਾ ਹੈ ਕਿ ਅਜਿਹੀ ਬਹਾਦਰੀ ਨਿਸ਼ਕਾਮ ਸੇਵਾ ਹੈ, ਜਿਸ ਵਿੱਚ ਲਾਲਚ ਤੇ ਖੁਦਗਰਜ਼ੀ ਨਹੀਂ। ਇਉਂ ਉਨ੍ਹਾਂ ਨੇ ਸਮਾਜ ਨੂੰ ਸੁਖੀ ਬਣਾਉਣ, ਮਨੁੱਖ ਅੰਦਰ ਸੱਚਾਈ, ਸੰਤੋਖ, ਕੁਰਬਾਨੀ ਤੇ ਸੇਵਾ ਦੇ ਭਾਵ ਪੈਦਾ ਹੋਣ ਨੂੰ ਦੱਸਿਆ ਹੈ। ਇਹੋ ਜਿਹੇ ਗੁਣਾਂ ਵਾਲੇ ਮਨੁੱਖ ਹੀ ਸਦਾ ਸ਼ਾਂਤ ਤੇ ਅਡੋਲ ਰਹਿ ਸਕਦੇ ਹਨ।

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥੩॥[8]

---

7 ਜੋਧ ਸਿੰਘ (ਭਾਈ), ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਨਾ 2

8 ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੭

ਭਗਤ ਰਵਿਦਾਸ ਜੀ ਨੇ ਸਮਾਜ ਅੰਦਰ ਚਲੀ ਆ ਰਹੀ ਜਾਤ-ਪਾਤ ਦੀ ਕੱਟੜਤਾ ਨੂੰ ਠੋਕਰ ਮਾਰਦਿਆਂ ਕਰਮ-ਕਾਂਡਾਂ ਵਿੱਚ ਗ੍ਰਸੇ ਉਸ ਸਮੇਂ ਦੇ ਬ੍ਰਾਹਮਣਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਜਿਸ ਵਰਣ ਨੂੰ ਉਹ ਨੀਚ ਕਹਿੰਦੇ ਹਨ, ਆਪਣੇ ਧਰਮ ਗ੍ਰੰਥਾਂ ਵਿੱਚ ਨੀਵਾਂ ਕਹਿੰਦੇ ਹਨ। ਜਿਸ ਪਰਮਾਤਮਾ ਦੀ ਪੂਜਾ ਕਰਨ ਤੋਂ ਉਹ ਰਵਿਦਾਸ ਜੀ ਅੱਗੇ ਰੁਕਾਵਟਾਂ ਖੜ੍ਹੀਆਂ ਕਰਦੇ ਹਨ ਉਸ ਪਰਮਾਤਮਾ ਦੀ ਸਰਵਪੱਖੀ ਸ਼ਕਤੀ ਨੂੰ ਭਗਤ ਰਵਿਦਾਸ ਜੀ ਇੰਜ ਬਿਆਨ ਕਰਦੇ ਹਨ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥[9]

ਇਹੋ ਜਿਹੇ ਗੁਣ, ਕਰਮ, ਸੁਭਾਅ ਬਿਨਾਂ ਜੋ ਲੋਕ ਭੇਖ ਦਿਖਾ ਕੇ ਲੋਕਾਂ ਨੂੰ ਠੱਗਦੇ ਸਨ 'ਤੇ ਕੁਰੀਤੀਆਂ ਕਰਦੇ ਸਨ ਉਨ੍ਹਾਂ ਤੋਂ ਬਚਾਉਣਾ ਵੀ ਰਵਿਦਾਸ ਜੀ ਦੀ ਇੱਕ ਵੱਡੀ ਦੇਣ ਹੈ। ਸੱਚਮੁੱਚ, ਜੋ ਦੇਣ ਰਵਿਦਾਸ ਜੀ ਨੇ ਮਾਨਵ ਸਮਾਜ ਨੂੰ ਦਿੱਤੀ, ਉਹ ਬੜੀ ਕੀਮਤੀ ਹੈ ਤੇ ਉਸ ਨੂੰ ਸਾਂਭਣ ਤੇ ਵਰਤੋਂ ਵਿੱਚ ਲਿਆਉਣ ਦੀ ਬੇਹੱਦ ਲੋੜ ਹੈ।

## ਭਗਤ ਰਵਿਦਾਸ ਅਤੇ ਸਮਾਜਿਕ ਚੇਤਨਾ

ਭਾਰਤੀ ਇਤਿਹਾਸ ਵਿੱਚ ਵਰਣ-ਵਿਵਸਥਾ ਅਤੇ ਜਾਤੀ-ਵਿਵਸਥਾ ਵੈਦਿਕ ਧਰਮ ਦੀ ਦੇਣ ਹੈ। ਵੈਦਿਕ ਧਰਮ ਨੂੰ ਈਸਾਈ ਤੇ ਇਸਲਾਮ ਵਾਂਗ ਵਿਦੇਸ਼ੀ ਧਰਮ ਮੰਨਿਆ ਜਾਂਦਾ ਹੈ ਤੇ ਹੁਣ ਇਹ ਭਾਰਤ ਦਾ ਸਭ ਤੋਂ ਪ੍ਰਾਚੀਨ ਧਰਮ ਹੈ। ਇਸ ਦੀ ਸੰਸਕ੍ਰਿਤੀ ਨੂੰ 'ਬ੍ਰਹਮਣ ਸੰਸਕ੍ਰਿਤੀ' ਆਖਿਆ ਜਾਂਦਾ ਹੈ। ਇਹ ਵਰਣ-ਵਿਵਸਥਾ ਨੂੰ ਈਸ਼ਵਰੀ ਅਤੇ ਊਚ-ਨੀਚ ਨੂੰ ਜਨਮ ਨਾਲ ਜੋੜ ਕੇ ਦੇਖਦੀ ਤੇ ਮੰਨਦੀ ਹੈ। ਇਨ੍ਹਾਂ ਦੰਭੀ ਚਾਲਾਂ ਨੂੰ ਜੜੋਂ ਪੁੱਟਣ ਲਈ ਸੰਤ-ਮੱਤ, ਜੈਨ-ਮੱਤ, ਬੁੱਧ-ਮੱਤ, ਭਗਤੀ-ਅੰਦੋਲਨ ਤੇ ਗੁਰਮਤਿ-ਮਾਰਗ ਹੋਂਦ ਵਿੱਚ ਆਏ। ਦੋ ਟੁੱਕ ਸ਼ਬਦਾਂ ਵਿੱਚ ਆਰੀਆ ਲੋਕਾਂ ਦੇ ਵੈਦਿਕ ਧਰਮ ਅਤੇ ਭਾਰਤ ਦੇ ਸਥਾਨਕ ਧਰਮਾਂ ਵਿਚਾਲੇ ਮਾਨਵੀ ਦ੍ਰਿਸ਼ਟੀ ਤੋਂ

---

9 ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ ੧੧੦੬

ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਸੇ ਕਰਕੇ ਸਥਾਨਕ ਧਰਮਾਂ ਦੀ ਤਿੱਖੀ ਤੇ ਉੱਚੀ ਸੁਰ ਬ੍ਰਾਹਮਣਵਾਦੀ ਵਿਵਸਥਾ ਦੀਆਂ ਅਮਾਨਵੀ, ਮਨੁੱਖ ਦੀ ਦਰਜਾਬੰਦੀ, ਵਿਤਕਰੇਬਾਜ਼ੀ, ਅੰਧਵਿਸ਼ਵਾਸੀ, ਦੰਭ-ਪਾਖੰਡ, ਅਡੰਬਰ, ਧੋਖਾ-ਧੜੀ ਦੇ ਖਿਲਾਫ਼ ਬੁਲੰਦ ਹੋਏ।

ਭਗਤ ਰਵਿਦਾਸ ਜੀ ਦਾ ਆਗਮਨ ਚੌਦ੍ਹਵੀਂ ਸਦੀ ਦੇ ਉਨ੍ਹਾਂ ਹਨ੍ਹੇਰਗਰਦੀ ਵਾਲੇ ਸਮਿਆਂ ਵਿੱਚ ਹੋਇਆ ਜਦੋਂ ਸ਼ੂਦਰਾਂ, ਅਤਿ-ਸ਼ੂਦਰਾਂ (ਅਛੂਤਾਂ) ਦਾ ਜਿਉਣਾ ਬਹੁਤ ਹੀ ਦਰਦ ਭਰਿਆ ਤੇ ਤ੍ਰਿਸਕਾਰਪੂਰਨ ਸੀ। ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪੱਧਰ ਤੇ ਆਈ ਗਿਰਾਵਟ ਕਰਕੇ ਸਮਕਾਲੀ ਸਮਾਜ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕਾ ਸੀ। ਇਸ ਅਨਿਆਂ ਭਰੀ ਸਮਾਜਿਕ ਵਿਵਸਥਾ ਦੀਆਂ ਚੂਲਾਂ ਹਿਲਾਉਣ ਲਈ ਦੇਸ਼ ਅੰਦਰ ਭਗਤੀ-ਅੰਦੋਲਨ ਆਰੰਭ ਹੋ ਚੁੱਕਾ ਸੀ। ਇਸ ਵਿੱਚ ਮੁੱਖ ਤੌਰ 'ਤੇ ਚਮਾਰ, ਜੁਲਾਹੇ ਤੇ ਹੋਰ ਕਾਰੀਗਰ ਜਾਤੀਆਂ ਦੇ ਲੋਕ, ਕਵੀ, ਸੰਤ, ਸੂਰਮੇ ਸ਼ਾਮਲ ਸਨ। ਜਿਵੇਂ ਨਾਮਦੇਵ (ਬਨਾਰਸ), ਸਧਨਾ (ਕਸਾਈ-ਸਿੰਧ), ਸੈਣ ਨਾਈ, ਨਾਈ (ਉੱਤਰ ਪ੍ਰਦੇਸ਼), ਪੀਪਾ (ਜੋਗੀ-ਗੰਗਾਰੌਣਗੜ੍ਹ), ਧੰਨਾ (ਜੱਟ-ਰਾਜਪੂਤਾਨਾ), ਦੱਖਣ ਵਿੱਚ ਚੋਖਮੇਲਾ ਤੇ ਨਾਰਾਇਣ ਗੁਰੂ। ਇਨ੍ਹਾਂ ਸਾਰੇ ਸੰਤਾਂ-ਗੁਰੂਆਂ ਨੇ ਆਪਣੀ (ਬਾਣੀ) ਸਮਾਜਿਕ ਰੋਸ ਤੋਂ ਵੀ ਅੱਗੇ ਹੋਰ ਵਿਦਰੋਹ ਤੱਕ ਪਹੁੰਚਾ ਦਿੱਤੀ। ਲੋਕਾਂ ਨੂੰ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਸੁਤੰਤਰਤਾ ਦੀ ਪ੍ਰਾਪਤੀ ਵਾਸਤੇ ਜੂਝਣ ਲਈ ਪ੍ਰੇਰਿਆ, ਜਿਸ ਦਾ ਨਤੀਜਾ ਵਿਆਪਕ ਸਮਾਜਿਕ ਚੇਤਨਾ ਵਿੱਚ ਪ੍ਰਗਟ ਹੋਇਆ। ਇਸ ਚੇਤਨਾ ਲਈ ਕਵਿਤਾ ਬਹੁਤ ਵੱਡਾ ਹਥਿਆਰ ਸਾਬਤ ਹੋਈ, ਕਿਉਂਕਿ ਇਸ ਦਾ ਰੂਪ ਸਿੱਧਾ-ਸਪਸ਼ਟ, ਸਰਲ ਤੇ ਸਹਿਜ ਹੋਣ ਸਦਕਾ ਲੋਕਾਂ ਵਿੱਚ ਹਰਮਨ ਪਿਆਰੀ ਸੀ। ਦੂਜੀ ਵੱਡੀ ਹਕੀਕਤ ਇਹ ਸੀ ਕਿ ਇਨ੍ਹਾਂ ਸੰਤ-ਕਵੀਆਂ ਨੇ ਸੰਸਕ੍ਰਿਤ ਤੇ ਉਸ ਦੀ ਸੰਸਕ੍ਰਿਤੀ ਨੂੰ ਤਿਆਗ ਕੇ ਆਪਣੇ ਲੋਕਾਂ ਦੀ ਬੋਲੀ ਵਿੱਚ ਲਿਖ ਕੇ ਦੇਸ਼ ਦੇ ਬਹੁਜਨਾਂ ਨਾਲ ਸਿੱਧਾ ਸੰਪਰਕ ਸਥਾਪਤ ਕਰ ਲਿਆ ਸੀ।

ਭਗਤ ਰਵਿਦਾਸ ਜਿਨ੍ਹਾਂ ਨੂੰ ਭਗਤ ਕਬੀਰ ਨੇ ਸੰਤਾਂ ਵਿੱਚੋਂ ਸੰਤ ਅਤੇ ਗੁਰੂ ਆਖ ਕੇ ਵਡਿਆਈ ਕੀਤੀ, ਦੀ ਅਗਵਾਈ ਵਿੱਚ ਵਿੱਢੀ ਗਈ ਮੁਹਿੰਮ ਸਿਖਰ ਵੱਲ ਤੇਜੀ ਨਾਲ ਵਧਣ ਲੱਗੀ। ਉਹ ਸਮਤਾ, ਸੁਤੰਤਰਤਾ ਤੇ ਭਾਈਚਾਰੇ ਖਾਤਰ ਸਮਾਜ ਤੇ ਦੇਸ਼ ਲਈ ਇੱਕ ਜ਼ਿੰਮੇਵਾਰ ਵਿਅਕਤੀ ਵਜੋਂ ਭੂਮਿਕਾ ਨਿਭਾ ਰਹੇ ਸਨ। ਉਹ ਜਾਤ-ਪਾਤ, ਊਚ-ਨੀਚ ਅਤੇ ਛੂਤ-ਛਾਤ ਦੇ

ਮਾਮਲਿਆਂ ਨੂੰ ਲੈ ਕੇ ਸਮੁੱਚੇ ਉੱਤਰੀ ਭਾਰਤ ਵਿੱਚ ਛੇਤੀ ਮਕਬੂਲ ਹੋ ਗਏ ਅਤੇ ਇਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਕਾਫੀ ਸਫਲ ਵੀ ਹੋਏ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤੀ ਜਨਤਾ ਮੁੱਖ ਤੌਰ ਤੇ ਦੋ ਸਮਾਜਿਕ ਖੰਡਾਂ ਵਿੱਚ ਵੰਡੀ ਹੋਈ ਸੀ, ਇੱਕ ਹਿੰਦੂ ਅਤੇ ਦੂਜਾ ਮੁਸਲਮਾਨ। ਇਸ ਵਿੱਚ ਕੋਈ ਸੰਦੇਹ ਨਹੀਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਬਾਣੀਕਾਰਾਂ ਨੇ ਮੁਸਲਮਾਨਾਂ ਦੀ ਸਮਾਜਿਕ ਸਥਿਤੀ ਉਤੇ ਪ੍ਰਕਾਸ਼ ਪਾਇਆ ਹੈ, ਪਰ ਉਨ੍ਹਾਂ ਦਾ ਅਧਿਕ ਸਰੋਕਾਰ ਹਿੰਦੂ-ਸਮਾਜ ਨਾਲ ਹੀ ਰਿਹਾ ਸੀ। ਉਨ੍ਹਾਂ ਦੀ ਤਿੱਖੀ ਨਜ਼ਰ ਤੋਂ ਸਮਾਜ ਦਾ ਕੋਈ ਪੱਖ ਬਚ ਨਹੀਂ ਸਕਿਆ। ਉਨ੍ਹਾਂ ਦੀ ਸਮਾਜਿਕ ਪੜਚੋਲ ਬੜੀ ਵਿਸਤ੍ਰਿਤ ਅਤੇ ਵਿਆਪਕ ਸੀ। ਇੱਕ ਗੱਲ ਬੜੀ ਸਪੱਸ਼ਟ ਹੈ ਕਿ ਇਹ ਬਾਣੀਕਾਰ ਨਿਰੇ-ਪੂਰੇ ਸਮਾਜ-ਸੁਧਾਰਕ ਨਹੀਂ ਸਨ ਸਗੋਂ ਇਹ ਤਾਂ ਅਸਲੋਂ ਮਨੁੱਖਤਾ ਦੇ ਅਧਿਆਤਮਿਕ ਕਲਿਆਣ ਵਿੱਚ ਜੁਟੇ ਹੋਏ ਸਨ, ਇਸੇ ਲਈ ਉਨ੍ਹਾਂ ਨੂੰ ਸਮਾਜ ਵਿੱਚ ਪਸਰੀਆਂ ਕੁਰੀਤੀਆਂ ਨੂੰ ਸੁਧਾਰਨ ਲਈ ਉਪਦੇਸ਼ ਕਰਨੇ ਪਏ, ਕਿਉਂਕਿ ਧਰਮ ਅਤੇ ਸਮਾਜ ਇੱਕ-ਦੂਜੇ ਉਤੇ ਆਧਾਰਿਤ ਹਨ। ਇਸ ਲਈ ਸਮਾਜ ਨੂੰ ਧਰਮ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮੁਸਲਮਾਨਾਂ ਦੀ ਧਾਰਮਿਕ ਸੰਕੀਰਣਤਾ ਨੇ ਸਮਾਜਿਕ ਸੰਕੀਰਣਤਾ ਨੂੰ ਜਨਮ ਦਿੱਤਾ। ਭਗਤ ਰਵਿਦਾਸ ਜੀ ਦੀ ਬਾਣੀ ਵਿਚਲੇ ਅਹਿਮ ਪਹਿਲੂ ਸਮਾਜਿਕ ਤੱਤਾਂ ਨੂੰ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਹੈ :

## ਬੇਗਮਪੁਰਾ ਦਾ ਸੰਕਲਪ

ਮੱਧਕਾਲੀਨ ਪੰਜਾਬੀ ਅਧਿਆਤਮਕ ਪਰੰਪਰਾ ਵਿੱਚ ਪਰਾਲੌਕਿਕਤਾ ਅਤੇ ਲੌਕਿਕਤਾ ਨੂੰ ਇੱਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ, ਸਿਰਫ ਪੂਰਕ ਹੀ ਨਹੀਂ, ਬਲਕਿ ਪਰਾਲੌਕਿਕ ਰਹੱਸ ਸੱਚ ਤੱਕ ਦਾ ਮਾਧਿਅਮ ਵੀ ਕਿਹਾ ਹੈ।ਇਸ ਕਰਕੇ ਮੱਧਕਾਲ ਦੀ ਬਾਣੀ ਵਿੱਚ ਧਰਤੀ ਧਰਮਸ਼ਾਲ ਹੈ, ਕਰਮ-ਭੂਮੀ ਹੈ, ਮਨੁੱਖਾ ਜਨਮ ਦੁਰਲਭ ਹੈ। ਦਰਅਸਲ ਇਸ ਸਾਰੇ ਬਾਣੀ-ਚਿੰਤਨ ਦੇ ਸਰੋਕਾਰਾਂ ਦਾ ਕੇਂਦਰ-ਬਿੰਦੂ ਧਰਤੀ ਹੈ। ਧਰਤੀ ਤੋਂ ਤੁਰ ਕੇ ਪਾਰਗਾਮੀ ਸਥਿਤੀ ਤੱਕ ਪਹੁੰਚਾਉਣ ਦਾ ਆਦੇਸ਼ ਇਨ੍ਹਾਂ ਰਹੱਸ-ਅਨੁਭਵੀ ਬਾਣੀਕਾਰਾਂ ਨੇ ਵਾਰ-ਵਾਰ ਦੁਹਰਾਇਆ। ਇਸ ਸਾਰੇ ਬਾਣੀ-ਸੰਸਾਰ ਵਿੱਚ ਬਾਣੀਕਾਰਾਂ ਨੇ ਧਰਤੀ ਦੀ ਜੋ ਵਿਆਖਿਆ ਕੀਤੀ ਹੈ, ਉਸ ਵਿੱਚੋਂ ਹੀ ਸਮਾਜਿਕ ਪਰਿਪੇਖ ਉੱਘੜ ਕੇ ਸਾਹਮਣੇ ਆਇਆ ਹੈ। ਇਹ ਸਮਾਜਿਕ ਪਰਿਪੇਖ ਇੰਨਾ

ਅਰਥ-ਭਰਪੂਰ ਹੈ ਕਿ ਇਸ ਤੋਂ ਇਹ ਗਿਆਨ ਹੁੰਦਾ ਹੈ ਕਿ ਬਾਣੀਕਾਰਾਂ ਨੇ ਸੁਚੇਤ ਪੱਧਰ ਉਪਰ ਮਨੁੱਖ ਨੂੰ ਪਹਿਲਾਂ ਸਮਾਜਿਕ ਕਰਮ ਦੀ ਸੋਝੀ ਦਿੱਤੀ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ ਇੱਕ ਅਜਿਹਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ, ਜਿੱਥੇ ਵਸਦਿਆਂ ਉਸ ਨੇ ਪਰਮ ਮੁਕਤੀ ਨੂੰ ਪ੍ਰਾਪਤ ਕਰਨਾ ਹੈ। ਇਹ ਪ੍ਰੇਰਨਾ ਇਸ ਗੱਲ ਦੀ ਵੀ ਸੂਚਕ ਹੈ ਕਿ ਬਾਣੀਕਾਰ ਜਾਣਦੇ ਸਨ ਕਿ ਜੇਕਰ ਮਨੁੱਖ ਆਪਣੇ ਚੌਗਿਰਦੇ ਦੇ ਬੰਧਨ ਤੋਂ ਮੁਕਤ ਨਹੀਂ, ਤਾਂ ਉਹ ਪਰਮ ਮੁਕਤੀ ਦਾ ਭਾਗੀ ਨਹੀਂ ਬਣ ਸਕੇਗਾ। ਇਹੀ ਕਾਰਨ ਹੈ ਕਿ ਬਾਣੀਕਾਰਾਂ ਨੇ ਮਨੁੱਖ ਨੂੰ ਅਜਿਹੀ ਚੇਤਨਾ ਨਾਲ ਜੋੜਿਆ ਹੈ ਜਿਸ ਨੇ ਉਸ ਨੂੰ ਸਮਾਜਿਕ ਸੰਦਰਭ ਵਿੱਚ ਨਵਾਂ ਪ੍ਰਵਚਨ ਦਿੱਤਾ ਹੈ।

ਧਿਆਨਯੋਗ ਤੱਥ ਇਹ ਹੈ ਕਿ ਬਾਣੀ ਵਿੱਚੋਂ ਜਿਨ੍ਹਾਂ ਮਨੁੱਖੀ ਸੰਕਲਪਾਂ ਦੇ ਦਰਸ਼ਨ ਹੁੰਦੇ ਹਨ, ਉਹ ਸੰਕਲਪ ਜਨਮ ਜਾਤ ਅਤੇ ਸ਼੍ਰੇਣਿਕ ਬੰਧਨਾਂ ਤੋਂ ਆਜ਼ਾਦ ਹਨ। ਇਨ੍ਹਾਂ ਬੰਧਨਾਂ ਤੋਂ ਆਜ਼ਾਦ ਸੰਕਲਪਾਂ ਰਾਹੀਂ ਬਾਣੀਕਾਰਾਂ ਨੇ ਇਕ ਨਵੇਂ ਸਮਾਜ ਦਾ ਮਾਡਲ ਸਿਰਜਿਆ ਸੀ। ਇਸ ਨਵੇਂ ਸਮਾਜ ਦੀ ਆਜ਼ਾਦੀ ਲਈ ਮਨੁੱਖ ਨੇ ਪਰਮ ਮੁਕਤੀ ਲਈ ਆਪਣਾ ਮਾਰਗ ਉਲੀਕਿਆ ਸੀ। ਇਨ੍ਹਾਂ ਨਵੇਂ ਮਾਨਵੀ ਸੰਕਲਪਾਂ ਨੇ ਮਨੁੱਖ ਦੀ ਮਾਨਸਿਕਤਾ ਨੂੰ ਹੀਣਤਾ ਦੇ ਭਾਵਾਂ ਤੋਂ ਮੁਕਤ ਕੀਤਾ ਸੀ। ਇਸ ਸ਼ਬਦ ਦੀ ਪ੍ਰਵਚਨ-ਸ਼ਕਤੀ ਨੂੰ ਵਿਚਾਰਿਆਂ ਇਹ ਗੱਲ ਸਹਿਜੇ ਹੀ ਪਛਾਣੀ ਜਾ ਸਕਦੀ ਹੈ ਕਿ ਇਹ ਸ਼ਬਦ ਇੱਕ ਅਜਿਹੇ ਵਿਅਕਤੀ ਦੀ ਤ੍ਰਿਪਤ ਮਾਨਸਿਕ ਸਥਿਤੀ ਅਤੇ ਸਮਾਜਿਕ ਮਨੋਬਲ ਨੂੰ ਪ੍ਰਗਟਾਉਂਦਾ ਹੈ, ਜੋ ਜਨਮ, ਜਾਤ, ਵਰਣ, ਸ਼੍ਰੇਣੀ ਅਤੇ ਧਰਮ ਦੇ ਸੰਸਥਾਗਤ ਚਰਿੱਤਰ ਤੋਂ ਉੱਪਰ ਉੱਠ ਚੁੱਕਾ ਹੈ। ਇਸ ਉਚੇਰੀ ਮਾਨਸਿਕ ਅਵਸਥਾ ਦਾ ਰਹੱਸ ਹੀ ਇਸ ਗੱਲ ਵਿੱਚ ਹੈ ਕਿ ਵਿਅਕਤੀ ਸਮਾਜਿਕ ਬੰਧਨਾਂ ਤੋਂ ਆਜ਼ਾਦ ਹੋ ਕੇ ਹੀ ਉਨ੍ਹਾਂ ਮੁੱਲਾਂ ਨੂੰ ਰੱਦ ਕਰਦਾ ਹੈ, ਜੋ ਉਸ ਦੀ ਆਤਮ ਪਛਾਣ ਨੂੰ ਉਭਾਰਨ ਦਾ ਮੌਕਾ ਨਹੀਂ ਦਿੰਦੇ। ਵਿਅਕਤੀ ਜਦੋਂ ਹੀਣ ਭਾਵ ਤੋਂ ਉੱਪਰ ਉੱਠ ਜਾਂਦਾ ਹੈ, ਤਾਂ ਉਸ ਅੰਦਰ ਆਤਮ-ਵਿਸ਼ਵਾਸ, ਗਿਆਨ ਦੀ ਸੋਝੀ ਅਤੇ ਸੰਵਾਦ-ਸ਼ਕਤੀ ਪੈਦਾ ਹੁੰਦੀ ਹੈ। ਇਸ ਸ਼ਬਦ ਵਿਚਲਾ ਵਿਅਕਤੀ ਜਾਤੀ/ਸਥਿਤੀ ਦੇ ਹੀਣ ਭਾਵ ਤੋਂ ਮੁਕਤ ਤਾਂ ਹੈ, ਬਲਕਿ ਆਪਣੀ ਪ੍ਰਗਟ ਹੋਈ ਵਿਸ਼ਵਾਸ-ਭਾਵਨਾ ਨਾਲ ਸਮਾਜਿਕ ਸੰਦਰਭ ਵਿੱਚ ਇੱਕ ਪ੍ਰਤੀਮਾਨ ਵੀ ਸਿਰਜ ਰਿਹਾ ਹੈ, ਅਜਿਹਾ ਪ੍ਰਤੀਮਾਨ ਜੋ ਦੂਸਰਿਆਂ ਦੀ ਮੁਕਤੀ ਦਾ ਮਾਡਲ ਬਣ ਰਿਹਾ ਹੈ। ਧਿਆਨਯੋਗ ਤੱਥ ਇਹ ਵੀ ਹੈ ਕਿ ਜੇਕਰ ਵਿਅਕਤੀ ਸ਼੍ਰੇਣਿਕ ਸਮਾਜ ਤੋਂ ਆਜ਼ਾਦ ਨਾ ਹੁੰਦਾ ਤਾਂ ਉਚੇਰੀ ਪਾਰਗਾਮੀ ਅਵਸਥਾ ਪ੍ਰਾਪਤ ਨਹੀਂ ਸੀ ਹੋਣੀ, ਸੋ ਇਸ 'ਸ਼ਬਦ' ਦਾ ਪ੍ਰਵਚਨ ਇੱਕੋ ਵੇਲੇ

ਪਰਾਲੌਕਿਕ ਵੀ ਹੈ ਅਤੇ ਲੌਕਿਕ ਵੀ। ਪਰਾਲੌਕਿਕ ਸਰੋਕਾਰ ਤਾਂ ਸਪੱਸ਼ਟ ਹੀ ਹੈ, ਪਰ ਜੋ ਪ੍ਰਵਚਨ ਸਮਾਜਿਕ ਪਰਿਪੇਖ ਵਿੱਚ ਵਿਚਾਰਯੋਗ ਹੈ, ਉਹ ਇਹ ਹੈ ਕਿ ਇਸ ਵਿਚੋਂ ਇੱਕੋ ਵਿਅਕਤੀ ਦਾ ਮਾਡਲ ਪ੍ਰਸਤੁਤ ਹੁੰਦਾ ਹੈ, ਜੋ ਨੀਚ ਜਾਤੀ ਵਿੱਚ ਜਨਮ ਲੈ ਕੇ ਵੀ ਉੱਤਮ ਪੁਰਸ਼ ਦਾ ਦਰਜਾ ਪ੍ਰਾਪਤ ਕਰ ਗਿਆ ਹੈ। ਉਤਮਤਾ ਦੀ ਸਥਿਤੀ ਵਿੱਚ ਸਾਰੇ ਸਮਾਜਿਕ ਬੰਧਨ ਅਤੇ ਭਰਮ ਟੁੱਟ ਗਏ ਹਨ। ਇਹ 'ਸ਼ਬਦ' ਸਮਾਜਿਕ ਪਰਿਪੇਖ ਵਿੱਚ ਜਾਤ-ਪਾਤ ਸ਼੍ਰੇਣੀ ਦੇ ਬੰਧਨਾਂ ਤੋਂ ਉੱਪਰ ਉੱਠਣ ਦੀ ਪ੍ਰੇਰਣਾ ਦਿੰਦਾ ਹੈ। ਇਹ ਪ੍ਰੇਰਣਾ ਹੀ ਅੱਗੋਂ ਕਰਮਭੂਮੀ ਦਾ ਮਾਰਗ ਨਿਸ਼ਚਿਤ ਕਰਦੀ ਹੈ।

ਰਵਿਦਾਸ-ਬਾਣੀ ਨਿਸ਼ਚੇ ਹੀ ਮਨੁੱਖ ਅੰਦਰ ਕਰਮ ਦੀ ਗੌਰਵਤਾ ਦਾ ਅਹਿਸਾਸ ਜਗਾ ਕੇ ਉਸ ਨੂੰ ਬੰਧਨਗ੍ਰਸਤ ਸਮਾਜ ਤੋਂ ਉਪਰ ਉਠ ਜਾਣ ਦੀ ਦਿਸ਼ਾ ਦਿੰਦੀ ਹੈ। ਇਸ ਵਿੱਚੋਂ ਹੀ ਮਨੁੱਖ ਨੇ ਆਪਣੇ ਮੂਲ ਨੂੰ ਪਛਾਣਨਾ ਹੈ, 'ਭੇਖ' ਨੂੰ ਰੱਦ ਕਰਕੇ 'ਭੇਦ' ਨੂੰ ਪ੍ਰਾਪਤ ਕਰਨਾ ਹੈ। ਇਸ ਸ਼ਬਦ ਵਿੱਚ ਜਿਸ 'ਬੇਗਮਪੁਰਾ ਸਹਰ' ਦਾ ਜ਼ਿਕਰ ਹੈ, ਉਸਦੇ ਸਾਰੇ ਪਾਸਾਰ ਕਲਪਿਤ ਜ਼ਰੂਰ ਹਨ, ਪਰ ਇਨ੍ਹਾਂ ਸਾਰੇ ਪਸਾਰਾਂ ਦੇ ਸਰੋਕਾਰ ਸਮਾਜਿਕ ਪਰਿਪੇਖ ਨੂੰ ਉਘਾੜਨ ਵਾਲੇ ਹਨ। ਸ਼ਹਿਰ ਦੀ ਰੂਪ-ਰੇਖਾ ਕਲਪਿਤ ਹੋ ਕੇ ਅਤਿਅੰਤ ਵਿਵੇਕਪੂਰਨ ਹੈ। ਇਸ ਸ਼ਬਦ ਨੂੰ ਪੜ੍ਹਦਿਆਂ ਇਹ ਹੈਰਾਨਗੀ ਹੁੰਦੀ ਹੈ ਕਿ ਪ੍ਰਭੂ ਪਿਆਰ ਵਿੱਚ ਲੀਨ ਆਤਮਾ ਨੇ ਬੜੇ ਸਹਿਜ ਰੂਪ ਵਿੱਚ ਇੱਕ ਅਜਿਹੇ ਸ਼ਹਿਰ ਦਾ ਮਾਡਲ ਸਿਰਜ ਦਿੱਤਾ ਹੈ, ਜਿਸ ਦੀ ਤਾਲਾਸ਼ ਹੀ ਮਨੁੱਖ ਦੀ ਮੂਲ ਪ੍ਰਾਪਤੀ ਬਣੀ ਹੋਈ ਹੈ। ਵਿਚਾਰਯੋਗ ਗੱਲ ਇਹ ਹੈ ਕਿ ਇਹ ਨਮੂਨਾ/ਮਾਡਲ ਕਿਸੇ ਵਿਸ਼ੇਸ਼ ਗਿਆਨ-ਝਰੋਖੇ ਦਾ ਪ੍ਰਤਿਫਲ ਨਹੀਂ, ਬਲਕਿ ਇਸ ਮਾਡਲ ਦਾ ਮੂਲ ਝਰੋਖਾ ਤਾਂ ਅਧਿਆਤਮਿਕ ਹੈ। ਪਰ ਕਮਾਲ ਇਹ ਹੈ ਕਿ ਸਹਿਜ ਚੇਤਨਾ ਵਿੱਚੋਂ ਸਿਰਜਿਤ ਸਮਾਜ ਦਾ ਮਾਡਲ ਉਸ ਮਨੁੱਖ ਨੂੰ ਆਕਰਸ਼ਿਤ ਕਰਦਾ ਹੈ, ਜੋ ਇੱਕ ਅਜਿਹੇ ਸਮਾਜ ਲਈ ਸੰਘਰਸ਼-ਸ਼ੀਲ ਹੈ, ਜਿੱਥੇ ਮਾਨਵੀ ਹੋਂਦ ਆਪਣੀ ਮਾਨਵਤਾ ਪ੍ਰਾਪਤ ਕਰ ਸਕੇ। ਮਨੁੱਖ ਦੀ ਸਾਰੀ ਯਾਤਰਾ ਹੀ ਇੱਕ ਅਜਿਹੇ ਸਮਾਜ ਦੀ ਉਸਾਰੀ ਕਰਨਾ ਹੈ, ਜਿੱਥੇ ਉਹ ਸੁਤੰਤਰਤਾ ਨਾਲ ਵਿਚਰ ਸਕੇ, ਆਪਣੀ ਹੋਂਦ ਨੂੰ ਨਵੇਂ ਅਰਥ ਦੇ ਸਕੇ। ਇਸ ਭਗਤ ਆਤਮਾ ਦੀ ਦ੍ਰਿਸ਼ਟੀ ਵਿੱਚੋਂ ਉਸਰਿਆ ਸ਼ਹਿਰ ਦਾ ਮਾਡਲ ਸਮਾਜਿਕ ਪਰਿਪੇਖ ਵਿੱਚ ਬੜਾ ਮੁੱਲਵਾਨ ਪ੍ਰਤੀਤ ਹੁੰਦਾ ਹੈ। ਇਹ ਇੱਕ ਅਜਿਹਾ ਸ਼ਹਿਰ ਹੈ, ਜੋ ਸ਼੍ਰੇਣੀ-ਰਹਿਤ ਹੈ, ਜਿੱਥੇ-ਇੱਕ ਦੂਜੇ ਦੀ ਹੋਂਦ ਸਵੀਕਾਰ ਹੈ, ਵਸਤੂ ਦੇ ਖੁਰ ਜਾਣ ਦਾ ਉੱਕਾ ਹੀ ਕੋਈ ਡਰ-ਭਉ

ਨਹੀਂ। ਇਹ ਸ਼ਹਿਰ ਉਸ ਸਮਾਜ ਵੱਲ ਸੰਕੇਤ ਕਰਦਾ ਹੈ, ਜਿੱਥੇ ਇੱਕੋ ਜਿਹੀਆਂ ਬਰਾਬਰ ਹੋਂਦਾਂ ਹਨ। ਹਰ ਪਾਸੇ ਵਿਚਰਨ ਦੀ ਆਜ਼ਾਦੀ ਹੈ। ਇਸ 'ਸ਼ਬਦ' ਵਿੱਚ ਜਿਸ ਸ਼ਹਿਰ ਦੀ ਕਲਪਨਾ ਹੈ, ਉਹ ਇੰਨ-ਬਿੰਨ ਲੰਮੇ ਅਰਸੇ ਤੋਂ ਜੂਝ ਰਿਹਾ ਹੈ। ਫਰਕ ਸਿਰਫ ਇੰਨਾ ਹੈ ਕਿ ਭਗਤ ਦੀ ਦ੍ਰਿਸ਼ਟੀ ਅਧਿਆਤਮ ਵਾਲੀ ਹੈ ਅਤੇ ਅਜੋਕੇ ਮਨੁੱਖ ਦੀ ਦ੍ਰਿਸ਼ਟੀ ਸ਼ੁੱਧ ਸਮਾਜਿਕ ਚਿੰਤਨ ਵਾਲੀ ਹੈ। ਆਸ਼ਾ ਅਤੇ ਅੰਤਮ ਇਕੋ ਜਿਹਾ ਹੈ। ਇਹ ਸ਼ਬਦ ਨਿਰਸੰਦੇਹ ਹੀ ਇੱਕ ਆਦਰਸ਼ਕ ਸਮਾਜ ਦਾ ਮਾਡਲ ਪ੍ਰਸਤੁਤ ਕਰਦਾ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਦੀਰਘ ਅਨੁਭਵ ਦੇ ਵਿਚਾਰਧਾਰਕ ਪਸਾਰ ਅਨੇਕ ਅਰਥ ਬਣਨ ਦੀ ਸਮਰੱਥਾ ਰੱਖਦੇ ਹਨ ਅਤੇ ਇਸ ਪੱਖੋਂ ਭਗਤ ਰਵਿਦਾਸ ਜੀ ਦਾ ਇਹ 'ਸ਼ਬਦ' ਉਨੀ ਦੇਰ ਤੱਕ ਪ੍ਰਮਾਣਿਕ ਦਿਸ਼ਾ ਦਿਖਾਏਗਾ, ਜਿੰਨੀ ਦੇਰ ਤੱਕ ਮਨੁੱਖ ਆਦਰਸ਼ਕ ਸਮਾਜ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਨਹੀਂ ਲੈਂਦਾ। ਇਸ 'ਸ਼ਬਦ' ਦਾ ਅਰਥ ਇਸ ਸੰਦਰਭ ਵਿੱਚ ਹੋਰ ਵੀ ਭਾਵਪੂਰਤ ਬਣ ਜਾਂਦਾ ਹੈ ਕਿ ਇਸ ਹੋਂਦ ਨਾਲ ਜੁੜੇ ਰਹੱਸਵਾਦੀ ਕਵੀਆਂ ਨੇ ਪਰਾਲੌਕਿਕਤਾ ਨੂੰ ਲੌਕਿਕ ਪ੍ਰਸੰਗਾਂ ਨਾਲ ਜੋੜ ਕੇ ਮਾਨਵੀ ਸਰੋਕਾਰਾਂ ਨੂੰ ਪ੍ਰੇਰਣਾ ਤੇ ਦਿਸ਼ਾ ਦਿੱਤੀ ਹੈ। ਇਹ ਦਿਸ਼ਾ ਨਿਸ਼ਚੇ ਹੀ ਸਮਾਜਿਕ ਪਰਿਪੇਖ ਨੂੰ ਉਘਾੜਨ ਵਾਲੀ ਹੈ:

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਭਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਉਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਰਹਮ ਮਹਲ ਨ ਕੋ ਅਟਕਾਵੈ॥

ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੨॥[10]

ਭਗਤ ਰਵਿਦਾਸ ਜੀ ਦੀ ਬਾਣੀ ਦੀਆਂ ਇਹ ਸਤਰਾਂ ਉਸ ਮਨੁੱਖ ਦੀ ਹੀ ਮਾਨਸਿਕਤਾ ਨੂੰ ਪ੍ਰਗਟਾਉਂਦੀਆਂ ਹਨ, ਜੋ ਉਸ ਸਮਾਜ ਤੋਂ ਮੁਕਤ ਹੋ ਚੁੱਕਾ ਹੈ, ਜੋ ਜਨਮ ਜਾਤ ਨੂੰ ਆਧਾਰ ਬਣਾ ਕੇ ਮਨੁੱਖ ਦੇ ਚਰਿੱਤਰ ਦੀ ਵਿਆਖਿਆ ਕਰਦਾ ਸੀ। ਇਹ ਸਤਰਾਂ ਉਸ ਗੌਰਵ ਨੂੰ ਪ੍ਰਗਟਾਉਂਦੀਆਂ ਹਨ, ਜੋ ਮਨੁੱਖ ਨੇ ਸਮਾਜਕ ਸੰਦਰਭ ਵਿੱਚ ਪ੍ਰਾਪਤ ਕੀਤਾ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹੀਂ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।੩॥[11]

ਭਗਤ ਰਵਿਦਾਸ-ਬਾਣੀ ਦੇ ਸਮਾਜਿਕ ਪਰਿਪੇਖ ਦੇ ਅੰਤਰਗਤ ਜੋ ਤੱਥ ਇਤਿਹਾਸਕ ਮਹੱਤਵ ਵਾਲਾ ਹੈ, ਉਹ ਇਹ ਹੈ ਕਿ ਇਸ ਬਾਣੀ ਵਿੱਚ ਕੁਲੀਨ ਵਰਗ ਦਾ ਮਨਫੀ ਚਰਿੱਤਰ ਪੂਰੀ ਤਰ੍ਹਾਂ ਰੱਦ ਹੈ। ਕੁਲੀਨ ਵਰਗ ਦਾ ਵਿਰੋਧ ਕਰਕੇ ਰਵਿਦਾਸ-ਬਾਣੀ ਨੇ ਇਸ ਤਰ੍ਹਾਂ ਨਾਲ ਨਵੇਂ

10 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫
11 ਉਹੀ, ਪੰਨਾ ੧੨੯੩

ਸਮਾਜਿਕ ਮੁੱਲਾਂ ਦੀ ਸਿਰਜਣਾ ਕੀਤੀ ਹੈ। ਇਸ ਬਾਣੀ ਵਿੱਚ ਕੁਲੀਨ ਵਰਗ ਦੀ ਭਾਸ਼ਾ, ਸੱਭਿਆਚਾਰ ਅਤੇ ਇਸ ਵਰਗ ਦੇ ਉਸ ਧਰਮ ਨੂੰ ਅਸਵੀਕਾਰ ਕੀਤਾ ਹੈ, ਜਿਸ ਵਿੱਚ ਮਨੁੱਖ ਦੀ ਮਾਨਵਤਾ ਦੀ ਕੋਈ ਪਛਾਣ ਨਹੀਂ, ਇਸ ਦੇ ਸੰਬੰਧ ਵਿੱਚ ਬਾਣੀਕਾਰ ਨੇ ਮਨੁੱਖ ਦੀ ਪਛਾਣ ਉਸ ਦੇ ਅਮਲਾਂ ਵਿੱਚ ਨਿਸ਼ਚਿਤ ਕੀਤੀ ਹੈ। ਹੇਠ ਲਿਖੀਆਂ ਤੁਕਾਂ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੀਆਂ ਹਨ ਕਿ ਰਵਿਦਾਸ ਜੀ ਨੇ ਕੁਲੀਨ ਵਰਗ ਦੀ ਤਿੱਖੀ ਆਲੋਚਨਾ ਕਰਕੇ ਨਵੇਂ ਸਮਾਜਿਕ ਮੁੱਲਾਂ ਦੀ ਪੈਰਵੀ ਕੀਤੀ ਹੈ :

ਬੇਦ ਪਢਈ ਪੰਡਤ ਬਨਯੋ, ਗਾਂਠ ਪਨ੍ਹੀ ਤਉ ਚਮਾਰ॥
ਰਵਿਦਾਸ ਮਨੁੱਖ ਇਕ ਹਈ, ਨਾਮ ਧਰੈ ਹਈ ਚਾਰ॥[12]

ਸੋ, ਸਪੱਸ਼ਟ ਹੈ ਕਿ ਰਵਿਦਾਸ ਬਾਣੀ ਵਿੱਚ ਇੱਕ ਨਵੇਂ ਸਮਾਜਿਕ ਪਰਿਪੇਖ ਨੂੰ ਉਭਾਰਿਆ ਗਿਆ ਹੈ। ਇਹ ਪਰਿਪੇਖ ਅੱਜ ਵੀ ਉਸ ਸਮਾਜ ਲਈ ਮਾਡਲ ਬਣ ਸਕਦਾ ਹੈ ਜੋ ਸੰਪ੍ਰਾਇਕਤਾ ਵਿੱਚ ਮੂਲ ਸੱਚ ਨੂੰ ਭੁੱਲੀ ਬੈਠਾ ਹੈ। ਰਵਿਦਾਸ-ਬਾਣੀ ਦੇ ਮੁੱਲਵਾਨ ਵਿਚਾਰ ਅੱਜ ਵੀ ਉਸ ਮਨੁੱਖ ਲਈ ਮਾਰਗ-ਦਰਸ਼ਨ ਬਣ ਸਕਦੇ ਹਨ, ਜੋ ਇੱਕ ਅਜਿਹਾ ਸਮਾਜ ਉਸਾਰਨਾ ਚਾਹੁੰਦਾ ਹੈ, ਜਿਸ ਵਿੱਚ ਉਸਦੀ ਆਪਣੀ ਹੋਂਦ ਨਵੇਂ ਸੱਚਾਂ ਨਾਲ ਜੁੜ ਸਕੇ। ਲੋੜ ਇਸ ਗੱਲ ਦੀ ਹੈ ਕਿ ਭਗਤਾਂ ਤੇ ਗੁਰੂਆਂ ਦੀ ਬਾਣੀ ਨੂੰ ਉਨ੍ਹਾਂ ਪ੍ਰਸੰਗਾਂ ਨਾਲ ਹੀ ਜੋੜ ਕੇ ਸਮਝਿਆ ਜਾਵੇ, ਜਿਨ੍ਹਾਂ ਪ੍ਰਸੰਗਾਂ ਵਿੱਚ ਇਹ ਬਾਣੀ ਰਚੀ ਗਈ ਸੀ। ਇਸ ਬਾਣੀ ਵਿੱਚ ਸਾਰੀ ਅਧਿਆਤਮਕ ਪਰੰਪਰਾ ਨੂੰ ਧਰਤੀ ਨਾਲ ਜੋੜ ਕੇ ਗੁਰੂਆਂ ਅਤੇ ਭਗਤਾਂ ਨੇ ਇੱਕ ਅਜਿਹੇ ਨਵੇਂ ਸਮਾਜ ਦੀ ਨੀਂਹ ਰੱਖੀ ਸੀ, ਜਿਸ ਦੇ ਆਰ-ਪਾਰ ਤਾਂ ਬ੍ਰਹਮ ਰੱਖਿਆ ਹੋਇਆ ਹੈ, ਪਰ ਉਸ ਦੇ ਵੱਡੇ ਪਾਸਾਰ ਮਾਨਵੀ ਲੀਲਾ, ਮਾਨਵੀ ਧਰਤੀ ਨਾਲ ਜੁੜੇ ਹੋਏ ਹਨ। ਨਿਸ਼ਚੇ ਹੀ ਬਾਣੀਕਾਰਾਂ ਦੀ ਇਹ ਇੱਕ ਬੜੀ ਹੀ ਮਾਨਯੋਗ ਪ੍ਰਾਪਤੀ ਹੈ ਜਿਸ ਕਰਕੇ ਭਗਤ-ਬਾਣੀ ਵਿੱਚੋਂ ਨਵੇਂ ਮਨੁੱਖ, ਨਵੇਂ ਸਮਾਜਿਕ ਪਰਿਪੇਖ ਦੀ ਪ੍ਰਤੀਤੀ ਹੁੰਦੀ ਹੈ। ਨਵੇਂ ਮਾਨਵੀ ਸੰਕਲਪਾਂ ਨੇ ਹੀ ਨਵਾਂ ਪ੍ਰਵਚਨ ਰਚਿਆ ਹੈ। ਨਵੇਂ ਲੌਕਿਕ ਵਰਤਾਰੇ ਵਿੱਚੋਂ ਨਵੇਂ ਪਰਾਲੌਕਿਕ ਰਹੱਸਾਂ ਦੀ ਅਨੁਭੂਤੀ ਹੋਈ ਹੈ।

12 ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 127

## ਜਾਤ-ਪਾਤ ਦੀ ਵਿਰੋਧਤਾ

ਭਗਤ ਰਵਿਦਾਸ ਜੀ ਦਾ ਸਮਕਾਲੀਨ ਸਮਾਜ ਵੀ ਜਾਤੀ-ਪਾਤੀ ਵਿਚਾਰਾਂ ਨਾਲ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਸਮਾਜ ਦੀ ਪ੍ਰਮੁੱਖ ਇਕਾਈ ਹਿੰਦੂ, ਸਮਾਜ ਦੀ ਬੁਨਿਆਦੀ ਬਣਤਰ ਦਾ ਆਧਾਰ, ਪੁਰਾਤਨ ਆਰੀਅਨਾਂ ਤੋਂ ਲੈ ਕੇ ਪੂਰੀ ਤਰ੍ਹਾਂ ਜਾਤ-ਪਾਤ ਪ੍ਰਬੰਧ ਤੇ ਆਧਾਰਿਤ ਸੀ। ਇਹ ਜਾਤੀ-ਪ੍ਰਬੰਧ ਕੋਈ ਕੰਮ-ਕਾਜ ਦੇ ਪ੍ਰਬੰਧ ਵਿਚੋਂ ਨਿਕਲਿਆ ਆਮ ਪ੍ਰਬੰਧ ਨਹੀਂ। ਜਿਹਾ ਕਿ ਕਈ ਵਿਦਵਾਨਾਂ ਨੇ ਦੱਸਿਆ ਹੈ।[13]

ਜਾਤ-ਪਾਤ ਦਾ ਪ੍ਰਬੰਧ ਇੱਕ ਡੂੰਘੀ ਸਮਾਜਿਕ ਵਿਚਾਰਧਾਰਾ ਹੈ, ਜਿਸ ਦਾ ਆਧਾਰ ਹਿੰਦੂ ਸਮਾਜ ਦੇ ਵਿਸ਼ਵਾਸ, ਨਿਯਮ ਅਤੇ ਗ੍ਰੰਥ ਹਨ। ਸਰਦਾਰ ਜਗਜੀਤ ਸਿੰਘ ਦੇ ਸ਼ਬਦਾਂ ਵਿੱਚ, 'ਜਾਤ-ਪਾਤ ਆਪਣੇ ਪੂਰੇ ਜੋਬਨ ਵਿੱਚ ਇੱਕ ਐਸੀ ਸਮਾਜਕ ਬਣਤਰ ਹੈ, ਜਿਸ ਦੀ ਮਿਸਾਲ ਦੁਨੀਆ ਵਿੱਚ ਨਹੀਂ ਮਿਲਦੀ। ਇਹ ਐਲਾਨੀਆ ਇਸ ਅਸੂਲ ਉਤੇ ਕਾਇਮ ਹੈ ਕਿ ਮਨੁੱਖ ਹਮੇਸ਼ਾ ਲਈ ਇੱਕ ਦੂਜੇ ਦੇ ਬਰਾਬਰ ਨਹੀਂ।'[14]

ਜਾਤੀ-ਪਾਤੀ, ਪ੍ਰਬੰਧ ਵਰਗੀ (ਮਨੁੱਖਾਂ ਵਿਚਕਾਰ ਨਾ-ਬਰਾਬਰੀ ਤੇ ਦਰਜਾ-ਬ-ਦਰਜਾ, ਕਾਇਮ ਰੱਖਣ ਵਾਲੀ) ਬੇਚਲਕ ਸਮਾਜਕ ਬਣਤਰ ਹੋਰ ਕਿਧਰੇ ਹੋਂਦ ਵਿੱਚ ਨਹੀਂ ਆਈ। ਵਿਲਸਨ ਦੇ ਹਵਾਲੇ ਨਾਲ ਜਗਜੀਤ ਸਿੰਘ ਜੀ ਲਿਖਦੇ ਹਨ ਕਿ, 'ਜਾਤੀ-ਪਾਤੀ ਨਿਯਮ ਦੇ ਕਾਇਦੇ ਕਿਵੇਂ ਇੱਕ ਜੀਵ ਦੇ ਜੰਮਣ ਤੋਂ ਲੈ ਕੇ ਮਰਨ ਤਕ ਉਸਦੀ ਜ਼ਿੰਦਗੀ ਦੀਆਂ ਨਿਗੂਣੀਆਂ ਤੋਂ ਨਿਗੂਣੀਆਂ ਹਰਕਤਾਂ ਉੱਤੇ ਕਾਬੂ ਰੱਖਦੇ ਹਨ।'[15]

ਗੁਰਮਤਿ ਅਨੁਸਾਰ ਸਾਰੇ ਮਨੁੱਖ ਇੱਕ ਹਨ ਇਸ ਪ੍ਰਥਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਣ ਹੈ:

ਮਾਨਸੁ ਕੀ ਜਾਤਿ ਸਭੈ ਏਕੈ ਪਹਿਚਾਨਬੋ॥[16]

ਗੁਰੂ ਨਾਨਕ ਦੇਵ ਜੀ ਨੇ ਆਪਣਾ ਉਪਦੇਸ਼ਕ ਜੀਵਨ ਇਸ ਅਹਿਮ ਐਲਾਨ ਤੋਂ ਸ਼ੁਰੂ ਕੀਤਾ ਕਿ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ। ਗੁਰੂ ਸਾਹਿਬ ਅਨੁਸਾਰ ਹਰੇਕ ਵਿਅਕਤੀ ਸਭ ਤੋਂ

---

13 ਵੇਖੋ : D.N. Masumdar, 'Races and cultures of India ਬਲਦੇਵ ਸਿੰਘ (ਡਾ.), ਭਾਰਤੀ ਸੰਸਕ੍ਰਿਤੀਆਂ ਤੇ ਜਾਤੀਆਂ (ਅਨੁਵਾਦ), ਆਰ.ਸੀ. ਭਟਨਾਗਰ, ਭਾਰਤੀ ਸਮਾਜ, ਪੰਨਾ,

14 ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ 72.

15 ਉਹੀ, ਸਿੱਖ ਇਨਕਲਾਬ, ਪੰਨਾ 72.

16 ਸ੍ਰੀ ਦਸਮ ਗ੍ਰੰਥ,੮੫/੧-੨

ਪਹਿਲਾਂ ਇਨਸਾਨ ਹੈ, ਬਾਅਦ ਵਿੱਚ ਹਿੰਦੂ ਜਾਂ ਮੁਸਲਮਾਨ। ਇਸ ਪ੍ਰਥਾਇ 'ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ : 'ਤਬ ਗੁਰੂ ਬਾਬੇ ਨਾਨਕ ਜੀ ਡੇਰਾ ਲੁਆਇ ਦੂਰ ਕੀਤਾ॥ ਬਾਬਾ ਨਾਨਕ ਜਾਇ ਫ਼ਕੀਰਾ ਸਾਥਿ ਬੈਠਾ-ਤਬ ਲੋਕੁ ਲਾਗਾ ਕਹਿਣੇ, 'ਨਾਨਕ! ਅਗੈ ਤੂ ਕਿਛੂ ਹੋਰ ਥਾਂ (ਅਰਥਾਤ-ਹਿੰਦੂ), ਅਬ ਤੂ ਹੋਰ ਹੋਆ। ਹੁਣ ਕਿਛ ਹੋਰ ਹੋਰੁ ਲਗਾ ਆਖਣੇ। ਇੱਕ ਹਿੰਦਵਾਂ ਦਾ ਰਾਹ ਹੈ ਇਕੁ ਮੁਸਲਮਾਨਾ ਦਾ ਰਾਹ ਹੈ, ਪਰ ਤੂੰ ਕੇਹੜੇ ਰਾਹਿ ਵਿਚਿ ਹੈਂ। ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜੇ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ ਹੈ, ਮੈਂ ਕਿਸ ਦੇ ਰਾਹਿ ਹੋਵਾਂ। ਖੁਦਾਇ ਨ ਹਿੰਦੂ ਨ ਮੁਸਲਮਾਨ ਹੈ, ਮੈਂ ਜਿਹਾ ਸਿ ਖੁਦਾਇ ਦੇ ਰਾਹਿ ਹਾਂ।'[17]

ਗੁਰੂ ਸਾਹਿਬ ਨੇ ਇਹ ਸਮਝ ਲਿਆ ਸੀ ਕਿ ਜਾਤੀ-ਪਾਤੀ ਪ੍ਰਬੰਧ ਨਾਲ ਲੜਨ ਵਾਸਤੇ ਇਸ ਤੋਂ ਬਾਹਰ ਇੱਕ ਨਵਾਂ ਸਮਾਜ ਬਣਾਉਣ ਅਤੇ ਲੋਕਾਂ ਨੂੰ ਜਥੇਬੰਦ ਕਰਨਾ ਅਤਿ ਜ਼ਰੂਰੀ ਹੈ।[18] ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਕਥਿਤ ਨੀਵੇਂ ਲੋਕਾਂ ਨੂੰ ਗਲ ਲਾ ਕੇ ਬ੍ਰਾਹਮਣੀ ਸਮਾਜ ਅੰਦਰ ਸਦੀਆਂ ਤੋਂ ਚੱਲੀ ਆਉਂਦੀ ਜਾਤ-ਪਾਤ ਕੱਟੜਤਾ ਨੂੰ ਠੋਕਰ ਮਾਰੀ। ਗੁਰ ਫੁਰਮਾਣ ਹੈ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥[19]

ਭਗਤ ਰਵਿਦਾਸ ਜੀ ਨੇ ਇਥੇ ਵੀ ਇਸ ਖਿਆਲ ਨੂੰ ਇਉਂ ਪੇਸ਼ ਕੀਤਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥[20]

ਹੋਰ-

17 ਜਗਜੀਤ ਸਿੰਘ, ਜਾਤਪਾਤ ਤੇ ਸਿੱਖ, ਪੰਨਾ 49.
18 ਉਹੀ,, ਜਾਤਪਾਤ ਤੇ ਸਿੱਖ, ਪੰਨਾ 50.
19 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੯
20 ਉਹੀ, ਪੰਨਾ ੧੧੦੬.

ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥੨॥[21]

ਗੁਰਮਤਿ ਅਨੁਸਾਰ ਭਗਤਾਂ ਦੀ ਜਾਤ ਕੇਵਲ 'ਨਾਮ' ਹੀ ਹੈ। ਗੁਰੂ ਜੀ ਦਾ ਫੁਰਮਾਣ ਹੈ :

ਭਗਤਾ ਕੀ ਜਤਿ ਪਤਿ ਏਕੋੁ ਨਾਮੁ ਹੈ ਆਪੇ ਲਏ ਸਵਾਰਿ॥[22]

ਹੋਰ–

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥

ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥[23]

ਅਸੀਂ ਜਾਣਦੇ ਹਾਂ ਕਿ ਸਮਾਜ ਵਿੱਚ ਜਾਤ-ਪਾਤ ਦੇ ਆਧਾਰ ਤੇ ਕੋਈ ਉੱਚਾ ਨੀਵਾਂ ਨਹੀਂ। ਕਿਸੇ ਵੀ ਜਾਤ-ਪਾਤ ਦਾ ਵਿਅਕਤੀ ਪ੍ਰਮਾਤਮਾ ਦਾ ਸੱਚੇ ਦਿਲੋਂ ਨਾਮ ਜਪਦਾ ਹੈ ਅਤੇ ਉਸਦੀ ਕੋਈ ਜਾਤ ਨਹੀਂ ਰਹਿੰਦੀ ਅਤੇ ਉਸਦਾ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ। ਇਸ ਸਬੰਧ ਵਿੱਚ ਰਵਿਦਾਸ ਜੀ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਬਿਆਨ ਕਰਦੇ ਹਨ। ਭਗਤ ਰਵਿਦਾਸ ਜੀ ਵੀ ਸਵੈ-ਵਿਸ਼ਵਾਸ ਨਾਲ ਕਹਿੰਦੇ ਹਨ ਕਿ 'ਰਾਮ' ਨਾਮ ਦਾ ਜਾਪ ਕਰਨ ਵਾਲੇ ਸਾਧਕ ਦੀ ਕੋਈ ਜਾਤ ਨਹੀਂ ਹੁੰਦੀ :

ਕਹਿ ਰਵਿਦਾਸ ਜੋ ਜਪੈ ਨਾਮੁ॥

ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥[24]

ਭਗਤ ਰਵਿਦਾਸ ਜੀ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਚਾਰ ਸ਼੍ਰੇਣੀਆਂ (ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ) ਵਿੱਚੋਂ ਕਿਸੇ ਵੀ ਸ਼੍ਰੇਣੀ ਵਿੱਚ ਜਨਮ ਲੈਣ ਵਾਲਾ ਜੇਕਰ ਪਰਮਾਤਮਾ ਦੀ ਬੰਦਗੀ ਨਾਲ ਜੁੜਦਾ ਹੈ, ਤਾਂ ਉਸਦਾ ਆਪਣਾ ਤਾਂ ਉਧਾਰ ਹੁੰਦਾ ਹੀ ਹੈ, ਨਾਲ ਹੀ ਉਹ ਆਪਣੀ ਕੁਲ ਨੂੰ ਵੀ ਤਾਰ ਲੈਂਦਾ ਹੈ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ :

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥

ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥[25]

---

21 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੮.

22 ਉਹੀ, ਪੰਨਾ ੪੨੯.

23 ਉਹੀ, ਪੰਨਾ ੪੨੬.

24 ਉਹੀ, ਪੰਨਾ ੧੧੯੬.

25 ਉਹੀ, ਪੰਨਾ ੮੫੮.

ਭਗਤ ਰਵਿਦਾਸ ਜੀ ਦੀ ਇੱਕ ਬਹੁਤ ਵੱਡੀ ਦੇਣ ਇਹ ਵੀ ਹੈ ਕਿ ਆਪ ਨੇ ਲੋਕਾਂ ਦੇ ਅੰਦਰੋਂ, ਗਰੀਬੀ ਜਾਂ ਜਾਤ, ਜਨਮ ਜਾਂ ਖਾਨਦਾਨ ਆਦਿ ਦੂਰ ਕਰਕੇ ਉਨ੍ਹਾਂ ਦੇ ਦਿਲਾਂ ਵਿੱਚ ਪਿਆ ਹੀਣਤਾ ਦਾ ਭਾਵ ਕੱਢਣ ਦਾ ਉਪਰਾਲਾ ਕੀਤਾ। ਉਨ੍ਹਾਂ ਆਪਣੀ ਮਿਸਾਲ ਦਿੰਦਿਆਂ ਜਿੱਥੇ ਇੱਕ ਪਾਸੇ ਇਹ ਕਿਹਾ ਕਿ 'ਨੀਚਹੁ ਊਚ ਕਰੈ-ਮੇਰਾ ਗੋਬਿੰਦੁ' ਉੱਥੇ ਹੌਂਸਲੇ ਨਾਲ ਆਪਣੀ ਬਾਣੀ ਵਿੱਚ ਅਨੇਕ ਵਾਰ ਆਪਣੇ ਆਪ ਨੂੰ ਚਮਾਰ, ਖਲਾਸ ਚੰਮਾਰ, ਆਪਣੇ ਵੱਡਿਆਂ ਬਾਬਤ 'ਮੋਏ ਢੋਰ ਢੋਣ ਵਾਲੇ' ਆਦਿ ਕਹਿ ਕੇ ਆਪਣੀ ਗਰੀਬੀ ਮੰਨ ਕੇ ਦਾਅਵਾ ਕੀਤਾ ਹੈ ਕਿ ਉਸ ਪਰਮਾਤਮਾ ਦੀ ਮਿਹਰ ਸਦਕਾ ਭਗਤੀ ਤੇ ਨੇਕ ਕਰਮਾਂ ਨੇ ਮੈਨੂੰ ਗਰੀਬ ਨੂੰ ਇਥੋਂ ਤੱਕ ਪਹੁੰਚਾ ਦਿੱਤਾ ਹੈ ਕਿ ਜੋ ਅੱਜ ਵੱਡੇ-ਵੱਡੇ ਪੰਡਤ ਆ ਕੇ ਡੰਡਾਉਤ-ਬੰਦਨਾਂ ਕਰਨ ਲੱਗ ਪਏ ਹਨ। ਉਸ ਪਰਮਾਤਮਾ ਦੀ ਅਸੀਮ ਸ਼ਕਤੀ ਨੂੰ ਦਰਸਾਉਂਦੇ ਹੋਏ ਰਵਿਦਾਸ ਜੀ ਕਹਿੰਦੇ ਹਨ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥[26]

ਉਨ੍ਹਾਂ ਨੇ ਆਪਣੀ ਬਾਣੀ ਵਿੱਚ ਸੱਚ ਨੂੰ ਸਪੱਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਹੈ, ਜੀਵਨ ਦੇ ਉਨ੍ਹਾਂ ਪੱਖਾਂ ਦੇ ਕੰਮਾਂ ਨੂੰ ਜਿਨ੍ਹਾਂ ਨੂੰ ਸਾਰੇ ਘਿਰਣਾ ਭਰੀ ਨਜ਼ਰ ਨਾਲ ਦੇਖਦੇ ਸਨ। ਭਗਤ ਰਵਿਦਾਸ ਜੀ ਨਿਮਰਤਾ ਭਾਵ ਵਿੱਚ ਕਹਿੰਦੇ ਹਨ ਕਿ ਮੈਂ ਚਮਾਰ ਹਾਂ, ਮੇਰਾ ਕੰਮ ਜੁੱਤੀਆਂ ਗੰਢਣਾ ਹੈ ਭਾਵੇਂ ਇਹ ਕੰਮ ਵੀ ਮੈਨੂੰ ਚੰਗੀ ਤਰ੍ਹਾਂ ਨਹੀਂ ਆਉਂਦਾ ਪਰ ਤਾਂ ਵੀ ਲੋਕ ਮੇਰੇ ਤੋਂ ਜੁੱਤੀਆਂ ਗੰਢਾਉਂਦੇ ਹਨ। ਆਪਣੀ ਬਾਣੀ ਵਿੱਚ ਇਸ ਖਿਆਲ ਨੂੰ ਭਗਤ ਰਵਿਦਾਸ ਜੀ ਇਉਂ ਦੱਸਦੇ ਹਨ:

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥ ਰਹਾਉ॥[27]

ਭਗਤ ਰਵਿਦਾਸ ਜੀ ਦੀ ਬਾਣੀ ਇਸ ਤੱਥ ਨੂੰ ਸੁਤੇ-ਸਿੱਧ ਸਪੱਸ਼ਟ ਕਰਦੀ ਹੈ ਕਿ ਭਾਰਤੀ ਸੰਸਕ੍ਰਿਤੀ ਕਿਸੇ ਵਿਸ਼ੇਸ਼ ਵਰਗ, ਕੌਮ ਜਾਂ ਇੱਕ ਵਿਅਕਤੀ ਦੀ ਜਾਇਦਾਦ ਨਹੀਂ ਸਗੋਂ ਭਾਰਤ ਵਿੱਚ ਵਸਣ ਵਾਲੇ ਹਰ ਭਾਰਤੀ ਦੀ ਸਾਂਝੀ ਸੰਸਕ੍ਰਿਤੀ ਹੈ। ਹਰੇਕ ਵਿਅਕਤੀ ਇਕਸਾਰ ਸਤਿਕਾਰ

---

26 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩
27 ਉਹੀ, ੬੫੯

ਅਤੇ ਅਧਿਕਾਰ ਦਾ ਹੱਕਦਾਰ ਹੈ, ਕਿਉਂਕਿ ਪਰਮਾਤਮਾ ਦਾ ਵਾਸਾ ਕਣ-ਕਣ ਵਿੱਚ ਮੌਜੂਦ ਹੈ ਅਤੇ ਪਰਮਾਤਮਾ ਦਾ ਸਿਮਰਨ ਪਤਿਤ ਤੋਂ ਪਤਿਤ ਵਿਅਕਤੀ ਨੂੰ ਸ੍ਰੇਸ਼ਟ ਵਿਅਕਤੀ ਬਣਾਉਣ ਦੇ ਸਮਰੱਥ ਹੈ।

## ਇਸਤਰੀ ਦਾ ਸਥਾਨ

ਸਾਰੀ ਸ੍ਰਿਸ਼ਟੀ, ਚਾਹੇ ਬਨਸਪਤੀ ਨਰ ਤੇ ਨਾਰੀ-ਤੱਤਾਂ ਦਾ ਸੰਜੋਗ ਹੈ, ਜਿਸ ਤੋਂ ਸਾਰਾ ਵਿਕਾਸ ਹੋਇਆ ਹੈ। ਮਾਨਵ-ਸਮਾਜ ਦਾ ਅੱਧਾ ਭਾਗ ਨਾਰੀ ਹੈ ਤੇ ਅੱਧਾ ਪੁਰਖ, ਪਰ ਜਨਮਜਾਤੀ ਤੇ ਪਾਲਣਹਾਰੀ ਹੋਣ ਕਰਕੇ ਕਈ ਪੱਖਾਂ ਤੋਂ ਨਾਰੀ ਦਾ ਮਹੱਤਵ ਵਧੇਰੇ ਹੈ। ਇਹ ਵੀ ਇੱਕ ਵਿਗਿਆਨਕ ਸੱਚਾਈ ਹੈ ਕਿ ਜੀਵਨ-ਸੰਘਰਸ਼ ਵਿੱਚ ਹਰ ਪ੍ਰਾਣੀ ਦੀ ਹਸਤੀ (ਹਉਮੈਂ) ਆਪਣਾ ਆਪ ਵਸਾ ਕੇ ਦਰਸਾਉਣ ਵਿੱਚ ਲੱਗੀ ਹੋਈ ਹੈ। ਇਸੇ ਕਾਰਨ ਮਰਦ ਨੇ ਆਪਣੀ ਪ੍ਰਭੁਤਾ ਸਥਾਪਤ ਕਰਕੇ ਕੁਝ ਹੱਦ ਤਕ ਨਾਰੀ ਦੇ ਮਹੱਤਵ ਨੂੰ, ਘਟਾਉਣ ਦਾ ਜਤਨ ਵੀ ਕੀਤਾ।

ਜੇ ਪੁਰਾਤਨ ਇਤਿਹਾਸ, ਮਿਥਿਹਾਸ, ਧਰਮ ਤੇ ਦਰਸ਼ਨ ਨੂੰ ਵਾਚੀਏ, ਤਾਂ ਨਾਰੀ, ਨਰ ਦੇ ਨਾਲ ਹਮ-ਕਦਮ ਹੈ। ਇਸਤਰੀ-ਪੁਰਸ਼ ਦੇ ਸੰਬੰਧ ਤੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ। ਪੁਰਾਤਨ ਧਾਰਮਿਕ ਤੇ ਦਾਰਸ਼ਨਿਕ ਵਿਚਾਰਵਾਨ ਸੰਸਾਰ ਨੂੰ ਬ੍ਰਹਮ ਤੇ ਮਾਇਆ ਜਾਂ ਸ਼ਿਵ-ਸ਼ਕਤੀ, ਅਥਵਾ ਪੁਰਸ਼ ਤੇ ਪ੍ਰਾਕ੍ਰਿਤੀ ਦੀ ਹੀ ਖੇਡ ਦੱਸਦੇ ਆਏ ਹਨ।[28] ਸ੍ਰਿਸ਼ਟੀ ਦਾ ਮੂਲ ਕਾਰਨ ਨਰ-ਨਾਰੀ ਤੱਤ ਹੀ ਵੱਖ-ਵੱਖ ਦਰਸ਼ਨਾਂ ਤੇ ਮੱਤਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣੀਆਂ ਗਈਆਂ ਹਨ, ਕਹਿੰਦੇ ਹਨ ਰਚਨਾ ਤੋਂ ਪਹਿਲਾਂ ਪਰਮਾਤਮਾ, ਆਤਮ-ਲੀਨ ਸੀ। ਉਦੋਂ ਉਹ ਏਕਾਕਾਰ ਹੋਣ ਕਾਰਨ ਕੇਵਲ ਆਪਣੇ ਆਪ ਦੇ ਰੰਗ ਵਿੱਚ ਸੀ। ਜਦ ਉਸ ਨੂੰ ਆਪਣਾ-ਆਪ ਬਾਹਰੀ ਰੂਪ ਵਿੱਚ ਅਨੁਭਵ ਕਰਨ ਦੀ ਇੱਛਾ ਹੋਈ ਤਾਂ ਉਸ ਨੇ ਅਭਾਵ ਤੋਂ ਭਾਵ ਨੂੰ ਮੂਰਤੀਮਾਨ ਕੀਤਾ। ਉਹ ਇੱਕ ਤੋਂ ਨਰ, ਮਾਦੇ ਦੇ ਰੂਪ ਵਿੱਚ ਦੋ ਹੋਇਆ, ਦੋਹਾਂ ਦੇ ਸੰਜੋਗ ਨਾਲ ਪ੍ਰਾਣੀ-ਜਗਤ ਹੋਂਦ ਵਿੱਚ ਆਇਆ। ਇਸ ਤਰ੍ਹਾਂ ਉਹੀ ਪਰਮਾਤਮਾ ਮਾਇਆ-ਰੂਪ ਵਿੱਚ ਵਿਸਤ੍ਰਿਤ ਹੋ ਕੇ ਇੱਕ-ਤੋਂ-ਅਨੇਕ ਹੋਇਆ ।

---

28 ਸ਼ਾਂਖ ਸ਼ਾਸਤਰ ਨੇ ਪੁਰਸ਼ ਪ੍ਰਕ੍ਰਿਤੀ ਦਾ ਇਹ ਸਿਧਾਂਤ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਦਰਸ਼ਨ, ਪੂਰਵ ਅੰਕਿਤ, ਪੰਨਾ 316.

ਪਰਮਾਤਮਾ ਦੀ ਸਾਜੀ ਇਹ ਬਹੁਭਾਂਤੀ ਰਚਨਾ ਦਾ ਅਹਿਮ ਪੱਖ 'ਸਮਾਜ' ਹੈ ਅਤੇ ਸਮਾਜਿਕ ਅਵਸਥਾ ਕਾਫੀ ਹੱਦ ਤਕ ਇਸਤਰੀ ਤੋਂ ਪ੍ਰਭਾਵਿਤ ਹੁੰਦੀ ਹੈ। ਸੋ ਕਿਸੇ ਵੀ ਸੰਸਕ੍ਰਿਤੀ ਨੂੰ ਸਮਝਣ ਲਈ ਇਸਤਰੀ ਦੀ ਸਥਿਤੀ ਨੂੰ ਜਾਣ ਲੈਣਾ ਬਹੁਤ ਸਹਾਇਕ ਹੁੰਦਾ ਆਇਆ ਹੈ।[29]

ਹਿੰਦੂ ਸਮਾਜ ਵਿੱਚ ਇਸਤਰੀ ਜਾਤੀ ਦੀ ਦਸ਼ਾ ਬਹੁਤ ਦਰਦਨਾਕ ਸੀ। ਇਸਤਰੀ ਲਈ ਕੋਈ ਧਰਮ ਅਧਿਕਾਰ ਨਹੀਂ ਸੀ। ਜਿੱਥੋਂ ਤਕ ਆਸ਼ਰਮ-ਮਰਿਆਦਾ ਦਾ ਸਵਾਲ ਹੈ, ਇਸ ਵਿੱਚ ਇਸਤਰੀ ਲਈ ਇਸ ਦਾ ਵਿਧਾਨ ਹੀ ਨਹੀਂ ਸੀ।[30] ਇੱਥੋਂ ਤੱਕ ਕਿ ਧਾਰਮਿਕ ਗ੍ਰੰਥਾਂ ਵਿੱਚ ਵੀ ਇਸਤਰੀ ਨੂੰ ਨਕਾਰਿਆ ਗਿਆ ਹੈ, ਜਿਵੇਂ ਕਿ ਈਸਾਈ ਮੱਤ ਵਾਲੇ ਔਰਤ ਨੂੰ ਸਭ ਬੁਰਾਈਆਂ ਦੀ ਜੜ੍ਹ ਮੰਨਦੇ ਹਨ। 'ਬਾਈਬਲ' ਵਿੱਚ ਜੋ ਵਿਚਾਰ ਮਿਲਦੇ ਹਨ। ਉਨ੍ਹਾਂ ਕਾਰਨ ਔਰਤ ਦੇ ਹਰ ਪਾਸੇ ਦੀ ਤਰੱਕੀ ਵਿੱਚ ਰੋਕ ਹੁੰਦੀ ਹੈ।[31]

ਗੁਰਮਤਿ ਦੀ ਇੱਕ ਵਿਲੱਖਣਤਾ ਹੈ ਕਿ ਗੁਰੂ ਸਾਹਿਬ ਨੇ ਪਰੰਪਰਾਗਤ ਰੂੜ੍ਹੀਵਾਦੀ ਵਿਚਾਰਾਂ ਨੂੰ ਠੋਕਰ ਮਾਰਦੇ ਹੋਏ ਰਾਜਿਆਂ-ਮਹਾਰਾਜਿਆਂ ਦੀ ਜਨਮਦਾਤੀ 'ਇਸਤਰੀ' ਨੂੰ ਮਾਣ ਦਿੰਦੇ ਹੋਏ ਕਿਹਾ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[32]

ਭਾਰਤੀ ਪਰੰਪਰਾ ਵਿੱਚ ਇਹ ਇੱਕ ਤਰ੍ਹਾਂ ਦੀ ਸਮਾਜਿਕ ਕ੍ਰਾਂਤੀ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਡੰਕੇ ਦੀ ਚੋਟ ਉਤੇ ਇਸਤਰੀ ਨੂੰ ਵੱਡਾ ਰੁਤਬਾ ਪ੍ਰਦਾਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੀ ਮਹਾਨਤਾ ਦਾ ਪਤਾ ਇੱਥੋਂ ਹੀ ਚੱਲ ਜਾਂਦਾ ਹੈ ਕਿ 'ਬਾਣੀ' ਵਿੱਚ ਸਾਰੇ ਪ੍ਰਾਣੀਆਂ ਨੂੰ ਹੀ ਇਸਤਰੀ-ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਇਸਤਰੀ ਨੂੰ ਨੀਵਾਂ, ਬੁਰਾ ਸਮਝਣ ਦੀ ਥਾਂ ਉਸ ਨੂੰ ਸਮਾਨਤਾ ਦਾ ਦਰਜਾ ਦਿੱਤਾ ਗਿਆ ਹੈ। ਗੁਰਮੁਖ ਅਤੇ ਮਨਮੁਖ ਦੇ ਸੰਕਲਪ ਨੂੰ ਇਸਤਰੀ ਦੇ ਸੁਹਾਗਣ ਅਤੇ ਦੁਹਾਗਣ ਹੋਣ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਗਿਆ ਹੈ :

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥

---

29 ਹਰਿੰਦਰ ਕੌਰ, ਸੋ ਕਿਉਂ ਮੰਦਾ ਆਖੀਐ, ਪੰਨਾ 33.

30 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪

31 ਉਹੀ, ਪੰਨਾ 37.

32 ਉਹੀ, ਪੰਨਾ ੪੭੩.

ਜਿਨਾ ਨਾਉ ਸੋਹਾਗਣੀ ਤਿਨਾ ਝਾਕ ਨ ਹੋਰ॥[33]

ਹੋਰ–

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥[34]

ਹੋਰ–

ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ॥
ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ॥[35]

ਹੋਰ–

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ॥[36]

ਭਗਤ ਰਵਿਦਾਸ ਜੀ ਨੇ ਇਸਤਰੀ ਦੇ ਅੰਤਰ-ਮਨ ਦੀ ਅਵਸਥਾ ਨੂੰ ਸਮਾਜ ਦੇ ਸਨਮੁੱਖ ਰੱਖਿਆ, ਪੁਰੋਹਿਤਾਂ ਵੱਲੋਂ ਇਸਤਰੀ ਬਾਰੇ ਪਾਏ ਭਰਮ-ਭੁਲੇਖਿਆਂ ਨੂੰ ਦੂਰ ਕੀਤਾ। ਸੰਸਾਰੀਆਂ ਨੂੰ ਸਪੱਸ਼ਟ ਕੀਤਾ ਕਿ ਇਸਤਰੀ ਪ੍ਰੇਮ ਦਾ ਸਾਗਰ ਹੈ। ਉਹ ਸੁੱਖਾਂ ਦੀ ਖਾਨ ਹੈ। ਉਸ ਦੇ ਸਾਥ ਵਿੱਚ ਰਹਿ ਕੇ ਮਨੁੱਖ ਚੰਗਾ ਸੋਚਦਾ ਹੈ। ਇਸਤਰੀ ਮਨੁੱਖ ਦਾ ਘਰ-ਸੰਸਾਰ ਵਸਾਉਂਦੀ ਤੇ ਵੇਲ ਵਧਾਉਂਦੀ ਹੈ। 'ਗੁਰਬਾਣੀ' ਵਿਚਲੇ ਉਪਰੋਕਤ ਦਰਸਾਏ ਖਿਆਲਾਂ ਨੂੰ ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਇਉਂ ਪੇਸ਼ ਕਰਦੇ ਹਨ :

ਸਹ ਕੀ ਸਾਰ ਸੁਹਾਗਨਿ ਜਾਨੈ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ॥[37]

ਅਤੇ

ਦੁਖੀ ਦੁਹਾਗਨਿ ਦੁਇ ਪਖ ਹੀਨੀ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥[38]

---

33 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੧੩੮੪.
34 ਉਹੀ, ਪੰਨਾ ੭੨੨.
35 ਉਹੀ, ਪੰਨਾ ੪੨੮.
36 ਉਹੀ, ਪੰਨਾ ੧੨੮੦
37 ਉਹੀ, ਪੰਨਾ ੭੯੩
38 ਉਹੀ

ਗੁਰਬਾਣੀ ਵਿੱਚ ਇਸਤਰੀ ਨੂੰ ਜਿੱਥੇ ਵਡਿਆਈ ਦਿੱਤੀ ਗਈ ਹੈ, ਉਥੇ ਨਾਲ ਹੀ ਇਸਤਰੀ ਨੂੰ ਮਾਇਆ-ਰੂਪ ਵਿਚ ਵੀ ਅਭਿਵਿਅਕਤ ਕੀਤਾ ਗਿਆ ਹੈ। ਗੁਰੂ ਫੁਰਮਾਣ ਹੈ :-

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥[39]

ਭਗਤ ਰਵਿਦਾਸ ਜੀ ਵੀ ਇਸੇ ਖਿਆਲ ਨੂੰ ਇਉਂ ਪੇਸ਼ ਕਰਦੇ ਹਨ :-

ਘਰ ਕੀ ਨਾਰਿ ਉਰਹਿ ਤਨ ਲਾਗੀ॥
ਉਹ ਤਉ ਭੂਤ ਭੂਤ ਕਰਿ ਭਾਗੀ॥੩॥[40]

## ਕਰਮ ਕਾਂਡਾਂ ਦੀ ਵਿਰੋਧਤਾ

ਕਰਮ ਦਾ ਅਰਥ ਹੈ ਕ੍ਰਿਆ ਅਤੇ ਕਾਂਡ ਦਾ ਅਰਥ ਹੈ ਹਿੱਸਾ ਜਾਂ ਭਾਗ।[41] ਕਰਮ-ਕਾਂਡ ਦਾ ਮੂਲ ਰੂਪ ਵਿੱਚ ਸੰਬੰਧ ਮਨੁੱਖ ਦੇ ਹਰ ਪ੍ਰਕਾਰ ਦੇ ਕਰਮਾਂ ਨਾਲ ਹੈ, ਜਿਸ ਵਿੱਚ ਧਾਰਮਿਕ ਕ੍ਰਿਆਵਾਂ ਵੀ ਸ਼ਾਮਿਲ ਹਨ, ਪਰ ਸਥੂਲ ਰੂਪ ਵਿੱਚ ਧਾਰਮਿਕ ਕ੍ਰਿਆਵਾਂ ਨੂੰ ਹੀ ਕਰਮ-ਕਾਂਡ ਕਿਹਾ ਜਾਂਦਾ ਹੈ। ਕਰਮ-ਕਾਂਡ ਨਾਲ ਪੁਰੋਹਿਤ ਵਰਗ ਦਾ ਗੂੜਾ ਸੰਬੰਧ ਹੈ ਕਿਉਂਕਿ ਇਨ੍ਹਾਂ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਯੋਗਦਾਨੀਆਂ ਨੇ ਜਨਤਾ ਨੂੰ ਕਰਮ-ਕਾਡਾਂ ਤੋਂ ਬਚਾਉਣ ਲਈ ਬਾਣੀਆਂ ਵਿੱਚ ਡਟ ਕੇ ਨਿਖੇਧੀ ਕੀਤੀ ਹੈ, ਉਨ੍ਹਾਂ ਕਿਹਾ ਕਿ ਪਰਮਾਤਮਾ ਦੀ ਬਖਸ਼ਿਸ਼ ਪਾਉਣ ਲਈ ਕਿਸੇ ਕਰਮ-ਕਾਂਡ ਦੀ ਜ਼ਰੂਰਤ ਨਹੀਂ।

ਮੱਧ ਯੁੱਗ ਵਿੱਚ ਵਰਤੇ ਜਾਣ ਵਾਲੇ ਕਰਮ-ਕਾਂਡ 'ਸ਼ਬਦ' ਤੋਂ ਭਾਵ ਕਿਸੇ ਵਿਸ਼ੇਸ਼ ਧਰਮ ਦੀ ਕਰਮ-ਵਿਵਸਥਾ ਨਹੀਂ, ਸਗੋਂ ਸਾਧਨਾ-ਸੰਬੰਧੀ ਉਨ੍ਹਾਂ ਬਾਹਰਲੀਆਂ ਕ੍ਰਿਆਵਾਂ ਤੋਂ ਹੈ, ਜੋ ਹੌਲੀ-ਹੌਲੀ ਧਰਮ ਦੇ ਵਾਸਤਵਿਕ ਸਰੂਪ ਨੂੰ ਪਰੇ ਹਟਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਜਿਨ੍ਹਾਂ ਕ੍ਰਿਆਵਾਂ ਦਾ ਰੂੜ੍ਹ ਰੂਪ ਹੀ ਕਰਮ-ਕਾਂਡ ਹੈ, ਚਾਹੇ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਕਿਉਂ ਨ ਹੋਣ। ਕਰਮ ਕਾਂਡ ਤੋਂ ਭਾਵ ਹੈ ਹਰ ਧਰਮ ਦੇ ਉਹ ਕਰਮ ਜੋ ਸੱਚੀ ਅਤੇ ਨਿਸ਼ਕਾਮ ਪ੍ਰੇਮ-ਭਾਵਨਾ ਤੋਂ ਸੁੰਨੇ ਹੋਣ।[42]

---

39 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੪

40 ਉਹੀ, ਪੰਨਾ ੭੯੪.

41 ਸਰਬਜਿੰਦਰ ਸਿੰਘ (ਡਾ.) (ਸੰਪਾ.) ਨਾਨਕ ਪ੍ਰਕਾਸ਼ ਪ੍ਰਤ੍ਰਿਕਾ, ਪੰਨਾ 219

42 ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 317.

ਭਗਤ ਰਵਿਦਾਸ ਜੀ ਨੇ ਨਿਮਨਲਿਖਤ 'ਸ਼ਬਦ' ਵਿੱਚ ਕਟਾਖਸ਼ ਰਾਹੀਂ ਬ੍ਰਾਹਮਣੀ ਕਰਮ-ਕਾਂਡ ਨੂੰ ਰੱਦ ਕੀਤਾ। ਅਸਲ ਵਿੱਚ ਜਦੋਂ ਸਮਾਜ ਦਾ ਸਮੁੱਚਾ ਪ੍ਰਬੰਧ ਹੀ ਵਿਕਾਰਗ੍ਰਸਤ ਹੋਵੇਗਾ, ਤਾਂ ਉਸ ਪ੍ਰਬੰਧ ਦੀ ਕੋਈ ਵੀ ਵਸਤੂ ਕਿਵੇਂ ਸ਼ੁੱਧ ਰਹਿ ਸਕਦੀ ਹੈ। ਭਗਤ ਰਵਿਦਾਸ ਨੇ ਅਧਿਆਤਮ ਦਾ ਸਹਾਰਾ ਲੈ ਕੇ ਪ੍ਰਚਲਤ ਪ੍ਰਬੰਧ ਉਪਰ ਆਪਣੀ ਤਿੱਖੀ ਪ੍ਰਤਿਕ੍ਰਿਆ ਪ੍ਰਗਟ ਕੀਤੀ ਹੈ। ਦੁੱਧ ਨੂੰ ਤਾਂ ਵੱਛੇ ਨੇ ਚੁੰਘ ਕੇ ਅਪਵਿੱਤਰ ਕਰ ਦਿੱਤਾ ਹੈ। ਫੁੱਲਾਂ ਨੂੰ ਭੌਰੇ ਨੇ ਅਤੇ ਪਾਣੀ ਨੂੰ ਮੱਛੀ ਨੇ ਖਰਾਬ ਕਰ ਦਿੱਤਾ ਹੈ। ਇਸ ਕਰਕੇ ਗੋਬਿੰਦ-ਪੂਜਾ ਲਈ ਕੀ ਭੇਟ ਕੀਤਾ ਜਾਵੇ? ਹੋਰ ਸੁੱਚਾ ਫੁੱਲ ਨਾ ਹੋਣ ਕਰਕੇ ਨਿਰੰਕਾਰ ਦੀ ਪ੍ਰਾਪਤੀ ਕਿਵੇਂ ਸੰਭਵ ਹੈ। ਚੰਦਨ ਦੇ ਦੁਆਲੇ ਸੱਪ ਲਿਪਟੇ ਹੋਣ। ਸਮੁੰਦਰ ਵਿਚ ਬਿਖ ਤੇ ਅੰਮ੍ਰਿਤ ਇੱਕ ਥਾਂ ਹੀ ਰਹਿੰਦੇ ਹਨ। ਇਸ ਕਰਕੇ ਚੰਦਨ ਤੇ ਅੰਮ੍ਰਿਤ ਇੱਕੋ ਧੂਪ, ਦੀਪ, ਨਈਵੇਦ ਅਤੇ ਸੁਗੰਧੀ ਨਾਲ ਕਿਸ ਤਰ੍ਹਾਂ ਕਰਨ? ਇਸ ਕਰਕੇ ਭਗਤ ਜੀ 'ਤਨ ਮਨ ਅਰਪਉ' ਦਾ ਸੰਕਲਪ ਪੇਸ਼ ਕਰਦੇ ਹਨ ਜਿਸ ਸਦਕਾ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ। ਭਗਤ ਰਵਿਦਾਸ ਜੀ ਦੇ ਸਮੇਂ ਪੂਜਾ-ਵਿਧਾਨ ਕੁਝ ਇਸ ਤਰ੍ਹਾਂ ਦਾ ਸੀ ਕਿ ਇਹ ਕੇਵਲ ਉੱਚ ਵਰਗਾਂ ਤੇ ਅਮੀਰ ਤਬਕੇ ਨੂੰ ਹੀ ਰਾਸ ਆ ਸਕਦਾ ਸੀ। ਇਸ ਵਿੱਚ ਵਡਮੁੱਲੀਆਂ ਵਸਤਾਂ ਜਿਵੇਂ ਚੰਦਨ, ਧੂਪ, ਦੀਪ, ਦੁੱਧ, ਫਲ, ਫੁੱਲ ਆਦਿ ਦੀ ਵਰਤੋਂ ਹੁੰਦੀ ਸੀ। ਆਪ ਨੇ ਇਸ ਨੂੰ ਇਕ ਨਵਾਂ ਸੰਕਲਪ ਦੇ ਕੇ ਸਿੱਧ ਕੀਤਾ ਕਿ ਅਸਲੀ ਪੂਜਾ ਤਾਂ ਤਨ-ਮਨ ਦੇ ਅਰਪਨ ਨਾਲ ਹੀ ਹੁੰਦੀ ਹੈ। ਬਾਕੀ ਸਭ ਵਸਤਾਂ ਤਾਂ ਜੂਠੀਆਂ ਹਨ ਤੇ ਸੁੱਚੇ ਇਸ਼ਟ ਲਈ ਜੂਠੀਆਂ ਵਸਤਾਂ ਦੀ ਵਰਤੋਂ ਜਾਇਜ਼ ਨਹੀਂ ਹੈ। ਦੁੱਧ ਇਸ ਲਈ ਜੂਠਾ ਹੋ ਜਾਂਦਾ ਹੈ ਕਿ ਵੱਛਾ ਧਾਰ ਕੱਢਣ ਤੋਂ ਪਹਿਲਾਂ ਹੀ ਗਊ ਦੇ ਥਣਾਂ ਨੂੰ ਚੁੰਘਦਾ ਹੈ, ਭੰਵਰੇ ਨੇ ਫੁੱਲ ਜੂਠੇ ਕੀਤੇ ਹੁੰਦੇ ਹਨ ਅਤੇ ਪਾਣੀ ਮੱਛੀ ਨੇ। ਚੰਦਨ ਦੇ ਦੁਆਲੇ ਜ਼ਹਿਰੀਲੇ ਸੱਪ ਲਿਪਟੇ ਹੁੰਦੇ ਹਨ। ਸਮੁੰਦਰ ਵਿਚ ਬਿਖ ਤੇ ਅੰਮ੍ਰਿਤ ਇੱਕ ਥਾਂ ਹੀ ਰਹਿੰਦੇ ਹਨ। ਹੋਰ ਸੁੱਚਾ ਫੁੱਲ ਨਾ ਹੋਣ ਕਰਕੇ ਨਿਰੰਕਾਰ ਦੀ ਪ੍ਰਾਪਤੀ ਕਿਵੇਂ ਸੰਭਵ ਹੈ। ਆਪ ਨੇ ਸੁੰਦਰ ਉਦਾਹਰਨਾਂ ਦੇ ਕੇ ਇਸਦਾ ਨਕਸ਼ਾ ਇਉਂ ਉਲੀਕਿਆ ਹੈ :

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥

ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥੪॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥ [43]

ਭਗਤ ਰਵਿਦਾਸ ਜੀ ਨੇ ਅੰਤਰ-ਆਤਮਾ ਦੀ ਸ਼ੁੱਧੀ ਨੂੰ ਮਹਾਨਤਾ ਦਿੰਦੇ ਹੋਏ ਤੀਰਥ-ਇਸ਼ਨਾਨਾਂ ਨੂੰ ਕਰਮ-ਕਾਂਡ ਆਖਦੇ ਹਨ। ਭਗਤ ਜੀ ਕਹਿੰਦੇ ਹਨ ਕਿ ਜੇ ਕੋਈ ਵਿਅਕਤੀ ਅਠਾਹਠ ਤੀਰਥਾਂ ਉੱਪਰ ਇਸ਼ਨਾਨ ਕਰ ਲੈਂਦਾ ਹੈ ਤਾਂ ਇਸ ਦਾ ਕੋਈ ਲਾਭ ਨਹੀਂ। ਇਸ ਤਰ੍ਹਾਂ ਭਾਵੇਂ ਕੋਈ ਵਿਅਕਤੀ ਛੇ ਤਰ੍ਹਾਂ ਦੇ ਸ੍ਰੇਸ਼ਠ ਕਰਮ ਕਰਨ ਵਾਲਾ ਹੋਵੇ, ਚਾਹੇ ਉਹ ਉੱਚੀ ਕੁਲ ਵਿੱਚ ਜੰਮਿਆ ਹੋਵੇ ਜੇ ਉਹ ਪ੍ਰਭੂ ਦੀ ਭਗਤੀ ਨਹੀਂ ਕਰਦਾ ਤਾਂ ਉਸ ਵਰਗਾ ਨੀਚ ਕੋਈ ਨਹੀਂ। ਦੂਜੇ ਪਾਸੇ ਚਾਹੇ ਕੋਈ ਅਖੌਤੀ ਨੀਚ ਜਾਤੀ ਵਿੱਚ ਪੈਦਾ ਹੋਇਆ ਹੋਵੇ ਪਰ ਜੇ ਉਸ ਦਾ ਮਨ ਪ੍ਰਭੂ ਦੀ ਭਗਤੀ-ਭਾਵਨਾ ਵਿੱਚ ਭਿੱਜ ਗਿਆ ਹੈ ਤਾਂ ਉਸ ਦਾ ਆਵਾਗਵਣ ਦਾ ਚੱਕਰ ਕੱਟਿਆ ਜਾਂਦਾ ਹੈ। ਇਸ ਸਬੰਧੀ ਆਪ ਜੀ ਇੰਜ ਫੁਰਮਾਉਂਦੇ ਹਨ :

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥
ਰੇ ਚਿਤ ਚੇਤਿ ਚੇਤ ਅਚੇਤ॥
ਕਾਹੇ ਨਾ ਬਾਲਮੀਕਹਿ ਦੇਖਿ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ
ਭਗਤਿ ਬਿਸੇਖ॥੧॥ ਰਹਾਉ॥ [44]

---

43 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੫
44 ਉਹੀ, ਪੰਨਾ ੧੧੨੪

ਮਨੁੱਖ ਆਪਣਾ ਬਾਹਰੀ ਰੂਪ ਤਾਂ ਪਾਣੀ ਨਾਲ ਧੋ ਲੈਂਦਾ ਹੈ, ਪਰ ਉਸਦੇ ਅੰਦਰ ਕਈ ਤਰ੍ਹਾਂ ਦੇ ਵਿਕਾਰ ਭਰੇ ਹੋਏ ਹਨ। ਮਨੁੱਖ ਕਿਸ ਤਰ੍ਹਾਂ ਸ਼ੁੱਧ ਹੋਵੇਗਾ। ਸ਼ੁੱਧ ਹੋਣ ਦਾ ਵਿਵਹਾਰ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ। ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਦੇ ਚੜ੍ਹਨ ਨਾਲ ਰਾਤ ਚਲੀ ਜਾਂਦੀ ਹੈ। ਤਾਂਬਾ ਪਾਰਸ ਨਾਲ ਛੋਹ ਕੇ ਸੋਨਾ ਬਣ ਜਾਂਦਾ ਹੈ। ਇਸ ਤਰ੍ਹਾਂ ਹੀ ਜੇ ਮੱਥੇ ਤੇ ਪੂਰਬਲੇ ਭਾਗ ਲਿਖੇ ਹੋਣ ਤਾਂ ਗੁਰੂ ਮਿਲ ਜਾਂਦਾ ਹੈ। ਜਦੋਂ ਭਰਮਾਂ ਦੇ ਬੰਧਨ ਤੇ ਵਿਕਾਰਾਂ ਤੋਂ ਖਹਿੜਾ ਛੁਡਾ ਕੇ ਭਗਤੀ ਦੀ ਜੁਗਤ ਧਾਰੀ ਜਾਂਦੀ ਹੈ ਤਾਂ ਮਨ ਅਨੰਦਿਤ ਹੋ ਜਾਂਦਾ ਹੈ। ਮਨੁੱਖ ਸਿਰਫ਼ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਦਾ ਹੈ। ਅਨੇਕ ਯਤਨ ਕਰਨ ਦੇ ਬਾਵਜੂਦ ਮਨ ਵਿੱਚ ਭਗਤੀ ਹੀ ਉਪਜਦੀ ਹੈ। ਇਸ ਅਵਸਥਾ ਨੂੰ ਭਗਤ ਰਵਿਦਾਸ ਜੀ ਇੰਜ ਬਿਆਨ ਕਰਦੇ ਹਨ :

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥੮॥[45]

ਭਗਤ ਰਵਿਦਸ ਜੀ ਵਿਖਾਵੇ ਨਾਲੋਂ ਅੰਤਰ-ਆਤਮਾ ਦੀ ਸ਼ੁੱਧਤਾ ਨੂੰ ਵਧੇਰੇ ਤਰਜੀਹ ਦਿੰਦੇ ਹਨ। ਪਵਿੱਤਰ ਕੇਵਲ ਪਰਮਾਤਮਾ ਆਪ ਹੈ। ਪਰਮਾਤਮਾ ਦਾ ਨਾਮ ਉਨ੍ਹਾਂ ਦੀ ਨਿੱਤ ਦੀ 'ਆਰਤੀ' ਦੀ ਆਧਾਰਸ਼ਿਲਾ ਹੈ। ਪਰਮਾਤਮਾ ਦਾ 'ਨਾਮ' ਮੇਰੀ ਆਰਤੀ ਤੇ ਇਸ਼ਨਾਨ ਹੈ। ਪਰਮਾਤਮਾ ਦੇ 'ਨਾਮ' ਦੀ ਬੰਦਗੀ ਬਿਨਾਂ ਹੋਰ ਸਭ ਕੂੜ ਹੈ। ਤੇਰਾ ਨਾਮ ਹੀ ਮੇਰਾ ਆਸਨ ਹੈ। ਤੇਰੇ ਨਾਮ ਦਾ ਕੇਸਰ ਹੀ ਮੈਂ ਛਿੜਕਦਾ ਹਾਂ। ਤੇਰਾ 'ਨਾਮ' ਹੀ ਜਲ ਤੇ ਚੰਦਨ ਹੈ। ਤੇਰਾ 'ਨਾਮ'

45 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੬

ਹੀ ਦੀਵਾ ਤੇ ਬੱਤੀ ਹੈ। ਤੇਰੇ 'ਨਾਮ' ਦਾ ਤੇਲ ਇਸ ਵਿੱਚ ਪਾਇਆ ਹੈ। ਤੇਰੇ 'ਨਾਮ' ਦੇ ਚਾਨਣ ਤੋਂ ਉਸ ਨੂੰ ਜਗਾਇਆ ਹੈ ਤੇ ਮੇਰਾ ਅੰਤਹਕਰਣ ਜਗਮਗਾ ਗਿਆ ਹੈ। ਤੇਰਾ 'ਨਾਮ' ਹੀ 'ਧਾਗਾ' ਤੇ ਉਹੀ ਫੁੱਲਾਂ ਦੀ 'ਮਾਲਾ' ਵੀ ਹੈ। ਹੋਰ ਸਾਰੀ ਸਮਗਰੀ ਜੂਠੀ ਹੋਣ ਕਰਕੇ ਤੈਨੂੰ ਚੜ੍ਹਾਉਣ ਦੇ ਯੋਗ ਨਹੀਂ ਹੈ। ਤੇਰੀਆਂ ਬਣਾਈਆਂ ਵਸਤਾਂ ਮੈਂ ਤੈਨੂੰ ਕੀ ਭੇਟ ਕਰਾਂ! ਮੈਂ ਤੇਰੇ 'ਨਾਮ' ਦਾ ਹੀ ਚੌਰ ਝੁਲਾਉਂਦਾ ਹਾਂ। ਅਠਾਰਾਂ ਪੁਰਾਣ, ਅਠਾਰਾਂ ਤੀਰਥ ਤੇ ਚਾਰੇ ਪਾਣੀਆਂ ਸੰਸਾਰ ਦੇ ਵਰਤਣ ਲਈ ਹੈ। ਰਵਿਦਾਸ ਤੇਰੇ 'ਨਾਮ' ਦੀ ਹੀ ਆਰਤੀ ਉਚਾਰਦਾ ਹੈ ਤੇ ਸਤਿਨਾਮ ਦਾ ਭੋਗ ਲੁਆਉਂਦਾ ਹੈ :

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ
ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥[46]

ਮੱਧਯੁੱਗ ਭਗਤੀ-ਅੰਦੋਲਨ ਦੇ ਵਿਕਸਿਤ ਹੋਣ ਵਿੱਚ ਕਰਮ-ਕਾਂਡ ਦੀ ਨਿਰਾਸਤਾ ਅਤੇ ਲੋਕਾਂ ਨੂੰ ਵਾਸਤਵਿਕ ਮਾਰਗ ਤੋਂ ਹਟਾ ਕੇ ਕੁਰਾਹੇ ਪਾਉਣ ਦੀ ਬਿਰਤੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਸੇ ਲਈ ਇਨ੍ਹਾਂ ਕਰਮ-ਕਾਂਡਾਂ ਤੋਂ ਜਨਤਾ ਨੂੰ ਬੇਮੁੱਖ ਕਰਨ ਦੀ ਭਾਵਨਾ ਨਾਲ ਭਗਤਾਂ ਦੀਆਂ ਬਾਣੀਆਂ ਵਿੱਚ ਇਨ੍ਹਾਂ ਦੇ ਨਿਖੇਧ ਦੀ ਗੱਲ ਡੱਟ ਕੇ ਕਹੀ ਗਈ ਹੈ। ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਪਾਖੰਡ ਯੁਕਤ ਕਰਮ-ਕਾਂਡਾਂ ਜਾਂ ਬਾਹਰਲੇ ਧਾਰਮਿਕ ਆਚਾਰਾਂ ਦੀ ਨਿਰਾਸਤਾ ਉੱਤੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ ਪਰ ਅਜਿਹਾ ਕਰਨ ਵੇਲੇ ਕਿਸੇ ਵਿਸ਼ੇਸ਼ ਧਰਮ ਨੂੰ

46 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੪

ਨਿਸ਼ਾਨਾ ਬਣਾਇਆ ਗਿਆ, ਸਗੋਂ ਧਾਰਮਿਕ ਅਨੁਸਾਸ਼ਨਾਂ ਦੀ ਰੂੜ੍ਹੀਵਾਦਤਾ ਨੂੰ ਸਪੱਸ਼ਟ ਕੀਤਾ ਗਿਆ ਹੈ ਅਤੇ ਕਿਤੇ-ਕਿਤੇ ਤਾਂ ਪਰੰਪਰਾਗਤ ਕਰਮ-ਕਾਂਡਾਂ ਦੇ ਭਾਵੀਕ੍ਰਿਤ ਰੂਪ ਦਾ ਚਿਤਰਣ ਵੀ ਕੀਤਾ ਗਿਆ ਹੈ। ਪੁਰੋਹਿਤ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਕਹਿੰਦੇ ਹਨ :

ਸੁਣਿ ਪੰਡਿਤ ਕਰਮਾ ਕਾਰੀ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥[47]

ਅਸਲ ਵਿੱਚ 'ਧਰਮ' ਦਾ ਐਨਾ ਨੁਕਸਾਨ ਬਾਹਰੀ ਹਮਲਾਵਰਾਂ ਅਤੇ ਦੁਸ਼ਮਣਾਂ ਨੇ ਨਹੀਂ ਕੀਤਾ, ਜਿੰਨਾ ਕਿ ਧਾਰਮਿਕ ਦੰਭਾਂ ਨੇ ਕੀਤਾ ਹੈ। ਪੁਰੋਹਿਤਾਂ ਨੇ ਮਨੁੱਖਤਾ ਨੂੰ ਧਰਮ ਦੇ ਰਾਹ 'ਤੇ ਬਹੁਤ ਗੁਮਰਾਹ ਕੀਤਾ। ਸਿੱਟੇ ਵੱਜੋਂ ਧਾਰਮਿਕ ਗੁਰੂਆਂ/ਸੰਤਾਂ/ਭਗਤਾਂ ਆਦਿ ਨੇ ਧਰਮ ਦੇ ਰਾਹ 'ਤੇ ਪ੍ਰਚਲਿਤ ਅਖੌਤੀ ਕਰਮਕਾਂਡਾਂ ਦਾ ਖੰਡਨ ਕਰਦੇ ਹੋਏ ਕਰਮਕਾਂਡ ਨੂੰ 'ਧਰਮ' ਦਾ ਪ੍ਰਮੁੱਖ ਵਿਰੋਧੀ ਤੱਤ ਮੰਨਿਆ ਹੈ।

ਸਮੁੱਚੀ ਗੁਰਬਾਣੀ ਵਿੱਚ ਕਰਮ-ਕਾਂਡਾਂ ਦਾ ਤਿਆਗ ਕਰਕੇ 'ਧਰਮ' ਦੇ ਰਾਹ 'ਤੇ ਚੱਲਣ ਦਾ ਉਪਦੇਸ਼ ਮਿਲਦਾ ਹੈ। ਪਰੰਪਰਾਗਤ ਪ੍ਰਚਲਿਤ ਰਵਾਇਤਾਂ ਅਨੁਸਾਰ ਮੱਧਕਾਲ ਵਿੱਚ ਤੀਰਥਾਂ ਦੇ ਇਸ਼ਨਾਨ ਨੂੰ ਮੁਕਤੀ ਪ੍ਰਾਪਤੀ ਦਾ ਇੱਕ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਸੀ। ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਇਸ ਕਰਮਕਾਂਡ ਨੂੰ ਨਾਕਾਰਦੇ ਹੋਏ ਕਿਹਾ :-

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥[48]

ਭਾਵ ਕਿ ਅਜਿਹੇ ਤੀਰਥਾਂ ਦੇ ਇਸ਼ਨਾਨ ਦਾ ਕੀ ਲਾਭ, ਜਿਸ ਨਾਲ ਮਨ ਵਿਚਲੀ ਮੈਲ ਅਤੇ ਹੰਕਾਰ ਦੀ ਨਵਿਰਤੀ ਨਾ ਹੋਵੇ।

ਮੱਧਕਾਲ ਦੌਰਾਨ ਪ੍ਰਭੂ-ਪ੍ਰਾਪਤੀ ਲਈ ਪੂਜਾ, ਇੱਕ ਵੱਡਾ ਕਰਮ-ਕਾਂਡ ਪ੍ਰਚਲਿਤ ਸੀ। ਬ੍ਰਾਹਮਣ-ਪੁਰੋਹਿਤ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਭੋਲੇ-ਭਾਲੇ ਲੋਕਾਂ ਦਾ ਪਰਮਾਤਮਾ

47 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੫
48 ਉਹੀ, ਪੰਨਾ ੬੧.

ਦੀ ਪੂਜਾ ਕਰਨ ਦੇ ਨਾਂ ਤੇ ਸ਼ੋਸ਼ਣ ਕਰਦੇ ਸਨ। ਪੂਜਾ ਦੇ ਅਨੇਕ ਢੰਗ ਦੱਸ ਕੇ ਲੋਕਾਂ ਤੋਂ ਧਨ ਆਦਿਕ ਉਗਰਾਹਉਣ ਦਾ ਇਹ ਉੱਤਮ ਵਸੀਲਾ ਉਨ੍ਹਾਂ ਨੇ ਅਖਤਿਆਰ ਕੀਤਾ ਹੋਇਆ ਸੀ।

ਗੁਰੂ ਸਾਹਿਬ ਨੇ 'ਪੂਜਾ' ਦੇ ਨਾਮ 'ਤੇ ਇਸ ਲੁੱਟ ਨੂੰ ਨਕਾਰਦੇ ਹੋਏ ਕਿਹਾ :

ਮਨ ਸੰਪਟ ਜਿਤੁ ਸਤ ਸਰ ਨਾਵਣ ਭਾਵਣ ਪਾਤੀ ਤ੍ਰਿਪਤਿ ਕਰੈ॥
ਪੂਜਾ ਪ੍ਰਾਣ ਸੇਵਕ ਜੇ ਸੇਵੇ ਇਨ ਬਿਧ ਸਾਹਿਬ ਰਵਤ ਰਹੈ॥[49]

ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਪੁਜਾਰੀ-ਵਰਗ ਨੂੰ ਸੁਚੇਤ ਕੀਤਾ ਹੈ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਜਗਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਭੂ ਦੀ ਪੂਜਾ ਕਰਨ ਲਈ ਅਜਿਹੇ ਆਡੰਬਰਾਂ/ਵਿਖਾਵਿਆਂ ਦੀ ਲੋੜ ਨਹੀਂ ਹੈ। ਸ਼ੁੱਧ ਹਿਰਦੇ ਨਾਲ ਕੀਤਾ 'ਜਾਪ' ਹੀ ਪ੍ਰਭੂ ਨੂੰ ਸਵੀਕਾਰ ਹੁੰਦਾ ਹੈ।

ਮੱਧਕਾਲੀਨ ਸਮਾਜ ਵਿੱਚ ਪ੍ਰਭੂ-ਭਗਤੀ ਦਾ ਇੱਕ ਵਿਸ਼ੇਸ਼ ਸਾਧਨ 'ਆਰਤੀ' ਮੰਨਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਜਦੋਂ ਜਗਨਨਾਥਪੁਰੀ ਦੇ ਮੰਦਰਾਂ ਵਿੱਚ ਇਹ ਆਡੰਬਰ ਦੇਖਿਆ, ਤਾਂ ਸਹਿਜੇ ਹੀ ਉਨ੍ਹਾਂ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਉਸ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਲਈ 'ਆਰਤੀ' ਕਰਨ ਹਿੱਤ ਕਿਸੇ ਵਿਸ਼ੇਸ਼ ਸਮਗਰੀ ਦੀ ਜ਼ਰੂਰਤ ਨਹੀਂ, ਬਲਕਿ ਪਰਮਾਤਮਾ ਦੀ ਰਚੀ ਇਹ ਕੁਦਰਤ ਹਰ ਪਲ ਉਸਦੀ 'ਆਰਤੀ' ਕਰ ਰਹੀ ਹੈ। ਗੁਰ ਨਾਨਕ ਦੇਵ ਜੀ ਦਾ ਫੁਰਮਾਣ ਹੈ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ
ਬਨਰਾਇ ਫੂਲੰਤ ਜੋਤੀ॥[50]

ਭਗਤ ਰਵਿਦਾਸ ਜੀ ਨੇ ਇਸ ਖਿਆਲ ਨੂੰ ਇਉਂ ਪੇਸ਼ ਕੀਤਾ ਹੈ :-

ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[51]

---

49 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫-੪੬.
50 ਉਹੀ, ਪੰਨਾ ੧੩
51 ਉਹੀ, ਪੰਨਾ ੬੯੪

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦੀ ਧਾਰਮਿਕ ਤੇ ਸਮਾਜਿਕ ਦ੍ਰਿਸ਼ਟੀ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਸਮਾਜ ਵਿੱਚ ਫੈਲੇ ਹਰੇਕ ਅਤਿਆਚਾਰ, ਦੋਸ਼ ਅਤੇ ਪਾਖੰਡ ਫਰੇਬ ਦੀ ਨਿੰਦਾ ਕਰਕੇ ਉਸ ਦੀ ਥਾਂ ਤੇ ਚੰਗੇ ਸਿਧਾਂਤ ਲੋਕਾਂ ਸਾਹਮਣੇ ਰੱਖੇ। ਦੇਸ਼ ਪ੍ਰਾਂਤ, ਜਾਤ, ਕਬੀਲੇ ਗੋਤ ਅਤੇ ਲਿੰਗ ਆਦਿ ਸਾਰੇ ਭੇਦ-ਭਾਵਾਂ ਤੋਂ ਉਪਰ ਉੱਠ ਕੇ ਸੱਚ ਦੇ ਜੀਵਨ ਜਿਊਣ ਨੂੰ ਤਰਜੀਹ ਦਿੱਤੀ। ਸਤਿ, ਸੰਤੋਖ ਤੇ ਵਿਚਾਰ ਦੇ ਆਧਾਰ ਰੂਪ ਵਿੱਚ ਸੰਸਾਰ ਨੂੰ ਸੱਚੇ ਪਰਮਾਤਮਾ ਦੀ ਰਚਨਾ ਮੰਨ ਕੇ ਨਾਮ ਜਪਦਿਆਂ ਕਿਰਤ ਕਰਨ ਤੇ ਵੰਡ ਛਕਣ ਦੇ ਸਿਧਾਂਤਾਂ ਨੂੰ ਬਾਣੀ ਤੇ ਕਰਮ ਵਿੱਚ ਨਿਭਾਉਣ ਦੀ ਜਾਚ ਸਿਖਾਈ। ਉਨ੍ਹਾਂ ਨੇ ਭਗਤੀ ਨੂੰ ਅੰਦਰੂਨੀ ਤੇ ਬਾਹਰੀ ਦੋਸ਼ਾਂ ਤੋਂ ਬਚਾਉਣ ਲਈ ਜਿੱਥੇ ਇੱਕਈਸ਼ਵਰਵਾਦ ਦਾ ਸਿਧਾਂਤ ਦਿੱਤਾ ਉਥੇ ਨਾਲ ਹੀ ਲੋਕਾਂ ਅੰਦਰ ਪੈਦਾ ਹੋਏ ਆਲਸਪੁਣੇ ਤੇ ਨਿਕੰਮੇਪਣ ਨੂੰ ਦੂਰ ਕਰਨ ਲਈ ਹੱਥੀਂ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਬਿਬੇਕ ਬੁੱਧੀ ਦੁਆਰਾ ਸੱਚ ਤੇ ਝੂਠ ਨੂੰ ਪਛਾਨਣ ਦੀ ਜੁਗਤ ਦੱਸਦਿਆਂ ਧਰਮ ਦੇ ਠੇਕੇਦਾਰਾਂ, ਦੰਭੀਆਂ ਪਾਖੰਡਾਂ, ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਨੂੰ ਤੋੜਨ ਦੀ ਜਾਚ ਸਿਖਾਈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਧਾਰਮਿਕ ਤੇ ਸਮਾਜਿਕ ਦ੍ਰਿਸ਼ਟੀ ਵਿਸ਼ਵ ਭਾਈਚਾਰਾ, ਮਨੁੱਖੀ ਸਮਾਨਤਾ ਦੇ ਆਧਾਰ ਤੇ ਆਦਰਸ਼ ਮਨੁੱਖ ਤੇ ਆਦਰਸ਼ ਸਮਾਜ ਦੀ ਸਥਾਪਨਾ ਕੀਤੀ। ਭਗਤ ਰਵਿਦਾਸ ਜੀ ਦੀ ਰਚਨਾ ਵਿੱਚ ਇਹ ਤੱਥ ਸੁਤੇ ਸਿੱਧ ਹੀ ਪ੍ਰਾਪਤ ਹੁੰਦੇ ਹਨ ਕਿ ਉਨ੍ਹਾਂ ਨੇ ਆਪਣੇ ਜੀਵਨ ਤੇ ਰਚਨਾ ਰਾਹੀਂ ਆਦਰਸ਼ ਗੁਣ ਲੋਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ। ਭਗਤ ਰਵਿਦਾਸ ਜੀ ਦੁਆਰਾ ਪ੍ਰਸਤੁਤ ਬੇਗਮਪੁਰਾ ਪਰਮਾਰਥਿਕ ਜਗਤ ਦੀ ਸਮੁੱਚੀ ਤਸਵੀਰ ਪੇਸ਼ ਕਰਦਾ ਹੈ। ਜਿਹੜਾ ਜਗਿਆਸੂ ਪ੍ਰਭੂ ਭਗਤੀ ਦੇ ਮਾਰਗ ਉੱਪਰ ਅੱਗੇ ਵਧਦਾ ਹੋਇਆ ਨਾਮ-ਅਭਿਆਸ ਦੀ ਕਮਾਈ ਰਾਹੀਂ ਗੁਰਮਤਿ ਦੇ ਰੰਗ ਵਿੱਚ ਰੰਗਿਆ ਜਾਦਾ ਹੈ, ਉਸ ਦੀ ਸਮਦ੍ਰਿਸ਼ਟੀ ਵਿੱਚ ਜਾਤਾਂ-ਪਾਤਾਂ, ਰੰਗਾਂ-ਨਸਲਾਂ, ਕੌਮਾਂ-ਮਜ਼ਹਬਾਂ, ਦੇਸ਼ਾਂ-ਵਿਦੇਸ਼ਾਂ ਤੇ ਊਚ-ਨੀਚ ਦੇ ਸਭ ਵਿਤਕਰੇ ਮਿਟ ਜਾਂਦੇ ਹਨ ਤੇ ਉਸ ਨੂੰ ਸਭ ਵਿਚੋਂ ਪਰਮਾਤਮਾ ਹੀ ਨਜ਼ਰ ਆਉਂਦਾ ਹੈ। ਹਿਰਦੇ ਦੀ ਮੈਲ ਉਤਰ ਜਾਣ ਕਰਕੇ ਆਤਮਾ ਸ਼ੁੱਧ ਤੇ ਨਿਰਮਲ ਹੋ ਜਾਂਦੀ ਹੈ। ਅਜਿਹੇ ਵਿਅਕਤਿਤਵ ਲਈ ਵਿਸ਼ੇ-ਵਿਕਾਰਾਂ ਦਾ ਕੋਈ ਅੰਦੇਸ਼ਾ ਨਹੀਂ ਰਹਿੰਦਾ। ਬੇਗਮਪੁਰਾ ਹਰ ਜਗਿਆਸੂ ਨੂੰ ਸਦੀਵੀ ਰੂਪ ਵਿੱਚ ਇਹ ਸੰਦੇਸ਼ ਦਿੰਦਾ ਹੈ ਕਿ ਜੇਕਰ ਭੌਤਿਕ ਜਗਤ ਵਿੱਚ ਅਸੀਂ 'ਬੇਗਮਪੁਰਾ' ਨਹੀਂ ਵਸਾ ਸਕਦੇ ਤਾਂ ਵਿਅਕਤੀਗਤ ਪੱਧਰ ਤੇ ਆਪਣੀ ਅੰਤਰ-ਆਤਮਾ ਵਿੱਚ

ਬੇਗਮਪੁਰੇ ਦੇ ਨਿਵਾਸੀ ਹੋਣ ਦਾ ਅਹਿਸਾਸ ਪੈਦਾ ਕਰ ਸਕੀਏ, ਜਿਸ ਨਾਲ ਇਹ ਜੀਵਨ ਸੁਖਮਈ ਜੀਵਨ ਦਾ ਅਨੰਦ ਮਾਣ ਸਕੇ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੇ ਮਾਧਿਅਮ ਨਾਲ ਮੱਧਕਾਲੀਨ ਸਮਾਜਿਕ ਚੇਤਨਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਅਤੇ ਆਪਣੇ ਉੱਚੇ ਅਤੇ ਸੱਚੇ ਵਿਚਾਰਾਂ ਅਤੇ ਉਦਾਰ ਤੱਥਾਂ ਨਾਲ ਤਤਕਾਲੀਨ ਸਮਾਜ ਨੂੰ ਨਵਾਂ ਆਲੌਕਿਕ ਰੂਪ ਪ੍ਰਦਾਨ ਕੀਤਾ। ਉਨ੍ਹਾਂ ਨੇ ਸਮਾਜਿਕ ਸਮਾਨਤਾ ਤੇ ਬਹੁਤ ਜ਼ੋਰ ਦਿੱਤਾ, ਇਸ ਲਈ ਜਨਮ ਅਤੇ ਜਾਤ ਤੋਂ ਸਾਰੇ ਮਨੁੱਖ ਬਰਾਬਰ ਹਨ। ਉਹ ਆਪਣੇ ਚੰਗੇ ਜਾਂ ਬੁਰੇ ਕਰਮਾਂ ਨਾਲ ਊਚ ਜਾਂ ਨੀਚ ਹੁੰਦੇ ਹਨ। ਭਗਤ ਰਵਿਦਾਸ ਜੀ ਨੇ ਆਪਣਾ ਸਾਰਾ ਜੀਵਨ ਸਮਾਜ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਭਗਤ ਰਵਿਦਾਸ ਜੀ ਦੇ ਮਹਾਨ ਅਤੇ ਕ੍ਰਾਂਤੀਕਾਰੀ ਵਿਚਾਰਾਂ ਨੇ ਨਾ ਕੇਵਲ ਉਸ ਸਮੇਂ ਦੇ ਸਮਾਜ ਦੀ ਭਲਾਈ ਕੀਤੀ ਬਲਕਿ ਉਨ੍ਹਾਂ ਦੇ ਵਿਚਾਰਾਂ ਦੀ ਅੱਜ ਦੇ ਸਮਾਜ ਵਿੱਚ ਵੀ ਉਨੀ ਹੀ ਸਾਰਥਿਕਤਾ ਦਿਖਾਈ ਦਿੰਦੀ ਹੈ।

ਸਮੁੱਚੇ ਰੂਪ ਵਿੱਚ ਜੇਕਰ ਸਮੂਹ ਭਾਰਤੀ ਸਮਾਜ ਨੇ ਆਪਣੀ ਏਕਤਾ, ਇਕਮੁੱਠਤਾ, ਅਖੰਡਤਾ ਤੇ ਭਾਈਚਾਰਕ ਸਾਂਝ ਨੂੰ ਨਿੱਗਰ ਲੀਹਾਂ ਉੱਤੇ ਪਾਉਣਾ ਹੈ, ਵਿਗਿਆਨਕ ਅਤੇ ਤਕਨਾਲੋਜੀ ਦੀਆਂ ਨਵੀਨਤਮ ਸਹੂਲਤਾਂ ਨੂੰ ਸਮਾਜ ਦੇ 85 ਪ੍ਰਤੀਸ਼ਤ ਹਿੱਸੇ ਤੱਕ ਪਹੁੰਚਾਉਣਾ ਹੈ, ਤਾਂ ਜ਼ਰੂਰੀ ਹੈ ਕਿ ਭਗਤ ਰਵਿਦਾਸ ਦੀ ਸਮਤਾ ਪ੍ਰਣਾਲੀ ਨੂੰ ਤੇਜ਼ ਗਤੀ ਨਾਲ ਹੋਰ ਅੱਗੇ ਵਧਾਇਆ ਜਾਵੇ। ਅਜਿਹੇ ਰਾਜ-ਪ੍ਰਬੰਧ ਅਤੇ ਸਮਾਜਿਕ ਬਣਤਰ ਵਾਸਤੇ ਲਾਜ਼ਮੀ ਹੈ ਕਿ ਇਸ ਵਿਦੇਸ਼ੀ ਕਲੰਕੀ ਧਰਮ ਤੋਂ ਜਿੰਨੀ ਛੇਤੀ ਸੰਭਵ ਹੋਵੇ, ਛੁਟਕਾਰਾ ਪਾਇਆ ਜਾਵੇ। ਜਾਤ-ਪਾਤ ਤੇ ਛੂਤ-ਛਾਤ ਆਧਾਰਿਤ ਸਮਾਜਿਕ ਵਿਵਸਥਾ ਤੇ ਉਸ ਦੀਆਂ ਅਮਾਨਵੀ ਪਰੰਪਰਾਵਾਂ ਨੂੰ ਡੂੰਘਾ ਦਫ਼ਨਾਇਆ ਜਾਵੇ। ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਰਾਜਨੀਤਕ, ਧਾਰਮਿਕ, ਆਰਥਿਕ, ਦਾਰਸ਼ਨਿਕ, ਅਧਿਆਤਮਿਕ ਅਤੇ ਨੈਤਿਕ ਧਰਾਤਲ ਤੇ ਅਨੇਕ ਪ੍ਰਕਾਰ ਦੇ ਸੁਧਾਰ ਕੀਤੇ ਅਤੇ ਉੱਚ ਜੀਵਨ-ਕਦਰਾਂ ਦੀ ਸਥਾਪਨਾ ਕੀਤੀ। ਇਨ੍ਹਾਂ ਦੀ ਬਾਣੀ ਵਿੱਚ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਅਨੇਕ ਅਗਾਂਹਵਧੂ ਜੀਵਨ-ਪੱਧਤੀਆਂ ਦੀ ਪ੍ਰੋੜ੍ਹਤਾ ਥਾਂ-ਪਰ-ਥਾਂ ਮਿਲਦੀ ਰਹਿੰਦੀ ਹੈ। ਇਹੋ ਇਨ੍ਹਾਂ ਦੀ ਬਾਣੀ ਦੀ ਵੱਡਮੁੱਲੀ ਦੇਣ ਹੈ।

ਵਰਤਮਾਨ ਯੁੱਗ ਵਿੱਚ ਵਿਸ਼ਵ ਪੱਧਰ ਤੇ ਫੈਲੀਆਂ ਵਿਗਿਆਨ ਦੀਆਂ ਨਿੱਤ-ਨਵੀਆਂ ਕਾਢਾਂ ਅਤੇ ਸਹੂਲਤਾਂ ਜਿੱਥੇ ਇਨਸਾਨ ਦੀਆਂ ਸੁੱਖ-ਸੁਵਿਧਾਵਾਂ ਵਿੱਚ ਵਾਧਾ ਕਰ

ਰਹੀਆਂ ਹਨ ਉਥੇ ਵਿਅਕਤੀ ਦੇ ਮਨ ਦੀ ਸ਼ਾਂਤੀ ਭੰਗ ਕਰਨ ਵਿੱਚ ਲਗਾਤਾਰ ਤਤਪਰ ਹੋ ਰਹੀਆਂ ਹਨ। ਮਾਰੂ ਹਥਿਆਰ ਬਣਾਉਣ ਦੀ ਦੌੜ, ਧਰਮ ਦੇ ਨਾਂ ਤੇ ਦੰਗੇ-ਫਸਾਦ, ਅੱਤਵਾਦ, ਨਸ਼ਿਆਂ ਦਾ ਰੁਝਾਨ, ਨੈਤਿਕਤਾ ਦਾ ਪਤਨ, ਜਾਇਦਾਦ, ਖੇਤਰਵਾਦ, ਬਲਾਤਕਾਰ ਵਰਗੀਆਂ ਘਟਨਾਵਾਂ ਇਹ ਸਭ ਕੁਝ ਮਾਨਵ ਜੀਵਨ ਨੂੰ ਤਬਾਹੀ ਵਾਲੇ ਪਾਸੇ ਲਿਜਾ ਰਹੀਆਂ ਹਨ। ਇਸ ਤਬਾਹੀ ਤੋਂ ਬਚਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਜੋ ਮਾਨਵ ਜੀਵਨ ਨੂੰ ਸੰਤੁਲਿਤ ਕਰਨ ਵਿੱਚ ਹਰ ਪੱਖੋਂ ਬਹੁਤ ਵੱਡਾ ਰੋਲ ਨਿਭਾ ਰਹੀ ਹੈ। ਜੇ ਵਿਅਕਤੀ ਆਪਣਾ ਧਿਆਨ ਕੇਂਦਰਿਤ ਕਰਕੇ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਇਸ ਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਅਮਲ ਕਰਨ ਦਾ ਯਤਨ ਕਰੇ ਤਾਂ ਮਾਨਵ ਜੀਵਨ ਵਿੱਚ ਉੱਚੀਆਂ ਕਦਰਾਂ-ਕੀਮਤਾਂ ਦਾ ਸਮਾਵੇਸ਼ ਹੋ ਸਕਦਾ ਹੈ ਅਤੇ ਅਜੋਕੇ ਮਾਨਵ ਜੀਵਨ ਲਈ ਬਹੁਤ ਸਾਰਥਕ ਸਿੱਧ ਹੋ ਸਕਦੀ ਹੈ।

# ਅਧਿਆਇ – ਚੌਥਾ

# ਭਗਤ ਰਵਿਦਾਸ ਬਾਣੀ : ਅਧਿਆਤਮਿਕ ਤੱਤ

## ਅਧਿਆਤਮਵਾਦ (Spiritualism)

ਮਨੁੱਖੀ ਜੀਵਨ ਦਾ ਉਹ ਦ੍ਰਿਸ਼ਟੀਕੋਣ ਜਿਸਦਾ ਸੰਬੰਧ ਆਤਮਾ ਦੇ ਰਾਹ ਅਤੇ ਉਸਦੀ ਅੰਤਿਮ ਮੰਜ਼ਿਲ ਨਾਲ ਹੁੰਦਾ ਹੈ, ਉਸ ਦੇ ਪ੍ਰਣਾਲੀਬੱਧ ਅਧਿਐਨ ਨੂੰ ਅਧਿਆਤਮਵਾਦ ਕਿਹਾ ਜਾਂਦਾ ਹੈ। ਜੇਕਰ ਹੋਰ ਥੋੜੇ ਸ਼ਬਦਾਂ ਵਿੱਚ ਗੱਲ ਕਰੀਏ ਤਾਂ ਅਧਿਆਤਮਵਾਦ ਦਾ ਅਰਥ ਆਤਮਾ ਦਾ ਗਿਆਨ ਹੈ। ਇਹ ਇੱਕ ਵਿਸ਼ਵਾਸ, ਜੀਵਨ ਅਮਲ ਅਤੇ ਇੱਕ ਵਿਸ਼ੇਸ਼ ਪੱਧਰ ਦੀ ਮਾਨਸਿਕ ਪਹੁੰਚ ਹੈ। ਇਸ ਦਾ ਸੰਪੂਰਨ ਸੰਬੰਧ ਮਨੁੱਖ ਦੇ ਆਤਮਿਕ ਜੀਵਨ ਨਾਲ ਹੈ ਕਿਉਂਕਿ ਮਨੁੱਖ ਦੇ ਆਤਮਿਕ ਜੀਵਨ ਦਾ ਸੰਬੰਧ ਧਰਮ ਦੇ ਸਰੋਕਾਰ ਨਾਲ ਜੁੜਿਆ ਹੈ, ਇਸ ਕਰਕੇ 'ਅਧਿਆਤਮਵਾਦ' ਧਰਮ ਦੇ ਖੇਤਰ ਦਾ ਸਿਖ਼ਰ ਹੈ।

ਚਿੰਤਨ ਅਤੇ ਅਧਿਐਨ ਦੀ ਦ੍ਰਿਸ਼ਟੀ ਤੋਂ 'ਅਧਿਆਤਮਵਾਦ' ਦਾ ਸਬੰਧ ਧਰਮ ਦੇ ਸਿਧਾਂਤਕ ਪੱਖ ਨਾਲ ਹੈ। ਅਮਲ ਦੀ ਦ੍ਰਿਸ਼ਟੀ ਤੋਂ ਭਾਵੇਂ ਇਸ ਦਾ ਸੰਬੰਧ ਮਨੁੱਖ ਦੇ ਸਮੁੱਚੇ ਜੀਵਨ ਨਾਲ ਹੈ ਪਰ ਅਧਿਐਨ ਦੇ ਪੱਖ ਤੋਂ ਇਸ ਸ਼ਬਦ ਨੂੰ ਆਮ ਤੌਰ 'ਤੇ ਵਰਤਿਆ ਧਰਮ ਅਤੇ ਦਰਸ਼ਨ (Philosophy) ਦੇ ਖੇਤਰ ਵਿੱਚ ਹੀ ਜਾਂਦਾ ਹੈ। ਫਲਸਫੇ ਦੇ ਖੇਤਰ ਵਿੱਚ ਇਹ ਆਦਰਸ਼ਵਾਦ (Idealism) ਦਾ ਸਮਾਨਾਰਥੀ ਹੋ ਜਾਂਦਾ ਹੈ, ਜਦ ਕਿ ਧਰਮ ਦੇ ਖੇਤਰ ਵਿੱਚ ਇਹ ਮਨੁੱਖੀ ਆਤਮਾ ਤੇ ਪਰਮਾਤਮਾ ਦੇ ਆਪਸੀ ਸੰਬੰਧਾਂ, ਵਿਸ਼ਵ ਦੀ ਹੋਂਦ ਅਤੇ ਇਸ ਵਿੱਚ ਵਿਆਪਕ ਚੇਤਨ-ਤੱਤ ਆਦਿ ਨਾਲ ਸੰਬੰਧਿਤ ਹੋ ਜਾਂਦਾ ਹੈ। ਇਸ ਤਰ੍ਹਾਂ "ਅਧਿਆਤਮਵਾਦ ਦਾਰਸ਼ਨਿਕਤਾ ਅਤੇ ਧਰਮ ਦੀ ਸਾਂਝੀ ਚੀਜ਼ ਹੈ ਕਿਉਂਕਿ ਇਸ ਦਾ ਸਿਧਾਂਤਕ ਪੱਖ ਇਸ ਨੂੰ ਦਾਰਸ਼ਨਿਕਤਾ ਨਾਲ ਤੇ ਸਾਧਨਾ ਪੱਖ ਇਸ ਨੂੰ ਧਰਮ ਨਾਲ ਜੋੜਦਾ ਹੈ।"[1]

Dictionary of Philosophy and Religion ਵਿੱਚ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ :

---

1 ਪੰਜਾਬੀ ਸਾਹਿਤ-ਕੋਸ਼ (ਭਾਗ ਪਹਿਲਾ), ਪੰਨਾ-473

"A term with both philosophical and religious associations. Philosophically, the term is some times used as a synonym of Idealism. In Religion the term sometimes refers to the indwelling of the Holy Spirit"[2]

ਪੰਜਾਬੀ ਵਿਸ਼ਵਕੋਸ਼ ਅਨੁਸਾਰ "ਇਹ ਉਸ ਵਿਚਾਰਧਾਰਾ ਦਾ ਨਾਂ ਹੈ, ਜਿਸ ਵਿੱਚ ਆਤਮਾ ਨੂੰ ਹੀ ਸਭ ਚੀਜ਼ਾਂ ਦਾ ਮੂਲ ਮੰਨਿਆ ਜਾਂਦਾ ਹੈ।"[3]

"ਅਧਿਆਤਮਵਾਦ ਨੂੰ ਆਤਮਵਾਦ (Spiritism) ਦੇ ਅਰਥਾਂ ਵਿੱਚ ਵੀ ਵਰਤ ਲਿਆ ਜਾਂਦਾ ਹੈ।"[4]

"ਡਾ. ਵਜ਼ੀਰ ਸਿੰਘ ਦਾ ਕਥਨ ਹੈ ਅੰਤਿਮ ਹਕੀਕਤ ਜਾਂ ਪਰਮਸਤਿ ਨੂੰ ਆਤਮਾ ਦੇ ਅਰਥਾਂ ਵਿੱਚ ਦਰਸਾਉਣ ਦੇ ਯਤਨ ਵਿੱਚੋਂ ਅਧਿਆਤਮਵਾਦ ਦਾ ਫਲਸਫਾ ਜਨਮ ਲੈਂਦਾ ਹੈ।"[5]

ਇਸ ਤਰ੍ਹਾਂ ਅਧਿਆਤਮਵਾਦ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਜੀਵ, ਜਗਤ ਨੂੰ ਨਿਰੋਲ ਭੌਤਿਕ ਨਾ ਮੰਨ ਕੇ ਕਿਸੇ ਪ੍ਰਾਭੌਤਿਕ ਤੱਤ ਦਾ ਸਰੂਪ ਖਿਆਲ ਕਰਦੀ ਹੈ। ਮਨੁੱਖ ਜਾਂ ਜਗਤ ਸਿਰਫ ਮਾਦਾ (Matter) ਨਹੀਂ, ਸਗੋਂ ਇਹ ਕਿਸੇ ਅਗੋਚਰ ਚੇਤਨ ਆਤਮ ਤੱਤ ਦਾ ਹੀ ਪ੍ਰਗਟਾਵਾ ਹੈ। ਇਸ ਕਰਕੇ ਅਧਿਆਤਮਵਾਦ ਨੂੰ ਪਦਾਰਥਵਾਦ (Materialism) ਦੇ ਵਿਰੋਧ ਭਾਵੀ ਅਰਥਾਂ ਵਿੱਚ ਵੀ ਵਰਤ ਲਿਆ ਜਾਂਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਮੱਧਕਾਲੀ ਸਮਿਆਂ ਦਾ ਅਜਿਹਾ ਬੇਸ਼ਕੀਮਤ, ਵਿਲੱਖਣ, ਬੇਮਿਸਾਲ ਅਤੇ ਬੇਜੋੜ ਧਰਮ ਗ੍ਰੰਥ ਹੈ, ਜਿਸ ਦੀ ਸਾਰਥਿਕਤਾ ਤ੍ਰੈਕਾਲ-ਦਰਸ਼ੀ ਹੈ ਅਤੇ ਜਿਸ ਦਾ ਮਹੱਤਵ ਸਰਬਕਾਲੀ ਹੈ। ਸਰਬਪੱਖੀ ਮਹੱਤਤਾ ਵਾਲੇ ਇਸ ਪਾਵਨ ਗ੍ਰੰਥ ਨੂੰ ਭਾਵੇਂ ਧਾਰਮਿਕ, ਸਮਾਜਿਕ, ਦਾਰਸ਼ਨਿਕ, ਭਾਈਚਾਰਕ, ਸਭਿਆਚਾਰਕ, ਵਿਚਾਰਧਾਰਕ ਅਤੇ ਲੋਕਯਾਨਿਕ ਦ੍ਰਿਸ਼ਟੀਕੋਣ ਤੋਂ ਵਾਚਿਆ ਜਾ ਸਕਦਾ ਹੈ, ਪ੍ਰੰਤੂ ਇਸ ਦਾ ਵਾਸਤਵਿਕ ਮੁੱਦਾ ਅਧਿਆਤਮਵਾਦ ਹੈ-ਅਰਥਾਤ ਆਤਮਾ ਅਤੇ ਪਰਮਾਤਮਾ ਦੇ ਸਦੀਵੀ, ਅਨੰਤ, ਅਟੱਲ ਅਤੇ ਅਟੁੱਟ ਸੰਬੰਧਾਂ ਦਾ ਉਲੇਖ ਕਰਨਾ ਹੈ, ਜਿਸ ਦਾ ਪ੍ਰਗਟਾਵਾ ਇਸ ਦੀ ਤੁਕ-ਤੁਕ ਵਿੱਚੋਂ ਸਪੱਸ਼ਟ ਹੈ :

---

2 ਪੰਜਾਬੀ ਸਾਹਿਤ-ਕੋਸ਼ (ਭਾਗ ਪਹਿਲਾ), ਪੰਨਾ 547

3 ਉਹੀ , ਪੰਨਾ 375

4 James Hastings (ED.) Spiritualism is a popular term for what is more correctly called spiritism - Encyclopaedia of Religion and Ethics - (Vol. XI) - P - 808

5 ਵਜ਼ੀਰ ਸਿੰਘ (ਡਾ.) , ਧਰਮ ਦਾ ਦਾਰਸ਼ਨਿਕ ਪੱਖ, ਪੰਨਾ – 104

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥[6]

ਅਤੇ

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥[7]

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਛੱਤੀ ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਧੁਰ ਕੀ ਬਾਣੀ ਦੀ ਚੋਣ ਦੀ ਕਸਵੱਟੀ ਨਿਰੋਲ ਇਸ ਵਿਚਲਾ ਅਧਿਆਤਮਿਕ ਤੱਤ ਸੀ। ਇਸ ਲਈ, ਸਾਰੇ-ਦੇ-ਸਾਰੇ ਅਨੁਭਵੀ ਸਾਧਕ ਆਤਮਾ ਅਤੇ ਪਰਮਾਤਮਾ ਬਾਰੇ ਸਮਾਨ ਅਨੁਭੂਤੀ ਦੇ ਸਵਾਮੀ ਸਨ, ਜੋ 'ਖਸਮ ਕੀ ਬਾਣੀ' ਨੂੰ ਜਨ-ਮਾਨਸ ਦੇ ਪਰਉਪਕਾਰ ਹਿੱਤ ਰਚ ਕੇ ਇਸ ਮੁਕੱਦਸ ਗ੍ਰੰਥ ਨੂੰ ਯੁਗੋ-ਯੁਗ ਅਟਲ ਬਣਾ ਦੇਣ ਦੇ ਸਾਖਸ਼ੀ ਸਨ। ਇਸ ਸੰਦਰਭ ਵਿੱਚ ਭਾਵੇਂ ਬੰਗਾਲ ਵਿੱਚ ਕਈ ਸਦੀਆਂ ਪਹਿਲੋਂ ਹੋ ਗੁਜ਼ਰੇ ਭਗਤ ਜੈ ਦੇਵ ਜੀ ਦਾ ਵਿਚਾਰ ਕਰ ਲਈਏ ਜਾਂ ਮਹਾਂਰਾਸ਼ਟਰ ਵਿੱਚ ਵਿਚਰੇ ਭਗਤ ਤ੍ਰਿਲੋਚਨ ਜੀ ਅਤੇ ਭਗਤ ਨਾਮਦੇਵ ਜੀ ਦਾ, ਯੂ.ਪੀ. ਵਿੱਚ ਕਾਰਜਸ਼ੀਲ ਭਗਤ ਕਬੀਰ ਜੀ ਦੀ ਚਰਚਾ ਕਰ ਲਈਏ ਜਾਂ ਭਗਤ ਰਵਿਦਾਸ ਜੀ ਦੀ ਬਾਣੀ ਦੇ ਸਾਰੇ-ਦੇ-ਸਾਰੇ ਅਧਿਆਤਮਵਾਦੀ ਸੁਰ ਬਿਲਕੁਲ ਇੱਕ ਸਮਾਨ ਹਨ। ਆਪਣੇ ਇਸ਼ਟ ਵਿੱਚ ਅਭੇਦ ਹੋ ਚੁੱਕੇ ਇਹ ਮਹਾਨ ਰਹਿਬਰ ਆਪਣੀ ਇਸੇ ਇਕਮਿਕਤਾ ਦਾ ਹੀ ਵਰਨਣ ਕਰ ਰਹੇ ਹਨ। ਇੰਝ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰੇ ਪ੍ਰਤੱਖ ਅਤੇ ਪਰੋਖ ਰੂਪ ਵਿੱਚ ਅਧਿਆਤਮਵਾਦ ਦੇ ਹੀ ਪ੍ਰਤਿਪਾਦਕ ਹਨ। ਭਗਤ ਰਵਿਦਾਸ ਜੀ ਇਸ ਅਮੋਲਕ ਮਾਲਾ ਦਾ ਇੱਕ ਸੁੱਚਾ ਮੋਤੀ ਹਨ, ਜਿਨ੍ਹਾਂ ਨੇ ਪਰਮਾਤਮਾ ਦੀ ਥਾਹ ਪਾ ਕੇ ਵੀ ਅਜਿਹੀ ਸਨਿਮਰਤਾ ਦਰਸਾਈ ਹੈ ਕਿ ਵਿਵੇਕਸ਼ੀਲ ਵਿਅਕਤੀ ਕਥਨ, ਨਿਰਾਕਾਰ ਨੂੰ ਸਾਕਾਰ, ਅਮੂਰਤ ਨੂੰ ਮੂਰਤੀਮਾਨ ਕਰਨ ਅਤੇ ਅਦ੍ਰਿਸ਼ਟ ਨੂੰ ਦ੍ਰਿਸ਼ਟੀਮਾਨ ਕਰਨ ਦੀ ਭਰਪੂਰ ਲੋਚਾ ਰੱਖਦਾ ਹੈ। ਗੁਰੂ ਸਾਹਿਬਾਨ ਦਾ ਬ੍ਰਹਮ ਸੰਕਲਪ ਆਪਣੇ ਪ੍ਰਤੱਖ ਅਨੁਭਵ ਤੇ ਆਧਾਰਿਤ ਹੈ,

---

6 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੩
7 ਉਹੀ, ਪੰਨਾ ੮੪੬

ਕਿਸੇ ਪ੍ਰਯੋਗਮੂਲਕ ਸਮੱਗਰੀ ਤੇ ਨਹੀਂ। ਇਹੀ ਗੱਲ ਸਮੁੱਚੀ ਭਗਤ ਬਾਣੀ ਤੇ ਵੀ ਲਾਗੂ ਹੁੰਦੀ ਹੈ, ਕਿਉਂਕਿ ਇਹ ਤੱਥ ਤਾਂ ਸਦੀਵੀਂ ਕਾਲ ਤੋਂ ਨਿਰਵਿਵਾਦਿਤ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚਲੀ ਸਾਰੀ-ਦੀ-ਸਾਰੀ ਬਾਣੀ ਦੀ ਅਧਿਆਤਮਵਾਦੀ ਸੁਰ ਇੱਕੋ ਹੈ।

ਦੁਨੀਆਂ ਦੇ ਵਧੇਰੇ ਮਹਾਂਪੁਰਖ, ਧਾਰਮਿਕ ਅਤੇ ਸਮਾਜਿਕ ਆਗੂ ਆਪਣੇ-ਆਪਣੇ ਸਮੇਂ ਵਿੱਚ ਆਪਣੀ ਸਾਧਨਾ ਅਤੇ ਆਤਮਿਕ ਮਨੋਬਲ ਨਾਲ ਅਜਿਹੇ ਆਦਰਸ਼ਮਈ ਕੀਰਤੀਮਾਨ ਸਥਾਪਿਤ ਕਰ ਜਾਂਦੇ ਹਨ, ਜਿਸ ਨਾਲ ਸ੍ਰਿਸ਼ਟੀ ਦਾ ਵਿਗੜਿਆ ਸੰਤੁਲਨ ਟਿਕਾਅ ਵਿੱਚ ਆ ਜਾਂਦਾ ਹੈ। ਉਨ੍ਹਾਂ ਦੀ ਵਿਚਾਰਧਾਰਾ ਸਮਕਾਲੀਨ ਪ੍ਰਸਥਿਤੀਆਂ ਨਾਲ ਜੂਝਣ ਲਈ ਮਾਰਗ ਦਰਸ਼ਨ ਕਰਦਿਆਂ ਚਿਰੰਕਾਲ ਆਪਣੀ ਪ੍ਰਸੰਗਿਕਤਾ ਕਾਇਮ ਰੱਖਦੀ ਹੈ। ਭਗਤ ਰਵਿਦਾਸ ਤੇ ਗੁਰਮਤਿ ਬਾਣੀ ਕਾਵਿ ਦੇ ਬਾਕੀ ਰਚਨਾਕਾਰ ਅਜਿਹੇ ਹੀ ਸਾਹਿਤਕ ਗਗਨ-ਮੰਡਲ ਦੇ ਚਮਕਦੇ ਸਿਤਾਰੇ ਹਨ।

ਭਗਤ ਰਵਿਦਾਸ ਜੀ ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂ ਗੁਰੂ ਰਵਿਦਾਸ ਜੀ ਕਹਿ ਕੇ ਸਤਿਕਾਰ ਕਰਦੇ ਹਨ। ਉੱਤਰ ਭਾਰਤ ਵਿੱਚ ਚੌਦਵੀਂ ਸਦੀ ਵਿੱਚ ਜਨਮੇ ਤੇ ਪੰਦਰਵੀਂ ਸਦੀ ਵਿੱਚ ਕ੍ਰਿਆਸ਼ੀਲ ਰਹੇ। ਬੇਸ਼ੱਕ ਭਗਤ ਰਵਿਦਾਸ ਜੀ ਦੀ ਬਾਣੀ ਕਾਫ਼ੀ ਵਿਸਥਾਰ ਵਿੱਚ ਮੌਜੂਦ ਹੈ ਪਰ ਇਸ ਅਧਿਆਇ ਵਿੱਚ ਭਗਤ ਰਵਿਦਾਸ ਜੀ ਦੀਆਂ ਇਕਤਾਲੀ ਲਿਖਤਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹਨ ਉਨ੍ਹਾਂ ਦੇ ਆਧਾਰ ਤੇ ਹੀ ਉਨ੍ਹਾਂ ਦੀ ਬਾਣੀ ਦੇ ਅਧਿਆਤਮਿਕ ਤੱਤਾਂ ਬਾਰੇ ਵਿਚਾਰ ਕੀਤੀ ਜਾਵੇਗੀ।

ਕਿਸੇ ਵੀ ਸਿਧਾਂਤ ਨੂੰ ਕੇਵਲ ਉਸਦੇ ਤਤਕਾਲ ਅਤੇ ਸਮਕਾਲੀ ਸੰਦਰਭ ਵਿੱਚ ਹੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਉਸ ਲਈ ਉਸ ਦੀ ਪਿੱਠਭੂਮੀ ਦੀ ਪੜਚੋਲ ਕਰਨੀ ਅਤੇ ਉਸ ਨਾਲ ਸੰਬੰਧਿਤ ਵਿਸ਼ਿਆਂ ਨੂੰ ਸਮਝਣਾ ਵੀ ਜ਼ਰੂਰੀ ਹੋ ਜਾਂਦਾ ਹੈ। ਭਾਵੇਂ ਭਗਤ ਰਵਿਦਾਸ ਜੀ ਦੀਆਂ ਰਚਨਾਵਾਂ ਵਿੱਚ ਪ੍ਰਧਾਨ ਸੁਰ ਅਧਿਆਤਮਿਕ ਹੈ ਪਰ ਉਸ ਨੂੰ ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਪ੍ਰਗਟ ਕਰਨ ਲਈ ਭਗਤ ਜੀ ਉਸ ਨਾਲ ਸੰਬੰਧਿਤ ਵਿਸ਼ਿਆਂ ਨੂੰ ਭਲੀ ਭਾਂਤ ਸੁਲਝਾਉਂਦੇ ਹਨ। ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਦੀ ਬਣਤਰ ਕਈ ਤਰ੍ਹਾਂ ਦੇ ਪੱਖਾਂ ਵਿਚੋਂ ਦੀ ਕ੍ਰਿਆਸ਼ੀਲ ਹੁੰਦੀ ਨਜ਼ਰ ਆਉਂਦੀ ਹੈ, ਜਿਨ੍ਹਾਂ ਵਿੱਚ ਪ੍ਰਮੁੱਖ ਹਨ ਉਨ੍ਹਾਂ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਅਤੇ ਉਨ੍ਹਾਂ ਦਾ ਇਤਿਹਾਸਿਕ ਪਿਛੋਕੜ। ਭਗਤ ਰਵਿਦਾਸ ਜੀ

ਦੀ ਵਿਚਾਰਧਾਰਾ ਨੇ ਉਨ੍ਹਾਂ ਦੇ ਸਮੇਂ ਦੀਆਂ ਪਰਿਸਥਿਤੀਆਂ ਦੇ ਵਿਰੋਧ ਵਿੱਚ ਆਪਣਾ ਪ੍ਰਤੀਕਰਮ ਦਰਜ ਕਰਦੇ ਹੋਏ ਉਸ ਹਾਲਾਤ ਵਿਚੋਂ ਸਾਕਾਰਤਮਕ ਅਤੇ ਉੱਚ ਪੱਧਰ 'ਤੇ ਅਧਿਆਤਮਿਕ ਸਿੱਟੇ ਕੱਢਣ ਦੀ ਸਫ਼ਲ ਕੋਸ਼ਿਸ਼ ਕੀਤੀ। ਉਸ ਸਮੇਂ ਦੀਆਂ ਖਾਸ ਹਾਲਤਾਂ ਜਿਨ੍ਹਾਂ ਵਿਚੋਂ ਉਸ ਸਮੇਂ ਆਮ ਹਿੰਦੁਸਤਾਨੀ ਗੁਜ਼ਰ ਰਿਹਾ ਸੀ, ਉਨ੍ਹਾਂ ਵਿੱਚੋਂ ਖਾਸ ਹਨ : ਧਾਰਮਿਕ ਵਿਵਸਥਾ ਵਿੱਚ ਵਿਚਾਰਧਾਰਕ ਧੁੰਦਲਾਪਨ, ਅਧਿਆਤਮਿਕ ਦੂਰ-ਦ੍ਰਿਸ਼ਟੀ ਦੀ ਥਾਂ ਕਰਮ-ਕਾਂਡ ਪ੍ਰਧਾਨ ਹੋਣਾ, ਧਾਰਮਿਕ ਅਤੇ ਸਮਾਜਿਕ ਵਿਵਸਥਾ ਵਿੱਚ ਵਿਵਹਾਰਿਕ ਉਲਝਾਉ ਅਤੇ ਗਿਰਾਵਟ, ਪੁਜਾਰੀ ਜਮਾਤ ਦਾ ਆਪਹੁਦਰਾਪਨ, ਧਾਰਮਿਕ ਕੱਟੜਤਾ ਅਤੇ ਅੰਤਰ-ਧਾਰਮਿਕ ਵਿਰੋਧ, ਜਾਤੀ-ਪ੍ਰਥਾ ਦਾ ਰੂਪ ਵਿਗੜ ਕੇ ਛੂਆ-ਛੂਤ ਵਿੱਚ ਤਬਦੀਲ ਹੋਣਾ ਅਤੇ ਉਸ ਦਾ ਧਾਰਮਿਕ ਵਿਵਸਥਾ ਉੱਤੇ ਹਾਵੀ ਹੋਣਾ ਆਦਿ।[8]

ਉਪਰੋਕਤ ਸਥਿਤੀਆਂ ਕਾਰਨ ਭਾਰਤ ਦਾ ਹਿੰਦੂ ਸਮਾਜ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਪਹਿਲੀ ਸ਼੍ਰੇਣੀ ਦੇ ਉਹ ਲੋਕ ਸਨ, ਜੋ ਮੁਗਲ ਅਹਿਲਕਾਰਾਂ ਵਾਂਗ ਧਨੀ ਤੇ ਰਿਆਸਤਾਂ ਦੇ ਮਾਲਕ ਸਨ। ਇਹ ਲੋਕ ਮੁਗਲ ਸਾਮਰਾਜ ਦੇ ਜੀ ਹਜ਼ੂਰੀਏ ਬਣ ਕੇ ਅਯਾਸ਼ੀ-ਭਰਪੂਰ ਜੀਵਨ ਗੁਜ਼ਾਰ ਰਹੇ ਸਨ। ਇਨ੍ਹਾਂ ਦਾ ਰਹਿਣ-ਸਹਿਣ, ਭੋਜਨ-ਪਹਿਰਾਵਾ ਮੁਗਲ ਸਰਦਾਰਾਂ ਨਾਲੋਂ ਘੱਟ ਨਹੀਂ ਸੀ। ਸਮਾਜ ਵਿਚਲੇ ਜਨ-ਸਾਧਾਰਨ ਵਰਗ ਦੇ ਦੁੱਖ-ਸੁੱਖ ਨਾਲ ਇਨ੍ਹਾਂ ਦਾ ਕੋਈ ਵੀ ਨਾਤਾ ਨਹੀਂ ਹੁੰਦਾ ਸੀ।

ਦੂਜੀ ਕਿਸਮ ਦੇ ਲੋਕ ਮੱਧ ਸ਼੍ਰੇਣੀ ਦੇ ਸਨ, ਜਿਨ੍ਹਾਂ ਦਾ ਜੀਵਨ ਬਹੁਤ ਤਰਸਯੋਗ ਸੀ। ਇਹ ਲੋਕ ਮੁਗਲ ਸਰਦਾਰਾਂ ਤੇ ਹਿੰਦੂ ਅਮੀਰਾਂ ਦੇ ਅਤਿਆਚਾਰਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਸਨ। ਇਨ੍ਹਾਂ ਦੀਆਂ ਬਹੂ-ਬੇਟੀਆਂ ਦੀ ਕੋਈ ਸੁਰੱਖਿਆ ਨਹੀਂ ਸੀ। ਇਸ ਵਰਗ ਵਿੱਚ ਬਾਲ-ਵਿਆਹ ਅਤੇ ਮੁਗਲ ਸਰਦਾਰਾਂ ਦੀਆਂ ਵਾਸ਼ਨਾਵਾਂ ਤੋਂ ਬਚਣ ਲਈ 'ਪਰਦੇ' ਦਾ ਰਿਵਾਜ ਆਮ ਪ੍ਰਚਲਤ ਸੀ। ਤੀਜੀ ਸ਼੍ਰੇਣੀ ਨੀਵੀਂ ਜਾਤੀ ਦੇ ਲੋਕਾਂ ਦੀ ਸੀ, ਜੋ ਪੜ੍ਹੇ-ਲਿਖੇ ਨਾ ਹੋਣ ਕਾਰਨ ਸਮਾਜ ਵਿੱਚ ਘਿਰਣਾ ਦੇ ਪਾਤਰ ਸਨ। ਬ੍ਰਾਹਮਣ ਵਰਗ ਇਨ੍ਹਾਂ ਨੂੰ ਆਪਣੇ ਨੇੜੇ ਨਹੀਂ ਸਨ ਲੱਗਣ ਦਿੰਦੇ। ਚੌਥੀ ਸ਼੍ਰੇਣੀ ਦੇ ਉਹ ਲੋਕ ਸਨ, ਜੋ ਸਮਾਜ ਦੇ ਦਲਿਤ ਅਤੇ ਪੀੜਤ ਲੋਕਾਂ ਨੂੰ ਧਰਵਾਸ ਦਿੰਦੇ ਸੰਸਾਰਕ ਦੁੱਖਾਂ ਦੀ

8 ਸਰਬਜਿੰਦਰ ਸਿੰਘ (ਡਾ.) (ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ 35

ਨਵਿਰਤੀ ਹਿੱਤ ਲੋਕਾਂ ਨੂੰ ਪ੍ਰਭੂ-ਸਿਮਰਨ ਵੱਲ ਲਾਉਂਦੇ ਸਨ, ਜਿਸ ਵਿੱਚ ਭਗਤ ਰਵਿਦਾਸ ਜੀ ਵੀ ਸ਼ਾਮਿਲ ਸਨ।

ਉਪਰੋਕਤ ਅਨੁਸਾਰ ਭਗਤ ਰਵਿਦਾਸ ਜੀ ਦਾ ਤੱਤਕਾਲੀਨ ਸਮਾਜ ਰਾਜਨੀਤਿਕ ਪੱਖੋਂ ਗੁਲਾਮ ਸੀ। ਧਾਰਮਿਕ ਖੇਤਰ ਵਿੱਚ ਜੋਗੀਆਂ ਤੇ ਸੰਨਿਆਸੀਆਂ ਦਾ ਬੋਲ-ਬਾਲਾ ਸੀ, ਜੋ ਜਨ-ਸਧਾਰਨ ਨੂੰ ਨਿਵਿਰਤੀ ਮਾਰਗ ਵੱਲ ਪ੍ਰੇਰ ਕੇ ਸਮਾਜ ਨਾਲੋਂ ਤੋੜ ਆਪਣੀ ਪਲਾਇਣਵਾਦੀ ਵਿਧੀ ਨੂੰ ਵਿਕਸਤ ਕਰ ਰਹੇ ਸਨ। ਬ੍ਰਹਮ ਦੇ ਅਨੇਕਾਂ ਸਰੂਪ ਪ੍ਰਚਲਿਤ ਹੋ ਜਾਣ ਕਾਰਨ ਜਨਸਾਧਾਰਨ ਅਗਿਆਨ ਦੀ ਡੂੰਘੀ ਖੱਡ ਵਿੱਚ ਡਿਗ ਰਿਹਾ ਸੀ। ਨੈਤਿਕ ਰੁਚੀਆਂ ਨਾਲੋਂ ਅਨੈਤਿਕ ਰੁਚੀਆਂ ਵਧੇਰੇ ਭਾਰੂ ਸਨ, ਜੋ ਮਾਨਵ ਨੂੰ ਸੁਚੱਜੇ ਜੀਵਨ-ਪੰਧ ਤੇ ਤੁਰਨ ਲਈ ਬੰਧਨ ਸਨ।

ਭਗਤ ਰਵਿਦਾਸ ਜੀ ਨੇ ਧਾਰਮਿਕਤਾ ਦੇ ਹਰ ਵਿਸ਼ੇ ਨੂੰ ਅਧਿਆਤਮਿਕਤਾ ਦੀ ਦ੍ਰਿਸ਼ਟੀ ਨਾਲ ਤੋਲਦਿਆਂ ਜਾਂ ਤਾਂ ਉਸ ਨੂੰ ਅਧਿਆਤਮਿਕਤਾ ਵਿਰੋਧੀ ਜਾਂ ਅਧਿਆਤਮਿਕਤਾ ਸਹਾਈ ਕਰਕੇ ਪੇਸ਼ ਕੀਤਾ ਹੈ। ਅਧਿਆਤਮਿਕ ਦ੍ਰਿਸ਼ਟੀ ਤੋਂ ਭਗਤ ਰਵਿਦਾਸ ਅਤੇ ਸਿੱਖ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਦਾ ਇੱਕ ਮੂਲ-ਇਕਾਈ ਵਜੋਂ ਅਧਿਐਨ ਕਰਨ ਤੇ ਇਨ੍ਹਾਂ ਵਿੱਚ ਭਾਵਨਾਤਮਿਕ ਸਾਂਝ ਪ੍ਰਦਰਸ਼ਿਤ ਹੁੰਦੀ ਹੈ। ਇਹ ਭਾਵਨਾਤਮਿਕ ਸਾਂਝ ਉਥੇ ਟੁੱਟਦੀ ਨਜ਼ਰ ਆਵੇਗੀ, ਜਦੋਂ ਇਸ ਵਿਚਾਰਧਾਰਾ ਨੂੰ ਖਤਮ ਕੀਤਾ ਜਾਵੇ ਜਾਂ ਅਜਿਹੀਆਂ ਰਚਨਾਵਾਂ ਨੂੰ ਆਧਾਰ ਬਣਾ ਲਿਆ ਜਾਵੇ, ਜਿਨ੍ਹਾਂ ਦੀ ਪ੍ਰਮਾਣਿਕਤਾ ਉੱਤੇ ਪ੍ਰਸ਼ਨ-ਚਿੰਨ੍ਹ ਲੱਗੇ ਹੋਏ ਹਨ। ਮੁੱਖ ਤੌਰ ਤੇ ਇਹ ਵਿਚਾਰਧਾਰਾ ਅਨੇਕਤਾ ਤੋਂ ਏਕਤਾ ਵੱਲ ਯਾਤਰਾ ਕਰਦਿਆਂ ਮਾਨਵ-ਕਲਿਆਣ ਲਈ ਨਰੋਆ ਸੰਦੇਸ਼ ਸਿਰਜਦੀ ਹੈ। ਇਨ੍ਹਾਂ ਚਿੰਤਕਾਂ ਦਾ ਪ੍ਰਥਮ ਕਾਰਜ ਹੀ 'ਇਕਈਸ਼ਵਰਵਾਦ' ਅਤੇ 'ਮਾਨਵਵਾਦ' ਨੂੰ ਇੱਕ ਦੂਜੇ ਵਿੱਚ ਸਮੋ ਕੇ ਪਰਸਪਰ ਸੰਬੰਧ ਵਿਚਾਰਧਾਰਾ ਪੇਸ਼ ਕਰਨ ਦਾ ਸੀ। ਇਨ੍ਹਾਂ ਦੀ ਵਿਚਾਰਧਾਰਾ ਕੱਟੜ ਸ਼ਾਸ਼ਤਰੀ ਨਿਯਮਾਂ ਤੋਂ ਰਹਿਤ ਅਤੇ ਪੁਜਾਰੀ ਵਰਗ ਦੇ ਭਾੜੇ ਤੋਂ ਮੁਕਤ ਸੀ, ਜੋ 'ਬ੍ਰਹਮ' ਦੇ ਅਨੇਕਾਂ ਸਰੂਪ ਪ੍ਰਗਟਾ ਕੇ ਜਨ-ਸਾਧਾਰਣ ਵਿੱਚ ਵੰਡੀਆ ਪਾ ਕੇ ਸਮਾਜ ਨੂੰ ਖੰਡਤ ਕਰ ਰਹੇ ਸਨ।

ਧਾਰਮਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਦਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਭਗਤਾਂ ਨੇ ਭਾਵੇਂ ਅਧਿਆਤਮਕ ਮੁਹਾਵਰੇ ਰਾਹੀਂ ਆਪਣੀ ਭਗਤੀ ਭਾਵਨਾ ਨੂੰ ਅਭਿਵਿਅਕਤ ਕੀਤਾ ਹੈ। ਉਨ੍ਹਾਂ ਨੇ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਮੰਨਦੇ ਹੋਏ ਨਾਮ ਜਪਣ, ਕਿਰਤ ਕਰਨ ਤੇ ਵੰਡ

ਛਕਣ ਦਾ ਉਪਦੇਸ਼ ਦਿੱਤਾ। ਭਗਤ ਰਵਿਦਾਸ ਜੀ ਨੇ ਮਨੁੱਖੀ ਮਨੋਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰੀ ਜੀਵਨ ਢੰਗ ਨੂੰ ਨਕਾਰਦੇ ਹੋਏ ਉਸ ਦੀ ਥਾਂ ਸੀਲ, ਸੰਤੋਖ, ਸੱਚ, ਵਿਚਾਰ, ਦਇਆ ਤੇ ਨਿਮਰਤਾ ਆਦਿ ਮਨੁੱਖੀ ਗੁਣਾਂ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ ਹੈ। ਭਗਤ ਰਵਿਦਾਸ ਜੀ ਨੇ ਪਰਮਾਤਮਾ ਪ੍ਰਤੀ ਅੰਧਵਿਸ਼ਵਾਸਾਂ (ਕਰਮ-ਕਾਂਡਾਂ) ਵਿੱਚ ਫਸੀ ਮਨੁੱਖਤਾ ਨੂੰ ਨਿਰਗੁਣ ਭਗਤੀ ਜਾਂ ਇਕਈਸ਼ਵਰਵਾਦ ਦਾ ਸਿਧਾਂਤ ਦਿੱਤਾ। ਇਹ ਸਿਧਾਂਤ ਅਜਿਹਾ ਹੈ ਜਿਸ ਵਿੱਚ ਇਸ ਗੱਲ ਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ ਕਿ ਈਸ਼ਵਰ ਇੱਕ ਹੈ, ਉਸ ਦਾ ਕੋਈ ਸਾਨੀ ਨਹੀਂ, ਉਹ ਇੱਕੋ ਇੱਕ ਕਰਤਾ ਪੁਰਖ, ਪਾਰਬ੍ਰਹਮ ਨਿਰਗੁਣ ਪਰਮਾਤਮਾ ਤੋਂ ਹੈ। ਭਗਤ ਰਵਿਦਾਸ ਜੀ ਨੇ ਬ੍ਰਹਮ ਦੀ ਅਗਮ, ਅਗੋਚਰ, ਅਲਖ ਅਪਾਰ, ਨਿਰੰਜਨ, ਅਕਾਲ, ਹਾਜ਼ਰ-ਨਾਜ਼ਰ, ਜਾਹਰਾ ਜ਼ਹੂਰ, ਅਬਿਨਾਸੀ, ਸਰਬ-ਵਿਆਪੀ ਸ਼ਕਤੀ ਵਿੱਚ ਵਿਸ਼ਵਾਸ ਹੈ ਜਿਸ ਨੂੰ ਉਹ ਖੁਦਾ, ਬੀਠਲ, ਗੋਬਿੰਦ ਰਾਮ ਆਦਿ ਕਹਿੰਦੇ ਹਨ।

'ਭਗਤ ਰਵਿਦਾਸ ਬਾਣੀ' ਵਿੱਚ ਨੱਬੇ ਵਾਰ, ਰਾਮ, ਰਾਜਾ ਰਾਮ, ਹਰਿ ਸਾਧੋ, ਮੁਰਾਰਿ, ਕਿਸ਼ਨ, ਮੁਕੰਦ ਆਦਿ ਨਾਮ 'ਬ੍ਰਹਮ' ਦੇ ਪ੍ਰਤੀਕ ਵਜੋਂ ਵਰਤੇ ਗਏ ਹਨ। ਇਨ੍ਹਾਂ ਦੇ ਸਨਮੁੱਖ ਹੀ ਕੁਝ ਵਿਦਵਾਨਾਂ ਨੇ ਆਪ ਜੀ ਨੂੰ ਸਰਗੁਣਵਾਦੀ ਅਤੇ ਅਵਤਾਰਵਾਦੀ ਸਿੱਧ ਕਰਨ ਦਾ ਜਤਨ ਕੀਤਾ ਹੈ।[9]

ਇਹ ਸਾਰੇ ਨਾਮ 'ਗੁਰੂ ਨਾਨਕ ਬਾਣੀ' ਵਿੱਚ ਵੀ ਵਰਤੇ ਗਏ ਹਨ ਪਰ ਜੇ ਬਾਣੀ ਨੂੰ ਠੀਕ ਪ੍ਰਸੰਗ ਵਿੱਚ ਰੱਖ ਕੇ ਦੀਰਘ ਵਿਚਾਰ ਕਰੀਏ, ਤਾਂ ਫਿਰ ਇਹ ਦਵੈਤਵਾਦੀ ਦ੍ਰਿਸ਼ਟੀ ਵੀ ਮਿਟ ਜਾਵੇਗੀ। ਇੱਕ ਗੱਲ ਬੜੀ ਸਪੱਸ਼ਟ ਹੈ ਕਿ ਇੱਕ ਅਵਤਾਰ ਦਾ ਉਪਾਸਕ ਦੂਜੇ ਅਵਤਾਰ ਦੀ ਪੂਜਾ ਨਹੀਂ ਕਰਦਾ। ਫੇਰ 'ਰਵਿਦਾਸ ਬਾਣੀ' ਤਾਂ ਇਸ ਖੇਤਰ ਵਿੱਚ ਬੜੀ ਸਪੱਸ਼ਟ ਅਗਵਾਈ ਕਰਦੀ ਹੈ।

ਹਰਿ ਜੀਉ ਤੇ ਸਭੈ ਸਰੇ॥[10]

ਭਗਤ ਰਵਿਦਾਸ ਜੀ ਕੋਈ ਦਰਸ਼ਨ ਆਚਾਰੀਆ ਨਹੀਂ ਸਨ ਪਰੰਤੂ ਇੱਕ ਅਨੁਭਵੀ ਭਗਤ ਸਨ, ਭਗਤ ਜੀ ਨੇ ਆਪਣੀ ਬਾਣੀ ਵਿਚ ਨਿੱਜੀ ਅਨੁਭਵ ਅਤੇ ਰਹੱਸ ਨੂੰ ਬਿਆਨ ਕੀਤਾ।

9 ਸਵਾਮੀ ਰਾਮਾਨੰਦ ਸ਼ਾਸ਼ਤਰੀ, ਸੰਤ ਰਵਿਦਾਸ ਔਰ ਉਸ ਕਾ ਕਾਵਿ, ਪੰਨਾ 217.

10 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੬

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਅਧਿਆਤਮ ਦੇ ਬੁਨਿਆਦੀ ਨੁਕਤਿਆਂ ਸਬੰਧੀ ਕੁਝ ਸੰਕੇਤ ਮਿਲਦੇ ਹਨ, ਜਿਨ੍ਹਾਂ ਦੇ ਆਧਾਰ ਤੇ ਉਨ੍ਹਾਂ ਦੀ ਬਾਣੀ ਦੇ ਅਧਿਆਤਮ ਪੱਖ ਨੂੰ ਵਿਚਾਰਿਆ ਜਾ ਸਕਦਾ ਹੈ। ਭਗਤ ਰਵਿਦਾਸ ਜੀ ਨੇ ਬ੍ਰਹਮ, ਸ੍ਰਿਸ਼ਟੀ ਅਤੇ ਜੀਵ ਆਦਿ ਸੰਬੰਧੀ ਜੋ ਵਿਚਾਰ ਦਿੱਤੇ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

ਬ੍ਰਹਮ

ਬ੍ਰਹਮ ਸੰਸਕ੍ਰਿਤ ਦਾ ਸ਼ਬਦ ਹੈ, ਇਹ ਦੋ ਸ਼ਬਦਾਂ 'ਬ੍ਰਹਿ' ਅਤੇ 'ਮਨਨ' ਦੇ ਮੇਲ ਤੋਂ ਬਣੀ ਸੰਗਿਆ ਹੈ।[11] ਇਹ ਬਹੁਅਰਥਕ ਸ਼ਬਦ ਹੈ ਜਿਹਾ ਕਿ ਚੇਤੰਨ, ਨਿਤ ਅਤੇ ਮੂਲ ਸੱਤਾ ਜਿਹੜੀ ਅਖੰਡ, ਅਨੰਤ, ਅਨਾਦੀ, ਨਿਰਗੁਣ ਅਤੇ ਸਤਚਿੱਤ ਹੈ ਅਤੇ ਅਨੰਦ ਵਿੱਚ ਲੀਨ ਕਹੀ ਜਾ ਸਕਦੀ ਹੈ। ਸ੍ਰਿਸ਼ਟੀ ਦਾ ਰਚਨਹਾਰਾ ਬ੍ਰਹਮ ਹੀ ਸਤਿ ਹੈ। ਹਰ ਤੱਤ ਵਿੱਚ ਅਤੇ ਹਰ ਵਸਤੂ ਦੇ ਕਣ-ਕਣ ਵਿੱਚ ਬ੍ਰਹਮ ਦੀ ਹੋਂਦ ਮੰਨੀ ਜਾਂਦੀ ਹੈ।[12] ਭਾਈ ਜੋਧ ਸਿੰਘ ਅਨੁਸਾਰ ਜਿਹੜੀ ਹਸਤੀ (ਸ਼ਕਤੀ) ਸਾਰੇ ਦਿਸਦੇ ਅਤੇ ਅਣਦਿਸਦੇ ਸੰਸਾਰ ਨੂੰ ਹੋਂਦ ਵਿੱਚ ਲਿਆਉਣ ਵਾਲੀ ਹੈ ਉਸਦਾ ਨਾਮ ਅਕਾਲਪੁਰਖ ਹੈ।[13] ਮਨੁੱਖੀ ਚੇਤਨਾ ਦਾ ਸਭ ਤੋਂ ਅਹਿਮ ਸਵਾਲ ਬ੍ਰਹਮ ਦੀ ਹਸਤੀ ਸੰਬੰਧੀ ਹੈ। ਸਾਰੇ ਮਨੁੱਖੀ ਜਤਨ, ਜਿਵੇਂ ਵਿਗਿਆਨ, ਸਾਹਿਤ ਅਤੇ ਵਿਚਾਰ ਆਦਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪਰਮਸਤਿ ਦੀ ਤਲਾਸ਼ ਵਿੱਚ ਹੀ ਲੱਗੇ ਹੋਏ ਹਨ, ਪ੍ਰੰਤੂ ਸੰਸਾਰ ਸਮੁੱਚੇ ਧਰਮਾਂ ਦੇ ਅਧਿਆਤਮਵਾਦ ਦਾ ਇਹ ਕੇਂਦਰੀ ਤੇ ਮੁੱਢਲਾ ਵਿਸ਼ਾ ਹੈ। ਸੰਸਾਰ ਦੀਆਂ ਸਾਰੀਆਂ ਧਰਮ ਚਿੰਤਨ ਪ੍ਰਣਾਲੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਪਰਮਸਤਿ ਦਾ ਸਰੂਪ, ਗੁਣ, ਲੱਛਣ, ਨਾਂ ਅਤੇ ਵਿਸ਼ਵ ਤੇ ਜੀਵਨ ਨਾਲ ਸੰਬੰਧਤ ਆਦਿ ਪੱਖਾਂ ਨੂੰ ਜਾਣਨ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਰਮਸਤਿ ਦਾ ਸਰੂਪ ਨਿਵੇਕਲੀ ਦ੍ਰਿਸ਼ਟੀ ਨਾਲ ਪੇਸ਼ ਹੋਇਆ ਹੈ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਇਦ ਹੀ ਕੋਈ ਅਜਿਹਾ ਸ਼ਬਦ ਹੋਵੇ, ਜੋ ਪਰਮਾਤਮਾ ਨਾਲ ਨਾ ਜੁੜਿਆ ਹੋਵੇ। ਇਸ ਸਬੰਧੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਦੇ ਮੂਲਮੰਤਰ ਵਿੱਚ ਇਸ ਤਰ੍ਹਾਂ ਬਿਆਨ ਕਰਦੇ ਹਨ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

11 ਮਾਨਕ ਹਿੰਦੀ ਕੋਸ਼, ਖੰਡ, 8, ਪੰਨਾ 179-180

12 ਉਹੀ ਪੰਨਾ 178

13 ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਸੰਸਕਰਣ ਤੀਜਾ ਪੰਨਾ 1

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[14]

ਭਾਵ, ਪਰਮਾਤਮਾ ਉਹ ਹਸਤੀ ਹੈ ਜੋ ਸਦਾ ਰਹਿਣ ਵਾਲੀ ਹੈ। ਸੰਸਾਰ ਦੇ ਹਰੇਕ ਕਣ-ਕਣ ਵਿੱਚ ਪਰਮਾਤਮਾ ਦਾ ਵਾਸਾ ਹੈ। ਬਿਨ੍ਹਾਂ ਡਰ ਅਤੇ ਵੈਰ ਤੋਂ ਮੁਕਤ ਹੈ। ਸਮੇਂ ਜਾਂ ਕਾਲ ਦਾ ਉਸ 'ਤੇ ਕੋਈ ਅਸਰ ਨਹੀਂ। ਜਨਮ-ਮਰਨ ਤੋਂ ਰਹਿਤ ਹੈ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਭਗਤ ਰਵਿਦਾਸ ਜੀ ਉਸ ਅਕਾਲ ਪੁਰਖ ਸਰਬ ਸ਼ਕਤੀਮਾਨ ਨੂੰ ਸਰਵ-ਵਿਆਪਕ ਅਤੇ ਸੰਸਾਰਿਕ ਖੇਡ ਦਾ ਕਰਤਾ-ਧਰਤਾ ਸਵੀਕਾਰ ਕਰਦੇ ਹੋਏ ਆਪਣੀ ਬਾਣੀ ਵਿੱਚ ਇੰਜ ਫੁਰਮਾਨ ਕਰਦੇ ਹਨ :

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥[15]

ਗੁਰਬਾਣੀ ਅਨੁਸਾਰ ਉਸ ਅਕਾਲ ਪੁਰਖ ਨੂੰ ਕਥਿਆ ਨਹੀਂ ਜਾ ਸਕਦਾ। ਗੁਰੂ ਜੀ ਦਾ ਫੁਰਮਾਣ ਹੈ:

ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਹੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥[16]

ਭਗਤ ਰਵਿਦਾਸ ਜੀ ਇਸ ਬਾਰੇ ਇੰਜ ਫੁਰਮਾਉਂਦੇ ਹਨ :

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥[17]

ਭਗਤ ਰਵਿਦਾਸ ਜੀ ਆਪਣੀ ਬਿਬੇਕ ਬਿਰਤੀ ਦੁਆਰਾ ਇੱਕ ਪਾਸੇ ਸੰਸਾਰ ਦੇ ਭਰਮ ਨੂੰ ਤੋੜਦੇ ਹਨ, ਦੂਜੇ ਪਾਸੇ ਮਨੁੱਖ ਦੀ ਸਰਵ-ਉੱਚ ਗਿਆਨ ਦੀ ਅਵਸਥਾ ਪ੍ਰਤੀ ਜਾਗ੍ਰਿਤ ਕਰਦੇ ਹਨ। ਆਪਣੀ ਬਾਣੀ ਵਿੱਚ ਉਹ ਕੇਵਲ ਸੰਸਾਰ ਦੇ ਭਰਮ ਦਾ ਬਿਰਤਾਂਤ ਹੀ ਨਹੀਂ ਬਲਕਿ ਮਨੁੱਖ ਦੇ ਰਾਜ ਯੋਗ ਦੀ ਸਰਵ ਗੁਣ ਸੰਪੰਨ ਚੇਤਨ ਅਵਸਥਾ ਦੀ ਪ੍ਰਾਪਤੀ ਲਈ ਜਗਿਆਸਾ ਉਤਪੰਨ ਕਰਦੇ ਹੋਏ ਬਿਆਨ ਕਰਦੇ ਹਨ :

---

14 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧
15 ਉਹੀ, ੬੫੮
16 ਉਹੀ, ਪੰਨਾ ੬੭੪
17 ਉਹੀ, ਪੰਨਾ ੩੪੬

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥[18]

ਭਗਤ ਰਵਿਦਾਸ ਜੀ ਤਾਂ ਬ੍ਰਹਮ ਨੂੰ ਹੀ ਪਰਮਾਰਥਕ ਸਤ ਪ੍ਰਵਾਨ ਕਰਦੇ ਹਨ। ਉਨ੍ਹਾਂ ਅਨੁਸਾਰ ਉਹ ਆਨੰਦ ਸਰੂਪ ਹੈ, ਨਿਰਗੁਣ, ਨਿਰਾਕਾਰ, ਅਜਨਮਾ ਅਤੇ ਗੁਣਾਤੀਤ ਹੈ। ਸਿਰਫ ਇਹੀ ਨਹੀਂ, ਰਵਿਦਾਸ-ਬਾਣੀ ਅਨੁਸਾਰ ਇਹ ਬ੍ਰਹਮ ਅਨਿਵਰਨਯ, ਅਕਥਨੀਯ ਅਤੇ ਵਰਣਨ ਤੋਂ ਪਰ੍ਹੇ ਹੈ, ਜੋ ਉਪਮਾ ਰਹਿਤ, ਅਦੁੱਤੀ, ਵਿਲੱਖਣ ਅਤੇ ਆਪਣੇ ਵਰਗਾ ਖੁਦ ਆਪ ਹੀ ਹੈ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ :

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥[19]

## ਸਤਿ ਸਰੂਪ ਬ੍ਰਹਮ

ਗੁਰੂ ਸਾਹਿਬ ਨੇ ਪਰਮਾਤਮਾ (ਬ੍ਰਹਮ) ਨੂੰ 'ਸਤਿ' ਸਰੂਪ ਦੱਸਿਆ ਹੈ। 'ਸਤਿ' ਤੋਂ ਭਾਵ ਕੇਵਲ ਪਾਰਬ੍ਰਹਮ ਹੈ। ਇੱਕ ਵਾਹਿਗੁਰੂ ਪਰਮਾਤਮਾ ੧ਓ ਦਾ ਸਭ ਤੋਂ ਪਹਿਲਾ ਅੰਤਿਮ ਸਤਤਾ ਦ੍ਰਿੜਾਉਣ ਵਾਲਾ ਨਾਉਂ, ਜੋ ਗੁਰੂ ਸਾਹਿਬ ਨੂੰ ਰੱਬੀ-ਅਨੁਭਵ ਦੁਆਰਾ ਪ੍ਰਗਟ ਹੋਇਆ, ਉਹ 'ਸਤਿ' ਹੈ।[20] ਨਾਮ ਅਸਲ ਸਤ ਅਵਸਥਾ ਵਿੱਚ ਉਹ 'ਸਤਿਨਾਮ' ਹੈ।[21] ਸਤਿ ਤੋਂ ਭਾਵ ਹੈ ਪ੍ਰਮਾਤਮਾ ਕੇਵਲ ਸਿਧਾਂਤ, ਕਲਪਨਾ ਜਾਂ ਨਿਯਮ ਨਹੀਂ, ਸਗੋਂ ਇੱਕ ਵਾਸਤਵਿਕ ਸੱਤਾ, ਵਜੂਦ ਜਾਂ ਹਸਤੀ ਹੈ, ਜੋ ਆਪਣੀ ਹੋਂਦ ਲਈ ਇੱਕ-ਦੂਜੇ ਉੱਤੇ ਨਿਰਭਰ ਨਹੀਂ। ਇਹ ਤਿੰਨਾਂ ਲੋਕਾਂ ਅਤੇ

---

18 ਸ੍ਰੀ ਗੁਰੂ ਗ੍ਰੰਥ ਸਾਹਿਬ ੬੫੭
19 ਉਹੀ, ਪੰਨਾ, ੩੪੬
20 ਸ਼ੇਰ ਸਿੰਘ (ਡਾ.) ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998, ਪੰਨਾ 217
21 ਸ਼ੇਰ ਸਿੰਘ (ਡਾ.) ਗੁਰਮਤਿ ਦਰਸ਼ਨ, ਪੰਨਾ 217

ਤਿੰਨਾਂ ਕਾਲਾਂ ਵਿੱਚ ਵੀ ਸਤਿ ਹੈ ਅਤੇ ਇਨ੍ਹਾਂ ਦੇ ਆਦਿ ਅਤੇ ਅੰਤ ਵਿੱਚ ਵੀ ਸਤਿ ਹੈ।[22] ਗੁਰਬਾਣੀ ਵਿੱਚ ਬ੍ਰਹਮ ਨੂੰ 'ਪਰਾ ਪੂਰਬਲਾ' ਦੱਸਿਆ ਗਿਆ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿ ਨਾਮੁ ਤੇਰਾ ਪਰਾ ਪੂਰਬਲਾ॥[23]

ਭਾਰਤੀ ਧਰਮ ਪਰੰਪਰਾ ਵਿੱਚ ਆਰਤੀ ਦਾ ਬਹੁਤ ਵੱਡਾ ਮਹੱਤਵ ਹੈ। ਆਰਤੀ ਦਾ ਧਾਰਮਿਕ ਪ੍ਰਸੰਗ ਪਵਿੱਤਰ ਪੂਜਾ ਕਰਨਾ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਸਤਿ-ਸਰੂਪ ਬ੍ਰਹਮ ਦੇ ਸੱਚੇ ਨਾਮ ਦਾ ਸਿਮਰਨ ਹੀ ਉਨ੍ਹਾਂ ਲਈ ਆਰਤੀ ਹੈ ਅਤੇ ਪਰਮਾਤਮਾ ਦੇ ਭੋਗ ਲਈ ਵੀ ਉਨ੍ਹਾਂ ਕੋਲ ਕੇਵਲ ਉਸ ਦਾ ਸੱਚਾ ਅਤੇ ਸਥਿਰ ਨਾਮ ਹੀ ਹੈ। ਭਗਤ ਰਵਿਦਾਸ ਜੀ ਦੁਆਰਾ ਸਿਰਜੇ ਆਰਤੀ ਦੇ ਸ਼ਬਦ ਦਾ ਪਾਠ, ਅਚੇਤ ਅਤੇ ਸੁਚੇਤ ਰੂਪ ਵਿੰਚ ਵਿਸਮਾਦ ਵਿੱਚ ਲੈ ਜਾਂਦਾ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[24]

---

22 ਜਸਬੀਰ ਸਿੰਘ ਸਾਬਰ (ਡਾ.), ਰਵਿਦਾਸ ਬਾਣੀ : ਬਹੁਪੱਖੀ ਅਧਿਐਨ, ਪੰਨਾ 97
23 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੩
24 ਉਹੀ, ਪੰਨਾ ੬੯੪

## ਨਿਰਗੁਣ ਅਤੇ ਸਰਗੁਣ ਸਰੂਪ ਬ੍ਰਹਮ

ਸਰਗੁਣ ਤੋਂ ਭਾਵ ਹੈ ਗੁਣਾਂ ਸਹਿਤ। ਕਾਲਾ ਸਿੰਘ ਬੇਦੀ ਅਨੁਸਾਰ, 'ਜਿਸ ਤਰ੍ਹਾ ਨਿਰਗੁਣ ਬ੍ਰਹਮ ਅਨੰਤ ਹੈ ਅਤੇ ਉਸ ਨੂੰ ਕਥਿਆ ਨਹੀਂ ਜਾ ਸਕਦਾ ਉਸੇ ਪ੍ਰਕਾਰ ਸਰਗੁਣ ਬ੍ਰਹਮ ਦਾ ਵਿਰਾਟ ਸਰੂਪ ਵੀ ਕਥਨੀ ਅਤੇ ਕਹਿਣੀ ਦੀ ਸੀਮਾ ਤੋਂ ਪਰ੍ਹੇ ਹੈ।[25] ਭਗਤ ਰਵਿਦਾਸ ਜੀ ਨੇ ਬ੍ਰਹਮ ਦੇ ਨਿਰਗੁਣ ਸਰੂਪ ਦੀ ਵਿਆਖਿਆ ਵੀ ਕੀਤੀ ਹੈ। ਨਿਰਗੁਣ ਤੋਂ ਭਾਵ ਹੈ ਗੁਣਾਂ ਤੋਂ ਰਹਿਤ। ਸਾਰੇ ਭਗਤ ਸਰਗੁਣ ਅਤੇ ਨਿਰਗੁਣ ਬ੍ਰਹਮ ਸੱਤਾ ਦੀ ਭਗਤੀ ਨੂੰ ਸਵੀਕਾਰ ਕਰਦੇ ਹਨ ਕਿਉਂਕਿ ਉਹ ਇੱਕ ਪਰਮਾਤਮਾ ਤੋਂ ਬਿਨਾਂ ਕਿਸੇ ਦੂਸਰੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਨਿਰਗੁਣ ਬਾਣੀ ਕਾਵਿ ਦਾ ਮੂਲ ਸਿਧਾਂਤ ਪਰਮਸੱਤ ਦੇ ਸਰੂਪ ਪ੍ਰਤੀ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਹੈ। ਇਹ ਦ੍ਰਿਸ਼ਟੀਕੋਣ ਬ੍ਰਹਮ ਨੂੰ ਸਾਕਾਰ ਦੇ ਮੁਕਾਬਲੇ ਨਿਰਾਕਾਰ ਸੱਤਾ ਸਵੀਕਾਰ ਕਰਦਾ ਹੈ।[26] ਜਪੁਜੀ ਸਾਹਿਬ ਵਿੱਚ ਸ਼ਬਦ ਸੈਭੰ ਇਸੇ ਗਿਆਨ ਸਰੂਪ ਦਾ ਲਖਾਇਕ ਹੈ। ਬ੍ਰਹਮ ਪ੍ਰਕਾਸ਼ ਰੂਪ ਹੈ ਅਤੇ ਉਸ ਦਾ ਇਹ ਪ੍ਰਕਾਸ਼ ਕਿਸੇ ਹੋਰ ਤੋਂ ਨਹੀਂ, ਆਪਣੇ ਆਪ ਤੋਂ ਹੀ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਵਾਕ 'ਤਿਸਦੇ ਚਾਨਣ ਮਹਿ ਚਾਨਣੁ' ਅਨੁਸਾਰ ਸਭ ਉਸੇ ਦਾ ਪ੍ਰਕਾਸ਼ ਹੈ।

ਗੁਰਬਾਣੀ ਵਿੱਚ ਬ੍ਰਹਮ ਦੇ ਦੋਨੋਂ ਰੂਪ ਨਿਰਗੁਣ ਅਤੇ ਸਰਗੁਣ ਦਰਸਾਏ ਗਏ ਹਨ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥[27]

ਗੁਰੂ ਸਾਹਿਬ ਨੇ ਬ੍ਰਹਮ ਨੂੰ ਸਰਗੁਣ ਰੂਪ ਵਿੱਚ ਦਰਸਾਉਂਦਿਆਂ ਪਰਮਾਤਮਾ ਦੇ ਵਿਅਕਤੀਗਤ/ਭਾਵਨਾਤਮਿਕ ਰਿਸ਼ਤਿਆਂ ਨੂੰ ਦ੍ਰਿੜ ਕਰਦੇ ਹੋਏ ਇੰਜ ਫੁਰਮਾਨ ਕੀਤਾ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥[28]

ਭਗਤ ਰਵਿਦਾਸ ਜੀ ਨਿਰਗੁਣ ਬ੍ਰਹਮ ਦੇ ਉਪਾਸਕ ਸਨ, ਪ੍ਰੰਤੂ ਪਰਮਾਤਮਾ ਦੇ ਸਰਗੁਣ ਸਰੂਪ ਪ੍ਰਤੀ ਵੀ ਉਨ੍ਹਾਂ ਦੀ ਸ਼ਰਧਾ ਦਿਖਾਈ ਦਿੰਦੀ ਹੈ। ਉਹ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਵਿਭਿੰਨਤਾ ਨੂੰ ਨਹੀਂ ਮੰਨਦੇ। ਬ੍ਰਹਮ ਦੇ ਵਿਅਕਤ ਰੂਪ ਨੂੰ ਉਹ ਅਵਤਾਰਵਾਦ ਨਾ ਮੰਨ

---

25 ਸ. ਸਾਹਿਬ ਸਿੰਘ ਅਰਸ਼ੀ, ਗੁਰੂ ਨਾਨਕ ਦਾ ਰਹੱਸਵਾਦੀ ਅਨੁਭਵ (ਅਨੁਬੰਧ), ਪੰਨਾ-17

26 ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰਨਾ 3

27 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੭

28 ਉਹੀ, ਪੰਨਾ ੧੦੩

ਕੇ, ਉਸ ਦੀ ਵਿਵਹਾਰਕ ਸੱਤਾ ਨੂੰ ਮੰਨਦੇ ਹਨ। ਬ੍ਰਹਮ ਸਰਗੁਣ ਵੀ ਹੈ ਕਿਉਂਕਿ ਉਹ ਸਾਰੇ ਗੁਣਾਂ ਦਾ ਭੰਡਾਰ ਹੈ, ਉਹ ਸਰਵ-ਉੱਚ ਹੈ, ਪੁਰਸ਼ੋਤਮ ਹੈ, ਸਤ, ਚਿਤ ਤੇ ਆਨੰਦ ਵੀ ਹੈ। ਉਹ ਦਿਸਦਾ ਅਤੇ ਅਨੁਭਵ ਹੁੰਦਾ ਹੈ, ਵਿਸ਼ਾਲ ਸਰੂਪ ਹੈ। ਉਹ ਕਰਤਾ ਹੈ, ਸ੍ਰਿਸ਼ਟੀ ਰਚ ਕੇ ਆਪ ਉਸ ਵਿੱਚ ਵਿਆਪਕ ਹੈ ਭਾਵ ਸਰਵ-ਵਿਆਪਕ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਪਰਮਾਤਮਾ ਦੇ ਸੁੰਦਰ, ਮਧੁਰ ਅਤੇ ਪਿਆਰੇ ਸਰੂਪ ਨੂੰ ਬਿਆਨ ਕਰਦੇ ਹੋਏ, ਪ੍ਰੇਮ ਭਰੇ ਵਲਵਲਿਆਂ ਨਾਲ ਉਸ ਨੂੰ ਯਾਦ ਕਰਦੇ ਉਸ ਦੇ ਪ੍ਰੇਮ ਪਾਤਰ ਬਣਦੇ ਹਨ। ਅਕਾਲ ਪੁਰਖ ਬ੍ਰਹਮ ਨੂੰ ਮਾਤਾ ਪਿਤਾ ਦੇ ਰੂਪ ਵਿੱਚ ਨਿਰੂਪਤ ਕਰਦੇ ਹੋਏ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ :

ਮੁਕੰਦ ਮੁਕੰਦ ਜਪਹੁ ਸੰਸਾਰ॥
ਬਿਨੁ ਮੁਕੰਦ ਤਨੁ ਹੋਇ ਅਉਹਾਰ॥
ਸੋਈ ਮੁਕੰਦੁ ਮੁਕਤਿ ਕਾ ਦਾਤਾ॥
ਸੋਈ ਮੁਕੰਦੁ ਹਮਰਾ ਪਿਤ ਮਾਤਾ॥੧॥
ਜੀਵਤ ਮੁਕੰਦੇ ਮਰਤ ਮੁਕੰਦੇ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ॥[29]...

ਭਗਤ ਰਵਿਦਾਸ ਜੀ ਦਾ ਵਿਅਕਤ ਸਰਗੁਣ ਸਰੂਪ -ਬ੍ਰਹਮ, ਸਰਗੁਣੀ ਭਗਤਾਂ ਦੇ ਅਵਤਾਰੀ ਸਰੂਪ ਵਰਗਾ ਨਹੀਂ, ਸਗੋਂ ਇਹ ਸਰਗੁਣ ਤਾਂ ਨਿਰਗੁਣ ਤੋਂ ਹੀ ਉਤਪੰਨ ਹੋਇਆ ਹੈ। ਭਗਤ ਰਵਿਦਾਸ ਬਾਣੀ ਵਿੱਚ ਭਾਵਾਤਮਿਕ ਭਗਤੀ ਦਾ ਸਰੂਪ ਮਿਲਦਾ ਹੈ। ਇਸ ਅਧੀਨ ਉਨ੍ਹਾਂ ਨੇ ਪ੍ਰਭੂ ਦੇ ਸੁੰਦਰ, ਮਧੁਰ ਅਤੇ ਪ੍ਰਿਯ ਸਰੂਪ ਦੀ ਕਲਪਨਾ ਕਰਦੇ ਹੋਏ ਆਪਣਾ ਪ੍ਰੇਮ ਪ੍ਰਗਟ ਕੀਤਾ ਅਤੇ ਉਸ ਦੇ ਪ੍ਰੇਮ ਪਾਤਰ ਬਣੇ। ਇਸ ਪ੍ਰੀਤ ਭਾਵਨਾ ਦੁਆਰਾ ਉਨ੍ਹਾਂ ਨੇ ਅਵਿਅਕਤ ਅਤੇ ਨਿਰਾਕਾਰ ਸੱਤਾ ਨੂੰ ਆਕਾਰ ਦਿੱਤਾ ਅਤੇ ਮੇਲ ਭਾਵਨਾ ਦੁਆਰਾ ਪ੍ਰਭੂ ਉਨ੍ਹਾਂ ਦੇ ਨਜ਼ਦੀਕ ਆ ਗਿਆ। ਪ੍ਰਭੂ ਪਿਆਰ ਵਿੱਚ ਲੀਨ ਹੋਏ ਰਵਿਦਾਸ ਨੇ ਸਰਵ ਸਮਰੱਥ ਕ੍ਰਿਪਾਲੂ, ਦਿਆਲੂ ਅਤੇ ਪਰਉਪਕਾਰੀ ਪ੍ਰਭੂ ਦੇ ਚਰਨਾਂ ਵਿੱਚ ਆਪਾ ਅਰਪਿਤ ਕਰਦੇ ਹੋਏ, ਆਪਣੇ ਆਪ ਨੂੰ ਨਿਮਾਣਾ, ਤੁੱਛ, ਨੀਚ, ਅਉਗਣਹਾਰੀ, ਜਾਤੀ ਓਛਾ, ਪਾਤੀ ਓਛਾ[30] ਕਹਿਕੇ ਉਸ ਨੂੰ 'ਤੁਅ ਗੁਣ ਕਥਾ

29 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੭੫
30 ਉਹੀ, ਪੰਨਾ ੪੮੬

ਅਪਾਰ'[31] ਕਹਿੰਦੇ ਹੋਏ ਅਕਾਲ ਪੁਰਖ ਬ੍ਰਹਮ ਦਾ ਮਾਤਾ-ਪਿਤਾ ਦੇ ਰੂਪ ਵਿੱਚ ਨਿਰੂਪਣ ਕੀਤਾ ਹੈ-

ਮਾਧਉ ਸਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥੧॥ਰਹਾਉ॥[32]
ਸੋਈ ਮੁਕੰਦੁ ਮੁਕਤਿ ਕਾ ਦਾਤਾ॥
ਸੋਈ ਮੁਕੰਦੁ ਹਮਰਾ ਪਿਤ ਮਾਤਾ॥[33]

ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਪ੍ਰਭੂ-ਭਗਤੀ 'ਤੇ ਜ਼ੋਰ ਦਿੰਦੇ ਹੋਏ ਭਗਤੀ ਦੀ ਉਪਮਾ ਕਰਦੇ ਹੋਏ ਆਪ ਫੁਰਮਾਉਂਦੇ ਹਨ :

ਤੁਮਰੇ ਭਜਨ ਕਟਹਿ ਜਮ ਫਾਸਾ ॥
ਭਗਤਿ ਹੇਤ ਗਾਵੈ ਰਵਿਦਾਸਾ॥[34]

ਆਪ ਜੀ ਨੇ ਡੰਕੇ ਦੀ ਚੋਟ 'ਤੇ ਇਹ ਐਲਾਨ ਕੀਤਾ ਕਿ ਭਗਤੀ ਰਾਹੀਂ ਹੀ ਉਨ੍ਹਾਂ ਨੇ ਪ੍ਰਭੂ ਪ੍ਰਾਪਤੀ ਕੀਤੀ :

ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥[35]

'ਸਗਲ ਭਵਨ ਕੇ ਨਾਇਕਾ'[36] ਦੀ ਆਸਥਾ ਵਾਲੀ ਸੁਰ ਭਗਤ ਰਵਿਦਾਸ ਜੀ ਨੂੰ ਦਵੈਤਵਾਦੀ ਤੇ ਅਵਤਾਰਵਾਦੀ ਨਹੀਂ ਬਣਨ ਦਿੰਦੀ। ਉਨ੍ਹਾਂ ਦਾ 'ਬ੍ਰਹਮ' ਏਕ ਹੀ ਏਕ ਅਨੇਕ ਹੋਇ ਬਿਸਥਰਿਓ॥ ਆਨ ਰੇ ਆਨ ਭਰਪੂਰਿ ਸੋਊ॥[37] ਜਾਂ 'ਬਟਕ ਬੀਜ ਜੈਸਾ ਓਂਕਾਰ॥ ਪਸਰਿਓ ਤੀਨਿ ਲੋਕ ਪਸਾਰ॥[38] ਵਾਲਾ ਹੈ। ਇਹ 'ਬ੍ਰਹਮ' ਰੂਪ ਤੇ ਅਕਾਰ ਦੀ ਕਿਸੇ ਵੀ ਸੀਮਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਉਹ ਅਕੱਥ ਹੈ, ਕੋਈ ਵੀ ਸ਼ਬਦ ਉਸ ਦਾ ਰੂਪ ਨਿਰੂਪਣ ਨਹੀਂ ਕਰ

31 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੬
32 ਉਹੀ, ਪੰਨਾ ੪੮੬
33 ਉਹੀ, ਪੰਨਾ ੮੭੫
34 ਉਹੀ, ਪੰਨਾ ੬੫੯
35 ਉਹੀ, ਪੰਨਾ ੭੯੪
36 ਉਹੀ, ਪੰਨਾ ੩੪੮
37 ਉਹੀ, ਪੰਨਾ ੧੨੯੩
38 ਉਹੀ, ਪੰਨਾ ੬੫੮

ਸਕਦਾ। ਉਹ ਜਿਹੋ ਜਿਹਾ ਵੀ ਹੈ, ਉਹ ਆਪ ਹੀ ਜਾਣਦਾ ਹੈ। ਮਾਨਵ-ਬੁੱਧੀ ਉਸ ਦੀ ਉਪਮਾ ਨਹੀਂ ਕਰ ਸਕਦੀ।

## ਅੰਤਰਜਾਮੀ

ਪਰਮਾਤਮਾ ਸ੍ਰਿਸ਼ਟੀ ਦਾ ਕਰਤਾ, ਧਰਤਾ ਅਤੇ ਭਰਤਾ ਹੋਣ ਦੇ ਨਾਲ-ਨਾਲ ਅੰਤਰਜਾਮੀ ਹੈ। ਉਹ ਮਨੁੱਖ ਦੇ ਦਿਲਾਂ ਦੀਆਂ ਜਾਣਦਾ ਹੈ। ਇਥੋਂ ਤੱਕ ਕਿ ਮਨੁੱਖ ਦੇ ਹਿਰਦੇ ਵਿੱਚ ਜਿਹੜੇ ਫੁਰਨੇ ਉਤਪੰਨ ਵੀ ਨਹੀਂ ਹੁੰਦੇ, ਪਰਮਾਤਮਾ ਉਨ੍ਹਾਂ ਫੁਰਨਿਆਂ ਨੂੰ ਪਹਿਲਾਂ ਹੀ ਜਾਣ ਲੈਂਦਾ ਹੈ। ਭਗਤ ਰਵਿਦਾਸ ਜੀ ਇਸ ਆਸਥਾ ਨੂੰ ਇਉਂ ਪ੍ਰਗਟਾਉਂਦੇ ਹਨ :

ਤੁਮ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥[39]

## ਦਿਆਲੂ ਪ੍ਰਭੂ

ਅੰਤਰਜਾਮੀ ਹੋਣ ਦੇ ਨਾਲ-ਨਾਲ ਪਰਮਾਤਮਾ ਕਿਰਪਾ ਦਾ ਸਮੁੰਦਰ ਵੀ ਹੈ। ਉਹ ਖੁਦ ਹੀ ਦਿਆਲੂ, ਕ੍ਰਿਪਾਲੂ ਅਤੇ ਬਖਸ਼ਿੰਦ ਹੈ। ਸ਼ਰਨ ਆਏ ਨੂੰ ਪ੍ਰਤਿਪਾਲਣਾ ਉਸਦਾ ਪਹਿਲਾ ਕਰਮ ਹੈ। ਭਗਤ ਰਵਿਦਾਸ ਜੀ ਨੇ ਬੜੇ ਦੀਨ ਭਾਵ ਨਾਲ ਪੂਰਨ ਪਦ ਦੀ ਪ੍ਰਾਪਤੀ ਲਈ, ਪ੍ਰਭੂ ਨੂੰ ਦਿਆਲੂ ਜਾਣ ਕੇ ਇਉਂ ਬੇਨਤੀ ਕੀਤੀ ਹੈ :

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ
ਬਚਨੀ ਤੋਰ ਮੋਰ ਮਨੁ ਮਾਨੈ ਜਨੁ ਕਉ ਪੂਰਨੁ ਦੀਜੈ॥[40]

ਬ੍ਰਹਮ ਦੇ ਪਰੰਪਰਿਕ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਬ੍ਰਹਮ ਦੇ ਸਰੂਪ ਵਿੱਚ ਅਵਿਅਕਤ ਅਤੇ ਵਿਅਕਤ ਸਰੂਪ ਮਿਲਦਾ ਹੈ। ਭਗਤ ਰਵਿਦਾਸ ਜੀ ਬ੍ਰਹਮ ਦੇ ਸਰਗੁਣ ਸਰੂਪ ਦੀ ਮਹਿਮਾ ਗਾਉਂਦਿਆਂ ਨਿਰਗੁਣ ਰੂਪ ਦੀ ਰਹੱਸ-ਅਨੁਭੂਤੀ ਨੂੰ ਪ੍ਰਾਪਤ ਹੋਏ। ਇਸ ਲਈ ਉਨ੍ਹਾਂ ਦੀ ਬਾਣੀ ਵਿੱਚ ਅਵਿਅਕਤ ਅਤੇ ਵਿਅਕਤ ਬ੍ਰਹਮ ਦਾ ਨਿਰੂਪਣ ਭਗਤੀ ਭਾਵਨਾ ਨਾਲ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਉਨ੍ਹਾਂ ਦੇ ਭਗਤ-ਹਿਰਦੇ ਨੇ ਦ੍ਰਵਿਤ ਹੋ ਕੇ ਅਵਿਅਕਤ

39 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩
40 ਉਹੀ, ਪੰਨਾ ੬੯੪

ਬ੍ਰਹਮ ਨੂੰ ਸ਼ਬਦਾਂ ਵਿੱਚ ਪਕੜਨ ਦਾ ਯਤਨ ਕੀਤਾ ਅਤੇ ਉਸ ਦੇ ਸਰਗੁਣ, ਕ੍ਰਿਪਾਲੂ, ਦਿਆਲੂ ਅਤੇ ਕਰੁਣਾਮਈ ਰੂਪ ਨੂੰ ਪ੍ਰਗਟ ਕੀਤਾ ਹੈ।

## ਸ੍ਰਿਸ਼ਟੀ

ਮੁੱਢ ਕਦੀਮ ਤੋਂ ਸੰਤ-ਮਹਾਤਮਾ, ਰਿਸ਼ੀਆਂ, ਮੁਨੀਆਂ, ਯੋਗੀਆਂ-ਤਪੀਆਂ, ਸਾਹਿਤਕਾਰਾਂ ਆਦਿ ਨੇ ਸ੍ਰਿਸ਼ਟੀ-ਸੰਬੰਧੀ ਜਾਣਨ ਦੀ ਕੋਸ਼ਿਸ਼ ਕੀਤੀ। ਹਰ ਯੁੱਗ ਵਿੱਚ ਮਨੁੱਖ ਦੇ ਮਨ ਵਿੱਚ ਕਈ ਪ੍ਰਸ਼ਨ ਉੱਠਦੇ ਹਨ ਕਿ ਸੰਸਾਰ ਦੀ ਉਤਪਤੀ ਕਿਵੇਂ ਹੋਈ? ਇਸ ਦਾ ਸਰੂਪ ਕੀ ਹੈ? ਇਸ ਦੇ ਪਿੱਛੇ ਕੀ ਕਾਰਜ-ਸ਼ਕਤੀ ਹੈ? ਸ੍ਰਿਸ਼ਟੀ ਦੇ ਆਦਿ ਕਾਲ ਬਾਰੇ ਸਭ ਦਾਰਸ਼ਨਿਕ ਇੱਕਮੱਤ ਨਹੀਂ ਹਨ।

ਜਗਤ ਦੇ ਨਿਰਮਾਣ-ਸੰਬੰਧੀ ਵਿਚਾਰ ਵੇਦਾਂ ਵਿੱਚ ਵੀ ਪ੍ਰਾਪਤ ਹਨ। ਇਸ ਵਿੱਚ ਇੱਕ ਪਰਜਾਪਤੀ ਦੀ ਉਦਭਾਵਨਾ ਕੀਤੀ ਗਈ ਹੈ ਜਿਸ ਦਾ ਸਰੀਰ ਨਸ਼ਟ ਹੋਣ ਤੇ ਅੰਨ ਦੇ ਪੈਦਾ ਹੋਣ ਦੀ ਕਲਪਨਾ ਕੀਤੀ ਗਈ ਹੈ।[41] ਉਪਨਿਸ਼ਦਾਂ ਵਿੱਚ ਵੀ ਸ੍ਰਿਸ਼ਟੀ ਦੀ ਪ੍ਰਕਿਰਿਆ ਦਾ ਵਰਨਣ ਹੈ, ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿੱਚ ਕੁਝ ਨਹੀਂ ਸੀ, ਕੇਵਲ ਮੌਤ ਸੀ। ਬਾਅਦ ਵਿੱਚ ਅੰਨ, ਜਲ ਪ੍ਰਕਾਸ਼ ਅਤੇ ਅੰਤ ਵਿੱਚ ਪਰਜਾਪਤੀ ਦੀ ਸ੍ਰਿਸ਼ਟੀ ਹੋਈ। ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਸਭ ਤੋਂ ਪਹਿਲਾਂ ਪੁਰਸ਼ ਅਤੇ ਬਾਅਦ ਵਿੱਚ ਇਹ ਸਰੂਪ ਉਤਪੰਨ ਹੋਇਆ ਅਤੇ ਦੋਹਾਂ ਤੋਂ ਵਿਸ਼ਵ ਦੀ ਸ੍ਰਿਸ਼ਟੀ ਹੋਈ।[42]

ਸ੍ਰੀਮਦਭਗਵਦਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ "ਮੈਂ ਸੰਪੂਰਣ ਜਗਤ ਦੀ ਉਤਪਤੀ ਅਤੇ ਪਰਲੋ ਦਾ ਸਥਾਨ ਹਾਂ।" ਉਹੀ 'ਜਗਤ' ਦੀ ਸਭ ਜੜ੍ਹ ਅਤੇ ਚੇਤਨ ਵਸਤੂਆਂ ਪੁਰਸ਼ੋਤਮ ਦੇ ਹੀ ਸਰੂਪ ਹਨ।[43] ਅੱਗੇ ਵਰਣਨ ਹੈ ਕਿ ਕਲਪ ਦੇ ਅੰਤ ਵਿੱਚ ਸਾਰੇ ਭੂਤ ਮੇਰੀ ਪ੍ਰਕ੍ਰਿਤੀ ਨੂੰ ਹੀ ਪ੍ਰਾਪਤ ਹੁੰਦੇ ਹਨ ਅਤੇ ਕਲਪ ਦੇ ਆਦਿ ਵਿੱਚ ਮੈਂ ਫਿਰ ਤੋਂ ਉਨ੍ਹਾਂ ਨੂੰ ਉਤਪੰਨ ਕਰਦਾ ਹਾਂ।[44]

---

41 ਮਿਸਰ ਉਮੇਸ਼, ਭਾਰਤੀਯ ਦਰਸ਼ਨ, ਪੰਨਾ ੪੯

42 ਬ੍ਰਿਹਦਾਰਣਯਕ ਉਪਨਿਸ਼ਦ 1/4/1

43 ਸ੍ਰੀਮਦਭਗਵਦਗੀਤਾ, ਪੰਨਾ, 716-717.

44 ਉਹੀ , ਪੰਨਾ 917.

"ਮਨੁੱਖ ਜਮਾਂਦਰੂ ਹੀ ਜਗਿਆਸੂ ਅਤੇ ਅਸ਼ਾਂਤ ਚਿੱਤ ਵਾਲਾ ਹੋਣ ਕਾਰਨ ਆਪਣੇ ਆਲੇ-ਦੁਆਲੇ ਪਸਰੇ ਹੋਏ ਪਸਾਰੇ ਨੂੰ ਫਰੋਲਦਾ ਰਹਿੰਦਾ ਹੈ। ਇਸ ਦੇ ਆਦਿ-ਅੰਤ ਬਾਰੇ ਪ੍ਰਸ਼ਨ ਖੜ੍ਹੇ ਕਰਨ ਅਤੇ ਫੇਰ ਉਨ੍ਹਾਂ ਦੇ ਹੱਲ ਲੱਭਣ ਲਈ ਪ੍ਰਯਤਨਸ਼ੀਲ ਹੋਣਾ ਇਸ ਦੀ ਮੂਲ ਪ੍ਰਵਿਰਤੀ ਹੈ, ਜਿਸ ਦਾ ਵਿਕਾਸ ਵੀ ਇਸ ਦੇ ਆਪਣੇ ਇਤਿਹਾਸਿਕ ਵਿਕਾਸ ਵਰਗਾ ਹੀ ਹੈ। 'ਦ੍ਰਿਸ਼ਟਮਾਨ ਜਗਤ' ਦੇ ਮੂਲ ਕਾਰਣ, ਜਨਮ-ਮਰਨ ਦਾ ਰਹੱਸ, ਆਪਣੇ ਵਾਸਤਵਿਕ ਸਰੂਪ, ਜੀਵਨ ਦਾ ਮਨੋਰਥ ਅਤੇ ਇਸ ਬ੍ਰਹਿਮੰਡੀ ਰਚਨਾ ਦੇ ਗੁੱਝੇ ਰਹੱਸ ਨੂੰ ਜਾਨਣ ਹਿਤ, ਇਸ ਦੀ ਤੀਬਰ ਇੱਛਾ ਸਦਾ ਹੀ ਭਾਂਬੜ ਬਣ 'ਲਟ-ਲਟ' ਬਲਦੀ ਰਹੀ ਹੈ। ਅਨਜਾਣ ਨੂੰ ਜਾਨਣਾ ਮਨੁੱਖ ਦਾ ਸੁਭਾਉ ਹੈ, ਜਿਸ ਕਰਕੇ ਇਹ ਅਤੀਤ ਅਤੇ ਅਨੰਤ ਨੂੰ ਵੀ ਆਪਣੇ ਗਿਆਨ ਦੇ ਕਲਾਵੇ ਵਿੱਚ ਲੈਣ ਹਿਤ ਕ੍ਰਿਆਸ਼ੀਲ ਰਹਿੰਦਾ ਹੈ। ਇਹ ਦ੍ਰਿਸ਼ਟਮਾਨ 'ਜਗਤ' ਕਿਸ ਨੇ ਬਣਾਇਆ, ਕਿਉਂ ਬਣਾਇਆ ਕਦੋਂ ਬਣਾਇਆ ਅਤੇ ਕਿਵੇਂ ਬਣਾਇਆ, ਅਜਿਹੇ ਪ੍ਰਸ਼ਨ ਹਨ, ਜੋ ਆਰੰਭ ਤੋਂ ਹੀ ਮਾਨਵ-ਬੁੱਧੀ ਲਈ ਅਦਭੁਤ ਅਤੇ ਬੁਝਾਰਤ ਬਣੇ ਹੋਏ ਹਨ। ਨਿਰਸੰਦੇਹ ਇਨ੍ਹਾਂ ਪ੍ਰਸ਼ਨਾਂ ਬਾਰੇ ਵਿਭਿੰਨ ਦਾਰਸ਼ਨਿਕਾਂ, ਵਿਦਵਾਨਾਂ, ਸਾਹਿਤਕਾਰਾਂ, ਸੰਤਾਂ, ਗੁਰੂਆਂ, ਪੀਰਾਂ-ਫਕੀਰਾਂ, ਸੂਫ਼ੀ, ਦਰਵੇਸ਼ਾਂ ਅਤੇ ਵਿਗਿਆਨੀਆਂ ਨੇ ਆਪਣੇ ਅਨੁਭਵ ਤੋਂ ਉਪਜੇ ਵਿਚਾਰ ਪ੍ਰਗਟਾਏ ਹਨ, ਪਰ ਉਨ੍ਹਾਂ ਦੇ ਵਿਚਾਰਾਂ ਵਿੱਚ ਇਸ ਅਸ਼ਾਂਤ ਮਨੁੱਖ ਨੂੰ ਸੰਤੁਸ਼ਟ ਕਰਨ ਵਾਲਾ ਕੋਈ ਸਿੱਧਾ, ਸਪੱਸ਼ਟ ਉੱਤਰ ਪ੍ਰਾਪਤ ਨਹੀਂ ਹੁੰਦਾ, ਜਿਸ ਕਰਕੇ ਇਹ ਗੁੰਝਲ ਜਿਉਂ-ਦੀ-ਤਿਉਂ ਕਾਇਮ ਹੈ। ਮੌਲਾਨਾ ਅਬੁਲ ਕਲਾਮ ਆਜ਼ਾਦ ਨੇ ਇਸ ਸੰਦਰਭ ਵਿੱਚ ਫਾਰਸੀ ਦੇ ਕਿਸੇ ਕਵੀ ਦਾ ਇੱਕ ਸ਼ੇਅਰ ਉਲੇਖਿਆ ਹੈ ਕਿ :

ਮਾਜਿ ਆਗਾਫ ਓਜਿ ਅੰਜਾਮਿ ਜਹਾਨ ਬੇਖਬਰਮ॥
ਅਵਲ ਓ ਆਖਰਨ ਕੋਹਨਾ ਕਿਤਾਬ ਉਫਤਾਦ ਅਸਤ॥

ਭਾਵ ਜਗਤ ਰਚਨਾ ਦੀ ਇਹ ਕਿਤਾਬ ਇੱਕ ਅਜਿਹੀ ਹੱਥ ਲਿਖਤ ਵਾਂਗ ਹੈ, ਜਿਸ ਦੇ ਨਾ ਤਾਂ ਆਰੰਭ ਵਾਲੇ ਪੰਨੇ ਹੀ ਮਿਲਦੇ ਹਨ ਅਤੇ ਨਾ ਹੀ ਅਖੀਰਲੇ। ਫੇਰ ਵੀ ਭਾਰਤੀ ਦਰਸ਼ਨ ਦੀ ਵਿਚਾਰਮਾਲਾ ਦਾ ਇਹ ਵਿਸ਼ੇਸ਼ ਮੋਤੀ ਮੰਨਿਆ ਜਾਂਦਾ ਹੈ, ਜਿਸ ਬਾਰੇ ਸਮੇਂ-ਸਮੇਂ ਵਿਦਵਾਨਾਂ, ਦਾਰਸ਼ਨਿਕਾਂ ਅਤੇ ਵਿਗਿਆਨੀਆਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਪ੍ਰਸਤੁਤ ਕੀਤੇ। ਪਰ ਇਨ੍ਹਾਂ ਵਿਦਵਾਨਾਂ ਦੇ ਵਿਚਾਰਾਂ ਵਿੱਚ ਇਕਸੁਰਤਾ ਨਹੀਂ, ਸਗੋਂ ਭਿੰਨਤਾ ਵਧੇਰੇ ਹੈ।[45]

45 ਬਲਦੇਵ ਸਿੰਘ ਬੱਦਨ, ਬਾਣੀ ਭਗਤ ਰਵਿਦਾਸ : ਇੱਕ ਵਿਵੇਚਨ, ਪੰਨਾ 56.

ਜਗਤ ਰਚਨਾ ਦਾ ਇਹ ਝਲਕਾਰਾ, ਮਾਨਵ-ਅੱਖਾਂ ਸਾਹਮਣੇ ਜਿਸ ਵੀ ਗ਼ੈਬੀ ਸ਼ਕਤੀ ਨੇ ਲਿਆਂਦਾ ਹੈ, ਬੜਾ ਵਚਿੱਤਰ, ਅਕੱਥ, ਅਕਹਿ ਅਤੇ ਅਲਿਖ ਹੈ। ਮਨੁੱਖ ਨੂੰ ਆਪਣੇ ਚੁਫੇਰੇ ਬੜੀ ਸੁੰਦਰ ਅਤੇ ਅਸਚਰਜ ਰਚਨਾ ਦਾ ਅਹਿਸਾਸ ਹੁੰਦਾ ਹੈ। ਮੱਸਿਆ ਦੀ ਰਾਤ ਸਮੇਂ ਤਾਰਿਆਂ ਦੀ ਚਮਕ ਅਤੇ ਪੁੰਨਿਆਂ ਦੀ ਰਾਤ ਵਿੱਚ ਚਾਨਣੀ ਦਾ ਜ਼ੋਬਨ, ਮਾਨਵ-ਬੁੱਧ ਦੀ ਕਥਨੀ ਤੋਂ ਬਾਹਰ ਦੀਆਂ ਅਵਸਥਾਵਾਂ ਹਨ। ਇਸੇ ਲਈ ਜਲਾਲ ਵਿੱਚ ਆਈ ਮਾਨਵ-ਬੁੱਧੀ ਵੀ ਪ੍ਰਸ਼ਨ ਕਰ ਉਠਦੀ ਹੈ ਕਿ ਇਹ ਸਥਿਤੀ ਕਦੋਂ ਤੋਂ ਹੈ, ਇਸ ਅਵਸਥਾ ਤੋਂ ਪੂਰਵ ਦੀ ਕੀ ਦਸ਼ਾ ਸੀ ਅਤੇ ਕੀ ਕੋਈ ਅਜਿਹੀ ਦਸ਼ਾ ਵੀ ਸੀ, ਜਦੋਂ ਏਥੇ ਕੁਝ ਵੀ ਨਹੀਂ ਸੀ ਹੁੰਦਾ।

ਵੇਦ, ਉਪਨਿਸ਼ਦਾਂ, ਸਿਮਰਤੀਆਂ, ਸ੍ਰੀਮਦ ਭਗਵਤਗੀਤਾ ਅਤੇ ਗੁਰਬਾਣੀ ਸਭ ਇਸ ਸਿਧਾਂਤ ਨੂੰ ਪ੍ਰਵਾਨ ਕਰਦੇ ਹਨ ਕਿ ਸੰਸਾਰ ਰਚਨਾ ਤੋਂ ਪਹਿਲਾਂ ਦਾ ਸਮਾਂ ਘੋਰ ਅੰਧਕਾਰ ਵਾਲਾ ਸੀ। ਇਹ ਸਥਿਤੀ ਕਿੰਨਾ ਸਮਾਂ ਰਹੀ, ਇਸ ਦਾ ਠੀਕ ਅਨੁਮਾਨ ਵਿਗਿਆਨੀਆਂ ਤੋਂ ਵੀ ਨਹੀਂ ਲੱਗ ਸਕਿਆ। ਉਸ ਸਮੇਂ ਨਾ ਤਾਂ ਕੋਈ ਧਰਤੀ ਸੀ ਨਾ ਆਕਾਸ਼, ਨਾ ਦਿਨ ਤੇ ਨਾ ਹੀ ਰਾਤ, ਨਾ ਚੰਦ ਅਤੇ ਨਾ ਹੀ ਸੂਰਜ। ਧਰਮ ਸ਼ਾਸਤਰੀਆਂ ਨੇ ਇਸ ਸਮੇਂ ਨੂੰ 'ਸੁੰਨ' ਅਥਵਾ 'ਅਫ਼ੁਰ' ਅਵਸਥਾ ਦਰਸਾਇਆ ਹੈ, ਜਦੋਂ ਕਿਸੇ ਪ੍ਰਕਾਰ ਦਾ ਕੋਈ ਫੁਰਨਾ ਨਹੀਂ ਸੀ। ਇਸ 'ਸੁੰਨ' ਅਵਸਥਾ ਸਮੇਂ ਨਾ ਖਾਣੀਆ ਸਨ ਨਾ ਬਾਣੀਆ, ਨਾ ਹਵਾ ਸੀ ਤੇ ਨਾ ਹੀ ਪਾਣੀ, ਨਾ ਕੋਈ ਉਤਪਤੀ ਅਤੇ ਨਾ ਹੀ ਪਰਲੋ, ਨਾ ਜੰਮਣ ਅਤੇ ਨਾ ਹੀ ਮਰਨ, ਨਾ ਨਰਕ ਨਾ ਸਵਰਗ, ਨਾ ਸੂਰਜ, ਨਾ ਜਾਤੀ, ਨਾ ਜੀਵ, ਨਾ ਜਤੀ ਤੇ ਨਾ ਹੀ ਸਤੀ, ਨਾ ਮੰਦਿਰ, ਨਾ ਮਸਜਿਦ, ਨਾ ਬ੍ਰਾਹਮਣ, ਨਾ ਮੌਲਵੀ, ਨਾ ਹੀ ਕਾਜ਼ੀ, ਨਾ ਸ਼ੇਖ, ਨਾ ਹੀ ਰਾਜਾ, ਨਾ ਹੀ ਪਰਜਾ, ਨਾ ਹੀ ਸ਼ਾਸਤਰੀ ਅਤੇ ਨਾ ਹੀ ਧਾਰਮਿਕ ਗ੍ਰੰਥ ਸਨ। ਪਰ ਇਸ ਦੇ ਬਾਵਜੂਦ ਇਹ ਅਣਹੋਂਦ ਦੀ ਅਵਸਥਾ ਫਿਰ ਵੀ ਸੀ। ਪਰਮਾਤਮਾ ਉਸ ਵੇਲੇ ਵੀ ਸੀ, ਜੋ ਨਿਰਗੁਣ ਸਰੂਪ ਵਿੱਚ ਵਿਚਰ ਰਿਹਾ ਸੀ ਅਰਥਾਤ ਇਸ ਸਮੇਂ ਪਰਮਾਤਮਾ ਭੌਤਿਕ ਸਿਫਤਾਂ ਤੋਂ ਬਗੈਰ ਅਤੇ ਤ੍ਰੈਗੁਣ-ਰਹਿਤ ਸੀ। ਪਰਮਾਤਮਾ ਦਾ ਇਹ ਸਰੂਪ ਬੁੱਧੀ ਅਤੇ ਗਿਆਨ ਖੇਤਰ ਦਾ ਵਿਸ਼ਾ ਨਹੀਂ, ਸਗੋਂ ਇਹ ਉਸ ਦਾ ਵਿਸਮਾਦਜਨਕ ਰੂਪ ਸੀ, ਜੋ ਮਨੁੱਖ ਨੂੰ ਅਸਚਰਜ ਵਿੱਚ ਪਾਉਂਦਾ ਹੈ। ਵਿਗਿਆਨੀਆਂ ਵੱਲੋਂ 'ਜਗਤ' ਦੇ ਨਿਕਾਸ ਅਤੇ ਵਿਕਾਸ ਬਾਰੇ ਆਏ ਦਿਨ ਕੋਈ ਨਾ ਕੋਈ ਨਵਾਂ ਸਿਧਾਂਤ ਪੇਸ਼ ਕੀਤਾ ਜਾ ਰਿਹਾ ਹੈ। ਇਸ ਪ੍ਰਸੰਗ ਵਿੱਚ ਜੇ ਕੋਈ ਵਿਗਿਆਨੀ ਆਪਣੀ ਕਰੜੀ ਘਾਲਣਾ ਉਪਰੰਤ ਕੋਈ

ਸਿਧਾਂਤ ਪੇਸ਼ ਕਰਦਾ ਹੈ, ਤਾਂ ਕੁਝ ਸਮੇਂ ਬਾਅਦ ਦੂਜਾ ਵਿਗਿਆਨੀ ਉਸ ਸਿਧਾਂਤ ਨੂੰ ਰੱਦ ਕਰਦਿਆਂ ਆਪਣਾ ਨਵਾਂ ਸਿਧਾਂਤ ਪੇਸ਼ ਕਰ ਦਿੰਦਾ ਹੈ, ਪਰ ਉਸ ਦਾ ਸਿਧਾਂਤ ਵੀ ਤੀਜੇ ਵੱਲੋਂ ਰੱਦ ਕੀਤਾ ਜਾਂਦਾ ਹੈ। ਇਹ ਵਿਗਿਆਨੀ ਯੋਗ ਸਬੂਤਾਂ ਦੀ ਅਣਹੋਂਦ ਕਾਰਣ ਅਨੰਤ ਨੂੰ ਆਦਿ-ਅੰਤ ਵਾਲਾ ਦਰਸਾਉਣ ਤੋਂ ਅਸਮਰੱਥ ਰਹਿ ਜਾਂਦੇ ਹਨ। ਯੂਨਾਨੀ ਫਿਲਾਸਫਰ ਅਫਲਾਤੂਨ ਨੇ ਵੀ ਇੱਕ ਵਿਚਾਰ ਪੇਸ਼ ਕੀਤਾ ਕਿ ਇਹ ਜਗਤ ਬਿਲਕੁਲ ਬੇਜਾਨ ਅਤੇ ਨਿਰਜੀਵ ਤੱਤਾਂ ਦੇ ਵਿਕਾਸ ਰਾਹੀਂ ਹੋਂਦ ਵਿੱਚ ਆਇਆ, ਪਰ ਇਹ ਤੱਤ ਕਿਥੋਂ ਆਏ, ਇਸ ਦਾ ਉਸ ਪਾਸ ਕੋਈ ਜਵਾਬ ਨਹੀਂ। ਇਸੇ ਤਰ੍ਹਾਂ ਰਿਗਵੇਦ, ਬ੍ਰਹਮਾ ਨੂੰ ਹੀ ਆਪਣੀ ਤਪ ਸ਼ਕਤੀ ਰਾਹੀਂ ਅਪ੍ਰਗਟ ਤੋਂ ਪ੍ਰਗਟ ਰੂਪ ਧਾਰਦਿਆਂ ਦੱਸਦਿਆਂ ‘ਪੁਰਖ’ ਤੇ ‘ਪ੍ਰਕਿਰਤੀ’ ਦੋਹਾਂ ਨੂੰ ‘ਅਨਾਦੀ’ ਮੰਨਦਾ ਹੈ, ਪਰ ਵੇਦਾਂਤ, ਜਗਤ ਦੀ ਉਤਪਤੀ ਮਾਇਆ ਤੋਂ ਹੋਈ ਮੰਨ ਕੇ ਮਾਇਆ ਨੂੰ ‘ਅਨਾਦੀ’ ਮੰਨਦਾ ਹੈ।

ਗੁਰਬਾਣੀ ਅਨੁਸਾਰ ਜੋ ਕੁਝ ਦਿਸਦਾ ਹੈ, ਸੁਣੀਦਾ ਹੈ, ਸਭ ਸ੍ਰਿਸ਼ਟੀ ਜਾਂ ਕੁਦਰਤ ਹੀ ਹੈ। ਪਰਮਾਤਮਾ ਦਾ ਨਾਮ-ਸਿਮਰਨ, ਜੋ ਸੁਖਾਂ ਦਾ ਸਾਰ ਹੈ, ਪਾਤਾਲ ਤੋਂ ਆਕਾਸ਼ ਤੱਕ, ਸਰਬ ਅਕਾਰ, ਵੇਦ-ਪੁਰਾਣ, ਕਤੇਬਾਂ ਤੇ ਉਨ੍ਹਾਂ ਦੇ ਵਿਚਾਰ; ਖਾਣ-ਪੀਣ ਅਤੇ ਪਹਿਨਣ ਦੇ ਸਾਰੇ ਸਾਧਨ, ਜਗਤ ਦੇ ਸਾਰੇ ਪਿਆਰ, ਜਾਤਾਂ, ਜਿਨਸਾਂ, ਰੰਗਾਂ, ਜਹਾਨ ਦੇ ਜੀਵ, ਨੇਕੀਆਂ, ਬਦੀਆਂ, ਮਾਨ, ਅਭਿਮਾਨ, ਪਵਣ, ਪਾਣੀ, ਧਰਤੀ, ਮਿੱਟੀ ਆਦਿ ਸਭ ਕੁਝ, ਜਿਨ੍ਹਾਂ ਦਾ ਮਾਲਕ ਕਰਤਾ  ਹੈ, ਜੋ ਰਚੀ ਗਈ ਹੈ, ਸ੍ਰਿਸ਼ਟੀ ਹੈ। ਮਾਰੂ ਸੋਲਹੇ ਬਾਣੀ ਵਿੱਚ, ਇਸ ਪ੍ਰਥਾਇ ਸ੍ਰਿਸਟਿ (ਤੂ ਆਪੇ ਕਰਤਾ ਕਾਰਣ ਕਰਣਾ॥ ਸ੍ਰਿਸਟਿ ਓਪਾਇ ਧਰੀ ਸਭ ਧਰਣਾ॥)[46] ਕੁਦਰਤ (ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੇ ਕਾਰਣੁ ਕੀਨਾ ਹੈ॥)[47] ਜਗ (ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੈ॥)[48] ਜਗਤੁ (ਆਪਿ ਉਪਾਇਆ ਜਗਤੁ ਸਬਾਇਆ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ॥)[49] ਅਖਾੜਾ (ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕ ਆਖਾੜਾ॥)[50] ਬਣਤ (ਕਰਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੈ॥)[51] ਪਾਸਾਰ (ਆਪੇ

46 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੬
47 ਉਹੀ, ੧੦੨੮
48 ਉਹੀ, ਪੰਨਾ ੧੦੨੧
49 ਉਹੀ,, ਪੰਨਾ ੧੦੨੩
50 ਉਹੀ, ਪੰਨਾ 1081.
51 ਉਹੀ, ਪੰਨਾ ੧੦੨੧

ਹੀ ਸਚੁ ਕਰੇ ਪਸਾਰਾ॥)[52] ਖੇਲ (ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥)[53] ਪਿੜ (ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ॥)[54] ਸਮੁੰਦਰ (ਸਚ ਬਿਨੁ ਭਵਜਲੁ ਜਾਇ ਨਾ ਤਰਿਆ॥ ਏਹੁ ਸਮੁੰਦੁ ਅਥਾਹ ਮਹਾ ਬਿਖੁ ਭਰਿਆ॥)[55] ਭਵਜਲ (ਸਚੁ ਕਹਹੁ ਸਚੈ ਘਰਿ ਰਹਣਾ॥ ਜੀਵਤ ਮਰਹੁ ਭਵਜਲੁ ਜਗੁ ਤਰਣਾ॥)[56] ਆਡਾਣ (ਬਾਝੁ ਕਲਾ ਆਡਾਣੁ ਰਹਾਇਆ॥)[57] ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਜਗਤ ਦੀ ਰਚਨਾ ਬਾਰੇ ਕੋਈ ਵਿਚਾਰਯੋਗ ਹਵਾਲਾ ਤਾਂ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਉਂਝ ਸੰਸਾਰ ਦੀ ਥੋੜ੍ਹਚਿਰਤਾ, ਨਾਸ਼ਮਾਨਤਾ ਅਤੇ ਅਸਥਿਰਤਾ ਬਾਰੇ ਬਹੁਤ ਸਾਰੇ ਪ੍ਰਸੰਗ ਮੌਜੂਦ ਹਨ। ਇਸ ਸੰਸਾਰ ਨੂੰ ਕਸੁੰਭੇ ਫੁੱਲ ਦੇ ਰੰਗ ਨਾਲ ਅਤੇ ਪ੍ਰਭੂ ਨੂੰ ਮਜੀਠ ਰੰਗ ਨਾਲ ਤੁਲਨਾਉਂਦਿਆਂ ਦੱਸਦੇ ਹਨ ਕਿ ਨਾਸ਼ਮਾਨ ਸੰਸਾਰ ਥੋੜ ਚਿਰ ਹੀ ਹੈ ਅਤੇ ਇੱਕ ਦਿਨ ਖਤਮ ਹੋ ਜਾਵੇਗਾ :

ਜੈਸਾ ਰੰਗੁ ਕਸੁੰਭ ਕਾ
ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥[58]

ਭਗਤ ਰਵਿਦਾਸ ਜੀ ਦੇ ਉਪਰੋਕਤ ਦਾਰਸ਼ਨਿਕ ਵਿਚਾਰਾਂ ਦੇ ਅਧਿਐਨ ਦੀ ਪਿਛੋਕੜ ਭੂਮੀ ਵਿੱਚ ਉਨ੍ਹਾਂ ਦੀ ਭਗਤੀ-ਪੱਧਤੀ ਦਾ ਅਧਿਐਨ ਕੀਤਾ ਜਾ ਸਕਦਾ ਹੈ। ਸਪੱਸ਼ਟ ਹੈ ਉਨ੍ਹਾਂ ਦੀ ਬਾਣੀ ਦਾ ਸਮਰਪਣ ਰਾਮ ਨੂੰ ਹੈ, ਜੋ ਸਰਵਵਿਆਪਕ ਅਤੇ ਸਰਵਸ਼ਕਤੀਮਾਨ ਹੈ, ਜੋ ਅਨਾਸ਼ਵਾਨ ਅਤੇ ਸਥਿਰ ਹੈ। ਜੀਵ ਅਤੇ ਸੰਸਾਰ ਨਾਸ਼ਵਾਨ ਅਤੇ ਅਸਥਿਰ ਹੈ, ਰਾਮ ਸਰਵ-ਕਾਲਿਕ ਹੈ, ਜਦੋਂ ਕਿ ਜੀਵ ਅਤੇ ਜਗਤ ਕਾਲਿਕ ਹੈ। ਅਸਥਿਰ ਅਤੇ ਨਾਸ਼ਵਾਨ ਪ੍ਰਕ੍ਰਿਤਕ ਜਗਤ ਦੇ ਮਾਧਿਅਮ ਤੋਂ ਅਨਾਸ਼ਵਾਨ ਬ੍ਰਹਮ ਦਾ ਗਿਆਨ ਕਿਵੇਂ ਪ੍ਰਾਪਤ ਕੀਤਾ ਜਾਵੇ, ਇਸ ਸਬੰਧ ਵਿੱਚ ਰਵਿਦਾਸ ਜੀ

52 ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ, ੧੦੭੩
53 ਉਹੀ, ਪੰਨਾ ੧੦੫੬
54 ਉਹੀ, ਪੰਨਾ ੧੦੨੭
55 ਉਹੀ, ਪੰਨਾ ੧੦੪੧
56 ਉਹੀ, ਪੰਨਾ ੧੦੪੦
57 ਉਹੀ, ਪੰਨਾ ੧੦੩੬
58 ਉਹੀ, ਪੰਨਾ ੩੪੬

ਕਹਿੰਦੇ ਹਨ ਕਿ ਜੀਵ-ਆਤਮਾ ਗਿਆਨ ਦੀ ਪ੍ਰਾਪਤੀ ਦਾ ਮਾਧਿਅਮ ਹੈ, ਜਿਵੇਂ ਫੁੱਲ ਫਲ ਦਾ ਮਾਧਿਅਮ ਹੈ :-

ਫਲ ਕਾਰਨ ਫੂਲੀ ਬਨਰਾਇ।
ਫਲੁ ਲਾਗਾ ਤਬ ਫੂਲ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ।
ਗਿਆਨੁ ਭਇਆ ਤਹ ਕਰਮਹ ਨਾਸੁ॥੩॥[59]

ਇਸ ਤਰ੍ਹਾਂ ਜਦੋਂ ਫਲ ਲੱਗ ਜਾਂਦਾ ਹੈ, ਤਾਂ ਫੁੱਲ ਦਾ ਨਾਸ਼ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ, ਤਾਂ ਬਾਹਰਲੇ ਕਰਮਾਂ, ਪੂਜਾ ਪਾਠ ਆਦਿ ਦੀ ਜ਼ਰੂਰਤ ਨਹੀਂ ਰਹਿੰਦੀ। ਇਹ ਜਗਤ ਅਵਿਦਿਆ-ਮਾਇਆ ਦੇ ਕਾਰਨ ਮੰਨਿਆ ਹੋਇਆ ਹੈ ਅਤੇ ਇਸ ਦੇ ਪ੍ਰਭਾਵ ਕਾਰਨ ਵੀ ਪ੍ਰਬਲ ਹੈ। ਇਸ ਤੋਂ ਬਚਣ ਲਈ 'ਸੱਚ' ਦੀ ਸੰਗਤ ਅਤੇ ਭਗਤੀ ਦੀ ਜ਼ਰੂਰਤ ਹੈ :

ਸੰਤ ਤੁਝੀ ਤਨੁ ਸੰਗਤਿ ਪ੍ਰਾਨ।
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ ਰਹਾਉ॥[60]

ਪ੍ਰਭੂ ਦੀ ਸਦੀਵਤਾ ਅਤੇ ਜਗਤ ਦੀ ਥੋੜ੍ਹਚਿਰਤਾ ਸਬੰਧੀ ਵਿਚਾਰ-ਚਰਚਾ ਸਾਡੇ ਅਧਿਆਤਮਵਾਦੀਆਂ ਦਾ ਮੁੱਖ ਮਨੋਰਥ ਰਹੀ ਹੈ। ਇਹ ਦੁਨੀਆ ਪਾਣੀ ਦੇ ਬੁਲਬੁਲੇ ਦੀ ਨਿਆਈਂ ਹੈ। ਦਿਨ ਚੜ੍ਹਦਾ ਹੈ ਤੇ ਛਿਪ ਜਾਂਦਾ ਹੈ। ਰਾਤ ਢਲਦੀ ਹੈ ਅਤੇ ਅਗਲੀ ਸਵੇਰ ਨੂੰ ਜਨਮ ਦਿੰਦੀ ਹੈ। ਦਿਨਾਂ, ਮਹੀਨਿਆਂ, ਸਾਲਾਂ, ਰੁੱਤਾਂ, ਮੌਸਮਾਂ ਅਤੇ ਸਦੀਆਂ ਦਾ ਸਿਲਸਿਲਾ ਨਿਰੰਤਰ ਤੁਰਿਆ ਜਾ ਰਿਹਾ ਹੈ। ਸੁੱਖਾਂ ਲੱਧੇ ਬਾਲਕ ਦੀ ਮਾਤਾ ਸਮਝਦੀ ਹੈ ਕਿ ਉਸ ਦਾ ਲਾਡਲਾ ਵੱਡਾ ਹੋ ਰਿਹਾ ਹੈ, ਪ੍ਰੰਤੂ ਅਸਲੀਅਤ ਇਹ ਹੁੰਦੀ ਹੈ ਕਿ ਉਹ ਸਗੋਂ ਉਮਰਾਂ ਦਾ ਪੰਧ ਪਾਰ ਕਰ ਰਿਹਾ ਹੁੰਦਾ ਹੈ। ਸਾਨੂੰ ਜੀਵਨ ਦੀ ਛਿਣਭੰਗਰਤਾ ਦਾ ਕੋਈ ਅਹਿਸਾਸ ਨਹੀਂ ਹੈ।

---

59 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੭

60 ਉਹੀ, ਪੰਨਾ ੪੮੬

ਜੋ ਦਿਨ ਆਵਹਿ ਸੋ ਦਿਨ ਜਾਹੀ॥

ਕਰਨਾ ਕੂਚੁ ਰਹਨੁ ਥਿਰੁ ਨਾਹੀ॥

ਕਿਆ ਤੂ ਸੋਇਆ ਜਾਗੁ ਇਆਨਾ॥

ਤੈ ਜੀਵਨੁ ਜਗ ਸਚੁ ਕਰਿ ਜਾਨਾ।[61]

ਜੀਵਨ ਦੇ ਸੁੱਖ-ਸੁਵਿਧਾਵਾਂ ਪਿੱਛੇ ਦੌੜਦਾ ਮਨੁੱਖ ਲੋਕ ਅਤੇ ਪਰਲੋਕ ਦੀ ਖੁਆਰੀ ਦਾ ਭਾਗੀ ਬਣਦਾ ਹੈ। ਜੋ ਕੁਝ ਵੀ ਦ੍ਰਿਸ਼ਟਮਾਨ ਹੈ, ਉਹ ਛਿਣਭੰਗਰ ਹੈ :

ਬਿਨੁ ਦੇਖੇ ਉਪਜੈ ਨਹੀ ਆਸਾ।

ਜੋ ਦੀਸੈ ਸੋ ਹੋਇ ਬਿਨਾਸਾ॥[62]

ਭਗਤ ਰਵਿਦਾਸ ਜੀ ਬਾਜੀਗਰ ਦੀ ਖੇਡ ਦੇ ਮੁਹਾਵਰੇ ਰਾਹੀਂ ਜਗਤ ਦੇ *ਸਤਿ* ਅਤੇ *ਅਸਤਿ* ਹੋਣ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜਗਤ ਦੀ ਝੂਠੀ ਬਾਜੀ ਦੇ ਮੋਹ ਦੀ ਬਜਾਏ, ਸੰਸਾਰ ਦੇ ਸਿਰਜਕ ਨਾਲ ਸੱਚੀ ਪ੍ਰੀਤ ਕਰਨ ਦਾ ਸੱਚਾ ਸੰਦੇਸ਼ ਦਿੰਦੇ ਹਨ :

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ ਰਹਾਉ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥

ਬਿਨਸਿ ਗਇਆ ਜਾਇ ਕਹੂੰ ਸਮਾਨਾ॥੨॥

ਕਹਿ ਰਵਿਦਾਸ ਬਾਜੀ ਜਗੁ ਭਾਈ॥

ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥[63]

ਭਗਤ ਰਵਿਦਾਸ ਜੀ ਆਪੇ ਦੀ ਪਛਾਣ ਦਾ ਸਭ ਤੋਂ ਸੁਯੋਗ ਤੇ ਸੌਖਾ ਮਾਰਗ ਪ੍ਰੇਮਾ ਭਗਤੀ ਮੰਨਦੇ ਹਨ। ਪ੍ਰੇਮਾ-ਭਗਤੀ ਦੁਆਰਾ ਦੁਰਮਤਿ ਵਾਲਾ ਮਨੁੱਖ ਵੀ ਇਸ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਦੁਰਮਤਿ ਦਾ ਕਾਰਨ ਵਾਸ਼ਨਾ, ਤ੍ਰਿਸ਼ਨਾ ਅਤੇ ਸੰਸਾਰਕ ਮੋਹ ਮਾਇਆ ਹੈ। ਇਸ

---

61 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੩

62 ਉਹੀ,, ਪੰਨਾ ੧੧੬੭

63 ਉਹੀ,, ਪੰਨਾ ੪੮੭

ਦੁਰਮਤਿ ਤੋਂ ਛੁਟਕਾਰਾ ਸੁਮਤਿ ਦੁਆਰਾ ਹੀ ਸੰਭਵ ਹੈ। ਸੁਮਤਿ ਪ੍ਰੇਮਾ-ਭਗਤੀ ਦੁਆਰਾ ਹੀ ਆਉਂਦੀ ਹੈ। ਭਗਤ ਰਵਿਦਾਸ ਜੀ ਪ੍ਰੇਮ-ਭਗਤੀ ਦੁਆਰਾ ਪਰਮਾਰਥ ਦੀ ਜੁਗਤ ਦਾ ਮਾਰਗ ਅਪਣਾਉਂਦੇ ਹਨ। ਉਹ ਖੂਹ ਵਿੱਚ ਪਏ ਡੱਡੂਆਂ ਦਾ ਦ੍ਰਿਸ਼ਟਾਂਤ ਦੇ ਕੇ ਮਨੁੱਖੀ ਸੰਕਟ ਦੀ ਸਥਿਤੀ ਨੂੰ ਬਿਆਨ ਕਰਦੇ ਹੋਏ ਪ੍ਰਭੂ-ਭਗਤੀ ਦੁਆਰਾ ਇਸ ਸੰਕਟ ਵਿਚੋਂ ਨਿਕਲਣ ਦੀ ਜੁਗਤ ਦੱਸਦੇ ਹਨ:

ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨਾ ਸੂਝ॥੧॥
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ
ਜੀ॥੧॥ ਰਹਾਉ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੨॥
ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥੩॥੧॥[64]

ਉਹ ਸੰਸਾਰ ਦੇ ਜ਼ੱਰੇ-ਜ਼ੱਰੇ ਵਿੱਚ ਅਤੇ ਘਟ-ਘਟ ਵਿੱਚ ਨਿਵਾਸ ਕਰਦਾ ਹੈ ਅਤੇ ਸਰਵਵਿਆਪਕ ਹੈ :

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥੧॥[65]

ਨਿਰਸੰਦੇਹ ਇਹ 'ਜਗਤ' ਅਨਿਤ ਹੈ, ਛਿੰਨ-ਭੰਗਰ ਹੈ, ਕਿਉਂਕਿ ਕੋਈ ਵੀ ਜੀਵ ਤੇ ਨਿਰਜੀਵ ਸਦਾ ਰਹਿਣ ਵਾਲਾ ਨਹੀਂ ਹੁੰਦਾ। ਲੰਮੀ ਤੋਂ ਲੰਮੀ ਉਮਰ ਰੱਖਣ ਵਾਲੀ ਵਸਤ ਵੀ ਕਾਲ ਦੇ ਟਾਕਰੇ ਅਨਿਤ ਹੈ, ਪਰ ਫਿਰ ਵੀ ਰਵਿਦਾਸ-ਬਾਣੀ ਵਿੱਚ ਕਿਤੇ ਉਦਾਸੀਨਤਾ ਨਜ਼ਰ ਨਹੀਂ ਆਉਂਦੀ । ਉਹ ਰਾਜੇ ਦੇ ਸੁਪਨੇ ਵਿੱਚ ਭਿਖਾਰੀ ਬਣ ਜਾਣਾ ਅਤੇ ਰੱਸੀ ਦਾ ਸੱਪ ਜਾਪਣਾ ਆਦਿ

64 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੬
65 ਉਹੀ, ਪੰਨਾ ੬੫੮

ਤਾਰਕਿਕ ਅਤੇ ਮਨੋਵਿਗਿਆਨਕ ਪੱਧਰ ਦੇ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਵਸਤੂ-ਸੰਸਾਰ ਦੀਆਂ ਵਸਤਾਂ ਵਿੱਚ ਖਚਤ ਹੋਣ ਤੋਂ ਰੋਕਦਿਆਂ ਬ੍ਰਹਿਮੰਡੀ ਸੰਸਾਰ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ :

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ
ਆਇਆ॥੩॥[66]

ਭਗਤ ਰਵਿਦਾਸ ਜੀ ਇਸ ਜਗਤ ਨੂੰ ਮਨੁੱਖ ਲਈ ਕਰਮ ਭੂਮੀ ਮੰਨਦੇ ਹਨ, ਜਿੱਥੇ ਮਨੁੱਖ ਆਪਣੇ ਸ਼ੁਭ ਕਰਮਾਂ ਸਦਕਾ ਪਰਮਾਤਮਾ ਨਾਲ ਇੱਕਰੂਪਤਾ ਪ੍ਰਾਪਤ ਕਰ ਸਕਦਾ ਹੈ :

ਕਹੁ ਰਵਿਦਾਸ ਭਇਓ ਜਬ ਲੇਖੋ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥[67]

ਭਗਤ ਰਵਿਦਾਸ ਜੀ ਦੇ ਅਧਿਆਤਮਿਕ ਦ੍ਰਿਸ਼ਟੀਕੋਣ ਵਿੱਚ ਆਪਸ ਵਿਰੋਧੀ ਵਿਚਾਰ ਵੀ ਮਿਲਦੇ ਹਨ। ਇਸ ਨਾਲ ਉਨ੍ਹਾਂ ਦੀ ਵਿਚਾਰਧਾਰਾ ਹੋਰ ਉੱਘੜ ਕੇ ਸਮਝ ਆਉਂਦੀ ਪ੍ਰਤੀਤ ਹੁੰਦੀ ਹੈ। ਪਰਮਾਤਮਾ ਦੀ ਸਰਬਸ਼ਕਤੀਮਾਨਤਾ ਅਤੇ ਸਦੀਵਤਾ ਦੇ ਮੁਕਾਬਲੇ ਸੰਸਾਰ ਦੀ ਨਾਸ਼ਮਾਨਤਾ ਬਾਰੇ ਜਦੋਂ ਗੱਲ ਕਰਦੇ ਹਨ ਤਾਂ ਪ੍ਰਭੂ ਗੁਣਾਂ ਨੂੰ ਹੋਰ ਉਘਾੜ ਕੇ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਪਰਮਾਤਮਾ ਨਾਲ ਜੁੜਨ ਅਤੇ ਉਸ ਦੇ ਉਲਟ ਸੰਸਾਰ ਨਾਲ ਜੁੜਨ ਦੇ ਆਪਸ ਵਿਰੋਧੀ ਮਾਹੌਲ ਨੂੰ ਉਹ ਰੰਗਾਂ ਨਾਲ ਤੁਲਨਾ ਕਰਦੇ ਹਨ।ਇਸ ਤਰ੍ਹਾਂ ਇਹ ਜਗਤ ਅਸਤਿ ਜ਼ਰੂਰ ਹੈ, ਪਰ ਛਲ ਨਹੀਂ, ਕਿਉਂਕਿ ਇਹ 'ਜਗਤ' ਪਾਰਬ੍ਰਹਮ ਦਾ ਆਪਣਾ ਬਣਾਇਆ ਹੋਇਆ ਘਰ ਹੈ। ਜੇ ਪਾਰਬ੍ਰਹਮ 'ਸਤਿ' ਹੈ, ਤਾਂ ਉਸ ਦਾ ਬਣਾਇਆ 'ਜਗਤ' ਕਿਵੇਂ 'ਅਸਤਿ' ਹੋ ਸਕਦਾ ਹੈ? ਰਵਿਦਾਸ ਜੀ ਨੇ ਆਪਣੀ ਰਚਨਾ ਵਿੱਚ ਇਹ ਦੋ ਧਾਰਾਵਾਂ ਮਨੁੱਖ ਨੂੰ ਸਮਝਾਉਣ ਹਿੱਤ ਹੀ ਪ੍ਰਗਟਾਈਆਂ ਹਨ। ਪ੍ਰਭੂ ਨੇ ਇਸ ਜਗਤ ਨੂੰ ਮਨੁੱਖ ਲਈ ਪ੍ਰੀਖਿਆ-ਕੇਂਦਰ ਬਣਾਇਆ ਹੈ। ਮਾਨਵ ਨੂੰ ਵਸਤੂ-ਸੰਸਾਰ ਦੀ ਤੜਕ-ਭੜਕ ਤੋਂ ਬਚਾਉਣ ਲਈ ਇਸ ਸੰਸਾਰ ਨੂੰ ਕਾਸ਼ਨੀ ਰੰਗ ਦੇ ਫੁੱਲ ਵਰਗਾ ਦਰਸਾਇਆ ਹੈ:

---

66 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੭-੬੫੮
67 ਉਹੀ, ਪੰਨਾ ੧੨੯੩

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ॥

ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ॥੩॥

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ॥

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥੪॥੧॥[68]

ਰਵਿਦਾਸ ਜੀ ਨੇ ਅਨੇਕ ਪ੍ਰਕਾਰ ਦੇ ਜਤਨਾਂ ਰਾਹੀਂ ਸੁੰਦਰ ਮਹਿਲ-ਮਾੜੀਆਂ ਉਸਾਰਨ ਵਾਲੇ ਅਤੇ ਭਾਈ ਬੰਧੂ ਦਾ ਮਾਣ ਕਰਨ ਵਾਲੇ ਮਨੁੱਖਾਂ ਨੂੰ ਸਾਵਧਾਨ ਕੀਤਾ ਹੈ ਕਿ ਇਹ ਸਭ ਵਸਤਾਂ ਇਸ ਜਗਤ ਵਿੱਚ ਹੀ ਰਹਿ ਜਾਣੀਆਂ ਹਨ, ਕਿਉਂਕਿ ਮਨੁੱਖ ਦੀ ਆਯੂ ਦਾ ਸਮਾਂ ਪਹਿਲਾਂ ਹੀ ਨਿਸ਼ਚਿਤ ਹੁੰਦਾ ਹੈ। ਸੰਸਾਰ ਦੀਆਂ ਵਸਤਾਂ ਵਿੱਚ ਰੁੱਝਿਆ ਹੋਇਆ ਮਨੁੱਖ ਆਪਣੇ ਸਿਰਜਣਹਾਰ ਨੂੰ ਵਿਸਾਰ ਬੈਠਦਾ ਹੈ, ਪਰ ਅੰਤ ਸਮੇਂ ਪਤਨੀ ਵੀ ਉਸ ਨੂੰ ਭੂਤ-ਭੂਤ ਆਖ ਸਾਥ ਛੱਡ ਦਿੰਦੀ ਹੈ :

ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥੧॥

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥

ਜਲਿ ਗਇਓ ਘਾਸੁ ਰਲਿ ਗਇਓ ਮਾਟੀ॥੧॥ਰਹਾਉ॥

ਭਾਈ ਬੰਧ ਕੁਟੰਬ ਸਹੇਰਾ॥

ਓਇ ਭੀ ਲਾਗੇ ਕਾਢੁ ਸਵੇਰਾ॥ ॥੨॥

ਘਰ ਕੀ ਨਾਰਿ ਉਰਹਿ ਤਨ ਲਾਗੀ॥

ਉਹ ਤਉ ਭੂਤ ਭੂਤ ਕਰਿ ਭਾਗੀ॥੩॥

ਕਹਿ ਰਵਿਦਾਸ ਸਭੈ ਜਗੁ ਲੂਟਿਆ॥

ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥[69]

ਪ੍ਰਭੂ ਨੇ ਮਨੁੱਖ ਨੂੰ ਇਸ ਜਗਤ ਅਖਾੜੇ ਵਿੱਚ ਇਸ ਲਈ ਭੇਜਿਆ, ਤਾਂ ਜੋ ਉਹ ਦਿੱਤੀ ਗਈ ਆਯੂ ਵਿੱਚ ਆਪਣੇ ਸ਼ੁਭ ਕਰਮਾਂ ਨਾਲ ਜੀਵਨ ਸੰਵਾਰ ਲਵੇ। ਪਰ ਮਨੁੱਖ ਨੇ ਆਪਣਾ ਆਪ

68 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੬

69 ਉਹੀ,, ਪੰਨਾ ੭੯੪

ਸੰਵਾਰਨ ਲਈ ਸਮਾਂ ਕੱਢਣ ਦੀ ਥਾਂ ਅਜੇਹੇ ਪਰਪੰਚ ਸਹੇੜ ਲਏ ਜਿਵੇਂ ਸਦਾ ਏਥੇ ਹੀ ਰਹਿਣਾ ਹੋਵੇ, ਪਰ ਹਕੀਕਤ ਇਹ ਹੁੰਦੀ ਹੈ ਕਿ ਪ੍ਰਭੂ ਦਾ ਬਖਸ਼ਿਆ ਸੁੰਦਰ ਸਰੀਰ, ਨਾਰੀ ਅਤੇ ਸੁੰਦਰ ਮਹਿਲ-ਮਾੜੀਆਂ, ਸਭ ਨਾਸ਼ਵਾਨ ਹਨ:

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥੧॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗ ਸਚੁ ਕਰਿ ਜਾਨਾ॥੧॥ਰਹਾਉ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥
ਕਰਿ ਬੰਦਗੀ ਛਾਡਿ ਮੈ ਮੇਰਾ॥
ਹਿਰਦੈ ਨਾਮੁ ਸਮਾਰਿ ਸਵੇਰਾ॥੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥
ਕਹਿ ਰਵਿਦਾਸ ਨਿਦਾਨਿ ਦਿਵਾਨੇ॥
ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥ [70]

ਭਗਤ ਰਵਿਦਾਸ ਆਪਣੀ ਬਾਣੀ ਅਤੇ ਮਨੁੱਖ ਦੀ ਜਗਤ-ਫੇਰੀ ਅਤੇ ਸੰਸਾਰ ਦੀ ਨਾਸ਼ਮਾਨਤਾ ਨੂੰ ਦਰੱਖਤ ਉਤੇ ਬੈਠੇ ਪੰਛੀ ਵਰਗੀ ਦੱਸ ਕੇ ਕਹਿੰਦੇ ਹਨ ਕਿ ਸਭ ਨੇ ਅੰਤ ਵਿੱਚ ਮਿੱਟੀ ਹੋ ਜਾਣਾ ਹੈ। ਮਨੁੱਖ ਸੰਸਾਰਕ ਮੋਹ, ਮਾਇਆ ਪਦਾਰਥਕ ਵਿਕਾਰਾਂ ਵਿੱਚ ਫਸਿਆ ਰਹਿੰਦਾ ਹੈ। ਆਪਣਾ ਦੁਰਲੱਭ ਜੀਵਨ ਨਾਸ਼ਵਾਨ ਚੀਜ਼ਾਂ ਦੀ ਪ੍ਰਾਪਤੀ ਵਿੱਚ ਗਵਾ ਦਿੰਦਾ ਹੈ ਅਤੇ ਸਾਰਥਕ ਕੰਮਾਂ ਤੋਂ ਮੁੱਖ ਮੋੜ ਲੈਂਦਾ ਹੈ, ਜਿਸ ਕਰਕੇ ਉਸ ਨੂੰ ਸੰਸਾਰ ਤੋਂ ਖਾਲੀ ਹੱਥ ਹੀ ਜਾਣਾ ਪੈਂਦਾ ਹੈ :

---

70 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੩

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥
ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥
ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥੪॥[71]

ਪਰ ਜਿਸ ਸਮੇਂ ਮਨੁੱਖ ਨੂੰ ਇਸ ਫਾਨੀ ਜਗਤ ਦੀ ਸੋਝੀ ਹੋਣ ਲੱਗ ਪਈ ਅਤੇ ਉਸ ਨੂੰ ਪੰਜਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਦੇ ਵਿਛਾਏ ਜਾਲ ਨੂੰ ਤੋੜਨ ਦੀ ਜਾਚ ਆ ਗਈ, ਤਦ ਉਸ ਨੂੰ ਸਮਝ ਆਈ ਕਿ ਇਹ ਜਗਤ ਵੀ 'ਸਤਿ' ਹੈ, ਅਤੇ ਇਸ ਦਾ ਸਿਰਜਨਹਾਰ ਵੀ 'ਸਤਿ'। ਅਸਤਿ ਤਾਂ ਹਨ ਇਸ ਜਗਤ ਵਿੱਚ ਛਲਾਵੇ ਵਾਲੀਆਂ ਵਸਤਾਂ, ਜੋ ਮਨੁੱਖ ਨੂੰ ਪਲ-ਪਲ ਪ੍ਰਭੂ ਤੋਂ ਦੂਰ ਰੱਖਦੀਆਂ ਹਨ :

ਛਲਾਵੇ ਦੇ ਇਹ ਬੰਧਨ ਟੁੱਟਣ ਨਾਲ ਮਨੁੱਖ ਪ੍ਰਭੂ-ਭਗਤੀ ਵਿੱਚ ਲੀਨ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਪ੍ਰਭੂ ਦਾ ਪ੍ਰਕਾਸ਼ ਉਸ ਦੇ ਆਪਣੇ ਸੁੰਦਰ ਸਰੀਰ ਵਿੱਚ ਹੋਣ ਲੱਗ ਪੈਂਦਾ ਹੈ ਅਤੇ ਉਹ 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ' ਦੀ ਅਵਸਥਾ ਧਾਰਨ ਕਰ ਜਾਂਦਾ ਹੈ।

ਜਬ ਹਮ ਹੋਤੇ ਤਬ ਤੂ ਨਾਂਹੀ ਅਬ ਤੂਹੀ ਮੈ ਨਾਹੀ॥[72] ...

ਇਸ ਤਰ੍ਹਾਂ ਰਵਿਦਾਸ-ਬਾਣੀ ਸਿਧਾਂਤਕ ਪੱਧਰ ਤੇ ਜਿੱਥੇ ਜਗਤ ਨੂੰ ਮਿਥਿਆ ਤੇ ਨਾਸ਼ਵਾਨ ਮੰਨਦੀ ਹੈ, ਉਥੇ ਵਿਹਾਰਕ ਦ੍ਰਿਸ਼ਟੀਕੋਣ ਤੋਂ ਮਨੁੱਖ ਲਈ ਇਹ ਦੁਰਲਭ ਅਵਸਰ ਮੰਨਦਿਆ ਪ੍ਰਭੂ-ਮੇਲ ਲਈ ਇੱਕ ਸੁੰਦਰ ਅਖਾੜਾ ਸਮਝਦੀ ਹੈ :

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥[73]

---

71 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੯
72 ਉਹੀ, ਪੰਨਾ ੬੫੭
73 ਉਹੀ,, ਪੰਨਾ ੪੮੬

ਭਗਤ ਰਵਿਦਾਸ-ਬਾਣੀ' ਜਗਤ ਦੀ ਰਚਨਾ ਦੇ ਸੰਬੰਧ ਵਿੱਚ ਉਪਰੋਕਤ ਵਿਚਾਰ-ਚਰਚਾ ਵਾਂਗ ਕੋਈ ਸਿਲਸਲਿਸੇਵਾਰ ਵਿਚਾਰ-ਦਰਸ਼ਨ ਨਹੀਂ ਉਸਾਰਦੀ। ਅਜਿਹਾ ਇਸ ਲਈ ਹੈ ਕਿਉਂਕਿ ਰਵਿਦਾਸ-ਬਾਣੀ ਦਾਰਸ਼ਨਿਕ ਸੂਤਰਾਂ ਦੇ ਟਾਕਰੇ ਰਹੱਸਵਾਦੀ ਵਿਚਾਰ-ਦਰਸ਼ਨ ਦੀ ਧਾਰਨੀ ਹੈ। ਦਰਸ਼ਨ ਬੌਧਿਕ ਚਿੰਤਨ ਦਾ ਵਿਸ਼ਾ ਹੈ, ਜਿਸ ਕਰਕੇ ਇਨ੍ਹਾਂ ਰਹੱਸਵਾਦੀਆਂ ਨੇ ਇਸ ਦੇ ਗੂਹੜ ਗਿਆਨ ਵਿੱਚ ਖਚਤ ਹੋਣ ਦੀ ਥਾਂ ਆਪਣੀ ਸੂਖਮ ਅੰਤਰ-ਦ੍ਰਿਸ਼ਟੀ ਰਾਹੀਂ ਆਪਣੇ ਨਿੱਜ ਜੀਵਨ-ਅਨੁਭਵ ਦੇ ਆਧਾਰ ਤੇ ਜੋ ਰਹੱਸ ਸਮਝਗੋਚਰੇ ਹੋਇਆ, ਉਸਨੂੰ ਸਰਲ ਭਾਸ਼ਾ ਵਿੱਚ ਅਭਿਵਿਅਕਤ ਕਰ ਦਿੱਤਾ। ਉਨ੍ਹਾਂ ਦੀ ਰਚਨਾ ਵਿੱਚ ਇਸ 'ਜਗਤ' ਦੇ ਸਿਰਜਨਹਾਰ, ਜਗਤ ਜੀਵ ਦਾ ਮਨੋਰਥ ਅਤੇ ਇਸ ਜਗਤ ਦੇ ਸਤਿ-ਅਸਤਿ ਹੋਣ ਬਾਰੇ ਕੀਤਾ ਉਲੇਖ ਪ੍ਰਾਪਤ ਹੋ ਜਾਂਦਾ ਹੈ। ਮੱਧਕਾਲ ਦੇ ਬਾਕੀ ਰਹੱਸਵਾਦੀ ਸੰਤਾਂ ਵਾਂਗ ਭਗਤ ਰਵਿਦਾਸ ਜੀ ਵੀ ਇਸ ਦ੍ਰਿਸ਼ਟਮਾਨ ਜਗਤ ਨੂੰ ਸਿਧਾਂਤਕ ਪੱਧਰ ਤੇ ਮਿਥਿਆ, ਨਾਸ਼ਵਾਨ ਅਤੇ ਝੂਠ ਹੀ ਦਰਸਾਉਂਦੇ ਹਨ।

## ਜੀਵ

ਮਾਨਵ ਦੇ ਚਿੰਤਨ ਖੇਤਰ ਵਿੱਚ ਬ੍ਰਹਮ ਤੇ ਸ੍ਰਿਸ਼ਟੀ ਪਿੱਛੋਂ ਤੀਜਾ ਪ੍ਰਮੁੱਖ ਸਵਾਲ 'ਮਨੁੱਖ' ਦਾ ਆਉਂਦਾ ਹੈ। ਇਸ ਵਿਸ਼ਾਲ ਬ੍ਰਹਿਮੰਡ ਵਿੱਚ ਨਿੱਕੀ ਜਿਹੀ ਧਰਤੀ 'ਤੇ 'ਜੀਵਨ' ਦਾ ਆਗਮਨ ਕੁਦਰਤ ਦੀ ਇੱਕ ਮਹਾਨ ਅਦਭੁਤ ਘਟਨਾ ਹੈ। ਇਸ ਧਰਤੀ 'ਤੇ 'ਜੀਵਨ' ਦੇ ਬੇਅੰਤ ਰੰਗ-ਰੂਪ ਤੇ ਪ੍ਰਕਾਰਾਂ ਹਨ। ਜੀਵ-ਜੰਤਾਂ ਦੀਆਂ ਜਾਤੀਆਂ, ਉਪ ਜਾਤੀਆਂ ਦੀ ਇਸ ਬੇਅੰਤਤਾ ਵਿੱਚ 'ਮਨੁੱਖ' ਵੀ ਇੱਕ 'ਜੀਵ' ਹੈ। ਭਾਰਤੀ ਧਰਮ ਗ੍ਰੰਥਾਂ ਨੇ ਜੀਵ-ਜਾਤੀਆਂ ਦੀ ਅਚੰਭੇ ਭਰੀ ਬਹੁਲਤਾ ਨੂੰ ਚੁਰਾਸੀ ਲੱਖ ਜੂਨਾਂ ਦੇ ਮੁਹਾਵਰੇ ਰਾਹੀਂ ਸੰਕੇਤ ਕੀਤਾ ਹੈ।[74] ਗੁਰਬਾਣੀ ਵੀ ਇਸ ਮੁਹਾਵਰੇ ਨੂੰ ਵਰਤਦੀ ਹੈ :

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥[75]

---

74 ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨਧਾਰਾ, ਪੰਨਾ 18.

75 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੫

ਧਰਮ ਦਰਸ਼ਨ ਅਤੇ ਵਿਗਿਆਨ ਸਿੱਧੇ ਰੂਪ ਵਿੱਚ ਮਨੁੱਖ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦੇ ਹਨ। ਭਾਰਤੀ ਚਿੰਤਨ-ਪ੍ਰਣਾਲੀਆਂ ਵਿੱਚ 'ਬ੍ਰਹਮ' ਤੋਂ ਬਾਅਦ ਮਨੁੱਖ ਹੀ ਇੱਕ ਅਜਿਹਾ ਵਿਸ਼ਾ ਹੈ, ਜਿਸ ਦੀ ਸੂਖਮ ਤੋਂ ਸੂਖਮ ਵਿਆਖਿਆ ਕੀਤੀ ਗਈ ਹੈ।

ਸ੍ਰਿਸ਼ਟੀ ਵਿੱਚ ਮਨੁੱਖ ਸ਼੍ਰੋਮਣੀ ਜੀਵ ਹੈ। ਇਹ ਅਸ਼ਰਫੁਲ ਮਖਲੂਕਾਤ ਹੈ।[76] ਗੁਰਬਾਣੀ ਅਨੁਸਾਰ ਮਨੁੱਖ ਰੱਬੀ ਹੁਕਮ ਵਿੱਚ ਇਸ ਧਰਤੀ ਤੇ ਆਉਂਦਾ ਹੈ :

ਹੁਕਮੀ ਹੋਵਨਿ ਜੀਅ....[77]

ਮਨੁੱਖ ਪਰਮਾਤਮਾ ਦੀ ਪ੍ਰਾਪਤੀ ਦਾ ਪਰਮ ਪ੍ਰਯੋਜਨ ਲੈ ਕੇ ਇਸ ਧਰਤੀ ਤੇ ਆਇਆ ਹੈ। ਮਨੁੱਖੀ ਜੀਵਨ ਮਨੋਰਥ ਸਬੰਧੀ ਗੁਰਬਾਣੀ ਵਿਚ ਫੁਰਮਾਣ ਹੈ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥[78]

ਜੀਵ ਅਤੇ ਬ੍ਰਹਮ ਦੇ ਮੂਲ ਤੱਤ ਆਤਮਾ ਅਤੇ ਪਰਮਾਤਮਾ ਵਿੱਚ ਕੋਈ ਭਿੰਨਤਾ ਨਹੀਂ ਹੈ। ਅਗਿਆਨਤਾ ਅਤੇ ਅਵਿੱਦਿਆ ਦੇ ਭਰਮ ਵਿੱਚ ਪੈ ਕੇ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਅਲੱਗ ਸਮਝਣ ਲੱਗ ਪੈਂਦਾ ਹੈ। ਇਸ ਮੱਤ ਨੂੰ ਸਪੱਸ਼ਟ ਕਰਦਿਆਂ ਰਵਿਦਾਸ ਜੀ ਕਹਿੰਦੇ ਹਨ ਕਿ ਅਵਿੱਦਿਆ ਦੇ ਕਾਰਨ ਹੀ ਸਤ-ਅਸਤ ਅਤੇ ਚੰਗੇ-ਮੰਦੇ ਦੀ ਪਰਖ ਕਰਨ ਵਾਲੀ ਬੁੱਧੀ ਮਲੀਨ, ਅਰਥਾਤ ਧੁੰਦਲੀ ਹੋ ਜਾਂਦੀ ਹੈ :

ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ ਮਲੀਨ॥ ਰਹਾਉ॥[79]

ਮਨੁੱਖ ਜਨਮ ਦੀ ਦੁਰਲੱਭਤਾ ਦਾ ਗਿਆਨ ਕਰਾਉਂਦੇ ਹੋਏ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ :

ਦੁਲਭੁ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ॥

---

76 ਗੁਰਮਤਿ ਦਰਸ਼ਨ, ਪੂਰਵ ਅੰਕਤ, ਪੰਨਾ 332.
77 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧.
78 ਉਹੀ, ਪੰਨਾ ੧੨
79 ਉਹੀ,, ਪੰਨਾ ੪੮੬

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ

ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥[80]

ਗੁਰਬਾਣੀ ਸੰਸਾਰ ਨੂੰ ਰਾਤ ਦਾ ਸੁਪਨਾ ਦੱਸਦੀ ਹੋਈ ਮਨੁੱਖ ਨੂੰ ਸਦੀਵੀ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਗੁਰ ਫੁਰਮਾਣ ਹੈ :

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥[81]

ਇਸੇ ਖਿਆਲ ਨੂੰ ਭਗਤ ਰਵਿਦਾਸ ਜੀ ਦ੍ਰਿੜ ਕਰਵਾਉਂਦੇ ਹੋਏ ਜੀਵ ਨੂੰ ਚਿਤਾਵਨੀ ਦਿੰਦੇ ਹਨ ਕਿ ਹੇ ਜੀਵ। ਤੂੰ ਅਵਿੱਦਿਆ ਕਾਰਨ ਅਸਲੀਅਤ ਤੋਂ ਅੱਖਾਂ ਮੀਟੀ ਬੈਠਾ ਹੈ ਅਤੇ ਇਸ ਜੀਵਨ ਤੇ ਜਗਤ ਨੂੰ ਸੱਚ ਮੰਨੀ ਬੈਠਾ ਹੈ :

ਕਿਆ ਤੂ ਸੋਇਆ ਜਾਗੁ ਇਆਨਾ॥

ਤੈ ਜੀਵਨੁ ਜਗ ਸਚੁ ਕਰਿ ਜਾਨਾ॥੧॥ਰਹਾਉ॥[82]

ਜਦੋਂ ਜੀਵ ਨਾਮ ਜਪਦਾ ਹੋਇਆ, ਸੰਗਤ ਦੀ ਸੇਵਾ ਕਰਦਾ ਹੈ, ਇੱਕ ਦਿਨ ਅਜਿਹਾ ਆਉਂਦਾ ਹੈ ਜਦ ਉਹ ਪ੍ਰਭੂ ਪਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਉਂ ਜ਼ਿਕਰ ਕਰਦੇ ਹਨ :

ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥[83]

ਭਗਤ ਰਵਿਦਾਸ ਜੀ ਅਦਵੈਤਵਾਦ ਦੇ ਧਾਰਨੀ ਸਨ। ਉਨ੍ਹਾਂ ਅਨੁਸਾਰ ਪਰਮਾਤਮਾ ਅਤੇ ਜੀਵ ਆਤਮਾ ਵੱਖਰੀਆਂ ਨਹੀਂ ਹਨ। ਜੀਵ ਅਤੇ ਆਤਮਾ, ਪਰਮਾਤਮਾ ਦਾ ਹੀ ਅੰਸ਼ ਹੈ ਜਿਵੇਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿੱਚ ਕੋਈ ਫਰਕ ਨਹੀਂ ਕੇਵਲ ਦੋਹਾਂ ਵਿਚਲੇ ਸੰਬੰਧ ਮੂਰਤ ਅਤੇ ਅਮੂਰਤ ਵਾਲੇ ਹਨ। ਜਿਵੇਂ ਸੋਨੇ ਅਤੇ ਸੋਨੇ ਦੇ ਬਣੇ ਗਹਿਣੇ ਵਿੱਚ ਕੋਈ ਫਰਕ ਨਹੀਂ ਉਸੇ ਤਰ੍ਹਾਂ ਆਤਮਾ ਅਤੇ ਪਰਮਾਤਮਾ ਵਿੱਚ ਵੀ ਏਕਤਾ ਤੇ ਅਨੇਕਤਾ ਹੈ, ਇਸੇ ਤਰ੍ਹਾਂ ਜਿਵੇਂ ਪਾਣੀ ਦੀਆਂ ਲਹਿਰਾਂ ਪਾਣੀ ਵਿੱਚ ਉੱਠਦੀਆਂ ਹਨ ਅਤੇ ਫਿਰ ਪਾਣੀ ਵਿੱਚ ਸਮਾ ਜਾਂਦੀਆਂ ਹਨ ਇਸੇ ਤਰ੍ਹਾਂ ਜੀਵ ਆਤਮਾ ਦਾ ਸੋਮਾ ਪਰਮਾਤਮਾ ਹੈ। ਇਹ ਦੋਵੇਂ ਇੱਕ ਦੂਜੇ ਵਿੱਚ ਅਲੋਪ ਹੋ ਜਾਂਦੇ

80 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮

81 ਉਹੀ, ਪੰਨਾ ੮੦੮

82 ਉਹੀ, ੭੯੩-੯੪

83 ਸ੍ਰੀ ਦਸਮ ਗ੍ਰੰਥ, ਪੰਨਾ ੫੮

ਹਨ। ਭਗਤ ਰਵਿਦਾਸ ਜੀ ਵੀ ਜੀਵ ਆਤਮਾ ਅਤੇ ਪ੍ਰਭੂ ਵਿੱਚ ਅਭੇਦਤਾ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥[84]

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਭਗਤ ਰਵਿਦਾਸ ਜੀ ਮੂਲ ਰੂਪ ਵਿੱਚ ਪ੍ਰਭੂ-ਭਗਤ ਸਨ। ਉਨ੍ਹਾਂ ਨੇ ਕਿਸੇ ਦਾਰਸ਼ਨਿਕ ਪੱਧਤੀ ਅਧੀਨ ਭਗਤੀ ਦਰਸ਼ਨ ਦੇ ਮੂਲ ਸੰਕਲਪਾਂ ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਦੇ ਸੰਦਰਭ ਵਿੱਚ ਆਪਣੀ ਬਾਣੀ ਵਿੱਚ ਕੋਈ ਵਿਵੇਚਨਾਤਮਕ ਅਧਿਐਨ ਪ੍ਰਸਤੁਤ ਨਹੀਂ ਕੀਤਾ। ਉਨ੍ਹਾਂ ਦਾ ਚਿੰਤਨ ਤਾਂ ਪ੍ਰੇਮਾ-ਭਗਤੀ ਵਿੱਚੋਂ ਉਪਜਿਆ ਚਿੰਤਨ ਹੈ। ਉਨ੍ਹਾਂ ਨੇ ਭਗਤੀ ਦਰਸ਼ਨ ਦੇ ਪ੍ਰਮੁੱਖ ਸ੍ਰੋਤ, ਵੇਦਾਂ ਅਤੇ ਉਪਨਿਸ਼ਦਾਂ ਦੀ ਕੋਈ ਵਿਧੀਵਤ ਸਿੱਖਿਆ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਕਿਸੇ ਵਿਸ਼ੇਸ਼ ਦਰਸ਼ਨ ਪੱਧਤੀ ਨੂੰ ਅਭਿਵਿਅਕਤ ਕਰਨਾ ਉਨ੍ਹਾਂ ਦੀ ਬਾਣੀ ਦਾ ਕੋਈ ਮੰਤਵ ਸੀ। ਉਨ੍ਹਾਂ ਦਾ ਦਰਸ਼ਨ ਆਤਮਿਕ ਅਨੁਭਵ ਦਾ ਦਰਸ਼ਨ ਹੈ। ਇਸ ਦ੍ਰਿਸ਼ਟੀਕੋਣ ਤੋਂ ਰਵਿਦਾਸ ਬਾਣੀ ਵਿਚਲੀ ਵਿਚਾਰਧਾਰਾ ਇਸ ਤੱਥ ਨੂੰ ਉਭਾਰਦੀ ਹੈ ਕਿ ਸਾਰੇ ਖੰਡਾਂ, ਬ੍ਰਹਮੰਡਾਂ ਦਾ ਮਾਲਕ ਇੱਕੋ ਇੱਕ ਪਰਮਾਤਮਾ ਦੀ ਹੀ ਰਚਨਾ ਹੈ। ਉਸ ਇੱਕ ਪਰਮਾਤਮਾ ਦੀ ਜੋਤਿ ਹੀ ਸਭ ਵਿੱਚ ਵਿਆਪਕ ਹੈ, ਇਸ ਲਈ ਕਿਸੇ ਪ੍ਰਕਾਰ ਦੀ ਮਾਨਵ ਵੰਡ ਦੀ ਕੋਈ ਸਾਰਥਿਕਤਾ ਨਹੀਂ ਬਣਦੀ। ਪਰਮਾਤਮਾ ਅਤੇ

## ਜੀਵ-ਆਤਮਾ ਦਾ ਸੁਮੇਲ

ਗੁਰਬਾਣੀ ਅਨੁਸਾਰ, 'ਆਤਮਾ' ਮਨੁੱਖੀ ਪ੍ਰਕਿਰਤੀ ਦਾ ਸਭ ਤੋਂ ਅਹਿਮ ਤੇ ਪ੍ਰਮੁੱਖ ਅੰਗ ਹੈ। ਬਾਹਰੋਂ ਦਿਖਾਈ ਦੇ ਰਿਹਾ ਭੌਤਿਕ ਸਰੀਰ ਮਨੁੱਖ ਦਾ ਅਸਲਾ ਨਹੀਂ ਹੈ। ਇਸ ਦਾ ਅਸਲਾ ਜੋਤਿ-ਸਰੂਪ ਹੈ, ਜਿਸ ਨੂੰ ਮਾਰੂ ਸੋਹਲੇ ਬਾਣੀ ਵਿੱਚ ਜੀਉ (ਜੀਉ ਪਿੰਡੁ ਸਭੁ ਹੈ ਤਿਸੁ ਕੇਰਾ॥ ਸਚਾ ਸਾਹਿਬੁ ਠਾਕੁਰ ਮੇਰਾ॥)[85], ਪਿਰਿ (ਜੋ ਪਿਰੁ ਕਰੈ ਸੁ ਧਨ ਤਤ ਮਾਨੈ॥ ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ॥)[86], ਜੋਤਿ (ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ

84 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩
85 ਉਹੀ,, ਪੰਨਾ ੧੦੫੮
86 ਉਹੀ, ਪੰਨਾ ੧੦੭੨

ਜਾਤਾ ਹੇ॥)[87], ਹੰਸ (ਨਿਰਮਲ ਕਾਇਆ ਊਜਲ ਹੰਸਾ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥)[88], ਜੋਗੀ (ਸੰਗੀ ਜੋਗੀ ਨਾਰਿ ਲਪਟਾਣੀ॥ ਉਰਝਿ ਰਹੀ ਰੰਗ ਰਸ ਮਾਣੀ॥)[89] ਆਦਿ ਕਿਹਾ ਗਿਆ ਹੈ। ਮਨੁੱਖੀ ਪ੍ਰਕਿਰਤੀ ਵਿੱਚ ਸਰੀਰ ਤੇ ਆਤਮਾ ਦਾ ਸੰਜੋਗ ਹੀ ਜੀਵਨ ਹੈ। ਕੁਝ ਵਿਦਵਾਨਾਂ ਨੇ ਮਨੁੱਖੀ ਪ੍ਰਾਕਿਰਤੀ ਦੇ ਅਸਲ ਵਿੱਚ ਦੋ ਪਹਿਲੂ ਹੀ ਮੰਨੇ ਹਨ, ਇੱਕ ਸਰੀਰ ਤੇ ਦੂਸਰਾ ਆਤਮਾ।[90] ਆਤਮਾ ਚੇਤੰਨ ਹੈ। ਸਰੀਰ ਇਸ ਦਾ ਮੰਦਰ ਹੈ, ਇਹ ਇਸ ਮੰਦਰ ਦੀ ਵਸਨੀਕ ਹੈ :

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥ [91]
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥[92]

ਆਤਮਾ ਤਾਤਵਿਕ ਰੂਪ ਵਿੱਚ ਪਰਮਾਤਮਾ ਤੋਂ ਭਿੰਨ ਨਹੀਂ ਹੈ। ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ :

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥[93]

ਆਤਮਾ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਹੋਰ ਵੀ ਆਸਾਨ ਢੰਗ ਨਾਲ ਸਮਝਿਆ ਜਾ ਸਕਦਾ ਹੈ, ਜਿਵੇਂ ਪਰਮਾਤਮਾ ਇੱਕ ਅੱਗ ਹੈ, ਤਾਂ ਆਤਮਾ ਇੱਕ ਚੰਗਿਆੜੀ ਹੈ। ਪਰਮਾਤਮਾ ਰੇਤ ਦਾ ਮਾਰੂਥਲ ਹੈ, ਤਾਂ ਆਤਮਾ ਰੇਤ ਦਾ ਇੱਕ ਕਿਣਕਾ ਹੈ। ਪਰਮਾਤਮਾ ਸਮੁੰਦਰ ਹੈ ਅਤੇ ਆਤਮਾ ਕੇਵਲ ਇੱਕ ਬੂੰਦ ਹੈ। ਆਤਮਾ ਦਾ ਅਸਲਾ ਪਰਮਾਤਮਾ ਹੈ।[94] ਡਾ. ਸ਼ੇਰ ਸਿੰਘ ਅਨੁਸਾਰ, ਜੀਵ-ਆਤਮਾ ਪਰਮਾਤਮਾ ਦਾ ਅੰਸ਼ ਹੈ, ਪਰ ਆਪਣੀ ਮੌਜੂਦਾ ਹਾਲਤ ਵਿੱਚ ਪਰਮਾਤਮਾ ਨਹੀਂ। ਜੀਵ-ਆਤਮਾ ਪਰਮਾਤਮਾ ਵਾਸਤਵ ਵਿੱਚ ਦੋਵੇਂ ਇੱਕ ਹਨ, ਪਰ ਇਹ ਨਹੀਂ ਕਿ ਜੀਵ-ਆਤਮਾ

87 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੨
88 ਉਹੀ, ੧੦੩੪
89 ਉਹੀ, ਪੰਨਾ ੧੦੭੨
90 ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 334.
91 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੯
92 ਉਹੀ, ਪੰਨਾ ੧੦੩੩
93 ਉਹੀ, ਪੰਨਾ ੧੦੩੦
94 ਸ਼ੇਰ ਸਿੰਘ (ਡਾ.), ਗੁਰਮਤਿ ਦਰਸ਼ਨ, ਪੰਨਾ 340.

ਹੁਣ ਜਿਵੇਂ ਹੈ, ਉਸੇ ਤਰ੍ਹਾਂ ਹੀ ਉਹ ਰੱਬ ਹੈ। ਭਾਵੇਂ ਸਾਗਰ, ਨਦੀ ਤੇ ਬੂੰਦ ਜਾਂ ਲਹਿਰ ਸਭ ਪਾਣੀ ਹਨ, ਪਰ ਦੋਹਾਂ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੈ।[95] ਭਾਈ ਜੋਧ ਸਿੰਘ ਵੀ ਜੀਵ-ਆਤਮਾ ਨੂੰ ਸ਼ੁੱਧ ਬ੍ਰਹਮ ਸਵੀਕਾਰ ਕਰਨ ਤੋਂ ਇਨਕਾਰੀ ਹਨ। ਉਹ ਲਿਖਦੇ ਹਨ ਕਿ ਗੁਰੂ ਸਾਹਿਬ ਇਹ ਨਹੀਂ ਮੰਨਦੇ ਕਿ ਜੀਵ-ਆਤਮਾ ਜਿਸ ਹਾਲਤ ਵਿੱਚ ਹੈ, ਬ੍ਰਹਮ ਹੈ। ਇਸ ਨੂੰ ਨਿਰੰਕਾਰ ਨੇ ਆਪਣੀ ਜੋਤਿ ਵਿੱਚ ਪੈਦਾ ਕੀਤਾ ਹੈ, ਇਹ ਬ੍ਰਹਮ-ਰੂਪ ਹੋ ਸਕਦੀ ਹੈ, ਬ੍ਰਹਮ ਨਹੀਂ।[96]

ਆਤਮਾ ਆਪਣੀ ਇੱਛਾ ਅਨੁਸਾਰ ਕੁਝ ਨਹੀਂ ਕਰ ਸਕਦੀ। ਉਹ ਪਰਮਾਤਮਾ ਦੇ ਹੁਕਮ ਵਿੱਚ ਬੱਝੀ ਹੋਈ ਹੀ ਵੱਖ-ਵੱਖ ਸਰੀਰਾਂ ਵਿੱਚ ਪ੍ਰਵੇਸ਼ ਕਰਦੀ ਹੈ। ਇੱਥੋਂ ਸਪੱਸ਼ਟ ਹੈ ਕਿ ਆਤਮਾ ਜਿਸ ਵਿੱਚ ਪਰਮਾਤਮਾ ਦੇ ਗੁਣ ਵੀ ਮੌਜੂਦ ਹਨ, ਪਰ ਉਹ ਪਰਮਾਤਮਾ ਦੇ ਹੁਕਮ ਅਧੀਨ ਹੈ, ਆਪ ਪਰਮਾਤਮਾ ਨਹੀਂ ਹੋ ਸਕਦੀ। ਪਰਮਾਤਮਾ ਦੇ ਹੁਕਮ ਦਾ ਪਾਲਣ ਕਰਦਿਆਂ ਹੋਇਆ ਆਤਮਾ ਮਨੁੱਖੀ ਸਰੀਰ ਨੂੰ ਤਿਆਗ ਕੇ ਚਲੀ ਜਾਂਦੀ ਹੈ। ਮਨੁੱਖੀ ਸਰੀਰ ਆਤਮਾ ਨੂੰ ਵਾਸਤੇ ਪਾਉਂਦਾ ਹੈ, ਪਰ ਹੁਕਮ ਦੀ ਬੱਝੀ ਹੋਈ ਆਤਮਾ ਉਸ ਦੀ ਇੱਕ ਨਹੀਂ ਸੁਣਦੀ, ਇਸ ਬਾਰੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-

ਧਨ ਕਰੈ ਬਿਨਉ ਦੋਊ ਕਰ ਜੋਰੈ॥
ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ॥
ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ॥੪॥[97]
ਧਨ ਕਹੈ ਤੂ ਵਸੁ ਮੈ ਨਾਲੇ॥
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ॥੭॥
ਪਿਰਿ ਕਹਿਆ ਹਉ ਹੁਕਮੀ ਬੰਦਾ॥
ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ॥
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ॥੮॥
ਧਨ ਕਛੂ ਨ ਸਮਝੈ ਚੰਚਲਿ ਕਾਚੇ॥
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ॥੯॥

95 ਸ਼ੇਰ ਸਿੰਘ (ਡਾ.), ਗੁਰਮਤਿ ਦਰਸ਼ਨ, ਪੰਨਾ 339.
96 ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਪੰਨਾ 41.
97 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੨

ਆਈ ਆਗਿਆ ਪਿਰਹੁ ਬੁਲਾਇਆ॥

ਨ ਧਨ ਪੁਛੀ ਨ ਮਤਾ ਪਕਾਇਆ॥

ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ॥੧੦॥[98]

ਪਤੀ-ਪਤਨੀ ਦੇ ਸੁੰਦਰ ਰੂਪਕ ਦੁਆਰਾ ਇਸ ਵਿਚਾਰ ਨੂੰ ਹੋਰ ਵੀ ਦ੍ਰਿੜ ਕਰਵਾਇਆ ਗਿਆ ਹੈ ਕਿ ਦੋਹਾਂ ਦਾ ਬਹੁਤ ਪ੍ਰੇਮ ਹੈ, ਇੱਕ ਰਮਤਾ ਜੋਗੀ ਤੇ ਦੂਜੀ ਸੁੰਦਰ ਨਾਰੀ। ਇਹ ਦਿਨ-ਰਾਤ ਉਸ ਨਾਲ ਆਨੰਦ ਮਾਣਦਾ ਹੈ ਅਤੇ ਇੱਕ ਦਿਨ ਪਤਨੀ ਨੂੰ ਬਿਨਾਂ ਦੱਸਿਆਂ ਹੀ ਚਲਾ ਜਾਂਦਾ ਹੈ :

ਕਾਇਆ ਹੰਸ ਪ੍ਰੀਤਿ ਬਹੁ ਧਾਰੀ॥

ਓਹੁ ਜੋਗੀ ਪੁਰਖੁ ਓਹ ਸੁੰਦਰ ਨਾਰੀ॥

ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ॥[99]

ਉਪਰੋਕਤ ਗੁਰੂ-ਪ੍ਰਮਾਣਾਂ ਤੋਂ ਇਹ ਭੁਲੇਖਾ ਨਹੀਂ ਰਹਿ ਜਾਂਦਾ ਕਿ ਆਤਮਾ ਤੇ ਪਰਮਾਤਮਾ ਵਿੱਚ ਕਾਫ਼ੀ ਅੰਤਰ ਹੈ, ਅਰਥਾਤ ਆਤਮਾ ਪਰਮਾਤਮਾ ਦਾ ਹੀ ਇੱਕ ਅੰਸ਼ ਹੁੰਦਿਆਂ ਹੋਇਆਂ ਪਰਮਾਤਮਾ ਨਹੀਂ ਹੈ, ਸਗੋਂ ਪਰਮਾਤਮਾ ਦੇ ਹੁਕਮ ਅਧੀਨ ਹੈ। ਰਵਿਦਾਸ ਬਾਣੀ ਤੇ ਗੁਰਮਤਿ ਵਿਚਾਰਧਾਰਾ ਜੀਵ ਆਤਮਾ ਨੂੰ ਪਰਮਾਤਮਾ ਤੋਂ ਵੱਖਰੀ ਸ਼ੈ ਨਹੀਂ ਮੰਨਦੀ, ਉਸ ਦਾ ਰੂਪ ਸਵੀਕਾਰਦੀ ਹੈ। ਇਹ ਅਦਵੈਤਵਾਦੀ ਧਾਰਨਾ 'ਮਾਇਆ' ਦੇ ਭ੍ਰਮ ਜਾਲ ਕਾਰਨ ਉਦੋਂ ਤਿੜਕ ਜਾਂਦੀ ਹੈ, ਜਦੋਂ ਮਾਨਵ-ਮਨ ਵਿੱਚ 'ਹਮ' ਘਰ ਕਰ ਜਾਂਦੀ ਹੈ। 'ਮੈਂ" ਦਾ ਇਹ ਨਿਵਾਸ ਆਤਮਾ ਤੇ ਪਰਮਾਤਮਾ ਵਿਚਕਾਰ ਪਾੜਾ ਪਾ ਦਿੰਦੀ ਹੈ, ਪਰ 'ਮੈਂ" ਭਾਵ ਦਾ ਖਾਤਮਾ ਮੇਲ ਕਰਾ ਦਿੰਦਾ ਹੈ।[100] ਇਸ ਦੇ ਨਾਲ ਹੀ ਜੀਵ-ਆਤਮਾ ਨੂੰ ਅਮਰ ਤੇ ਸਰੀਰ ਨੂੰ ਨਾਸ਼ਮਾਨ ਮੰਨਿਆ ਗਿਆ ਹੈ।[101]

ਗੁਰਮਤਿ ਵਿਚਾਰਧਾਰਾ ਤੇ ਰਵਿਦਾਸ ਬਾਣੀ ਵਿੱਚ ਮਨੁੱਖਾ ਜਨਮ ਨੂੰ ਦੁਰਲੱਭ ਤੇ ਸ੍ਰੇਸ਼ਟ ਮੰਨਿਆ ਗਿਆ ਹੈ। ਰਵਿਦਾਸ ਜੀ ਮਨੁੱਖ ਨੂੰ ਵਸਤੂ-ਸੰਸਾਰ ਦੀਆਂ ਭੋਗੀ ਤੇ ਵਿਲਾਸਮਈ

---

98 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੩

99 ਉਹੀ, ਪੰਨਾ ੧੦੨੪

100 ਉਹੀ, ਪੰਨਾ ੪੮੭

101 ਉਹੀ, ੬੫੮

ਰੁਚੀਆਂ ਤੋਂ ਦੂਰ ਰਹਿਣ ਲਈ ਪ੍ਰੇਰਦੇ ਹਨ, ਤਾਂ ਜੋ ਜੀਵ-ਆਤਮਾ ਪਰਮਾਤਮਾ ਨਾਲ ਇਕਮਿਕਤਾ ਹਾਸਲ ਕਰ ਸਕੇ।

ਭਗਤ ਰਵਿਦਾਸ ਜੀ ਨੇ ਜੀਵ ਅਥਵਾ ਜੀਵਾਤਮਾ ਦੇ ਅਰਥ-ਬੋਧਿਕ ਕਈ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਵੇਂ ਹੰਸ, ਪਟਿ, ਚਿਤਿ, ਮਨ, ਪ੍ਰਾਣੀ, ਨਰ, ਜਨ, ਮਾਨਸ, ਉਰਿ, ਜੀਉ, ਜੋਤੀਆ ਆਦਿ। ਇਸ ਤਰ੍ਹਾਂ ਉਨ੍ਹਾਂ ਨੇ ਜੀਵ ਦੇ ਸੰਕਲਪ ਨੂੰ ਵਿਸਥਾਰ ਵਿੱਚ ਵਰਨਣ ਕੀਤਾ ਹੈ। ਭਗਤ ਰਵਿਦਾਸ ਜੀ ਅਨੁਸਾਰ ਬ੍ਰਹਮ ਤੇ ਜੀਵ-ਆਤਮਾ ਦਾ ਅਲੱਗ-ਅਲੱਗ ਦਿਸਣਾ ਮਾਇਆ ਦੇ ਹੀ ਭਰਮ ਸਦਕਾ ਹੈ, ਪਰੰਤੂ ਦੋਵੇਂ ਅਲੱਗ-ਅਲੱਗ ਹੋ ਕੇ ਵੀ ਇੱਕ ਹਨ। ਇਕ ਤੋਂ ਹੀ ਦੂਜੇ ਦੀ ਉਤਪਤੀ ਹੁੰਦੀ ਹੈ ਅਤੇ ਉਸੇ ਵਿੱਚ ਲੀਨ ਹੋ ਜਾਂਦਾ ਹੈ। ਕੁਝ ਉਦਾਹਰਣਾਂ ਦੇ ਕੇ ਰਵਿਦਾਸ ਜੀ ਸਮਝਾਉਂਦੇ ਹਨ, ਜਿਵੇਂ ਸੋਨਾ ਅਤੇ ਉਸ ਤੋਂ ਬਣੇ ਗਹਿਣੇ, ਸੂਤ ਤੇ ਕੱਪੜਾ, ਰੱਸੀ ਤੇ ਸੱਪ ਮੂਲ ਰੂਪ ਵਿੱਚ ਇੱਕ ਹਨ, ਪਰ ਵੱਖ-ਵੱਖ ਸੂਤਰਾਂ ਵਿੱਚ ਇਹ ਵੱਖ-ਵੱਖ ਦਿਸਦੇ ਹਨ। ਪੱਥਰ ਅਤੇ ਪੱਥਰ ਤੋਂ ਬਣੀ ਮੂਰਤ ਇੱਕ ਹਨ। ਉਸੇ ਤਰ੍ਹਾਂ 'ਬ੍ਰਹਮ' ਅਤੇ 'ਜੀਵ ਆਤਮਾ' ਨੂੰ ਇੱਕ ਹੀ ਸਮਝਣਾ ਚਾਹੀਦਾ ਹੈ। ਦੋਵੇਂ ਹੀ ਪ੍ਰਕ੍ਰਿਤੀ-ਪੁਰਸ਼ ਹਨ। ਦੋਵੇਂ ਬਿਮਲ ਇੱਕ ਰਸ ਹਨ। ਦੋਵਾਂ ਦਾ ਹੀ ਉਪਜਣਾ ਤੇ ਬਿਨਸਣਾ ਨਹੀਂ ਹੁੰਦਾ, ਉਦੇ ਤੇ ਅੰਤ ਨਹੀਂ ਹੁੰਦਾ ਹੈ:-

ਮਾਧੋ! ਭ੍ਰਮ ਕੈਸੇ ਨ ਬਿਲਾਈ, ਤਾਥੇ ਦੁਤੀ-ਦਰਸੇ ਆਈ॥ਟੇਕ॥
ਕਨਕ ਕਟਕ ਸਤ ਪਟ ਜੁਦਾ, ਰਜ ਭੁਅੰਗ ਭ੍ਰਮ ਜੈਸਾ।
ਜਲ ਤਰੰਗ ਪਾਹਨ ਪ੍ਰਤਿਮਾ ਜਯੂੰ, ਬ੍ਰਹਮ ਜੀਵ ਦੁਤਿ ਐਸਾ॥੧॥
ਬਿਮਲ ਏਕ ਰਸ ਉਪਜੈ ਨਾ ਬਿਨਸੈ, ਉਦੇ ਆਸਤ ਦੋਊ ਨਾਹੀ।
ਬਿਗਤਾ ਬਿਗਤਿ ਘਟੇ ਨਹੀ ਕਬਹੂੰ, ਵਸਤ ਬਸੈ ਸਬ ਮਾਹੀ॥੨॥[102]

ਭਗਤ ਰਵਿਦਾਸ ਜੀ ਅਦਵੈਤਵਾਦ ਦੇ ਧਾਰਨੀ ਸਨ। ਉਨ੍ਹਾਂ ਅਨੁਸਾਰ ਜੀਵ ਆਤਮਾ ਅਤੇ ਪਰਮਾਤਮਾ ਦੋਵੇਂ ਵੱਖਰੀਆਂ ਨਹੀਂ ਹਨ। ਜੀਵ ਅਤੇ ਆਤਮਾ, ਪਰਮਾਤਮਾ ਦਾ ਹੀ ਅੰਸ਼ ਹੈ ਜਿਵੇਂ ਸੋਨੇ ਅਤੇ ਉਸ ਤੋਂ ਬਣੇ ਗਹਿਣੇ ਵਿੱਚ ਹੈ ਜਾਂ ਜਲ ਤੇ ਉਸ ਵਿਚ ਉਠੀ ਲਹਿਰ ਵਿੱਚ ਜੋ ਫਰਕ ਹੈ, ਭਾਵ ਦੋਹਾਂ ਦਾ ਅਸਲਾ ਇਕੋ ਹੀ ਹੈ, ਕੇਵਲ ਰੂਪ ਹੀ ਵੱਖਰਾ ਹੈ। ਇਸੇ ਤਰ੍ਹਾਂ ਜੀਵ ਆਤਮਾ ਦਾ

102 ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 65.

ਸੋਮਾ ਪਰਮਾਤਮਾ ਹੈ। ਉਹ ਵੀ ਇੱਕ ਦੂਜੇ ਵਿੱਚ ਲੁਪਤ ਹਨ। ਭਗਤ ਰਵਿਦਾਸ ਜੀ ਪਰਮਾਤਮਾ ਨਾਲ ਵਿਲੀਨ ਹੋ ਚੁੱਕੀ ਆਤਮਾ ਵਿੱਚ ਭਿੰਨ-ਭੇਦ ਨਾ ਕਰਦੇ ਹੋਏ ਇੰਜ ਫੁਰਮਾਉਂਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ॥੧॥[103]

ਰਵਿਦਾਸ ਜੀ 'ਬ੍ਰਹਮ' ਤੇ 'ਜੀਵ ਆਤਮਾ' ਨੂੰ ਇਸੇ ਅੰਸੀ ਭਾਵ ਵਿੱਚ ਦੇਖਦੇ ਹਨ। ਰਵਿਦਾਸ ਜੀ ਨੇ 'ਆਤਮਾ' ਨੂੰ ਪਰਮ-ਤੱਤ ਦਾ ਅੰਸ਼ ਮੰਨਿਆ ਹੈ। ਆਤਮਾ ਪਰਮਾਤਮਾ ਦੋਵੇਂ ਇੱਕ ਹਨ। ਇਨ੍ਹਾਂ ਦੋਹਾਂ ਵਿੱਚ ਸੋਨਾ ਅਤੇ ਉਸ ਦੇ ਬਣੇ ਗਹਿਣਿਆਂ ਵਰਗਾ ਸੰਬੰਧ ਹੈ।[104] ਅਸਲ ਵਿੱਚ ਦੋਵੇਂ ਅਭਿੰਨ ਹਨ। ਆਤਮਾ ਹੀ ਜਦ ਮਾਇਆ ਦੇ ਪ੍ਰਭਾਵ ਨਾਲ ਆਪਣੀ ਅਲੱਗ ਸੱਤਾ ਸਮਝਣ ਲੱਗਦੀ ਹੈ, ਤਾਂ ਉਹ 'ਜੀਵ' ਅਖਵਾਉਂਦਾ ਹੈ। ਇਹ ਜੀਵ ਸਰੀਰ ਦੇ ਨਸ਼ਟ ਹੋ ਜਾਣ ਤੇ ਨਸ਼ਟ ਨਹੀਂ ਹੁੰਦਾ, ਕਿਉਂਕਿ ਉਹ ਅਮਰ ਹੁੰਦਾ ਹੈ।

ਇਸ ਬਾਣੀ ਵਿਚਲਾ ਨੁਕਤਾ ਜੀਵ-ਆਤਮਾ ਹੈ, ਜਿਹੜੀ ਪ੍ਰਭੂ ਪਤੀ ਨਾਲ ਅਭੇਦ ਹੋਣ ਖਾਤਿਰ ਜਤਨ ਕਰਦੀ ਹੈ। ਜੋ ਜਨਮ-ਪੂਰਵ ਉਸ ਨਾਲ ਜੁੜੀ ਆਤਮਾ ਸੰਸਾਰ ਵਿੱਚ ਪ੍ਰਵਿਸ਼ਟ ਹੁੰਦਿਆਂ ਹੀ ਆਪਣੇ ਜੀਵਨ-ਮਨੋਰਥ ਤੋਂ ਲਾਂਭੇ ਭਟਕਣ ਲੱਗਦੀ ਹੈ ਆਜੀਵਨ ਆਪਣੇ ਅਸਲ ਮੰਤਵ ਤੋਂ ਭਟਕੀ ਹੋਈ ਉਹ ਆਵਾਗਵਨ ਤੋਂ ਮੁਕਤ ਨਹੀਂ ਹੋ ਸਕਦੀ ਹੈ :

ਇਹੁ ਸਰੀਰੁ ਮਾਇਆ ਕਾ ਪੁਤਲਾ
ਵਿਚਿ ਹਉਮੈ ਦੁਸਟੀ ਪਾਈ।
ਆਵਣੁ ਜਾਣਾ ਜੰਮਣੁ ਮਰਣਾ
ਮਨਮੁਖਿ ਪਤਿ ਗਵਾਈ।[105]

ਆਦਿ ਕਾਲ ਤੋਂ ਜਿਥੇ ਮਨੁੱਖ ਪਰਮਾਤਮਾ ਨੂੰ ਜਾਣਨ-ਬੁੱਝਣ ਲਈ ਯਤਨਸ਼ੀਲ ਰਿਹਾ ਹੈ, ਉਥੇ ਆਤਮਾ ਤੇ ਇਸ ਦੇ ਸਰੂਪ ਬਾਰੇ ਵੀ ਉਸ ਵਿੱਚ ਬਰਾਬਰ ਜਗਿਆਸਾ ਬਣੀ ਰਹੀ ਹੈ।

'ਰਿਗਵੇਦ' ਤੋਂ ਲੈ ਕੇ ਸਾਰੇ ਮਤਿ-ਮਹਾਂਤਰਾਂ ਵਿੱਚ 'ਆਤਮਾ' ਬਾਰੇ ਵਿਆਪਕ ਵਿਚਾਰ-ਵਿਸ਼ਲੇਸ਼ਣ ਹੁੰਦਾ ਰਿਹਾ ਹੈ। ਪਰਮਾਤਮਾ ਵਾਂਗ ਹੀ ਇਹ ਅਮਰ, ਅਟਲ, ਅਵਿਨਾਸ਼ੀ

---

103 ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰਨਾ 93
104 ਪਦਮ ਗੁਰਚਨ ਸਿੰਘ, ਸੰਤ ਰਵਿਦਾਸ ਵਿਚਾਰਕ ਔਰ ਕਵੀ, ਪੰਨਾ 119.
105 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧

ਅਤੇ ਸਦੀਵੀ ਹੈ। ਹਰ ਜੀਵ ਦਾ ਜੀਵਨ ਰੱਥ ਆਤਮਾ ਹੈ, ਜੋ ਸਰੀਰ ਤੋਂ ਵੱਖਰੀ ਹੋਂਦ ਵਾਲੀ ਹੈ। ਜਦੋਂ ਦਰਗਾਹੀ ਸੱਦੇ ਆਉਂਦੇ ਹਨ, ਤਾਂ ਤਨ ਤੋਂ ਅਲੱਗ ਹੋ ਕੇ ਆਪਣਾ ਵਾਪਸੀ ਸਫ਼ਰ ਆਰੰਭਦੀ ਹੈ। ਇਸ ਦਾ ਦੁਖਾਂਤ ਇਹੀ ਹੈ ਕਿ ਇਹ ਆਪਣਾ ਅਲੱਗ ਵਜੂਦ ਸਮਝਣ ਲੱਗਦੀ ਹੈ :

ਜਬ ਹਮ ਹੋਤੇ ਤਬ ਤੂ ਨਾਹੀ  
ਅਬ ਤੂਹੀ ਮੈ ਨਾਹੀ॥  
ਅਨਲ ਅਗਮ ਜੈਸੇ ਲਹਿਰ ਮਇਓ ਦਧਿ  
ਜਲ ਕੇਵਲ ਜਲ ਮਾਂਹੀ॥

ਭਗਤ ਕਬੀਰ ਜੀ ਇਸ ਇਕਰੂਪਤਾ ਨੂੰ ਬੜੇ ਅਲੰਕਾਰਿਕ ਢੰਗ ਨਾਲ ਬਿਆਨਦੇ ਹਨ:-

ਸੁਨੁ ਸਖੀ ਪੀਅ ਮਹਿ ਜੀਉ ਬਸੈ  
ਜੀਅ ਮਹਿ ਬਸੈ ਕਿ ਪੀਉ॥  
ਜੀਉ ਪੀਉ ਬੂਝਉ ਨਹੀ  
ਘਟ ਮਹਿ ਜੀਉ ਕਿ ਪੀਉ।[106]

ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਜੀਵ ਆਤਮਾ ਇੱਕ ਪਲ ਲਈ ਵੀ ਪ੍ਰਭੂ ਪਰਮਾਤਮਾ ਦੇ ਚਰਨ ਛੱਡਣ ਨੂੰ ਤਿਆਰ ਨਹੀਂ। ਉਹ ਖੰਡ-ਖੰਡ ਹੋਣ ਲਈ ਤਿਆਰ ਹਨ, ਪ੍ਰੰਤੂ ਪ੍ਰਭੂ ਦੀ ਪ੍ਰੀਤ ਨੂੰ ਹਰ ਹਾਲਤ ਵਿੱਚ ਨਿਭਾਉਣ ਦੀ ਇੱਛੁਕ ਹੈ:-

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥  
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥੧॥[107]

ਉਨ੍ਹਾਂ ਦੀ ਤੁਕ 'ਕਾਰਨ ਕਵਨ ਅਬੋਲ'[108] ਇਸ ਅਭੇਦਤਾ ਦੀ ਸਭ ਤੋਂ ਉੱਤਮ ਉਦਾਹਰਨ ਹੈ। ਅਨੇਕ ਸਜਿੰਦ ਉਦਾਹਰਨਾਂ ਨਾਲ ਉਹ ਆਤਮਾ ਪਰਮਾਤਮਾ ਦੀ ਨੇੜਤਾ ਦਾ ਬੋਧ ਕਰਵਾਉਂਦੇ ਹਨ ਪਹਾੜ ਤੇ ਮੋਰ, ਚੰਦ ਤੇ ਚਕੋਰ, ਦੀਵਾ ਤੇ ਬੱਤੀ ਅਤੇ ਤੀਰਥ ਅਤੇ ਯਾਤਰੀ ਦੇ ਸੰਬੰਧਾਂ ਰਾਹੀਂ ਇਸ ਨੇੜਤਾ ਨੂੰ ਉਜਾਗਰ ਕੀਤਾ ਗਿਆ ਹੈ। ਭਗਤ ਰਵਿਦਾਸ ਪ੍ਰਭੂ ਅੱਗੇ ਜੋਦੜੀ ਕਰਦੇ

---

106 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੭  
107 ਉਹੀ, ਪੰਨਾ ੪੮੬  
108 ਉਹੀ, ਪੰਨਾ ੬੯੪

ਹਨ ਕਿ ਉਹ ਉਨ੍ਹਾਂ ਨੂੰ ਤੌਫ਼ੀਕ ਬਖਸ਼ਣ ਤਾਂ ਜੋ ਉਨ੍ਹਾਂ ਦਾ ਮਨ ਰੱਬ ਦੀ ਸਿਫ਼ਤ-ਸਲਾਹ ਵਿੱਚ ਜੁੜਿਆ ਰਹਿ ਸਕੇ। ਇਸ ਪ੍ਰਕਾਰ ਵਿਚਾਰਿਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਸਾਰੇ ਹੀ ਸ਼ਬਦਾਂ ਵਿੱਚ ਆਤਮਾ ਤੇ ਮਨੁੱਖ ਦਾ ਭਰਪੂਰ ਜ਼ਿਕਰ ਹੈ। ਦਰਅਸਲ ਪ੍ਰਭੂ-ਪ੍ਰਾਪਤੀ ਲਈ 'ਮਨ' ਦਾ ਬਹੁਤ ਵੱਡਾ ਰੋਲ ਹੈ :

ਤੁਝਹਿ ਚਰਨ ਅਰਬਿੰਦ ਭਵਨ ਮਨੁ।

ਪਾਨ ਕਰਤ ਪਾਇਓ ਪਾਇਓ ਰਮਈਆ ਧਨੁ।[109]

ਉਕਤ ਵਿਵੇਚਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਦਾ ਦ੍ਰਿਸ਼ਟੀਕੋਣ ਅਦਵੈਤਵਾਦੀ ਸੀ। ਉਨ੍ਹਾਂ ਅਨੁਸਾਰ ਜੀਵ ਜੋ ਸੰਸਾਰ ਵਿਚ ਕਰਮਾਂ ਦਾ ਫਲ ਭੋਗਣ ਆਇਆ ਹੈ ਉਸ ਪਰਮਾਤਮਾ ਦਾ ਹੀ ਅੰਸ਼ ਹੈ ਤੇ ਅੰਤ ਉਸ ਵਿਚ ਹੀ ਮਿਲ ਜਾਣਾ ਹੈ।

## ਮੁਕਤੀ

ਸੰਸਕ੍ਰਿਤ ਦੇ 'ਮੁਚ' ਧਾਤੂ ਤੋਂ ਬਣੇ 'ਮੁਕਤਿ' ਸ਼ਬਦ ਦਾ ਅਰਥ ਹੈ ਛੁਟਕਾਰਾ, ਖਲਾਸੀ, ਰਿਹਾਈ[110] ਅਧਿਆਤਮਿਕ ਦ੍ਰਿਸ਼ਟੀ ਤੋਂ ਇਸ ਦਾ ਭਾਵ ਹੈ ਮਾਇਆ ਦੇ ਪ੍ਰਭਾਵ ਜਾਂ ਬੰਧਨਾਂ ਤੋਂ ਖਲਾਸੀ ਜਾਂ ਦੁਖਾਂ-ਕਲੇਸ਼ਾਂ ਦਾ ਅੰਤ। ਮਨੁੱਖੀ ਇਤਿਹਾਸ ਦੇ ਆਦਿ ਕਾਲ ਤੋਂ ਚਾਰ ਪਦਾਰਥਾਂ, ਧਰਮ, ਅਰਥ, ਕਾਮ ਅਤੇ ਮੋਕਸ਼ ਵਿੱਚ 'ਮੋਕਸ਼' (ਮੁਕਤੀ) ਨੂੰ ਸਰਵੋਤਮ ਮੰਨਿਆ ਗਿਆ ਹੈ ਅਤੇ ਇਸ ਦੀ ਪ੍ਰਾਪਤੀ ਮਨੁੱਖ ਦਾ ਪਰਮ-ਪੁਰਸ਼ਾਰਥ ਵੀ ਸਮਝਿਆ ਗਿਆ ਹੈ।

'ਮਨ' ਨੂੰ ਸਥਿਰ ਕਰਕੇ, ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਤ੍ਰਿਸ਼ਨਾ ਦਾ ਨਿਵਾਰਣ ਕਰਕੇ ਮਨੁੱਖ 'ਸਾਮ'-ਅਵਸਥਾ ਵਿੱਚ ਆ ਜਾਂਦਾ ਹੈ। ਜੋ ਮਨੁੱਖ ਸੁੱਖ-ਦੁੱਖ, ਮਾਨ-ਅਪਮਾਨ, ਮਿੱਟੀ-ਪੱਥਰ ਅਤੇ ਸੋਨੇ ਨੂੰ ਇਕ ਸਮਾਨ ਸਮਝਦਾ ਹੈ। ਉਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਸਮਾਇਆ ਹੋਇਆ ਹੈ।[111]

ਭਾਵੇਂ 'ਮੁਕਤੀ' ਦੇ ਸਰੂਪ-ਸੰਬੰਧੀ ਵੱਖ-ਵੱਖ ਦਾਰਸ਼ਨਿਕਾਂ ਵਿੱਚ ਕਾਫ਼ੀ ਮਤਭੇਦ ਹਨ, ਪਰ ਇਸ ਗੱਲ ਤੇ ਲਗਪਗ ਸਾਰੇ ਵਿਦਵਾਨ ਸਹਿਮਤ ਹਨ ਕਿ 'ਮੋਕਸ' ਜਾਂ 'ਮੁਕਤੀ' ਉਹ ਸਥਿਤੀ ਹੈ, ਜਦੋਂ ਮਨੁੱਖ ਤਿੰਨ ਪ੍ਰਕਾਰ ਦੇ ਦੁੱਖਾਂ ਅਧਿਆਤਮਕ (ਵੈਦਿਕ), ਅਧਿਭੌਤਿਕ (ਭੌਤਿਕ) ਅਤੇ

---

109 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

110 ਸ੍ਰੀ ਗੁਰੂ ਗ੍ਰੰਥ ਵਿਸ਼ਵ ਕੋਸ਼, ਪੂਰਵ ਅੰਕਤ, ਪੰਨਾ ੩੮੭

111 ਸ੍ਰੀਮਦਭਗਵਦਗੀਤਾ, ਅਧਿਆਇ 6/7/8

ਅਧਿਦੈਵਿਕ (ਦੈਵਿਕ) ਤੋਂ ਪੂਰਾ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ ਜਾਂ ਸੰਸਾਰਿਕ ਪ੍ਰਪੰਚ ਤੋਂ ਖਲਾਸ ਹੋ ਜਾਂਦਾ ਹੈ।[112] ਇਸ ਤਰ੍ਹਾਂ 'ਮੁਕਤੀ' ਮਨੁੱਖ ਦੇ ਸੰਸਾਰਿਕ ਦੁੱਖਾਂ ਦਾ ਪੂਰਣ ਅਭਾਵ ਹੈ। ਆਸਤਿਕ ਦਰਸ਼ਨਾਂ ਵਾਲੇ ਇਸ ਨੂੰ 'ਦੁੱਖ' ਦੇ ਖਤਮ ਹੋਣ ਉਪਰੰਤ ਪਰਮਾਤਮਾ ਵਿੱਚ ਲੀਨ ਹੋਣ ਦੀ ਅਵਸਥਾ ਕਹਿੰਦੇ ਹਨ। ਭਿੰਨ-ਭਿੰਨ ਦਾਰਸ਼ਨਿਕਾਂ ਨੇ ਇਸ ਅਵਸਥਾ ਨੂੰ ਵੱਖਰੇ-ਵੱਖਰੇ ਨਾਂ ਦਿੱਤੇ ਹਨ ਜਿਵੇਂ ਮੋਕਸ਼, ਮੁਕਤੀ, ਨਿਰਵਾਣ, ਅਮਰਾਪਦ, ਤੁਰੀਆਵਸਥਾ, ਕੈਵਲਯ ਅਪਵਰਗ, ਪਰਮਪਦ, ਪਰਮਗਤਿ, ਪਰਮ-ਸੁਖ ਆਦਿ।[113]

ਗੁਰਬਾਣੀ ਵਿਚਲੇ ਵਰਤੇ ਗਏ 'ਮੁਕਤੀ' ਦੇ ਵੱਖ-ਵੱਖ ਨਾਵਾਂ ਦੀ ਤਰਜੀਹ ਤੇ ਭਗਤ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿੱਚ 'ਮੁਕਤੀ' ਬਾਰੇ ਅਨੇਕਾਂ ਨਾਵਾਂ, ਜਿਵੇਂ ਕਿ ਤਜੀਲੇ, ਸਰਬ ਜੰਜਾਲ, ਆਵਾਗਵਣ ਬਿਲਾਇ, ਛੁਟਕਣ ਬਜਰ ਕਪਾਟ, ਜਨਮ-ਮਰਨ ਭੈ ਭਾਗੀ, ਕਟਹਿ ਜਮ ਫਾਸਾ, ਜਗ ਸਿਉ ਨਹੀ ਕਾਮਾ, ਆਦਿ ਸ਼ਬਦਾਂ ਤੇ ਵਾਕੰਸ਼ਾਂ ਦਾ ਪ੍ਰਯੋਗ ਕੀਤਾ ਹੈ। ਨਿਰਵਾਨ ਪਦ ਲਈ ਆਪ ਨੇ ਸਮਭਾਵੀ ਤੇ ਸ਼ਬਦ 'ਬੇਗਮਪੁਰਾ' ਦੀ ਵਰਤੋਂ ਵੀ ਕੀਤੀ ਹੈ। ਅਸਲ ਵਿੱਚ 'ਰਵਿਦਾਸ-ਬਾਣੀ' ਵਿੱਚ ਪਰੰਪਰਾਗਤ ਮੁਕਤੀ ਦੀ ਲੋਚਾ ਕਰਨ ਦੀ ਬਜਾਇ 'ਜੀਵਨ-ਮੁਕਤੀ' ਦੀ ਇੱਛਾ ਪ੍ਰਗਟਾਈ ਗਈ ਹੈ। ਇਹ ਜੀਵਨ-ਮੁਕਤੀ ਲੌਕਿਕਤਾ ਨਾਲ ਜੁੜੀ ਹੋਈ ਹੈ ਅਥਵਾ ਪ੍ਰਾਪਤ ਹੋਏ ਦੁਰਲੱਭ-ਜਨਮ ਨੂੰ ਸਫ਼ਲਾ ਬਣਾਉਣ ਦੀ ਇੱਛਾ ਪ੍ਰਗਟਾਉਂਦੀ ਹੈ।

ਗੁਰਬਾਣੀ ਅਨੁਸਾਰ ਮਾਇਆ ਤੋਂ ਛੁਟਕਾਰਾ ਲੈਣ ਦਾ ਰਾਹ ਵੀ ਸਤਿਸੰਗ, ਗੁਰੂ ਦੀ ਸ਼ਰਨ, ਨਾਮ ਦਾ ਸਿਮਰਨ, ਭਗਤੀ, ਨਿਮਰਤਾ ਤੇ ਸਹਿਜ ਵਿੱਚੋਂ ਹੀ ਲੱਭਿਆ ਜਾ ਸਕਦਾ ਹੈ।

ਭਗਤ ਰਵਿਦਾਸ-ਬਾਣੀ ਵਿੱਚ 'ਮੁਕਤੀ' ਦਾ ਅਰਥ ਮਾਇਆਵੀ ਸੰਸਾਰ ਦੇ ਸੁੱਖਾਂ, ਦੁੱਖਾਂ, ਕਲੇਸ਼ਾਂ, ਮੋਹ-ਮਮਤਾ ਅਥਵਾ ਗ੍ਰਹਿਸਥ ਜੀਵਨ ਦੇ ਸਾਰੇ ਬੰਧਨਾਂ ਵਿੱਚੋਂ ਨਿਕਲ ਕੇ ਪਰਮ-ਪਿਤਾ ਪਰਮਾਤਮਾ ਵਿੱਚ ਹਮੇਸ਼ਾਂ ਲਈ ਇੱਕਮਿਕ ਤੇ ਇੱਕ-ਰਸ ਹੋਣ ਦਾ ਨਾਮ ਹੈ।[114]

ਭਾਰਤੀ ਪਰੰਪਰਾ ਵਿੱਚ ਪ੍ਰਚੱਲਤ 'ਮੁਕਤੀ' ਦੀ ਪ੍ਰਾਪਤੀ ਦੇ ਸਾਧਨਾਂ (ਕਰਮ, ਭਗਤੀ ਅਤੇ ਗਿਆਨ) ਦਾ ਸੰਜੋਗ ਸਥਾਪਿਤ ਕਰਦੇ ਹੋਏ ਗੁਰਬਾਣੀ ਮਨੁੱਖ ਨੂੰ ਜਿਉਂਦੇ ਜੀਅ ਮੁਕਤ ਹੋਣ ਦੀ ਪ੍ਰੇਰਣਾ ਦਿੰਦੀ ਹੈ।

---

112 ਸ੍ਰੀ ਗੁਰੂ ਗ੍ਰੰਥ ਵਿਸ਼ਵ ਕੋਸ਼, ਪੂਰਵ ਅੰਕਤ, ਪੰਨਾ ੩੪੪

113 ਉਹੀ, ਪੂਰਵ ਅੰਕਤ, ਪੰਨਾ ੩੪੪

114 ਜਸਬੀਰ ਸਿੰਘ ਸਾਬਰ (ਡਾ.) ਰਵਿਦਾਸ ਬਾਣੀ : ਬਹੁਪੱਖੀ ਅਧਿਐਨ, ਪੂਰਵ ਅੰਕਤ, ਪੰਨਾ ੧੩੫.

ਅਜਿਹਾ ਮਨੁੱਖ, ਜਿਸ ਅੰਦਰ ਪ੍ਰਭੂ ਦਾ 'ਨਾਮ' ਵੱਸ ਜਾਂਦਾ ਹੈ, ਉਹ ਇਸ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ :

ਜੀਵਨ-ਮੁਕਤਿ ਜਿਸੁ ਰਿਦੈ ਭਗਵੰਤੁ॥[115]

ਜੀਵਨ-ਮੁਕਤਿ ਦੀ ਅਵਸਥਾ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹਾ ਵਿਅਕਤੀ ਜਿਸ ਅੰਦਰੋਂ 'ਹਉਮੈ' ਦਾ ਨਾਸ਼ ਹੋ ਜਾਵੇ, ਉਹ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੁਰੂ ਸਾਹਿਬ ਇੰਜ ਫੁਰਮਾਉਂਦੇ ਹਨ :

ਜੀਵਨ ਮੁਕਤ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥[116]

ਭਗਤ ਰਵਿਦਾਸ ਜੀ ਨੇ ਵੀ ਬੜੇ ਹੀ ਸੁੰਦਰ ਢੰਗ ਨਾਲ 'ਜੀਵਨ-ਮੁਕਤੀ' ਦਾ ਸੰਕਲਪ ਪ੍ਰਸਤੁਤ ਕੀਤਾ ਹੈ। 'ਮੁਕਤੀ' ਦੀ ਇਸ ਅਵਸਥਾ ਦਾ ਵਰਨਣ ਕਰਦਿਆਂ ਹੋਇਆ ਉਨ੍ਹਾਂ ਲਿਖਿਆ ਹੈ ਕਿ ਇਹ ਅਵਸਥਾ 'ਬੇਗਮਪੁਰਾ' ਹੈ, ਜਿਥੇ ਜੀਵ ਨੂੰ ਨਾ ਕੋਈ ਗਮ ਹੈ, ਨਾ ਦੁੱਖ, ਨਾ ਚਿੰਤਾ, ਨਾ ਘਬਰਾਹਟ, ਨਾ ਕੋਈ ਨਿੱਜੀ ਜਾਇਦਾਦ, ਨਾ ਹੀ ਉਸ ਉਪਰ ਕਿਸੇ 'ਕਰ' ਦੇ ਲੱਗਣ ਦਾ ਡਰ। ਇਸ ਅਵਸਥਾ ਵਿੱਚ ਕਿਸੇ ਗਲਤ ਜਾਂ ਪਾਪ-ਕਰਮ ਕਰਨ ਦਾ ਖਤਰਾ ਨਹੀਂ ਰਹਿ ਜਾਂਦਾ। ਇਹ ਅਵਸਥਾ ਡਰ-ਰਹਿਤ ਅਤੇ ਗਿਰਾਵਟਹੀਨ ਹੁੰਦੀ ਹੈ। ਇਹ ਅਵਸਥਾ ਸਦਾ ਸਥਿਰ ਰਹਿਣ ਵਾਲੀ ਪਾਤਸ਼ਾਹੀ ਦੀ ਅਵਸਥਾ ਹੈ, ਜਿਸ ਵਿੱਚ ਸਭ ਜੀਵਾਂ ਪ੍ਰਤੀ ਸਦ-ਭਾਵਨਾ ਹੁੰਦੀ ਹੈ ਅਤੇ ਦੂਜੇ-ਤੀਜੇ ਦੇ ਸਭ ਦਰਜੇ ਅਤੇ ਝਗੜੇ-ਝੇਰੇ ਮੁੱਕ ਜਾਂਦੇ ਹਨ। ਇਸ ਅਵਸਥਾ ਵਿੱਚ ਵਿਤਕਰਿਆਂ ਤੋਂ ਰਹਿਤ ਅਤੇ ਸੰਤੁਸ਼ਟ ਜਨ ਰਹਿੰਦੇ ਹਨ; ਜੋ ਸਵੈ-ਇੱਛਾ ਨਾਲ ਵਿਚਰਦੇ ਹਨ, ਕਿਉਂਕਿ ਉਹ ਇਸ ਅਵਸਥਾ ਦੇ ਭੇਤੀ ਹੁੰਦੇ ਹਨ, ਇਸ ਲਈ ਉਨ੍ਹਾਂ ਦੇ ਰਸਤੇ ਵਿੱਚ ਕੋਈ ਵੀ ਰੋਕ ਵਿਘਨ ਨਹੀਂ ਪਾ ਸਕਦੀ। ਰਵਿਦਾਸ ਜੀ ਉਸ ਨੂੰ ਆਪਣਾ ਹਮਵਤਨੀ ਅਤੇ ਮਿੱਤਰ ਸਮਝਦੇ ਹਨ, ਜੋ ਇਸ ਮੋਕਸ਼ ਦੀ ਅਵਸਥਾ ਦਾ ਧਾਰਣੀ ਹੈ।

ਭਗਤ ਰਵਿਦਾਸ ਦੁਆਰਾ ਪ੍ਰੇਮਾ ਭਗਤੀ ਵਿੱਚ ਲੀਨ ਹੋਣ ਤੋਂ ਬਾਅਦ ਅਧਿਆਤਮਿਕਤਾ ਦੀ ਅੰਤਿਮ ਮੰਜ਼ਿਲ ਪ੍ਰਾਪਤ ਕਰਕੇ ਫੇਰ ਉਹੀ ਆਤਮਿਕ ਅਵਸਥਾ ਦਾ ਆਨੰਦ ਪ੍ਰਾਪਤ ਹੋ ਸਕਦਾ ਹੈ। ਨਿਮਲਿਖਤ ਸਤਰਾਂ ਉਨ੍ਹਾਂ ਦੀ ਸ਼ਾਹਕਾਰ ਰਚਨਾ ਹੈ। ਦੁਨੀਆਂ ਦੇ ਤਕਰੀਬਨ ਸਾਰੇ ਧਰਮ

115 ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੪
116 ਉਹੀ, ਪੰਨਾ ੧੦੧੦

ਜ਼ਿੰਦਗੀ ਤੋਂ ਬਾਅਦ ਦੀ ਜ਼ਿੰਦਗੀ ਦਾ ਜ਼ਿਕਰ ਕਰਦੇ ਹਨ। ਮਨੁੱਖ ਦੀ ਆਤਮਿਕ ਸਥਿਤੀ ਦਾ ਐਨਾਂ ਖੂਬਸੂਰਤ ਬਿਆਨ ਬਹੁਤ ਘੱਟ ਪੜ੍ਹਨ-ਸੁਣਨ ਨੂੰ ਮਿਲਿਆ ਹੈ। ਉਹ ਲਿਖਦੇ ਹਨ :

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥[117]

ਦਰਅਸਲ ਭਗਤ ਰਵਿਦਾਸ ਬਾਣੀ, ਸ੍ਵੈ-ਅਨੁਭੂਤੀ ਦਾ ਹੀ ਚਿੰਤਨ ਹੈ। ਭਗਤ ਰਵਿਦਾਸ ਜੀ ਸਾਹਮਣੇ ਤਾਂ ਮਨੁੱਖੀ ਜੀਵਨ ਦਾ ਇੱਕੋ ਇੱਕ ਅੰਤਿਮ ਟੀਚਾ 'ਮੁਕਤੀ' ਹੈ। ਰਵਿਦਾਸ ਜੀ ਦੀ ਦ੍ਰਿਸ਼ਟੀ ਵਿੱਚ ਜੀਵ ਨੂੰ ਵਿਵੇਕਸ਼ੀਲ ਹੋ ਕੇ, ਸ਼ੁੱਭ-ਅਸ਼ੁੱਭ ਦੇ ਅੰਤਰ ਨੂੰ ਸਮਝ ਕੇ ਸ਼ੁੱਭ ਨੂੰ ਹੀ ਅਪਣਾਉਣਾ ਅਤੇ 'ਅਸ਼ੁੱਭ' ਨੂੰ ਤਿਆਗਣਾ ਚਾਹੀਦਾ ਹੈ, ਪ੍ਰੰਤੂ ਭਗਤ ਰਵਿਦਾਸ ਜੀ ਦੀ ਦ੍ਰਿਸ਼ਟੀ ਵਿੱਚ 'ਸ਼ੁੱਭ' ਦੀ ਮਹੱਤਤਾ ਉਸ ਵੇਲੇ ਤੱਕ ਹੀ ਹੈ, ਜਦੋਂ ਤੱਕ ਜੀਵਾਤਮਾ ਕਰਮਾਂ ਦੁਆਰਾ ਆਤਮਿਕ ਗਿਆਨ ਹਾਸਿਲ ਨਹੀਂ ਕਰਦੀ। ਜਦੋਂ ਇਸ ਨੂੰ ਗਿਆਨ ਪ੍ਰਾਪਤ ਹੋ ਗਿਆ, ਇਹ

---

117 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫

'ਨਿਰਵਾਣ' ਪਦ ਦੀ ਅਧਿਕਾਰੀ ਬਣ ਗਈ, ਤਾਂ ਇਸ ਦੇ ਸਾਰੇ ਕਰਮ ਵੀ ਆਪਣੇ ਆਪ ਨਸ਼ਟ ਹੋ ਜਾਂਦੇ ਹਨ ਅਤੇ ਇਹ ਜਿਊਂਦੇ ਜੀਅ ਮੁਕਤੀ (ਜੀਵਨ-ਮੁਕਤੀ) ਪ੍ਰਾਪਤ ਕਰ ਲੈਂਦੀ ਹੈ :-

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥
ਘ੍ਰਿਤ ਕਾਰਨ ਦਧਿ ਮਥੈ ਸਇਆਨ॥
ਜੀਵਨ ਮੁਕਤ ਸਦਾ ਨਿਰਬਾਨ॥[118]

ਸੰਪੂਰਨ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਣ ਨਾਲ ਹੀ ਆਤਮਾ ਅਤੇ ਪਰਮਾਤਮਾ ਦਾ ਮਿਲਣ ਹੁੰਦਾ ਹੈ ਅਤੇ ਪ੍ਰਭੂ ਨਾਲ ਸਾਖਿਆਤਕਾਰ ਹੁੰਦਾ ਹੈ। ਰਵਿਦਾਸ ਜੀ ਵੀ ਆਤਮ ਪ੍ਰਗਾਸ ਤੇ ਹਿਰਦੇ ਵਿਚਾਰ ਰਾਹੀਂ ਪ੍ਰਭੂ-ਪ੍ਰਾਪਤੀ ਨੂੰ ਵੀ 'ਮੁਕਤੀ' ਕਹਿੰਦੇ ਹਨ।

ਇਸ ਤਰ੍ਹਾਂ ਵੇਖਿਆ ਗਿਆ ਹੈ ਕਿ ਭਗਤ ਰਵਿਦਾਸ ਜੀ ਨੇ ਆਤਮਾ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਮੰਨਿਆ। ਦੋਵਾਂ ਵਿੱਚ ਸਮੁੰਦਰ ਅਤੇ ਉਸ ਤੋਂ ਉਪਜੀਆਂ ਲਹਿਰਾਂ ਵਾਲਾ ਸੰਬੰਧ ਮੰਨਿਆ ਹੈ। ਭਗਤ ਰਵਿਦਾਸ ਜੀ ਸੱਚੇ ਸਾਧਕ ਸਨ। ਉਨ੍ਹਾਂ ਨੇ ਕਥਨੀ ਅਤੇ ਕਰਨੀ ਦਾ ਸੁਮੇਲ ਕੀਤਾ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸਾਰੇ 'ਮੁਕਤੀ' ਪ੍ਰਾਪਤੀ ਦੇ ਸਾਧਨਾਂ ਦਾ ਵਧੇਰੇ ਵਰਨਣ ਕੀਤਾ। ਉਨ੍ਹਾਂ ਨੇ ਮੁਕਤੀ ਪਾਉਣ ਲਈ ਗਿਆਨ ਮਾਰਗ, ਕਰਮ ਮਾਰਗ, ਭਗਤੀ ਦੇ ਮਾਰਗ ਨੂੰ ਉਚਿਤ ਦੱਸਿਆ ਹੈ।

ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ ਕਿ ਮਨ ਦੀ ਸਥਿਰ ਅਵਸਥਾ ਮੁਕਤੀ ਦਾ ਦੁਆਰ ਖੋਲ੍ਹਦੀ ਹੈ। ਪਰ ਸਵਾਲ ਹੈ ਕਿ ਇਹ ਸਥਿਰ ਅਵਸਥਾ ਦੀ ਪ੍ਰਾਪਤੀ ਕਿੱਥੋਂ ਅਤੇ ਕਿਵੇਂ ਹੋਵੇ ? ਉਨ੍ਹਾਂ ਅਨੁਸਾਰ ਮੁਕਤੀ ਦੀ ਪ੍ਰਾਪਤੀ ਦਾ ਇੱਕ ਮਾਤਰ ਰਾਹ ਕੇਵਲ ਮਨ ਨੂੰ ਸਾਧ ਕੇ ਅਤੇ ਨਾਮ ਨਾਲ ਜੁੜ ਕੇ ਹੀ ਖੁੱਲ੍ਹ ਸਕਦਾ ਹੈ। ਮਨ ਨੂੰ ਸਾਧੂ ਦੇ ਸੰਗ ਦੁਆਰਾ ਹੀ ਸੋਧਿਆ ਜਾ ਸਕਦਾ ਹੈ। ਸਾਧੂ ਦੀ ਸ਼ਰਨ ਵਿੱਚ ਕੇਵਲ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ, ਉਸਦੇ ਗੁਣਾਂ ਬਾਰੇ ਵਿਚਾਰ/ਚਰਚਾ ਹੁੰਦੀ ਹੈ ਅਤੇ ਲਗਾਤਾਰ ਗਾਇਨ ਹੁੰਦਾ ਹੁੰਦਾ ਹੈ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਮੁਕਤੀ ਸਬੰਧੀ ਅਨੇਕਾਂ ਨਾਵਾਂ ਜਿਵੇਂ ਕਿ ਆਵਾਗਵਨੁ ਬਿਲਾਇ, ਤਜੀਲੇ ਸਰਬ ਜੰਜਾਲ, ਛੁਟਕਤ ਬਜਰ ਕਪਾਟ, ਜਨਮ ਮਰਨ ਭੈ ਭਾਗੀ,

---

118 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੭

ਕਟਹਿ ਜਮ ਫਾਸਾ, ਜਗ ਸਿਉ ਨਹੀ ਕਾਮਾ, ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਨਿਰਵਾਣ ਪਦ ਲਈ ਆਪ ਨੇ ਸਮਭਾਵੀ ਸ਼ਬਦ 'ਬੇਗਮਪੁਰਾ' ਦੀ ਵਰਤੋਂ ਕੀਤੀ ਹੈ। ਅਸਲ ਵਿੱਚ ਰਵਿਦਾਸ ਬਾਣੀ ਵਿੱਚ ਪਰੰਪਰਾਗਤ 'ਮੁਕਤੀ' ਦੀ ਲੋਚਾ ਕਰਨ ਦੀ ਬਜਾਏ 'ਜੀਵਨ-ਮੁਕਤੀ' ਦੀ ਇੱਛਾ ਪ੍ਰਗਟਾਈ ਗਈ ਹੈ। ਇਹ ਜੀਵਨ ਮੁਕਤੀ ਲੌਕਿਤਤਾ ਨਾਲ ਜੁੜੀ ਹੋਈ ਹੈ, ਅਰਥਾਤ ਦੁਲਰਭ ਮਨੁੱਖਾ ਨੂੰ ਸਫਲਾ ਬਣਾਉਣ ਦੀ ਇੱਛਾ ਪ੍ਰਗਟਾਉਂਦੀ ਹੈ।

ਭਗਤ ਰਵਿਦਾਸ ਬਾਣੀ ਵਿੱਚ ਮੁਕਤੀ ਦਾ ਭਾਵ ਮਾਇਆਵੀ ਸੰਸਾਰ ਦੇ ਸੁੱਖਾਂ, ਦੁੱਖਾਂ, ਕਲੇਸ਼ਾਂ, ਮੋਹ-ਮਮਤਾ ਜਾਨੀਕਿ ਗ੍ਰਹਿਸਥ ਜੀਵਨ ਦੇ ਸਾਰ ਬੰਧਨਾਂ ਵਿਚੋਂ ਨਿਕਲ ਕੇ ਪਰਮ-ਪਿਤਾ ਪਰਮਾਤਮਾ ਵਿੱਚ ਹਮੇਸ਼ਾਂ ਲਈ ਇਕਮਿਕ ਤੇ ਇਕ ਰਸ ਹੋਣ ਦਾ ਨਾਮ ਹੈ।[119]

ਭਾਰਤੀ ਪਰੰਪਰਾ ਵਿੱਚ ਪ੍ਰਚਲਤ ਮੁਕਤੀ ਪ੍ਰਾਪਤੀ ਦੇ ਸਾਧਨਾਂ (ਕਰਮ, ਭਗਤੀ, ਅਤੇ ਗਿਆਨ) ਦਾ ਸੰਜੋਗ ਸਥਾਪਿਤ ਕਰਦੇ ਹੋਏ ਗੁਰਬਾਣੀ ਮਨੁੱਖ ਨੂੰ ਜਿਊਂਦੇ ਜੀਅ ਮੁਕਤ ਹੋਣ ਦੀ ਪ੍ਰੇਰਣਾ ਦਿੰਦੀ ਹੈ।

ਅਜਿਹੇ ਮਨੁੱਖ ਜਿਸ ਅੰਦਰ ਪਰਮਾਤਮਾ ਦੇ ਨਾਮ ਦਾ ਵਾਸ ਹੋ ਜਾਂਦਾ ਹੈ ਉਹ ਇਸ ਅਵਸਥਾ ਨੂੰ ਪਹੁੰਚ ਜਾਂਦਾ ਹੈ :

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥[120]

ਮਨ ਦੀ ਸਥਿਰ ਅਵਸਥਾ ਭਗਤ ਜੀ ਲਈ ਮੁਕਤੀ ਦਾ ਦੁਆਰ ਖੋਲ੍ਹਦੀ ਹੈ। ਪਰ ਸਵਾਲ ਇਹ ਹੈ ਕਿ ਇਹ ਸਥਿਰ ਅਵਸਥਾ ਦੀ ਪ੍ਰਾਪਤੀ ਕਿੱਥੋਂ ਅਤੇ ਕਿਵੇਂ ਹੋਈ ? ਉਨ੍ਹਾਂ ਅਨੁਸਾਰ ਮੁਕਤੀ ਦੀ ਪ੍ਰਾਪਤੀ ਦਾ ਇੱਕ ਮਾਤਰ ਰਾਹ ਕੇਵਲ ਮਨ ਨੂੰ ਸਾਧ ਕੇ ਅਤੇ ਨਾਮ ਨਾਲ ਜੁੜ ਕੇ ਹੀ ਖੁੱਲ੍ਹ ਸਕਦਾ ਹੈ। ਮਨ ਨੂੰ ਸਾਧੂ ਦੀ ਸ਼ਰਨ ਵਿੱਚ ਜਾ ਕੇ ਹੀ ਸੋਧਿਆ ਜਾ ਸਕਦਾ ਹੈ। ਸਾਧੂ ਦੀ ਸ਼ਰਨ ਵਿੱਚ ਕੇਵਲ ਪਰਮਾਤਮਾ ਦੇ ਗੁਣ ਗਾਏ ਜਾਂਦੇ ਹਨ ਉਸ ਦੇ ਗੁਣਾਂ ਬਾਰੇ ਲਗਾਤਾਰ ਵਿਚਾਰਾਂ ਹੁੰਦੀਆਂ ਹਨ ਅਤੇ ਉਸ ਦੇ ਗੁਣਾਂ ਦਾ ਗਾਇਨ ਕੀਤਾ ਜਾਂਦਾ ਹੈ। ਇਸ ਨਾਲ ਮਨੁੱਖ ਦਾ ਮਨ ਪ੍ਰਭੂ ਭਗਤੀ ਲਈ ਸਦਾ ਪ੍ਰੇਰਿਤ ਰਹਿੰਦਾ ਹੈ। ਇਸ ਕਰਕੇ ਸਾਧਕ ਆਪਣੇ ਮਨ ਨੂੰ ਗੁਰੂ ਕਿਰਪਾ

119 ਜਸਬੀਰ ਸਿੰਘ ਸਾਬਰ (ਡਾ.) ਰਵਿਦਾਸ ਬਾਣੀ : ਬਹੁਪੱਖੀ ਅਧਿਐਨ, ਪੂਰਵ ਅੰਕਤ, ਪੰਨਾ 135.

120 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੪

ਦੁਆਰਾ ਸੋਧ ਕੇ ਮਨ ਦੀ ਸੰਪੂਰਨ ਇਕਾਗਰਤਾ ਵਿਚੋਂ ਪ੍ਰਭੂ ਪ੍ਰਾਪਤੀ ਦਾ ਰਾਹ ਲੱਭ ਲੈਂਦਾ ਹੈ। ਇਸ ਬਾਰੇ ਉਹ ਕਹਿੰਦੇ ਹਨ :

ਤੁਮ ਜੁ ਨਾਇਕ ਆਛਹੁ ਅੰਤਰਜਾਮੀ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮ ਦਲ ਸਮਝਾਵੈ॥[121]

ਜੀਵਨ ਮੁਕਤਿ ਅਵਸਥਾ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹਾ ਵਿਅਕਤੀ ਜਿਸ ਅੰਦਰੋਂ ਹਉਮੈ ਦਾ ਨਾਸ਼ ਹੋ ਜਾਵੇ, ਉਹ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਕਹਿੰਦੇ ਹਨ :

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥[122]

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਵਿੱਚ 'ਮੁਕਤੀ' ਸੰਬੰਧੀ ਵਿਸਥਾਰ ਨਾਲ ਵਰਨਣ ਆਉਂਦਾ ਹੈ। ਉਨ੍ਹਾਂ ਦੀ ਮੁਕਤੀ-ਸੰਬੰਧੀ ਵਿਚਾਰਧਾਰਾ ਤੇ 'ਵੇਦਾਂਤ' ਦਰਸ਼ਨ ਦਾ ਪ੍ਰਭਾਵ ਵੀ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਰਵਿਦਾਸ ਜੀ ਅਨੁਸਾਰ 'ਮਾਇਆ' ਅਪਰੰਪਾਰ ਹੈ, ਮੋਹਿਨੀ ਹੈ, ਵਿਕਟ ਹੈ, ਝੂਠੀ ਹੈ, ਥੋਥੀ ਅਤੇ ਤ੍ਰਿਗੁਣੀ ਹੈ। ਇਹ ਅਨੇਕਾਂ ਭਰਮਾਂ ਨਾਲ ਵਿਦਮਾਨ ਹੈ। ਮਾਇਆ ਦੇ ਇਸ ਨਾਕਾਰਾਤਮਕ ਸਰੂਪ ਤੋਂ ਛੁਟਕਾਰਾ ਪਾਉਣਾ ਹੀ 'ਮੁਕਤੀ' ਹੈ। ਰਵਿਦਾਸ ਜੀ ਅਨੁਸਾਰ ਸੰਸਾਰ ਵਿੱਚ ਮਾਇਆ ਮਹਾਂਪ੍ਰਬਲ ਅਤੇ ਘਾਤਕ ਸ਼ਕਤੀ ਹੈ। ਇਸ ਤੋਂ ਪ੍ਰਭੂ ਭਗਤੀ ਰਾਹੀਂ ਨਿਵਿਰਤੀ ਪ੍ਰਾਪਤ ਕਰਨਾ ਹੀ 'ਮੁਕਤੀ' ਹੈ।

## ਮਾਇਆ

ਜਦੋਂ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਚਰਚਾ ਕਰਦੇ ਹਾਂ, ਤਾਂ 'ਮਾਇਆ' ਦਾ ਤਾਂਤਰਿਕ ਵਿਵੇਚਨ ਅਹਿਮ ਹੋ ਜਾਂਦਾ ਹੈ। ਨਿਰਗੁਣ ਕਾਵਿਧਾਰਾ ਵਿੱਚ ਮਾਇਆ ਦੇ ਪਰੰਪਰਾਵਾਦੀ ਸਰੂਪ, ਸੁਭਾਅ, ਕਾਰਜ ਤੇ ਸ਼ਕਤੀ ਬਾਰੇ ਕਲਾਤਮਕ ਤੇ ਰਹੱਸਾਤਮਕ ਚਾਨਣਾ ਪਾਇਆ ਗਿਆ ਹੈ।

---

121 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩
122 ਉਹੀ, ਪੰਨਾ ੯੩

ਵੈਦਿਕ ਕਾਲ ਤੋਂ ਹੀ 'ਮਾਇਆ' ਦਾ ਬ੍ਰਹਮ-ਤੱਤ ਤੇ ਜੀਵ-ਤੱਤ ਵਾਂਗ ਵਿਆਪਕ ਦਾਰਸ਼ਨਿਕ ਵਰਨਣ ਹੋਇਆ ਹੈ।

'ਮਾਇਆ' ਸ਼ਬਦ ਦਾ ਰਹੱਸਵਾਦੀ ਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਪ੍ਰਯੋਗ ਕੀਤਾ ਜਾਂਦਾ ਹੈ। ਰਹੱਸਵਾਦੀ 'ਮਾਇਆ' ਸ਼ਬਦ ਦੀ ਵਰਤੋਂ ਇੱਕ ਸ਼ੈਲੀ ਮਾਧਿਅਮ ਦੇ ਤੌਰ ਤੇ ਕਰਦਾ ਹੈ। ਸ਼ਕਤੀ, ਭਰਮ, ਆਵਾਗਵਣ ਆਦਿ ਅਰਥਾਂ ਨੂੰ ਪ੍ਰਗਟਾਉਣ ਲਈ ਭਾਸ਼ਾਈ ਪੱਧਰ ਤੇ ਕਲਾਤਮਕ ਰੂਪ ਵਿੱਚ 'ਮਾਇਆ' ਦਾ ਤੱਤ ਚਿੰਤਨ ਦਰਸ਼ਨ ਜਾਂ ਵਿਚਾਰ-ਵਿਵੇਕ ਕਾਵਿਮਈ ਸ਼ੈਲੀ ਰਾਹੀਂ ਹੁੰਦਾ ਹੈ, ਜਿਸ ਵਿੱਚ ਰਹੱਸਮਈ ਕਲਪਨਾ ਹੁੰਦੀ ਹੈ। ਜਦੋਂ ਮਾਇਆ ਖਾਸ ਦਾਰਸ਼ਨਿਕ ਤੱਤ ਸਿਧਾਂਤ ਰਾਹੀਂ ਅਰਥ ਨਿਸ਼ਚਿਤ ਕਰਦੀ ਹੈ, ਤਾਂ ਇਹ 'ਮਾਇਆਵਾਦ' ਦਾ ਰੂਪ ਧਾਰਨ ਕਰਦੀ ਹੈ।

ਭਾਰਤੀ ਦਰਸ਼ਨ ਵਿੱਚ 'ਮਾਇਆ' ਸ਼ਬਦ ਦਾ ਪ੍ਰਯੋਗ ਵੈਦਿਕ ਕਾਲ ਤੋਂ ਹੀ ਹੁੰਦਾ ਆਇਆ ਹੈ। ਸੰਸਕ੍ਰਿਤ ਵਿੱਚ ਇਸ ਨੂੰ 'ਮਾਯਾ' ਕਿਹਾ ਜਾਂਦਾ ਹੈ ਅਤੇ ਪੰਜਾਬੀ ਵਿੱਚ 'ਮਾਇਆ' ਸ਼ਬਦ-ਰੂਪ ਵਿੱਚ ਵਰਤਦੇ ਹਨ। 'ਮਾਇਆ' ਸ਼ਬਦ ਦੀ ਸਿਰਜਣਾ ਬਾਰੇ ਦੋ ਪ੍ਰਕਾਰ ਦੇ ਵਿਚਾਰ ਹਨ। ਇਕ ਵਿਚਾਰ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਦੇ 'ਮਾ' ਧਾਤੂ ਤੋਂ ਨਿਕਲਿਆ ਹੈ ਜਿਸਦਾ ਸੰਕੇਤ ਉਸ ਸ਼ਕਤੀ ਵੱਲ ਹੈ, ਜਿਹੜੀ ਸਿਰਜਣਾ ਕਰਦੀ ਹੈ।[123]

ਨਾਲੰਦਾ ਹਿੰਦੀ ਸ਼ਬਦ-ਕੋਸ਼ ਵਿੱਚ ਮਾਯਾ ਸ਼ਬਦ ਦੇ ਅਰਥ ਕਰਦਿਆਂ ਲਿਖਿਆ ਹੈ ਛਲ, ਕਪਟ, ਭਰਮ, ਮੋਹ, ਧਨ, ਲਛਮੀ, ਪ੍ਰਕ੍ਰਿਤੀ, ਜਾਦੂ, ਸ਼ਕਤੀ, ਪ੍ਰੇਰਨਾ, ਮਮਤਾ, ਦਇਆ, ਅਗਿਆਨ, ਅਵਿਦਿਆ, ਈਸ਼ਵਰ ਦੀ ਉਹ ਅਗਿਆਤ ਕਲਪਤ ਸ਼ਕਤੀ, ਜਿਹੜੀ ਉਸਦੀ ਆਗਿਆ ਅਨੁਸਾਰ ਕੰਮ ਕਰਦੀ ਹੈ। ਮ੍ਰਿਗਤ੍ਰਿਸ਼ਨਾ ਵਾਂਗ, ਅਕਾਸ਼ੀ ਪੀਂਘ ਵਾਂਗ ਤੇ ਹਨੇਰੇ ਵਿੱਚ ਰੱਸੀ ਨੂੰ ਸੱਪ ਸਮਝਦੇ ਹਾਂ, ਤਾਂ ਇਸ ਕਿਸਮ ਦਾ ਭਰਮ ਮਨ ਦਾ ਭਰਮ ਹੈ, ਇਹ ਚਿੱਤ ਵਿੱਚ ਭਰਮ ਹੁੰਦਾ ਹੈ ਅਤੇ ਜਦ ਅਸੀਂ ਚੰਦਰਮਾ ਦਾ ਅਕਸ਼ ਪਾਣੀ ਜਾਂ ਸ਼ੀਸ਼ੇ ਵਿੱਚ ਵੇਖਦੇ ਹਾਂ ਤਾਂ ਇਹ ਬਾਹਰਲਾ ਭੁਲੇਖਾ (Objective illusion) ਹੁੰਦਾ ਹੈ। ਭੁਲੇਖੇ ਦੇ ਜਾਲ ਵਿੱਚੋਂ ਨਿਕਲ ਕੇ ਅਸੀਂ ਅੰਤਹ-ਕਰਣ ਵਿੱਚ ਸਤਿਤਾ (Reality) ਨੂੰ ਪ੍ਰਤੀਤ ਕਰ ਸਕਦੇ ਹਾਂ।[124]

---

[123] ਜਾਗੀਰ ਸਿੰਘ, ਨਾਨਕ-ਬਾਣੀ ਵਿੱਚ ਮਾਇਆ ਦਾ ਸੰਕਲਪ, ਪੰਨਾ 12.

[124] ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ-ਦਰਸ਼ਨ,ਪੰਨਾ 120.

ਮਾਇਆ ਅਰਥਾਤ ਪ੍ਰਾਕਿਰਤਕ ਜਗ ਦਾ ਜਨਮ ਸਾਡੇ ਮਨ ਤੇ ਇੰਦਰੀਆਂ ਦੁਆਰਾ ਹੁੰਦਾ ਹੈ, ਜਿਹੜਾ ਕਿ ਸਾਡੇ ਸੰਕਲਪਾਂ (Conceptions) ਤੇ ਸਾਡੇ ਪ੍ਰਤੱਖ ਗਿਆਨ (perceptions) ਦਾ ਸਿੱਟਾ ਹੈ। ਇਸ ਤਰ੍ਹਾਂ ਇਸਦੀ ਹੋਂਦ ਦੂਜੀਆਂ ਚੀਜ਼ਾਂ ਦੇ ਸੰਬੰਧ ਕਰਕੇ ਹੈ। ਸਾਡਾ ਪ੍ਰਕਿਰਤਿਕ ਸੰਸਾਰ ਦੇਸ਼-ਕਾਲ ਦੇ ਵਿਸਤਾਰ ਕਰਕੇ ਭਾਸ ਰਿਹਾ ਹੈ। ਇਹ ਦੋਵੇਂ ਸਾਡੇ ਮਨ ਦੇ ਪ੍ਰਭਾਵ ਕਰਕੇ ਪ੍ਰਤੀਤ ਹੁੰਦੇ ਹਨ। ਇਹ ਸੰਸਾਰ ਦੇ ਸੁਭਾਵਿਕ ਗੁਣ ਨਹੀਂ, ਸੰਸਾਰ ਅਨੰਤ ਈਸ਼ਵਰੀ ਮਨ ਵਿੱਚ ਵਸ ਰਿਹਾ ਹੈ।[125]

ਗੁਰੂ ਸਾਹਿਬ 'ਮਾਇਆ' ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਮਾਇਆ ਉਹ ਚੀਜ਼ ਹੈ, ਜਿਸ ਨਾਲ ਪ੍ਰਭੂ ਪਰਮਾਤਮਾ ਮਨੁੱਖ ਨੂੰ ਵਿਸਰ ਜਾਂਦਾ ਹੈ ਅਤੇ ਉਸਦਾ ਕਿਸੇ ਦੂਜੇ ਪਾਸੇ ਮੋਹ ਹੋ ਜਾਂਦਾ ਹੈ, ਗੁਰੂ ਜੀ ਦਾ ਫੁਰਮਾਣ ਹੈ :-

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ
ਲਾਇਆ॥[126]

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮਾਇਆ ਨੂੰ ਬ੍ਰਹਮ ਅਧੀਨ ਸ਼ਕਤੀ ਮੰਨਿਆ ਗਿਆ ਹੈ।[127]

ਗੁਰਬਾਣੀ ਦੇ ਉਪਰੋਕਤ ਫੁਰਮਾਣ ਨੂੰ ਭਗਤ ਰਵਿਦਾਸ ਜੀ ਆਪਣੇ ਸ਼ਬਦਾਂ ਵਿੱਚ ਇਉਂ ਬਿਆਨ ਕਰਦੇ ਹਨ :-

ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥[128]

ਗੁਰੂ ਸਾਹਿਬ ਨੇ 'ਮਾਇਆ' ਨੂੰ ਇੱਕ ਭਰਮ ਦੀ ਨਿਆਈਂ ਦੱਸਿਆ ਹੈ :-

ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ॥[129]

ਇਸ ਕਪਟੀ 'ਮਾਇਆ' ਨੇ ਮਨੁੱਖ ਅਤੇ ਪਰਮਾਤਮਾ ਦਰਮਿਆਨ ਅਜਿਹਾ ਭਰਮ-ਜਾਲ ਤਾਣਿਆ ਹੋਇਆ ਹੈ ਕਿ 'ਜੀਵ' ਬ੍ਰਹਮ ਦਾ ਅੰਸ਼ ਹੁੰਦਿਆ ਹੋਇਆ ਵੀ ਉਸ ਤੋਂ ਵਾਂਝਾ ਹੋ ਕੇ

---

125 ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ-ਦਰਸ਼ਨ,ਪੰਨਾ 121-22.
126 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧.
127 ਜਸਬੀਰ ਸਿੰਘ ਸਾਬਰ (ਡਾ.) ਰਵਿਦਾਸ-ਬਾਣੀ, ਬਹੁਪੱਖੀ ਅਧਿਐਨ, ਪੂਰਵ ਅੰਕਤ, ਪੰਨਾ 132.
128 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੦
129 ਉਹੀ, ੧੦੦੩

ਦੁੱਖ ਸਹਿ ਰਿਹਾ ਹੈ। ਮਨੁੱਖ ਦੀ ਅਜਿਹੀ ਕਰੁਨਾਮਈ ਸਥਿਤੀ ਅਤੇ ਦੁਰਦਸ਼ਾ ਦਾ ਸੁੰਦਰ ਚਿੱਤਰ 'ਰਵਿਦਾਸ-ਬਾਣੀ' ਵਿੱਚ ਉਪਲਬਧ ਹੈ :-

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ [130]

'ਮਾਇਆ' ਦੀਆਂ ਦੋ ਸ਼ਕਤੀਆਂ 'ਆਵਰਣ' ਤੇ 'ਵਿਕਸ਼ੇਪ' ਹਨ, ਜਿਨ੍ਹਾਂ ਤੋਂ ਭਾਵ ਹੈ ਪਰਦਾ, ਢੱਕਣ ਤੇ ਉਹਲਾ। 'ਮਾਇਆ' ਇਨ੍ਹਾਂ ਸ਼ਕਤੀਆਂ ਦੁਆਰਾ ਜੀਵ ਤੇ ਬ੍ਰਹਮਮਈ ਸਰੂਪ ਨੂੰ ਢੱਕ ਲੈਂਦੀ ਹੈ, ਜਿਸ ਕਾਰਣ ਜੀਵ ਮਾਇਆ ਦੇ ਜਾਲ ਵਿੱਚ ਫਸ ਕੇ ਭਟਕਦਾ ਹੈ। ਆਚਾਰੀਆ ਰਾਮਾਨੁਜ ਮਾਇਆ ਨੂੰ ਪਰਮੇਸ਼ਰ ਦੀ ਸੱਚੀ, ਦੁਨੀਆ ਪੈਦਾ ਕਰਨ ਦੀ ਸ਼ਕਤੀ ਮੰਨਦੇ ਹਨ। ਇਸਲਾਮ ਧਰਮ ਵਿੱਚ ਮਾਇਆ ਨੂੰ 'ਸ਼ੈਤਾਨ' ਦੀ ਸੰਗਿਆ ਦਿੱਤੀ ਗਈ ਹੈ। ਗੋਰਖਨਾਥ 'ਮਾਇਆ' ਨੂੰ ਸਰਪਣੀ ਮੰਨਦਾ ਹੈ :-

ਮਾਰੋ ਸ੍ਰਪਣੀ ਜਗਾਈ ਯੋ ਭੋਗ।
ਜਿਨਿ ਮਾਰੀ ਸ੍ਰਪਣੀ ਤਾਕੋ ਕਹਾ ਕਰੈ ਜੋਗ॥ [131]

ਗੁਰੂ ਨਾਨਕ ਦੇਵ ਜੀ 'ਮਾਇਆ' ਨੂੰ 'ਸ੍ਰਿਸ਼ਟੀ' ਦੇ ਉਨ੍ਹਾਂ ਬਹੁਰੰਗਾਂ ਤੇ ਰੂਪਾਂ ਦਾ ਸੋਮਾ ਕਲਪਦੇ ਹਨ, ਜਿਹੜੇ ਕਿ ਸੱਚੇ ਹਨ। 'ਮਾਇਆ' ਮਾਂ, ਛੱਲ, ਭੁਲੇਖਾ, ਭ੍ਰਮ, ਲਕਸ਼ਮੀ, ਧੰਨ, ਈਸ਼ਵਰ-ਸ਼ਕਤੀ, ਕ੍ਰਿਪਾ ਆਦਿ ਅਰਥਾਂ ਲਈ ਵਰਤਿਆ ਗਿਆ ਹੈ। 'ਮਾਇਆ' ਪਰਮੇਸ਼ਰ ਦਾ ਸੁਭਾਅ ਹੈ, ਜੋ ਆਪ ਹੀ ਸੰਸਾਰ ਦਾ ਖੇਲ ਰਚਦਾ ਹੈ ਤੇ ਤ੍ਰੈਗੁਣੀ 'ਮਾਇਆ' ਦੀ ਸਿਰਜਣਾ ਕਰਦਾ ਹੈ :

ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹ ਵਧਾਇਆ॥ [132]

ਉਪਰੋਕਤ 'ਮਾਇਆ' ਦੇ ਸਰੂਪ ਦੇ ਪਰਿਪੇਖ ਵਿੱਚ ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਮਾਇਆ ਦੇ ਸੰਕਲਪ ਦਾ ਵਿਵੇਚਨ ਕਰਨਾ ਹੈ। ਭਗਤ ਰਵਿਦਾਸ ਜੀ ਨਿਰਗੁਣ ਭਗਤੀ ਕਾਵਿ ਦੇ

---

130 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੭

131 ਗੋਰਖ ਬਾਣੀ, ਪੰਨਾ ੧੩੯.

132 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੭.

ਸਿਰਮੌਰ ਕਵੀ ਹਨ। ਉਨ੍ਹਾਂ ਦੀ ਬਾਣੀ ਸ਼ਾਂਤਮਈ ਰਹੱਸਾਤਮਕ ਆਨੰਦ ਦਾ ਪ੍ਰਤਿਪਾਦਨ ਕਰਦੀ ਹੈ। ਇਨ੍ਹਾਂ ਦੀ ਬਾਣੀ ਵਿੱਚ ਪਰਮਾਤਮਾ ਦੇ ਮਿਲਣ ਲਈ ਬਿਹਬਲਤਾ ਤੇ ਤਰਲਤਾ ਦਾ ਅਨੁਰਾਗ ਜਾਗ੍ਰਿਤ ਅਨੁਭੂਤੀ ਵਿੱਚੋਂ ਨਿਕਲਦਾ ਹੈ। ਇਨ੍ਹਾਂ ਨੇ ਮਾਇਆ ਬਾਰੇ ਜ਼ਿਆਦਾ ਚਰਚਾ ਨਹੀਂ ਕੀਤੀ, ਪਰ ਫਿਰ ਵੀ ਇਸ ਦੇ ਪ੍ਰਭਾਵ ਤੋਂ ਬਚਣ ਲਈ ਮਨੁੱਖ ਨੂੰ ਪ੍ਰੇਰਣਾ ਦਿੱਤੀ ਹੈ।

ਭਗਤ ਰਵਿਦਾਸ ਜੀ 'ਮਾਇਆ' ਨੂੰ ਕੋਈ ਸੁਤੰਤਰ ਹਸਤੀ ਨਹੀਂ ਮੰਨਦੇ ਤੇ ਨਾ ਹੀ 'ਮਾਇਆ' ਦੀ ਅਜਿਹੀ ਸ਼ਕਤੀ ਸਵੀਕਾਰ ਕਰਦੇ ਹਨ, ਜਿਹੜੀ ਕਿ ਬ੍ਰਹਮ ਨੂੰ ਇਸ ਨਾਮ-ਰੂਪਾਤਮਕ ਜਗਤ ਅੰਦਰ ਬਹੁ-ਭਾਂਤੀ ਸ਼ਕਲਾਂ ਵਿੱਚ ਅਭਾਸਿਤ ਕਰਦੀ ਹੈ ਸਗੋਂ 'ਮਾਇਆ' ਨੂੰ ਬਹੁਰੰਗਾਂ ਤੇ ਰੂਪਾਂ ਦਾ ਸੋਮਾ ਮੰਨਦੇ ਹਨ। ਮਾਇਆ ਪ੍ਰਕ੍ਰਿਤੀ ਦਾ (ਰੂਪ) ਦ੍ਰਵ ਮੰਨੀ ਜਾਂਦੀ ਹੈ। ਜਦੋਂ ਕੁਦਰਤ ਸ਼ਾਂਤ ਤੇ ਅਫਰ ਅਵਸਥਾ ਵਿੱਚ ਹੁੰਦੀ ਹੈ, ਦ੍ਰਵ ਨੂੰ 'ਪ੍ਰਕਿਰਤੀ' ਆਖਿਆ ਜਾਂਦਾ ਹੈ ਪ੍ਰੰਤੂ ਜਦ ਇਸ ਵਿੱਚ ਗਤੀ ਪੈਦਾ ਹੁੰਦੀ ਹੈ, ਇਹ 'ਮਾਇਆ' ਅਖਵਾਉਂਦੀ ਹੈ।

ਜੀਵ-ਆਤਮਾ ਨੂੰ ਜਿਹੜੀ ਅਲਖ ਸ਼ਕਤੀ ਬੰਨੀ ਫਿਰਦੀ ਹੈ, ਮਾਇਆ ਹੈ ਤੇ ਉਹ ਜੀਵਾਤਮਾ ਨੂੰ 'ਹਉਮੈ' ਅਧੀਨ ਰੱਖਦੀ ਹੈ। ਮਾਇਆ ਦਾ ਸਰੂਪ ਹੀ ਇਹੋ ਹੈ ਕਿ ਉਸ ਦੇ ਪ੍ਰਭਾਵ ਨਾਲ ਅਸਲੀਅਤ ਵਿਸਰ ਜਾਂਦੀ ਹੈ ਅਤੇ ਦ੍ਵੈਤ ਦਾ ਕੇਂਦਰ ਬੱਝ ਜਾਂਦਾ ਹੈ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥[133]

ਮਾਇਆ ਦਾ ਸਰੂਪ ਹੀ ਇਹੋ ਜਿਹਾ ਹੈ ਕਿ ਉਸ ਦੇ ਪ੍ਰਭਾਵ ਨਾਲ 'ਦਵੈਤ' ਪੈਦਾ ਹੁੰਦੀ ਹੈ ਤੇ ਅਸਲੀਅਤ ਵਿਸਰ ਜਾਂਦੀ ਹੈ। ਮਨੁੱਖ ਪਦਾਰਥਕ ਭੁੱਖਾਂ ਵਿੱਚ ਹੱਸਦਾ-ਰੋਂਦਾ ਹੈ।'ਮਨ' ਕਰਮਾਂ ਦੁਆਰਾ ਰਸਾਂ ਦਾ ਲੋਭੀ ਭੌਰਾ ਹੈ :

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥੨॥[134]

---

133 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੭.
134 ਉਹੀ,,ਪੰਨਾ ੭੧੦.

ਇਨ੍ਹਾਂ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਨੇ ਮਨ ਨੂੰ ਬੰਨ੍ਹ ਕੇ ਮਾਰਿਆ ਹੈ। ਪਰ ਇਹ ਐਨੇ ਅਥੱਕ ਹਨ, ਫਿਰ ਵੀ ਨਹੀਂ ਥੱਕਦੇ। ਗੁਰੂ ਜੀ ਨੇ 'ਮਾਇਆ' ਦੀ ਵਿਕਰਾਲਤਾ, ਭਿਆਨਕਤਾ ਤੇ ਕਰੂਪਤਾ ਨੂੰ ਦਰਸਾ ਕੇ ਮਨੁੱਖ ਨੂੰ ਇਸ ਤੋਂ ਬਚਣ ਲਈ ਗੁਰੂ ਦੀ ਸ਼ਰਨ ਦੀ ਗੱਲ ਕੀਤੀ ਹੈ :-

ਦੇਵ ਸੰਸੈ ਗਾਂਠਿ ਨ ਛੂਟੈ॥

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੈ ॥ਰਹਾਉ॥[135]

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀਂ॥੨॥

ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥[136]

ਮਾਇਆ, ਖੁਸ਼ੀ, ਗਮੀ, ਸੁਰਗ, ਨਰਕ, ਦੁਖਾਂ ਦੇ ਮੂਲ ਤੇ ਲੋਭ ਦੇ ਰੂਪ ਵਿੱਚ ਵਿਆਪਦੀ ਹੈ। ਭਰਮ-ਜਾਲ ਮਨੁੱਖ ਨੂੰ ਹਨ੍ਹੇਰੇ ਵਿੱਚ ਰੱਖਦਾ ਹੈ। ਮਾਇਆ ਮਨੁੱਖ ਤੇ ਬ੍ਰਹਮ ਵਿਚਕਾਰ ਝੂਠੇ ਫਰਕ ਦਾ ਕਾਰਨ ਬਣਦੀ ਹੈ। ਮਾਇਆ ਨਾ ਤੱਤ ਹੈ ਤੇ ਨਾ ਪ੍ਰਕਿਰਿਆ ਹੈ, ਸਗੋਂ ਇਕ ਸ਼ਕਤੀ-ਸਰੂਪ ਹੈ।

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥

ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥੩॥[137]

ਇਨ ਦੂਤਨ ਖਲੁ ਬਧੁ ਕਰਿ ਮਾਰਿਓ॥

ਬਡੋ ਨਿਲਾਜੁ ਅਜਹੂ ਨਹੀ ਹਾਰਿਓ॥[138]

- ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੂ ਆਰਾ ਪਾਰੁ ਨ ਸੂਝ॥[139]

ਮਾਇਆ ਨਾਸ਼ਮਾਨ ਜੀਵ ਦਾ ਜਿਹੜਾ ਸ਼ਾਬਦਿਕ ਚਿੱਤਰ 'ਰਵਿਦਾਸ-ਬਾਣੀ' ਵਿੱਚ ਉਲੀਕਿਆ ਗਿਆ ਹੈ। ਉਹ ਵਾਕਈ ਲਾ-ਮਿਸਾਲ ਹੈ। 'ਮਾਟੀ ਕੋ ਪੁਤਰਾ' ਦੀ ਭਟਕਣ ਅਤੇ ਲਟਕਣ ਨੂੰ ਬਹੁਤ ਹੀ ਸੋਹਣੇ ਉਪਮਾਨਾਂ ਨਾਲ ਬਿਆਨਿਆ ਗਿਆ ਹੈ। 'ਘਾਸ ਕੀ ਟਾਟੀ' ਸਮਾਨ

---

135 ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ ੯੭੩-੯੭੪.

136 ਉਹੀ, ਪੰਨਾ ੬੫੮

137 ਉਹੀ, ਪੰਨਾ ੪੯੬.

138 ਉਹੀ,ਪੰਨਾ ੭੧੦

139 ਉਹੀ, ੩੪੬

ਤਨ ਦੀ ਵਾਸਤਵਿਕਤਾ ਨੂੰ ਪੇਸ਼ ਕਰਕੇ ਸਾਨੂੰ ਸੁਮਾਰਗ ਦੀ ਸੋਝੀ ਕਰਵਾਈ ਹੈ। 'ਮਾਇਆ' ਦੇ ਧੜੇ ਚੜ੍ਹੇ ਮਨ ਨੂੰ ਆਪਣੀ ਅਸਲੀਅਤ ਬਾਰੇ ਜਾਣੂ ਕਰਵਾ ਕੇ ਪੰਜ ਵਿਕਾਰਾਂ ਤੋਂ ਸੁਚੇਤ ਰਹਿਣ ਦੀ ਵੀ ਸਿੱਖਿਆ ਦਿੱਤੀ ਗਈ ਹੈ:

ਮਨ ਕਾ ਸੁਭਾਉ ਸਭੁ ਕੋਈ ਕਰੈ
ਕਰਤਾ ਹੋਇ ਸੁ ਅਨਭੈ ਰਹੈ।[140]

ਮਾਇਆ ਦੇ ਰਾਗ-ਰੰਗਾਂ ਨੂੰ ਛਿਣ-ਭੰਗਰ ਕਰਨ ਲਈ 'ਨਾਮ' ਦਾ ਆਸਰਾ ਮਾਇਆ ਦੇ ਕਨਕ-ਕਾਮਿਨੀ ਪ੍ਰਪੰਚ ਨੂੰ ਤੋੜ੍ਹਨ ਲਈ ਗੁਰੂ ਦੀ ਸ਼ਰਨ ਵਿੱਚ ਜਾਣਾ :-

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੧॥[141]
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥੧॥[142]

ਇੰਜ 'ਰਵਿਦਾਸ-ਬਾਣੀ' ਵਿੱਚ ਸਪੱਸ਼ਟ ਹੁੰਦਾ ਹੈ ਕਿ ਮਾਨਵ ਆਪਣੀ ਮਲੀਨ ਮਤਿ ਨੂੰ 'ਨਾਮ' ਪਦਾਰਥ ਵਿੱਚ ਰੰਗ ਕੇ ਪ੍ਰਭੂ ਪਾਸੋਂ ਸੁਮਤਿ ਦੀ ਬਖਸ਼ਿਸ਼ ਪ੍ਰਾਪਤ ਕਰਦਾ ਦੁਨਿਆਵੀ ਮੋਹ-ਮਾਇਆ ਦੇ ਸੰਤਾਪ ਤੋਂ ਵੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ 'ਮਾਇਆ' ਨੂੰ ਬ੍ਰਹਮ ਦੀ ਰਚਨਾ ਕਿਹਾ ਹੈ। ਮਾਇਆ, ਮਨੁੱਖ ਅਤੇ ਪਰਮਾਤਮਾ ਦੇ ਮੇਲ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਮਾਇਆ ਦੀ ਪ੍ਰਾਪਤੀ ਲਈ ਮਨੁੱਖ ਕਈ ਤਰ੍ਹਾਂ ਦੇ 'ਪਾਪ' ਕਰਦਾ ਹੈ। ਵਿਕਾਰਾਂ ਵਿੱਚ ਗ੍ਰਸਤ ਰਹਿੰਦਾ ਹੈ। ਮਾਇਆ-ਜਾਲ ਦੇ ਭਰਮ ਵਿੱਚ ਫਸ ਕੇ ਮਨੁੱਖ ਜੋ ਕੁਝ ਦੇਖਦਾ ਹੈ, ਉਹ ਸਭ ਝੂਠ ਹੈ :-

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ਰਹਾਉ॥[143]

ਉਨ੍ਹਾਂ ਅਨੁਸਾਰ ਮਨੁੱਖ ਦੀ ਮਾਇਆ ਪ੍ਰਤੀ ਲਾਲਸਾ ਵਿਅਰਥ ਹੈ ਅਤੇ ਇਹ ਲਾਲਸਾ ਨੂੰ ਛੱਡ ਕੇ ਪਰਮਾਤਮਾ ਦਾ 'ਨਾਮ' ਲੈਣਾ ਚਾਹੀਦਾ ਹੈ, ਕਿਉਂਕਿ ਮਾਇਆ ਅਸਥਿਰ ਹੈ, ਪ੍ਰਭੂ ਦਾ

---

140 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੭
141 ਉਹੀ, ਪੰਨਾ ੩੪੫-੪੬
142 ਉਹੀ, ਪੰਨਾ ੬੫੮
143 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੭

'ਨਾਮ' ਹੀ ਸਥਿਰ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਸੰਸਾਰ ਦੇ ਪ੍ਰਾਣੀਆਂ ਤੇ ਮਾਇਆ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ। ਮਾਇਆ ਸਾਧਕ ਨੂੰ ਪਰਮਾਤਮਾ ਤੋਂ ਦੂਰ ਕਰਦੀ ਹੈ। ਮਾਇਆ ਵਿੱਚ ਫਸਿਆ ਜੀਵ ਭਟਕਦਾ ਹੈ ਅਤੇ ਹਾਸੋਹੀਣਾ ਹੁੰਦਾ ਹੈ। ਇਸ ਤੋਂ ਉਹੀ ਬਚਦਾ ਹੈ, ਜੋ ਪਰਮਾਤਮਾ ਨਾਲ ਪਿਆਰ ਕਰਦਾ ਹੈ।

ਭਾਰਤੀ ਦਾਰਸ਼ਨਿਕ ਪਰੰਪਰਾ ਵਿੱਚ ਮਾਇਆ-ਸਿਧਾਂਤ ਦਾ ਮਹੱਤਵਪੂਰਨ ਸਥਾਨ ਹੈ। ਇਸ ਦੇ ਬਾਨੀ ਸੰਕਰਾਚਾਰੀਆ ਹਨ। ਉਹ ਅਦਵੈਤਵਾਦੀ ਸਿਧਾਂਤ ਦੀ ਸਹਾਇਤਾ ਨਾਲ ਬ੍ਰਹਮ, ਜੀਵ ਅਤੇ ਜਗਤ ਦੇ ਆਪਸੀ ਸੰਬੰਧਾਂ ਨੂੰ ਨਿਸ਼ਚਿਤ ਕਰਨ ਦਾ ਯਤਨ ਕਰਦੇ ਹਨ। ਸੰਕਰਾਚਾਰੀਆ ਤੋਂ ਬਾਅਦ ਵਿੱਚ ਆਉਣ ਵਾਲੇ ਵਿਚਾਰਵਾਨਾਂ ਨੇ ਵੀ ਇਸ ਸਿਧਾਂਤ ਦੀ ਵਿਆਖਿਆ ਆਪਣੇ-ਆਪਣੇ ਢੰਗ ਨਾਲ ਕੀਤੀ ਹੈ। ਵੇਦਾਂਤ ਤੇ ਕੰਮ ਕਰਨ ਵਾਲੇ ਪੱਛਮੀ ਵਿਦਵਾਨਾਂ ਨੇ ਵੀ ਇਸ ਸਿਧਾਂਤ ਦੀ ਮਹੱਤਤਾ ਨੂੰ ਸਵੀਕਾਰਿਆ ਹੈ। ਡਾ. ਰਾਧਾ ਕ੍ਰਿਸ਼ਨਨ ਵਰਗੇ ਉੱਘੇ ਚਿੰਤਕਾਂ ਨੇ ਵੀ ਮਾਇਆ ਸਿਧਾਂਤ ਦੀ ਨਵੀਨ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ।[144] ਭਗਤਾਂ ਨੇ 'ਮਾਇਆ' ਦੇ ਸੰਬੰਧ ਵਿੱਚ ਵਿਸਤ੍ਰਿਤ ਚਰਚਾ ਕੀਤੀ ਹੈ। ਉਨ੍ਹਾਂ ਨੇ 'ਮਾਇਆ' ਦੇ ਦੋ ਰੂਪਾਂ ਦਾ ਵਰਨਣ ਕੀਤਾ ਹੈ। ਵਿੱਦਿਆ ਮਾਇਆ ਅਤੇ ਅਵਿੱਦਿਆ ਮਾਇਆ।[145] 'ਵਿੱਦਿਆ ਮਾਇਆ' ਤੋਂ ਭਾਵ ਈਸ਼ਵਰ ਦਾ ਸ਼ਕਤੀ ਰੂਪ ਵਿੱਚ ਪ੍ਰਗਟ ਹੋਣਾ ਹੈ। ਅਵਿੱਦਿਆ ਮਾਇਆ ਤੋਂ ਭਾਵ ਮਾਨਵੀ ਅਗਿਆਨ ਹੈ, ਜਿਸ ਦੇ ਅਧੀਨ ਹਰ ਦਿਨ ਜੀਵ ਹੈ। ਇਸੇ ਕਾਰਨ ਮਨੁੱਖ ਇਸ ਸੰਸਾਰ ਵਿੱਚ ਲਿਪਤ ਹੋ ਜਾਂਦਾ ਹੈ।

'ਭਗਤ ਰਵਿਦਾਸ ਬਾਣੀ' ਵਿੱਚ ਵੀ ਅਵਿੱਦਿਆ ਮਾਇਆ-ਸੰਬੰਧੀ ਪੱਦ ਉਪਲਬਧ ਹੁੰਦੇ ਹਨ। ਰਵਿਦਾਸ ਜੀ ਦੀਆਂ ਇਹ ਸਤਰਾਂ ਇਸ ਪ੍ਰਸੰਗ ਵਿੱਚ ਮਹੱਤਵਪੂਰਣ ਹਨ :

ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥[146]

ਭਗਤ ਰਵਿਦਾਸ ਜੀ ਅਨੁਸਾਰ ਜਿੱਥੇ ਵਿਦਿਆ ਮਾਇਆ ਪਰਮਾਤਮਾ ਦਾ ਸੱਚਾ ਪ੍ਰਕਾਸ਼ ਹੈ, ਉਥੇ 'ਅਵਿਦਿਆ ਮਾਇਆ' ਮਲੀਨ ਹੈ। ਜੀਵ ਇਸ ਅਵਿਦਿਆ ਮਾਇਆ ਦੇ ਚੱਕਰ ਵਿੱਚ

---

144 ਪੰਜਾਬੀ ਦੁਨੀਆ, ਗੁਰੂ ਰਵਿਦਾਸ-ਵਿਸ਼ੇਸ਼-ਅੰਕ, ਪੰਨਾ ੭੧.

145 ਰਾਧਾ ਕ੍ਰਿਸ਼ਨ, ਭਾਰਤੀਯ ਦਰਸ਼ਨ, ਖੰਡ ਦੂਸਰਾ, ਪੰਨਾ 492-99.

146 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 346

ਫਸ ਜਾਂਦਾ ਹੈ। ਜੀਵ ਅਣਗਿਣਤ ਜੂਨੀਆਂ ਵਿੱਚ ਭਟਕਦਾ ਰਹਿੰਦਾ ਹੈ। ਇਸ ਅਵਿੱਦਿਆ ਮਾਇਆ ਦੇ ਕਾਰਣ ਮਨੁੱਖ ਵਿੱਚ 'ਮੈ' ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। 'ਮੈਂ' ਸਮਾਪਤ ਕਰਨ ਤੇ ਹੀ ਈਸ਼ਵਰੀ ਸ਼ਕਤੀ ਰੂਪੀ 'ਵਿਦਿਆ ਮਾਇਆ' ਦਾ ਗਿਆਨ ਹੁੰਦਾ ਹੈ ਅਤੇ ਭਗਤ ਬ੍ਰਹਮ ਦਾ ਸੱਚਾ ਗਿਆਨ ਪ੍ਰਾਪਤ ਕਰਦਾ ਹੈ :-

ਜਬ ਹਮ ਹੋਤੇ ਤਬ ਤੂ ਨਾਂਹੀ ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਿਰ ਮਇ ਓਦਧਿ ਜਲ ਕੇਵਲ ਜਲ ਮਾਂਹੀ॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ ਰਹਾਉ॥[147]

ਭਾਰਤੀ ਦਰਸ਼ਨ ਵਿੱਚ 'ਮਾਇਆ' ਦੇ ਭਿਆਨਕ ਰੂਪ ਸਾਹਮਣੇ ਮੌਤ ਦਾ ਸਹਿਮ ਵੀ ਮੱਧਮ ਪੈ ਜਾਂਦਾ ਹੈ। ਵੇਦਾਂ, ਉਪਨਿਸ਼ਦਾਂ, ਗੋਰਖਬਾਣੀ ਅਤੇ ਮੱਧਕਾਲੀਨ ਬਾਣੀ ਕਾਵਿ ਵਿੱਚ 'ਮਾਇਆ' ਦੀ ਥਾਂ-ਥਾਂ ਤੇ ਨਿੰਦਾ ਕੀਤੀ ਮਿਲ ਜਾਂਦੀ ਹੈ। ਨਿਰਗੁਣ ਤੇ ਸਰਗੁਣ ਕਾਵਿਧਾਰਾ, ਇਕਸੁਰ ਵਿੱਚ ਇਸ ਨੂੰ ਰੋਕਦੇ ਹਨ। ਗੁਰਬਾਣੀ ਵਿੱਚ ਇਸ ਨੂੰ 'ਮਾਇਆ ਮਮਤਾ ਮੋਹਣੀ ਜਿਨੁ ਵਿਣੁ ਦੰਤਾ ਜਗ ਖਾਇਆ'[148] ਆਖਦਿਆਂ ਦੁਰਕਾਰਿਆ ਗਿਆ ਹੈ। 'ਰਵਿਦਾਸ ਬਾਣੀ' ਵਿੱਚ ਜੀਵ ਆਤਮਾ ਤੇ ਪਰਮਾਤਮਾ ਦੀ ਦੂਰੀ ਦਾ ਕਾਰਨ ਇਸ 'ਮਾਇਆ' ਨੂੰ ਹੀ ਮੰਨਿਆ ਗਿਆ ਹੈ। ਆਪ ਜੀ ਇਸ ਮਾਇਆ ਨੂੰ 'ਸਭ ਜਗਤ ਬਿਆਪਿਓ'[149] ਹੋਣ ਕਾਰਨ 'ਭਰਮ ਫਾਸ'[150] ਦੱਸਦੇ ਹਨ, ਜਿਸ ਨੇ ਮਾਨਵ-ਮਨ ਆਪਣੇ ਭਰਮ-ਜਾਲ ਵਿੱਚ ਬੱਧਾ ਹੋਇਆ ਹੈ।[151] ਏਸੇ ਭਰਮ-ਜਾਲ ਵਿੱਚ ਫਾਥੇ ਮਨੁੱਖ ਦਾ ਮਨ 'ਬਿਖਿਆ ਬਿਮੋਹਿਆ'[152] 'ਕੁਛ ਆਰ ਪਾਰ ਨਾ ਸੂਝ'[153] ਬਣ ਜਾਂਦਾ ਹੈ।

ਗੁਰਬਾਣੀ ਤੇ 'ਰਵਿਦਾਸ ਬਾਣੀ' 'ਮਾਇਆ' ਨੂੰ ਪ੍ਰਬਲ ਦਸਦਿਆਂ ਇਸ ਦੇ ਦੋਵੇਂ ਰੂਪ ਬਿਆਨ ਕਰਦੀ ਹੈ। 'ਸਥੂਲ ਅਤੇ ਸੂਖਮ' 'ਮਾਇਆ' ਦਾ ਸਥੂਲ ਰੂਪ ਧਨ, ਦੌਲਤ, ਘਰ,

---

147 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੪
148 ਉਹੀ, ਪੰਨਾ ੬੪੩
149 ਉਹੀ, ਪੰਨਾ ੬੪੪
150 ਉਹੀ, ਪੰਨਾ ੩੪੬
151 ਉਹੀ, ਪੰਨਾ ੭੧੦
152 ਉਹੀ, ਪੰਨਾ ੮੯੪
153 ਉਹੀ, ਪੰਨਾ ੩੪੬

ਮੰਦਰ, ਨਰ, ਨਾਰੀ, ਪੁੱਤਰ ਕਲਤਰ ਆਦਿ ਨਾਲ ਸੰਬੰਧਿਤ ਹੈ। ਸੂਖਮ ਮਾਇਆ ਦਾ ਰੂਪ ਮਾਨਵ-ਮਨ ਦੇ ਮਨੋਵਿਕਾਰ ਮੰਨੇ ਗਏ ਹਨ, ਜਿਸ ਦੇ ਪ੍ਰਭਾਵ ਤੋਂ ਦੇਵ ਤੇ ਮਾਨਵ ਦੋਵੇਂ ਪ੍ਰਭਾਵਤ ਹਨ। ਮਾਇਆ ਦੇ ਕਾਮ-ਰੂਪ ਨੇ ਰਾਜਾ ਇੰਦਰ ਨੂੰ ਗੋਤਮ ਰਿਖੀ ਦੀ ਇਸਤ੍ਰੀ ਅਹੱਲਿਆ ਅਤੇ ਬ੍ਰਹਮਾ ਨੂੰ ਆਪਣੀ ਹੀ ਧੀ ਉਪਰ ਮੋਹਿਤ ਕਰ ਦਿੱਤਾ। (ਗੌਤਮ ਨਾਰਿ ਉਮਾਪਤਿ ਸ੍ਵਾਮੀ, ਸੀਸ ਧਰਨਿ ਸਹਸ ਭਗ ਗਾਮੀ)। ਮਾਨਵ ਖੁਦ 'ਮਾਟੀ ਕਾ ਪੁਤਲਾ' ਹੋਣ ਦੇ ਬਾਵਜੂਦ ਮੋਹ ਵੱਸ ਪੁੱਤਰ ਕਲੱਤਰ ਦਾ ਅਹੰਕਾਰ ਕਰਦਿਆਂ ਵਸਤੂ-ਸੰਸਾਰ ਦੀਆਂ ਭੋਗੀ ਰੁਚੀਆਂ ਵਿੱਚ ਗਲਤਾਨ ਹੈ।[154] ਭਗਤ ਰਵਿਦਾਸ ਜੀ, ਤਾਂ ਏਸ ਗਲੋਂ ਹੈਰਾਨ ਹਨ ਕਿ ਹਿਰਨ ਨੂੰ ਘੰਡੇ ਹੇੜੇ ਦਾ ਸੰਗੀਤ ਸੁਣਨ ਦਾ ਰਸ, ਮੱਛੀ ਨੂੰ ਜੀਭ ਦਾ ਚਸਕਾ, ਭੌਰੇ ਨੂੰ ਫੁੱਲ ਸੁੰਘਣ ਦੀ ਵਾਦੀ, ਪਰਵਾਨੇ ਨੂੰ ਅੱਖਾਂ ਨਾਲ ਵੇਖਣ ਦੀ ਆਦਤ ਅਧੀਨ ਸ਼ਮ੍ਹਾ ਉੱਤੇ ਸੱੜ ਮਰਨਾ, ਹਾਥੀ ਦਾ ਕਾਮ-ਵਾਸ਼ਨਾ ਦੇ ਰੋਗ ਅਧੀਨ ਗੁਲਾਮ ਬਣ ਜਾਣਾ, ਇਹ ਸਾਰੇ ਇਕ ਦੋਸ਼ ਦੇ ਭਾਗੀ ਹੋਣ ਕਾਰਨ ਆਪਣੀ ਜਾਨ ਤੋਂ ਹੀ ਹੱਥ ਧੋ ਬੈਠਦੇ ਹਨ, ਪਰ ਮਾਨਵ-ਮਨ, ਜਿਸ ਨੂੰ ਇਹ ਪੰਜੇ ਰੋਗ ਚੰਬੜੇ ਹੋਏ ਹਨ, ਉਸ ਦਾ ਕੀ ਹਾਲ ਹੋ ਸਕਦਾ ਹੈ। ਇਹ ਪੰਜੇ ਜੀਵ ਆਤਮਾ ਤੇ ਪਰਮਾਤਾਮਾ ਵਿੱਚ ਪਈ ਵਿਥ ਨੂੰ ਵਧਾਉਣ ਦੇ ਕਾਰਨ ਹਨ।[155] 'ਰਵਿਦਾਸ-ਬਾਣੀ' ਤੇ ਗੁਰਮਤਿ 'ਮਾਇਆ' ਨੂੰ ਪਰਮਾਤਮਾ ਦੀ 'ਦਾਸੀ' ਮੰਨਦੀ ਹੈ। ਇਸ ਲਈ ਜੋ ਪਰਮਾਤਮਾ ਦੀ ਸ਼ਰਨ ਲੈਂਦਾ ਹੈ, ਉਹ 'ਹਰਿ ਨਾਮ ਸਿਮਰਨ' ਦੁਆਰਾ 'ਮਾਇਆ' ਦੇ ਇਸ ਪ੍ਰਭਾਵ ਤੋਂ ਬਚ ਜਾਂਦਾ ਹੈ।'ਮਾਇਆ' ਦੇ ਭਰਮ ਅਤੇ ਵਿੱਦਿਆ-ਵੱਸ ਜੀਵ ਜੋ ਕੁਝ ਦੇਖਦਾ ਹੈ, ਵਾਸਤਵ ਵਿੱਚ ਉਹ ਅਜਿਹਾ ਨਹੀਂ ਹੈ। 'ਜੀਵ' ਤਾਂ ਬ੍ਰਹਮ ਦਾ ਅੰਸ਼ ਹੈ, ਬ੍ਰਹਮ-ਰੂਪ ਹੈ, ਪਰ 'ਮਾਇਆ' ਦੇ ਪ੍ਰਭਾਵ ਅਧੀਨ ਉਸਦੀ ਸਥਿਤੀ ਉਸ ਰਾਜੇ ਵਰਗੀ ਹੈ, ਜਿਹੜਾ ਸਭ ਕੁਝ ਹੁੰਦਿਆਂ ਹੋਇਆ ਵੀ, ਸੁਪਨੇ ਵਿੱਚ ਆਪਣੇ ਆਪ ਨੂੰ ਭਿਖਾਰੀ ਦੇ ਰੂਪ ਵਿੱਚ ਦੇਖ ਕੇ ਪੀੜਤ ਹੁੰਦਾ ਹੈ। 'ਮਾਇਆ' ਨੇ ਇਸ ਸਾਰੀ ਸ੍ਰਿਸ਼ਟੀ ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ।

### ਸਾਧਨਾ ਮਾਰਗ

ਭਗਤ ਰਵਿਦਾਸ ਅਨੁਸਾਰ ਅਧਿਆਤਮਿਕਤਾ ਦਾ ਇਕ ਆਧਾਰ ਸਾਧਨਾ ਮਾਰਗ ਹੈ। ਸਾਧਨਾ ਮਾਰਗ ਦੇ ਅੰਤਰਗਤ ਭਗਤੀ, ਨਾਮ-ਸਿਮਰਨ, ਸਤਿਸੰਗਤ ਆਦਿ ਅਜਿਹੇ ਸਾਧਨ ਹਨ

---

154 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੬

155 ਉਹੀ, ਪੰਨਾ ੪੮੬

ਜੋ ਮਨੁੱਖ ਨੂੰ ਅਧਿਆਤਮ ਦੇ ਉੱਚ ਪੱਧਰ ਤੇ ਪਹੁੰਚਾ ਦਿੰਦੇ ਹਨ ਅਤੇ ਜਿਥੇ ਪਹੁੰਚ ਕੇ ਮਨੁੱਖ ਆਪਣੇ ਆਪ ਨੂੰ ਉਸ ਪਰਮਾਤਮਾ ਦਾ ਹੀ ਰੂਪ ਮੰਨ ਲੈਂਦਾ ਹੈ ਭਾਵ ਉਹ ਤੋਹੀ ਮੋਹੀ ਅੰਤਰ ਕੈਸਾ ਵਾਲੀ ਸਥਿਤੀ ਵਿਚ ਪੁਜ ਜਾਂਦਾ ਹੈ ਤੇ ਆਪਣੇ ਜਨਮ ਨੂੰ ਉਸ ਪਰਤਾਮਾ ਦੀ ਅਮੁਲ ਦੇਨ ਮੰਨਦਾ ਹੋਏ ਉਸਦੀ ਭਗਤੀ, ਅਰਾਧਨਾ ਲੇਖੇ ਲਾ ਦਿੰਦਾ ਹੈ-

ਭਗਤੀ

ਗੁਰਮਤਿ ਵਾਂਗ ਭਗਤ ਰਵਿਦਾਸ-ਬਾਣੀ ਵਿੱਚ ਪ੍ਰਦਰਸ਼ਤ ਹੁੰਦਾ ਭਗਤੀ-ਮਾਰਗ, ਜਾਪ, ਤਾਪ, ਨੇਮ, ਸੁਚ, ਸੰਜਮ ਦੇ ਬੰਧੇਜ ਤੋਂ ਮੁਕਤ ਹੈ। ਇਹ ਕਰਮ-ਕਾਂਡ ਦੀ ਸੀਮਾ ਪਾਰ ਕਰਕੇ ਸਤਿਗੁਰ ਦੀ ਮਿਹਰ ਸਦਕਾ ਕੀਰਤਨ ਦੇ ਬਲ ਨਾਲ ਅਧਿਆਤਮਿਕ ਮੰਡਲ ਦੀਆਂ ਉਡਾਰੀਆਂ ਲਾਉਣ ਵਾਲਾ ਹੈ। ਗੁਰਮਤਿ ਵਾਂਗ ਇਹ ਵੀ ਪਰਿਵਿਰਤੀ ਮਾਰਗ ਅਪਣਾਉਂਦਾ ਗ੍ਰਿਹਿਸਥੀ ਜੀਵਨ ਨੂੰ ਤਰਜੀਹ ਦਿੰਦਾ ਹੈ। ਇਹ ਅੰਧ-ਵਿਸ਼ਵਾਸ ਅਧੀਨ ਸਭ ਕੁਝ ਰਾਮ ਆਸਰੇ ਛੱਡ ਹੱਥ ਤੇ ਹੱਥ ਰੱਖ ਕੇ ਨੀਰਸ ਜੀਵਨ ਬਿਤਾਉਣ ਦੀ ਥਾਂ ਸੁੱਚੀ ਕਿਰਤ ਕਰਨ ਤੇ ਜ਼ੋਰ ਦਿੰਦੀ ਹੈ।[156] ਇਹ ਮਾਰਗ ਕਿਸੇ ਵੀ ਧਰਮ ਦੀ ਨਿੰਦਿਆ ਨਹੀਂ ਕਰਦਾ, ਸਗੋਂ ਉਨ੍ਹਾਂ ਵਿੱਚ ਆਈਆਂ ਕੁਰੀਤੀਆਂ ਦੀ ਨਿਖੇਧੀ ਕਰਦਾ ਹੈ। ਇਹ ਕੁਰੀਤੀਆਂ ਚਾਹੇ ਉਹ ਕਿਸੇ ਵੀ ਧਰਮ ਵਿੱਚ ਹੋਣ। ਇਨ੍ਹਾਂ ਦੀ ਵਿਚਾਰਧਾਰਾ ਅਨੁਸਾਰ 'ਪ੍ਰਭੂ-ਭਗਤੀ' ਹੀ ਮਾਨਵ ਦੇ ਦੁਖ-ਦਰਿੱਦਰ ਦੂਰ ਕਰ ਕੇ 'ਸਹਿਜ ਅਵਸਥਾ' ਪ੍ਰਦਾਨ ਕਰਨ ਦੇ ਸਮੱਰਥ ਹੈ।[157] ਇਸੇ ਲਈ ਜੇਕਰ ਰਵਿਦਾਸ-ਬਾਣੀ ਵਿੱਚ 'ਹਉ ਬਨਜਾਰੇ ਰਾਮ ਕੋ ਸਹਜ ਕਰਉ ਬਪਾਰ'[158] ਦੀ ਧੁਨ ਅਲਾਪੀ ਗਈ ਹੈ, ਤਾਂ ਗੁਰੂ ਨਾਨਕ-ਬਾਣੀ ਵਿੱਚ 'ਮੈਂ ਬਨਜਾਰਨਿ ਰਾਮ ਕੀ ॥ਤੇਰਾ ਨਾਮੁ ਵਖਰੁ ਵਾਪਾਰੁ ਜੀ'[159] ਕੀ ਸੁਰ ਗੂੰਜਦੀ ਹੈ।

ਗੁਰਬਾਣੀ ਅਨੁਸਾਰ ਭਗਤੀ ਪਰਮਾਤਮਾ ਦੀ ਪ੍ਰਾਪਤੀ ਦਾ ਇੱਕ ਵਿਸ਼ੇਸ਼ ਸਾਧਨ ਹੈ। ਮੁਕਤੀ ਦੀ ਪ੍ਰਾਪਤੀ ਲਈ ਭਗਤੀ ਇੱਕ ਅਜਿਹਾ ਰਸਤਾ ਹੈ, ਜਿਸ ਤੇ 'ਚੱਲ ਕੇ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ :

---

156 ਉਦਮ ਕਰੇਦਿਆ ਜੀਉ ਤੂ ਕਮਾਵਦਿਆ ਸੁਖ ਭੁੰਚੁ॥, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੨, ਘਾਲਿ ਖਾਇ ਕਿਛੁ ਹਥਹੁ ਦੇਇ, ਉਹੀ, ਪੰਨਾ ੧੨੪੫

157 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

158 ਉਹੀ, ਪੰਨਾ ੬੫੯

159 ਉਹੀ, ਪੰਨਾ ੧੫੭

ਬਿਨੁ ਭੈ ਭਗਤੀ ਤਰਨੁ ਕੈਸੇ॥[160]

ਅਤੇ

ਭਗਤਿ ਭਾਇ ਤਰੀਐ ਸੰਸਾਰੁ॥

ਬਿਨੁ ਭਗਤੀ ਤਨੁ ਹੋਸੀ ਛਾਰੁ॥[161]

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਪ੍ਰਭੂ-ਭਗਤੀ 'ਤੇ ਜ਼ੋਰ ਦਿੱਤਾ ਹੈ। ਭਗਤੀ ਦੀ ਉਪਮਾ ਕਰਦੇ ਹੋਏ ਆਪ ਫੁਰਮਾਉਂਦੇ ਹਨ :

ਤੁਮਰੇ ਭਜਨ ਕਟਹਿ ਜਮ ਫਾਂਸਾ॥

ਭਗਤਿ ਹੇਤ ਗਾਵੈ ਰਵਿਦਾਸਾ॥੫॥੫॥[162]

ਆਪ ਜੀ ਡੰਕੇ ਦੀ ਚੋਟ 'ਤੇ ਇਹ ਐਲਾਨ ਕਰਦੇ ਹਨ ਕਿ ਭਗਤੀ ਰਾਹੀਂ ਹੀ ਉਨ੍ਹਾਂ ਨੇ ਪ੍ਰਭੂ ਪ੍ਰਾਪਤੀ ਕੀਤੀ ਹੈ :

ਕਹਿ ਰਵਿਦਾਸ ਸਭੈ ਜਗੁ ਲੂਟਿਆ॥

ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥[163]

ਪਰਮਾਤਮਾ ਦੀ ਪ੍ਰਾਪਤੀ ਕੇਵਲ ਗਿਆਨ ਪੁਸਤਕਾਂ ਪੜ੍ਹਨ ਨਾਲ ਨਹੀਂ ਹੁੰਦੀ, ਸਗੋਂ ਉਨ੍ਹਾਂ ਤੇ ਅਮਲ ਕਰਨ ਨਾਲ ਹੁੰਦੀ ਹੈ।

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨਾ ਦਰਸੈ॥

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥੧॥

ਦੇਵ ਸੰਸੈ ਗਾਂਠਿ ਨ ਛੂਟੈ॥

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੈ॥੧॥ਰਹਾਉ॥

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥੨॥

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ॥

---

160 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੨੯
161 ਉਹੀ, ਪੰਨਾ ੨੯੦
162 ਉਹੀ, ਪੰਨਾ ੬੫੬
163 ਉਹੀ , ਪੰਨਾ ੭੯੭

ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ॥੩॥੧॥[164]

ਜੋਤ–ਤੋਂ–ਜੋਤ ਜਗਦੀ ਹੈ। ਲੋਹਾ ਪਾਰਸ ਨਾਲ ਛੂਹੇ, ਤਾਂ ਬਾਰਾ ਵੰਨੀ ਸੋਨਾ ਬਣਦਾ ਹੈ। 'ਨਾਮ' ਦਾ ਅਭਿਆਸ ਨਾਮੀ ਨਾਲ ਛੋਹ ਦਾ ਕਾਰਨ ਬਣਦਾ ਹੈ। ਨਿਰਾ ਪੁਸਤਕਾਂ ਰਟਣ ਕਰਨ ਨਾਲ ਤਾਂ ਲੋਭ, ਮੋਹ, ਕ੍ਰੋਧ, ਈਰਖਾ ਤੇ ਅਹੰਕਾਰ ਹੀ ਵਧਦੇ ਹਨ। ਪ੍ਰੇਮਾ ਭਗਤੀ ਹੀ ਪਰਮ ਪਦ ਦੀ ਪ੍ਰਾਪਤੀ ਦਾ ਹੇਤੂ ਹੈ। ਭਗਤ ਰਵਿਦਾਸ ਜੀ ਪ੍ਰੇਮਾ ਭਗਤੀ ਦੀ ਵਿਆਖਿਆ ਮੱਛੀ ਦਾ ਦ੍ਰਿਸ਼ਟਾਂਤ ਦੇ ਕੇ ਪ੍ਰਗਟਾਉਂਦੇ ਹਨ :–

ਮੀਨ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥੨॥[165]

ਭਗਤ ਜੀ ਆਖਦੇ ਹਨ, ਹਰੀ ਕਿਸੇ ਖਾਸ ਮਨੁੱਖ ਜਾਂ ਕੌਮ ਦੀ ਮਲਕੀਅਤ ਨਹੀਂ ਹੁੰਦਾ ਹੈ। ਉਹ ਪ੍ਰੇਮ ਵਸ ਹੈ :

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥੩॥੨॥[166]

ਇਹ ਪ੍ਰੀਤ ਮੈਂ ਮਹਿੰਗੇ ਮੁੱਲ ਲਈ ਹੈ :

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥੧॥ ਰਹਾਉ॥[167]

ਮੇਰੀ ਤਾਂ ਇਹ ਪ੍ਰੀਤ ਲਾਲਸਾ ਹੈ:

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥[168]

ਜਿਸ ਨਾਲ ਪ੍ਰੇਮ ਹੋਵੇ, ਉਸ ਦੀ ਯਾਦ ਮਨ ਵਿੱਚ ਸਦਾ ਰਹਿੰਦੀ ਹੈ। ਜਿਸ ਨੂੰ ਯਾਦ ਕਰਦੇ ਰਹੀਏ, ਉਸ ਨਾਲ ਪ੍ਰੇਮ ਉਗਮਦਾ ਹੈ। ਸਿਮਰਨ ਅਤੇ ਪ੍ਰੇਮ ਦੋਵੇਂ ਇੱਕ ਦੂਜੇ ਦੇ ਸਾਨੀ ਹਨ।

---

164 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੩
165 ਉਹੀ, ਪੰਨਾ ੬੫੮
166 ਉਹੀ, ਪੰਨਾ ੬੫੯
167 ਉਹੀ, ਪੰਨਾ ੬੯੪
168 ਉਹੀ,

ਇਸੇ ਲਈ ਭਗਤ ਜੀ ਨੇ ਸਿਮਰਨ ਤੇ ਜ਼ੋਰ ਦਿੱਤਾ, ਤਾਂ ਜੋ ਮਨ ਰੱਬੀ ਪ੍ਰੇਮ ਵਿੱਚ ਰੰਗਿਆ ਜਾਏ। ਇਹੋ ਪ੍ਰਾਰਥਨਾ ਉਹ ਨਿਰੰਕਾਰ ਅੱਗੇ ਸਦਾ ਕਰਦੇ ਹਨ :

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥੧॥
ਰਾਮ ਗੁਸਈਆ ਜੀਅ ਕੇ ਜੀਵਨਾ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥
ਚਰਣ ਨ ਛਾਡਉ ਸਰੀਰ ਕਲ ਜਾਈ॥
ਕਹੁ ਰਵਿਦਾਸ ਪਰਉ ਤੇਰੀ ਸਾਭਾ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥੧॥[169]

ਮੈਂ ਤਾਂ ਹੇ ਨਿਰੰਕਾਰ! ਇਹ ਜਨਮ ਤੁਹਾਡੇ ਲੇਖੇ ਲਾ ਦਿੱਤਾ ਹੈ। ਹੁਣ ਹੋਰ ਪਰਤਾਵਾ ਕੀ ਕਰਦੇ ਹੋ :-

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ ਜਨੁ ਕਉ ਪੂਰਨੁ ਦੀਜੈ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥੨॥੧॥[170]

ਰਵਿਦਾਸ ਜੀ ਮੁੱਢ ਤੋਂ ਹੀ ਨਿਰਗੁਣ ਧਾਰਾ ਦੇ ਭਗਤ ਸਨ। ਆਪ ਦੇ ਸਿਧਾਂਤ ਸਿੱਖ-ਸਿਧਾਂਤਾ ਦੇ ਬਿਲਕੁਲ ਅਨੁਕੂਲ ਹਨ, ਇਸੇ ਲਈ ਆਪ ਦੀ 'ਬਾਣੀ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

---

169 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੫.

170 ਉਹੀ, ਪੰਨਾ,੬੯੪.

## ਪ੍ਰਭੂ ਅਭੇਦਤਾ

ਭਗਤ ਰਵਿਦਾਸ ਜੀ ਲਈ ਅਸਲ ਵਿੱਚ ਪਰਮਾਤਮਾ ਨਾਲ ਸੰਬੰਧ ਸਥਾਪਿਤ ਕਰਨਾ ਅਤੇ ਉਸ ਦੀ ਪ੍ਰੇਮਾ ਭਗਤੀ ਵਿੱਚ ਪੂਰੀ ਤਰ੍ਹਾਂ ਲੀਨ ਹੋਣਾ ਹੀ ਧਰਮ ਹੈ, ਇਸ ਤੋਂ ਇਲਾਵਾ ਜਾਂ ਇਸ ਤੋਂ ਨੀਚੇ ਸਤਰ ਉੱਤੇ ਉਨ੍ਹਾਂ ਲਈ ਧਰਮ ਦੀ ਕੋਈ ਵੀ ਪੱਧਤੀ ਉਨੀ ਮਹੱਤਤਾ ਨਹੀਂ ਰੱਖਦੀ। ਉਹ ਕਹਿੰਦੇ ਹਨ ਇੱਕ ਪਾਸੇ ਸੰਸਾਰ ਅਤੇ ਸੰਸਾਰ ਦੇ ਦੁੱਖਾਂ ਸੁੱਖਾਂ ਨਾਲ ਬੰਨ੍ਹਿਆ ਹੋਇਆ ਜੀਵਨ ਵਿਧਾਨ ਹੈ ਅਤੇ ਉਸ ਤੋਂ ਪਾਰ ਦੂਜੇ ਪਾਸੇ ਆਨੰਦ ਸਰੂਪੀ ਪਰਮਾਤਮਾ ਹੈ। ਉਸ ਪਾਰਲੇ ਪਾਸੇ ਜਾਣ ਦਾ ਇੱਕ ਮਾਤਰ ਰਾਹ ਹੈ ਉਸ ਦੀ ਪ੍ਰੇਮਾ ਭਗਤੀ, ਉਸ ਦੀ ਉਸਤਤਿ, ਉਸ ਦੇ ਗੁਣਾਂ ਦਾ ਪ੍ਰੇਮ ਸਹਿਤ ਕੀਤਾ ਗਾਇਨ। ਹੋਰ ਕੋਈ ਰਾਹ ਜਾਂ ਪੂਜਾ ਵਿਧੀ ਇਸ ਦੇ ਤੁਲ ਨਹੀਂ।

ਉਸ ਵੇਲੇ ਦੀਆਂ ਧਾਰਮਿਕ ਰਹੁ-ਰੀਤਾਂ ਦੇ ਸੰਦਰਭ ਵਿੱਚ ਸੁਆਲ ਉਠਾਉਂਦੇ ਹੋਏ ਕਹਿੰਦੇ ਹਨ ਕਿ ਅਜਿਹੀਆਂ ਕਿਹੜੀਆਂ ਰੀਤੀਆਂ ਕੀਤੀਆਂ ਜਾਣ ਕਿ ਹਰ ਪਾਸੇ ਕਰਤਾ ਹੀ ਦਿਸ ਆਵੇ? ਨਾਲ ਹੀ ਆਪੇ ਜਵਾਬ ਦਿੰਦੇ ਹੋਏ ਕਹਿੰਦੇ ਹਨ ਕਿ ਕਰਮ ਆਦਿ ਦਾ ਵਿਚਾਰ ਕਰਕੇ ਮਨ ਵਿੱਚ ਪ੍ਰੇਮ ਨਹੀਂ ਕੇਵਲ ਸ਼ੰਕਾ ਹੀ ਪੈਦਾ ਹੁੰਦੀ ਹੈ ਅਤੇ ਸ਼ੰਕਾ ਨਾਲ ਅਭਿਮਾਨ ਤਾਂ ਪੈਦਾ ਹੋ ਸਕਦਾ ਹੈ ਪਰ ਕਰਤੇ ਲਈ ਪ੍ਰੇਮ ਪੈਦਾ ਨਹੀਂ ਹੋ ਸਕਦਾ। ਕਿਉਂਕਿ ਕਰਮਕਾਂਡੀ ਧਾਰਮਿਕ ਵਿਧੀ-ਵਿਧਾਨ ਇੰਜ ਹੈ ਜਿਵੇਂ ਹਾਥੀ ਦਾ ਇਸ਼ਨਾਨ ਹੋਵੇ। ਉਹ ਉਪਰੋਂ ਆਪਣੇ-ਆਪ ਤੇ ਮਿੱਟੀ ਪਾ ਕੇ ਆਪਣੇ-ਆਪ ਨੂੰ ਸ਼ੁੱਧ ਹੋਇਆ ਸਮਝ ਲੈਂਦਾ ਹੈ ਪਰ ਅਸਲ ਵਿੱਚ ਉਹ ਸ਼ੁੱਧ ਨਹੀਂ ਹੋਇਆ ਹੁੰਦਾ। ਧਾਰਮਿਕ ਪਰਪੱਕਤਾ ਹਾਸਿਲ ਕਰਨ ਲਈ ਉਹ ਕੇਵਲ ਪਰਮਾਤਮਾ ਦੇ ਗੁਣਾਂ ਦੇ ਗਾਇਨ ਨੂੰ ਹੀ ਸਰਵੋਤਮ ਮੰਨਦੇ ਹੋਏ ਕਹਿੰਦੇ ਹਨ :

ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥[171]

ਗੁਰਬਾਣੀ ਵਿੱਚ ਪ੍ਰਭੂ ਅਭੇਦਤਾ ਨੂੰ ਇੰਜ ਬਿਆਨ ਕੀਤਾ ਗਿਆ ਹੈ :

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥[172]

ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਮਨੁੱਖ ਦਾ ਜੀਵਨ ਮਨੋਰਥ ਪ੍ਰਭੂ ਮਿਲਾਪ ਦਰਸਾਇਆ ਗਿਆ ਹੈ। ਪਰਮਾਤਮਾ ਦੀ ਕ੍ਰਿਪਾ ਸਦਕਾ ਨਾਮ ਜਪਦੇ ਹੋਏ, ਹੌਲੀ-ਹੌਲੀ ਅਜਿਹੀ ਅਵਸਥਾ ਆਉਂਦੀ ਹੈ ਜਦੋਂ ਮਨੁੱਖ ਪਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਨੂੰ ਭਗਤ ਰਵਿਦਾਸ ਜੀ ਇਉਂ ਬਿਆਨ ਕਰਦੇ ਹਨ :

ਸੰਤ ਤੁਝੀ ਤਨ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ਰਹਾਉ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥੨॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ॥
ਜਣੀ ਲਖਾਵਹੁ ਅਸੰਤ ਪਾਪੀਸਣਿ॥੩॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥
ਸੰਤ ਅਨੰਤਹਿ ਤਹਿ ਅੰਤਰੁ ਨਾਹੀ॥[173]

ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਪ੍ਰਭੂ ਨਾਲ ਅਭੇਦਤਾ ਦਾ ਵਰਣਨ ਇਉਂ ਕੀਤਾ ਹੈ :-

ਸੰਤ ਅਨੰਤਹਿ ਤਹਿ ਅੰਤਰੁ ਨਾਹੀ॥[174]

---

171 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੬.
172 ਉਹੀ, ਪੰਨਾ ੑ ੧੪੨੮.
173 ਉਹੀ, ਪੰਨਾ ੪੮੬
174 ਉਹੀ, ਪੰਨਾ ੪੮੬

ਭਗਤੀ ਦਾ ਮੂਲ ਆਧਾਰ ਪ੍ਰਭੂ ਨਾਲ ਪ੍ਰੇਮ-ਸੰਬੰਧਾਂ ਦੀ ਪਹਿਚਾਣ ਹੈ। ਜਦੋਂ ਭਗਤ ਦਾ ਪ੍ਰੇਮ ਪ੍ਰਭੂ ਦੇ ਪ੍ਰਤੀ ਦ੍ਰਿੜ ਹੋ ਜਾਂਦਾ ਹੈ, ਤਾਂ ਉਸ ਵਿੱਚ ਅਭਿਮਾਨ ਦਾ ਨਾਸ਼ ਹੋ ਜਾਂਦਾ ਹੈ। ਉਸ ਵਿੱਚ ਸੇਵਾ ਭਾਵ ਅਤੇ ਨਿਮਰਤਾ ਦੇ ਗੁਣ ਆ ਜਾਂਦੇ ਹਨ :-

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥
ਮਾਧਉ ਸੰਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥੧॥ ਰਹਾਉ॥[175]

ਪ੍ਰਭੂ ਅਭੇਦਤਾ ਦੇ ਕਾਰਨ ਭਗਤ ਰਵਿਦਾਸ ਜੀ ਪਰਮਾਤਮਾ ਨਾਲ ਆਹਮੋ-ਸਾਹਮਣੇ ਵਾਰਤਾਲਾਪ ਕਰ ਰਹੇ ਹਨ। ਉਹ ਪਰਮਾਤਮਾ ਨਾਲ ਗੂੜ੍ਹ ਨੇੜਤਾ ਦਾ ਬਹੁਤ ਹੀ ਅਨੋਖਾ ਅਤੇ ਮਿੱਠਾ ਜਿਹਾ ਪ੍ਰਗਟਾਵਾ ਇਸ ਤਰ੍ਹਾਂ ਕਰਦੇ ਹਨ :

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥੧॥
ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥੧॥[176]

ਭਗਤ ਰਵਿਦਾਸ ਜੀ ਆਪਣੀ ਪ੍ਰਭੂ-ਪ੍ਰੀਤ ਨੂੰ ਜ਼ਾਹਿਰ ਕਰਨ ਲਈ ਮਿਸਾਲਾਂ ਦਿੰਦੇ ਹੋਏ ਕਹਿੰਦੇ ਹਨ ਕਿ ਜਿਵੇਂ ਪਹਾੜ ਅਤੇ ਮੋਰ ਦੀ ਪ੍ਰੀਤ ਹੈ, ਜਿਵੇਂ ਚੰਦ ਅਤੇ ਚਕੋਰ ਦੀ ਪ੍ਰੀਤ ਹੈ, ਜਿਵੇਂ ਦੀਵੇ ਅਤੇ ਬੱਤੀ ਦੀ ਪ੍ਰੀਤ ਹੈ ਅਤੇ ਜਿਵੇਂ ਤੀਰਥ ਅਤੇ ਯਾਤਰੀ ਦੀ ਪ੍ਰੀਤ ਹੈ ਉਵੇਂ ਹੀ ਮੇਰੀ ਪਰਮਾਤਮਾ ਨਾਲ ਪ੍ਰੀਤ ਹੈ। ਆਪਣੇ ਆਪ ਨੂੰ ਮੋਰ, ਚਕੋਰ, ਬਾਤੀ ਅਤੇ ਜਾਤੀ ਦੇ ਪ੍ਰਤੀਕਾਂ ਨਾਲ ਜੋੜ ਕੇ ਅਤੇ ਪਰਮਾਤਮਾ ਨੂੰ ਗਿਰਿਵਰ, ਚੰਦ, ਦੀਵਰਾ ਅਤੇ ਤੀਰਥ ਕਹਿ ਕੇ ਪ੍ਰਤੀਕਾਤਮਕ ਢੰਗ ਨਾਲ

175 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬
176 ਉਹੀ, ਪੰਨਾ ੬੫੮

ਆਪਣੀ ਪ੍ਰਭੂ-ਪ੍ਰੀਤ ਨੂੰ ਸਾਡੇ ਸਾਹਮਣੇ ਉਜਾਗਰ ਕੀਤਾ ਹੈ। ਪ੍ਰਭੂ-ਪ੍ਰੀਤ ਦੀ ਤੀਬਰਤਾ ਅਤੇ ਡੂੰਘੀ ਸ਼ਿੱਦਤ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ
ਜਉ ਤੁਮ ਤੀਰਥ ਤਉ ਹਮ ਜਾਤੀ॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ॥੪॥
ਤੁਮਰੇ ਭਜਨ ਕਟਹਿ ਜਮ ਫਾਂਸਾ॥
ਭਗਤਿ ਹੇਤ ਗਾਵੈ ਰਵਿਦਾਸਾ॥੫॥[177]

ਭਗਤ ਰਵਿਦਾਸ ਜੀ ਇੱਥੇ ਪ੍ਰਭੂ-ਪ੍ਰੀਤ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜਿਵੇਂ ਕੜੇ ਜਾਂ ਕੰਗਣ ਸੋਨੇ ਦੇ ਬਣੇ ਹੋਣ ਤਾਂ ਉਹ ਸੋਨਾ ਹੁੰਦੇ ਹੋਏ ਵੀ ਗਹਿਣੇ ਹੀ ਹੁੰਦੇ ਹਨ। ਪਾਣੀ ਦੀਆਂ ਲਹਿਰਾਂ ਪਾਣੀ ਹੁੰਦੀਆਂ ਹੋਈਆਂ ਵੀ ਲਹਿਰਾਂ ਹੀ ਹੁੰਦੀਆਂ ਹਨ। ਇਸੇ ਤਰ੍ਹਾਂ ਜੀਵਾਤਮਾ ਪਰਮਾਤਮਾ ਦੀ ਅੰਸ਼ ਹੁੰਦੀ ਹੋਈ ਜੀਵਾਤਮਾ ਵੀ ਹੁੰਦੀ ਹੈ। ਸੋ ਇੱਕੋ ਇੱਕਮਿਕਤਾ ਵੀ ਹੈ ਅਤੇ ਸੂਖ਼ਮ ਅੰਤਰ ਵੀ ਹੈ। ਪ੍ਰਭੂ ਪ੍ਰੀਤ ਦੇ ਪ੍ਰਗਟਾਵੇ ਨੂੰ ਭਗਤ ਰਵਿਦਾਸ ਜੀ ਇਸ ਤਰ੍ਹਾਂ ਕੁਝ ਪ੍ਰਤੀਕਾਂ ਰਾਹੀਂ ਸਪੱਸ਼ਟ ਕਰਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ॥੧॥[178]

---

177 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮.
178 ਉਹੀ, ਪੰਨਾ ੯੩

## ਨਾਮ ਸਿਮਰਨ

ਨਾਮ ਤੋਂ ਭਾਵ ਹੈ ਉਹ ਸੰਗਿਆ ਜਿਸ ਰਾਹੀਂ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦਾ ਪਰਿਚਯ ਪ੍ਰਾਪਤ ਹੋਵੇ।[179] ਸਾਧਾਰਨ ਅਰਥਾਂ ਵਿੱਚ ਇਸ ਦੀ ਵਰਤੋਂ ਕਿਸੇ ਵਸਤੂ ਆਦਿ ਦੇ ਗੁਣ, ਸੁਭਾ ਅਤੇ ਸਰੂਪ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਇਸੇ ਬਿਰਤੀ ਅਧੀਨ ਪਰਮਾਤਮਾ ਦੇ ਕਈ ਨਾਮ ਰੱਖੇ ਗਏ ਹਨ, ਜਿਨ੍ਹਾਂ ਵਿੱਚ ਸਰਵੋਤਮ ਸਰੂਪ ਪਰਮਾਤਮਾ ਦੇ ਵਿਰਾਟ ਵਿਅਕਤੀਤਵ ਦੀ ਧਾਰਣਾ ਕਿਸੇ ਨਾ ਕਿਸੇ ਮਾਤ੍ਰਾ ਵਿੱਚ ਬਣੀ ਰਹਿੰਦੀ ਹੈ। ਇਹ 'ਨਾਮ' ਜਗਿਆਸੂ, ਸਾਧਕ ਅਥਵਾ ਚਿੰਤਕ ਦੇ ਹਿਰਦੇ ਦੀਆਂ ਭਾਵਨਾਵਾਂ ਦੇ ਪ੍ਰਤੀਕ ਵਜੋਂ ਪ੍ਰਚਲਿਤ ਹੋਏ ਹਨ। ਪਰਮਾਤਮਾ ਲਈ ਕੋਈ ਵਿਸ਼ੇਸ਼ 'ਨਾਮ' ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਰੱਖਦਾ। ਪਰਮਾਤਮਾ ਅੰਤਰਜਾਮੀ ਹੈ, ਉਹ ਹਰ ਇੱਕ ਦੇ ਹਿਰਦੇ ਦੀਆਂ ਗੱਲਾਂ ਜਾਣਦਾ ਹੈ। ਇਸ ਲਈ ਉਸ ਨੂੰ ਕਿਸੇ ਭਾਸ਼ਾ ਦੇ ਸ਼ਬਦ ਜਾਂ ਪ੍ਰਤੀਕ ਦੁਆਰਾ ਸਮਝਣ ਅਥਵਾ ਸਮਝਾਉਣ ਦੀ ਲੋੜ ਨਹੀਂ। ਇਸ ਲਈ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦਾ ਕੋਈ ਨਿਸ਼ਚਿਤ ਨਾਮ ਨਹੀਂ ਦੱਸਿਆ, ਪਰ ਕਿਉਂਕਿ ਪਰਮਾਤਮਾ ਦੇ ਹੁਣ ਤੱਕ ਰੱਖੇ ਗਏ ਨਾਵਾਂ ਦੀ ਗਿਣਤੀ ਦਾ ਅੰਤ ਪਾ ਸਕਣਾ ਵੀ ਸੰਭਵ ਨਹੀਂ :

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[180]

ਡਾ. ਸ਼ੇਰ ਸਿੰਘ ਅਨੁਸਾਰ, "ਨਾਮ ਜਦ ਸਿਮਰਨ ਨਾਲ ਜੁੜਦਾ ਹੈ, ਤਾਂ ਸਾਧਨਾ ਹੈ, ਜਦ ਪ੍ਰਗਟ ਹੁੰਦਾ ਹੈ ਤਾਂ ਸ਼ਬਦ-ਸਰੂਪ ਹੈ। ਗੁਪਤ ਨਾਮ ਉਦੋਂ ਹੀ ਪ੍ਰਗਟ ਹੁੰਦਾ ਹੈ, ਜਦੋਂ ਪਿੰਡ (ਸਰੀਰ) ਅਤੇ ਬ੍ਰਹਿਮੰਡ ਵਿੱਚ ਪਸਰ ਰਹੀ 'ਸ਼ਬਦ ਜੋਤਿ' ਇਕਸੁਰ ਹੋ ਜਾਂਦੇ ਹਨ। ਇਵੇਂ ਨਾਮ ਅੰਤਰਿ ਪ੍ਰਕਾਸ਼ ਹੈ, ਇਹ ਇੱਕ ਅੰਗਮ ਸੁਆਦ ਹੈ, ਆਤਮਿਕ ਅਨੁਭਵ ਹੈ।"[181] ਡਾ. ਤਾਰਨ ਸਿੰਘ ਅਨੁਸਾਰ, "ਨਾਮ ਤੋਂ ਮੁਰਾਦ ਇੱਥੇ ਇੱਕ ਸਰਵ-ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ-ਘਟ ਨੂੰ ਧਾਰ ਰਹੀ ਹੈ।"[182]

---

179 ਰਤਨ ਸਿੰਘ ਜੱਗੀ ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 165.

180 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੮

181 ਸ਼ੇਰ ਸਿੰਘ (ਡਾ.), ਗੁਰਮਤਿ ਦਰਸ਼ਨ, ਪੰਨਾ 92.

182 ਤਾਰਨ ਸਿੰਘ (ਡਾ.), ਨੇਮ ਤੇ ਪ੍ਰੇਮ, ਪੰਨਾ 177.

ਭਾਈ ਵੀਰ ਸਿੰਘ ਦੇ ਅਨੁਸਾਰ, "ਨਾਮ ਜਪ ਹੈ, ਨਾਮ ਸਿਮਰਨ ਹੈ, ਨਾਮ ਲਿਵ ਹੈ। ਨਾਮ ਵਿਆਪਕ ਨਾਮ ਵਿੱਚ ਪੁੱਜ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਨਾਮੀ ਦੀ ਅਭੇਦਤਾ ਹੈ।"[183]

ਭਾਈ ਜੋਧ ਸਿੰਘ ਦੇ ਅਨੁਸਾਰ, "ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿੱਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। 'ਨਾਮ' ਪਰਮਾਤਮਾ ਦੇ ਅਸਤਿਤਵ ਦਾ ਬੋਧ ਹੁੰਦਾ ਹੈ।"[184]

ਨਾਮ ਸਤਿਗੁਰੂ ਤੇ ਗੁਰਬਾਣੀ ਦੁਆਰਾ ਪ੍ਰਾਪਤ ਹੋਇਆ ਉਹ ਆਤਮਕ ਤੱਤ ਹੈ ਜੋ ਵਾਹਿਗੁਰੂ ਦਾ ਅਹਿਸਾਸ ਕਰਾਉਂਦਾ ਹੈ, ਉਸ ਨਾਲ ਜੋੜਦਾ ਹੈ, ਉਸ ਵਿੱਚ ਲੀਨ ਕਰ ਦਿੰਦਾ ਹੈ। ਅਜਿਹਾ ਨਾਮ ਪ੍ਰਾਪਤ ਪਰਮਾਤਮਾ ਦੀ ਮਿਹਰ ਨਾਲ ਹੁੰਦਾ ਹੈ। ਵਾਹਿਗੁਰੂ ਦੇ ਸਰਗੁਣ ਰੂਪ ਨੂੰ ਨਾਮ ਕਹਿੰਦੇ ਹਨ।[185]

ਪ੍ਰਿੰ. ਸਤਿਬੀਰ ਸਿੰਘ ਦੇ ਅਨੁਸਾਰ, "ਨਾਮ ਇੱਕ ਐਸੀ ਕੇਂਦਰੀ ਰੋਂਅ ਹੈ, ਜੋ ਬ੍ਰਹਿਮੰਡ ਅਤੇ ਪਿੰਡ ਵਿਚਕਾਰ ਇਕਸਾਰ ਅਤੇ ਇਕਸੁਰ ਹੋ ਕੇ ਸ਼ਬਦ-ਰੂਪ ਵਿੱਚ ਸਰਬ-ਵਿਆਪਕ ਹੈ। ਇਹ ਇੱਕ ਸ੍ਵੈ-ਆਧਾਰਿਤ ਦੈਵੀ ਨਿਯਮ ਹੈ, ਜਿਸ ਅਧੀਨ ਹਰ ਸ਼ੈਅ ਦੀ ਹੋਂਦ, ਕਾਰਜ ਨਿਰੰਤਰ ਜਾਰੀ ਹੈ। ਨਾਮ, ਮੂਲ ਅਸਲੀਅਤ ਦੀ ਬੀਜ-ਰੂਪ ਅਵਸਥਾ ਵੀ ਹੈ ਅਤੇ ਪਰਮ ਸਤਿ ਦੀ ਸਰਬ-ਸ਼ਕਤੀਮਾਨਤਾ ਦਾ ਪ੍ਰਤੀਕ ਵੀ। ਇਹ ਸਮੁੱਚੇ ਪਸਾਰੇ ਦਾ ਮੂਲ ਤੱਤ ਵੀ ਹੈ।[186]

ਨਾਮ ਤੋਂ ਭਾਵ ਰੱਬ ਦਾ ਨਾਮ ਅਤੇ ਸਿਮਰਨ ਤੋਂ ਭਾਵ ਉਸ ਨੂੰ ਵਾਰ-ਵਾਰ ਯਾਦ ਕਰਨਾ ਜਾਂ ਜਪਣਾ। ਸੰਸਕ੍ਰਿਤ ਵਿੱਚ ਇਸ ਨੂੰ ਸਮਰਣ ਕਿਹਾ ਜਾਂਦਾ ਹੈ ਜਿਸ ਦਾ ਭਵ ਭਜਨ ਕਰਨਾ ਜਾਂ ਧਿਆਉਣਾ ਹੈ। ਮਹਾਨ ਕੋਸ਼ ਵਿੱਚ ਇਸ ਬਾਰੇ ਕਿਹਾ ਹੈ ਗੁਰੂ ਬਾਣੀ ਵਿੱਚ ਨਾਮ (ਸ਼ਬਦ) ਕਰਤਾਰ ਤੇ ਉਸਦੇ ਹੁਕਮ ਦਾ ਬੋਧਕ ਹੈ।[187] ਸਿੱਖੀ ਵਿੱਚ ਨਾਮ ਜਪਣ ਤੋਂ ਭਾਵ ਹੈ ਰੱਬ ਦੀ ਹਾਜ਼ਰੀ ਦੀ ਮਸ਼ਕ ਕਰਨੀ। ਰੱਬ ਦਾ ਸਰੂਪ ਜੋ ਗੁਰੂ ਸਾਹਿਬਾਨ ਦੇ ਸ਼ਬਦ ਦੁਆਰਾ ਅਨੁਭਵ ਹੁੰਦਾ ਹੈ ਉਸ ਵਿੱਚ ਧਿਆਨ ਜੋੜਨਾ, ਵਾਰ-ਵਾਰ ਧਿਆਨ ਜੋੜਨਾ।[188] ਪਰਮਾਤਮਾ ਨੂੰ ਕਿਸੇ ਖਾਸ ਨਾਂ

---

183 ਅੰਮ੍ਰਿਤ ਪਾਲ ਲਾਲ, ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ, ਪੰਨਾ 115.
184 ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 202.
185 ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫਿਲਾਸਫ਼ੀ, ਪੰਨਾ 202
186 ਪ੍ਰੀਤਮ ਸਿੰਘ (ਸੰਪਾ.) ਸਿੱਖ ਫਲਸਫੇ ਦੀ ਰੂਪ ਰੇਖਾ, ਪੰਨਾ 76.
187 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 522
188 ਪ੍ਰਿੰ. ਤੇਜਾ ਸਿੰਘ, ਸਿੱਖ ਧਰਮ, ਪੰਨਾ 19

ਰਾਹੀਂ ਬੰਨ੍ਹਿਆ ਜਾਂ ਦਰਸਾਇਆ ਨਹੀਂ ਜਾ ਸਕਦਾ। ਇਹ ਨਾਂ ਕੇਵਲ ਸਾਧਕ ਦੀਆਂ ਇਸ਼ਟ-ਭਾਵਨਾਵਾਂ ਅਥਵਾ ਅਨੁਭੂਤੀਆਂ ਦੇ ਪ੍ਰਤੀਕ ਹਨ। ਭਾਵਨਾਵਾਂ ਦੇ ਅਨੰਤ ਹੋਣ ਕਰਕੇ, 'ਨਾਮ' ਵੀ ਅਨੰਤ ਹਨ, ਪਰ ਪਰਮਾਤਮਾ ਦਾ ਅਸਲ ਨਾਮ ਤਾਂ ਉਹ ਹੈ, ਜਿਸ ਦੁਆਰਾ ਉਸ ਦੀ ਹੋਂਦ ਦਾ ਬੋਧ ਹੁੰਦਾ ਹੈ। ਅਜਿਹਾ ਨਾਂ ਜੇ ਕੋਈ ਹੈ ਤਾਂ ਉਹ ਹੈ 'ਸਤਿ' :

ਤੇਰਾ ਸਚੁ ਨਾਮੁ ਪਰਮੇਸਰਾ॥[189]

ਜੀਭ ਦੁਆਰਾ ਕਹੇ ਜਾਣ ਵਾਲੇ ਬਾਕੀ ਸਾਰੇ 'ਨਾਂ' ਬਨਾਵਟੀ ਹਨ। ਗੁਰੂ ਅਰਜਨ ਦੇਵ ਜੀ ਅਨੁਸਾਰ :

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥[190]

ਇਹ ਨਾਂ ਇਸ਼ਟ-ਭਾਵਨਾਵਾਂ ਦੀਆਂ ਸੰਪ੍ਰਦਾਇਕ ਰੁਚੀਆਂ ਤੋਂ ਮੁਕਤ ਅਤੇ ਸਾਰੀਆਂ ਆਸਤਿਕ ਪਰੰਪਰਾਵਾਂ ਦੁਆਰਾ ਸਵੀਕ੍ਰਿਤ ਹੈ। ਇਹ 'ਨਾਂ' ਅਨੁਭੂਤੀਆਂ ਦੇ ਘੇਰੇ ਵਿੱਚ ਵੀ ਨਹੀਂ ਆਉਂਦਾ, ਕਿਉਂਕਿ ਪਰਮਾਤਮਾ-ਸੰਬੰਧੀ ਅਨੁਭੂਤੀਆਂ ਦਾ ਜਨਮ ਉਸ ਦੀ ਹੋਂਦ ਨੂੰ ਮੰਨਣ ਤੋਂ ਬਾਦ ਹੀ ਹੁੰਦਾ ਹੈ।

ਸਮੁੱਚੀ ਗੁਰਬਾਣੀ ਵਿੱਚ 'ਨਾਮ' ਦੀ ਮਹਿਮਾ ਦਰਸਾਈ ਗਈ ਹੈ। ਗੁਰੂ ਸਾਹਿਬ ਅਨੁਸਾਰ ਇਸ ਭਵ-ਸਾਗਰ ਨੂੰ ਪਾਰ ਕਰਨ ਦਾ ਇਕੋ ਇੱਕ ਅਦੁੱਤੀ ਸਾਧਨ 'ਨਾਮ' ਹੈ। ਗੁਰੂ ਸਾਹਿਬ ਫਰਮਾਉਂਦੇ ਹਨ :

ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ॥[191]

ਉਸ ਸਮੇਂ ਦੀ ਧਾਰਮਿਕ ਸਥਿਤੀ ਰਵਿਦਾਸ ਜੀ ਦੇ ਮੁੱਖ ਸਰੋਕਾਰਾਂ ਵਿੱਚੋਂ ਇੱਕ ਹੈ ਕਿਉਂਕਿ ਭਗਤ ਰਵਿਦਾਸ ਜੀ ਉਸ ਵੇਲੇ ਦੀ ਧਾਰਮਿਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ। ਸਮਕਾਲ ਵਿੱਚ ਪੂਜਾ ਤੋਂ ਪਹਿਲਾਂ ਵਾਪਰਦੇ ਯੁੱਗਾਂ ਵਿੱਚ ਪ੍ਰਵਾਨ ਹੁੰਦੇ ਧਾਰਮਿਕ ਵਿਧਾਨ ਪ੍ਰਤੀ ਵੀ ਉਹ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਸ ਪ੍ਰਤੀ ਸਦਭਾਵਨਾ ਵੀ ਰੱਖਦੇ ਹਨ ਪਰ ਜਿਸ ਸਮੇਂ ਰਵਿਦਾਸ ਜੀ ਕ੍ਰਿਆਸ਼ੀਲ ਹਨ, ਉਹ ਸਮਾਂ ਕਲਯੁੱਗ ਕਰਕੇ ਜਾਣਿਆ ਜਾਂਦਾ ਹੈ। ਉਹ ਦੱਸਦੇ ਹਨ

---

189 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੮.
190 ਉਹੀ, ਪੰਨਾ ੧੦੬੩.
191 ਉਹੀ , ਪੰਨਾ ੧੩੧੪.

ਕਿ ਕਿਵੇਂ ਤਿੰਨਾਂ ਯੁੱਗਾਂ ਵਿੱਚ ਵੱਖ-ਵੱਖ ਕਿਸਮ ਦੀਆਂ ਪੂਜਾ ਵਿਧੀਆਂ ਪਰਵਾਨਿਤ ਹੁੰਦੀਆਂ ਰਹੀਆਂ ਸਨ, ਪਰ ਕਲਯੁੱਗ ਵਿੱਚ ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਦ੍ਰਿੜ ਕਰਕੇ ਮੰਨਿਆ ਜਾਣਾ ਅਸਲ ਧਰਮ ਹੈ। ਇਸ ਵਿਧਾਨ ਨੂੰ ਪ੍ਰਭੂ ਦਾ ਆਪਣਾ ਹੁਕਮ ਕਰਕੇ ਮੰਨਿਆ ਜਾਂਦਾ ਹੈ। ਭਗਤ ਰਵਿਦਾਸ ਜੀ ਵੀ ਆਪਣੀ ਬਾਣੀ ਵਿੱਚ ਇਸੇ ਖਿਆਲ ਨੂੰ ਇਉਂ ਦ੍ਰਿੜ ਕਰਵਾਉਂਦੇ ਹਨ :

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਆਧਾਰ॥
ਪਾਰੁ ਕੈਸੇ ਪਾਇਬੋ ਰੇ॥
ਮੋ ਸਉ ਕੋਊ ਨ ਕਹੈ ਸਮਝਾਇ॥
ਜਾ ਤੇ ਆਵਾ ਗਵਨੁ ਬਿਲਾਇ॥੧॥ ਰਹਾਉ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ॥[192]

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕਲਜੁਗ ਦੇ ਸਮੇਂ ਵਿੱਚ ਇੱਕ 'ਨਾਮ' ਹੀ ਪਰਧਾਨ ਪਦਾਰਥ ਹੈ, ਜਿਸ ਦੀ ਅਰਾਧਨਾ ਨਾਲ ਭਗਤ ਜਨਾਂ ਦਾ ਉਧਾਰ ਹੋਇਆ ਕਰਦਾ ਹੈ :

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥[193]

ਨਾਮ ਦਾ ਸਿਮਰਨ ਇੱਕ ਅਦੁੱਤੀ ਸਾਧਨ ਹੈ। ਨਾਮ ਸੰਸਾਰ ਅਤੇ ਪਰਮਾਰਥ ਦੇ ਸਾਰੇ ਸੁੱਖਾਂ ਦਾ ਦਾਤਾ ਹੈ। ਨਾਮ ਦੇ ਸਿਮਰਨ ਨਾਲ ਮਨੁੱਖ ਦੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ। ਪਰਮਾਰਥ ਦਾ ਕਾਰਜ ਵੀ ਨਾਮ ਦੇ ਸਿਮਰਨ ਦੁਆਰਾ ਹੀ ਸਿੱਧ ਹੁੰਦਾ ਹੈ। ਨਾਮ ਦੇ ਰੰਗ ਵਿੱਚ ਰੰਗਿਆ ਵਿਅਕਤੀ ਕਦੇ ਨਰਕ ਨਹੀਂ ਜਾਂਦਾ। ਨਾਮ ਮਨੁੱਖ ਦੀ ਜਨਮ ਜਨਮਾਂਤਰਾ ਦੀ ਮੈਲ ਧੋ ਦਿੰਦਾ ਹੈ। ਨਾਮ ਦੀ ਪ੍ਰਾਪਤੀ ਅਤੇ ਨਾਮ ਦਾ ਸਿਮਰਨ ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ। ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਕਿ ਪਰਮਾਤਮਾ ਦਾ ਨਾਮ-ਸਿਮਰਨ ਦੁਆਰਾ ਹੀ ਭਗਤ ਜਨਾਂ ਦਾ ਨਿਸਤਾਰਾ ਹੁੰਦਾ ਹੈ :

---

192 ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ ੩੪੬

193 ਉਹੀ, ਪੰਨਾ ੯੯੫.

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥ ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥੧॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀਂ ਆਇਆ ॥੨॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥ [194]

ਪਰਮਾਤਮਾ ਦੀ ਸ਼ਰਨਾਗਤੀ ਲਈ ਆਤਮ ਸਮਰਪਣ ਅਤੇ ਨਾਮ ਦਾ ਸਿਮਰਨ ਜ਼ਰੂਰੀ ਹੈ। ਆਤਮ ਸਮਰਪਣ ਦੁਆਰਾ ਹੰਕਾਰ ਮਿਟਦਾ ਹੈ ਅਤੇ ਨਾਮ ਦੇ ਸਿਮਰਨ ਨਾਲ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ। ਭਗਤ ਰਵਿਦਾਸ ਜੀ ਸਮਾਜ ਵਿੱਚ ਨੀਵੀਂ ਜਾਤ ਵਾਲੇ ਹੋਣ ਦੇ ਬਾਵਜੂਦ ਨਾਮ ਦੇ ਸਿਮਰਨ ਦੁਆਰਾ ਪ੍ਰਭੂ ਦੀ ਸ਼ਰਨਾਗਤੀ ਦਾ ਸੁੱਖ ਮਾਣਦੇ ਹਨ। ਉਹ ਨਾਮ ਦੇ ਸਾਧਨ ਵੀ ਸਾਰਥਿਕਤਾ ਅਤੇ ਮਹੱਤਤਾ ਨੂੰ ਪਾਪ ਦੀ ਕਸਵੱਟੀ ਨਾਲ ਪਰਖਦੇ ਹਨ। ਜਦੋਂ ਨਾਮ ਦੇ ਸਿਮਰਨ ਨਾਲ ਕਿਸੇ ਮਨੁੱਖ ਦੇ ਪਾਪ ਕੱਟਦੇ ਹਨ ਤਾਂ ਹੀ ਨਾਮ ਪਤਿਤ ਪਾਵਨ ਹੁੰਦਾ ਹੈ :

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ਰਹਾਉ ॥ [195]

ਮਨੁੱਖੀ ਜਨਮ ਪੂਰਬਲੇ ਵਡਮੁੱਲੇ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ। ਭਗਤ ਜੀ ਮਨੁੱਖੀ ਜਨਮ ਨੂੰ ਸਫਲ ਕਰਨ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਆਪਣਾ 'ਮਨ' ਸਦੀਵੀਂ ਪ੍ਰਭੂ-ਸਿਮਰਨ ਵਿੱਚ, 'ਅੱਖਾਂ' ਪ੍ਰਭੂ ਦੇ ਦਰਸ਼ਨ ਲਈ ਅਤੇ 'ਕੰਨ' ਉਸ ਦੀ ਵਡਿਆਈ ਸੁਣਨ ਵੱਲ ਹੀ ਲਗਾਉਣੇ ਚਾਹੀਦੇ ਹਨ। ਭਗਤ ਜੀ ਆਪਣੀ ਬਾਣੀ ਵਿੱਚ ਸ਼ਹਿਦ ਦੀ ਮੱਖੀ ਦੀ ਉਦਾਹਰਨ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਜਿਵੇਂ ਸ਼ਹਿਦ ਦੀ ਮੱਖੀ, ਸ਼ਹਿਦ ਵਿੱਚ ਹੀ ਆਪਣਾ

---

194 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੭.
195 ਉਹੀ, ਪੰਨਾ ੯੩

ਮਨ ਜੋੜ ਕੇ ਰੱਖਦੀ ਹੈ, ਇਵੇਂ ਹੀ ਜਗਿਆਸੂ ਦਾ ਮਨ ਪ੍ਰਭੂ-ਪ੍ਰੇਮ ਵਿੱਚ ਭਿੱਜਿਆ ਹੋਇਆ ਰਹੇ ਅਤੇ ਰਸਨਾ ਤੋਂ ਕੇਵਲ ਅਕਾਲ ਪੁਰਖ ਪ੍ਰਭੂ ਦਾ 'ਨਾਮ' ਹੀ ਉਚਾਰਨ ਹੁੰਦਾ ਰਹੇ :

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ॥[196]

ਭਗਤ ਰਵਿਦਾਸ ਜੀ ਨਾਮ ਦੀ ਦੂਹਰੀ ਮਹੱਤਤਾ ਦੱਸਦੇ ਹਨ। ਇੱਕ ਪਾਸੇ ਨਾਮ ਵਿਕਾਰਾਂ ਦਾ ਨਾਸ਼ ਕਰਕੇ ਮਨ ਨੂੰ ਨਿਰਮਲ ਕਰ ਦਿੰਦਾ ਹੈ ਤੇ ਆਤਮਿਕ ਸੁੱਖ ਦੀ ਪ੍ਰਾਪਤੀ ਦਾ ਸਾਧਨ ਬਣਦਾ ਹੈ। ਦੂਜੇ ਪਾਸੇ ਨਾਮ ਮਨੁੱਖ ਦੀ ਸਾਰੀ ਮਨਘੜਤ ਦਵੈਤ ਨੂੰ ਮਿਟਾ ਕੇ ਪ੍ਰਭੂ ਨਾਲ ਪੂਰਨ ਏਕਤਾ ਅਥਵਾ ਅਦਵੈਤ ਵਿੱਚ ਲੈ ਜਾਂਦਾ ਹੈ। ਇਹ ਆਤਮਾ ਦੀ ਵਿਆਪਕਤਾ ਦੀ ਸਥਿਤੀ ਹੈ। ਭਗਤ ਰਵਿਦਾਸ ਜੀ ਤੂੰ-ਮੈਂ ਦਾ ਦਵੰਦ ਅਦਵੈਤ ਦੇ ਰੂਪ ਵਿੱਚ ਮਿਟਾ ਦਿੰਦੇ ਹਨ ਤੇ ਪ੍ਰਭੂ ਨਾਲ ਪੂਰਨ ਸ਼ਰਨਾਗਤੀ ਭਾਵ ਵਾਲਾ ਰਿਸ਼ਤਾ ਬਣਾ ਲੈਂਦੇ ਹਨ। ਇਹ ਸਥਿਤੀ ਮਨੁੱਖ ਦੁਆਰਾ ਸਵੈ ਸਿਰਜਤ ਹਉਮੈਂ ਵਾਲੀ ਹੋਂਦ ਤੇ ਮਿਟਣ ਨਾਲ ਬਣਦੀ ਹੈ। ਭਗਤ ਜੀ ਅਨੁਸਾਰ ਜੇਕਰ ਮਨੁੱਖ ਸੱਚੇ ਮਨ ਨਾਲ ਪਰਮਾਤਮਾ ਦਾ ਨਾਮ-ਸਿਮਰਨ ਕਰਦਾ ਹੈ, ਤਾਂ ਫਿਰ ਭਗਤ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ ਤੇ ਉਹ ਪਰਮਾਤਮਾ ਨਾਲ ਪੂਰੀ ਤਰ੍ਹਾਂ ਇਕਮਿਕ ਹੋ ਜਾਂਦਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥[197]
ਜਬ ਹਮ ਹੋਤੇ ਤਬ ਤੂ ਨਾਂਹੀ ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਿਰ ਮਇ ਓਦਧਿ ਜਲ ਕੇਵਲ ਜਲ
ਮਾਂਹੀ॥੧॥[198]

---

196 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੮.
197 ਉਹੀ, ਪੰਨਾ ੯੩.
198 ਉਹੀ, ਪੰਨਾ ੬੫੭

ਉਨ੍ਹਾਂ ਦੇ ਅਨੁਸਾਰ ਜੇਕਰ ਮਨੁੱਖ ਨੇ ਪਰਮਾਤਮਾ ਦਾ ਨਾਮ ਲੈਣਾ ਹੀ ਹੈ, ਤਾਂ ਫਿਰ ਉਸ ਨੂੰ ਆਪਣਾ ਆਪਾ ਪੂਰੀ ਤਰ੍ਹਾਂ ਨਾਲ ਉਸ ਪ੍ਰਭੂ ਦੇ ਚਰਨਾਂ ਵਿੱਚ ਸਮਰਪਿਤ ਕਰ ਦੇਣਾ ਚਾਹੀਦਾ ਹੈ। ਪਰਮਾਤਮਾ ਪ੍ਰਤੀ ਪੂਰਨ ਸਮਰਪਣ ਬਾਰੇ ਆਪ ਨੇ ਲਿਖਿਆ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥
ਮਾਧਉ ਸਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥[199]

ਨਾਮ ਦੇ ਸਿਮਰਨ ਦੁਆਰਾ ਹੀ ਮਨੁੱਖ ਨੂੰ ਆਤਮਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਆਤਮਿਕ ਗਿਆਨ ਲਈ ਸੰਸਾਰਕ ਇੱਛਾਵਾਂ ਦਾ ਤਿਆਗ ਜ਼ਰੂਰੀ ਹੈ। ਸੰਸਾਰ ਦਾ ਤਿਆਗ ਵੀ ਸਿਮਰਨ ਦੁਆਰਾ ਹੀ ਹੁੰਦਾ ਹੈ। ਭਗਤ ਰਵਿਦਾਸ ਨੇ ਲਿਵ, ਉਪਾਧੀ ਰਹਿਤ ਸ਼ੂਨਯ ਅਵਸਥਾ ਅਤੇ ਸਹਜ ਸਮਾਧੀ ਦੀ ਅਵਸਥਾ ਦੀ ਪ੍ਰਾਪਤੀ ਨਾਮ ਦੁਆਰਾ ਪ੍ਰਾਪਤ ਕੀਤੀ। ਇਸੇ ਕਰਕੇ ਉਹ ਨਾਮ ਨੂੰ ਸਭ ਤੋਂ ਉੱਤਮ ਸਾਧਨ ਮੰਨਦੇ ਹਨ। ਪ੍ਰੇਮਾ ਭਗਤੀ ਲਈ ਵੀ ਨਾਮ ਦਾ ਸਿਮਰਨ ਜ਼ਰੂਰੀ ਹੈ। ਨਾਮ ਸਿਮਰਨ ਦੁਆਰਾ ਹੀ ਨਿਰਭੈ ਪਦ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਮਹਿਮਾ ਜੁਗਾਂ ਜੁਗਾਂਤਰਾਂ ਤੋਂ ਰਹਿਤ ਹੈ। ਭਗਤ ਰਵਿਦਾਸ ਜੀ ਨਾਮ ਦੀ ਮਹਿਮਾ ਗਾਉਂਦੇ ਹੋਏ ਪਰਮਾਰਥ ਦੇ ਸਾਰੇ ਸੁੱਖ ਪ੍ਰਾਪਤ ਕਰਦੇ ਹਨ :

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ
ਭਾਗੀ॥੩॥੪॥[200]

ਭਾਰਤੀ ਧਰਮ ਪਰੰਪਰਾ ਵਿੱਚ ਆਰਤੀ ਦਾ ਬਹੁਤ ਵੱਡਾ ਮਹੱਤਵ ਹੈ। ਆਰਤੀ ਦਾ ਧਾਰਮਿਕ ਪ੍ਰਸੰਗ ਪਵਿੱਤਰ ਪੂਜਾ ਕਰਨਾ ਹੈ। ਪ੍ਰਭੂ ਪੂਜਾ ਦੇ ਸਾਧਨ ਵਜੋਂ ਨਾਮ ਸਿਮਰਨ ਵਿਧੀ ਨੂੰ

199 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬
200 ਉਹੀ, ਪੰਨਾ ੬੫੮

ਉਹ ਜ਼ਿਆਦਾ ਪੁਖਤਾ ਮੰਨਦੇ ਹਨ ਜੀ ਉਸ ਸਮੇਂ ਧਾਰਮਿਕ ਮਾਹੌਲ ਵਿੱਚ ਆਮ ਨਹੀਂ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਬ੍ਰਹਮ ਦੇ ਸੱਚੇ ਨਾਮ ਦਾ ਸਿਮਰਨ ਹੀ ਉਨ੍ਹਾਂ ਲਈ ਆਰਤੀ ਹੈ ਅਤੇ ਪਰਮਾਤਮਾ ਦੇ ਭੋਗ ਲਈ ਵੀ ਉਨ੍ਹਾਂ ਕੋਲ ਕੇਵਲ ਉਸ ਦਾ ਸੱਚਾ ਅਤੇ ਸਥਿਰ ਨਾਮ ਹੀ ਹੈ। ਭਗਤ ਰਵਿਦਾਸ ਜੀ ਦੁਆਰਾ ਸਿਰਜੇ ਆਰਤੀ ਦੇ ਸ਼ਬਦ ਦਾ ਪਾਠ, ਅਚੇਤ ਅਤੇ ਸੁਚੇਤ ਰੂਪ ਵਿੰਚ ਵਿਸ਼ਮਾਦ ਵਿੱਚ ਲੈ ਜਾਂਦਾ ਹੈ। ਨਾਮ ਦੀ ਮਹਿਮਾ ਅਤੇ ਵਿਸ਼ਾਲਤਾ ਦੀ ਝਲਕ ਹੇਠ ਲਿਖੀਆਂ ਰਵਿਦਾਸ ਜੀ ਦੀਆਂ ਸਤਰਾਂ ਵਿਚੋਂ ਭਲੀ ਭਾਂਤ ਝਲਕਦੀ ਹੈ :

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥[201]

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਜੋ ਸ਼ਬਦ ਪਰਮਾਤਮਾ ਬਾਰੇ ਜਾਂ ਉਸ ਦੇ ਗੁਣਾਂ ਦਾ ਅਨੁਭਵ ਕਰਵਾਉਂਦੇ ਹਨ ਉਸ ਨੂੰ ਅਸੀਂ ਨਾਮ ਕਹਿੰਦੇ ਹਾਂ ਅਤੇ ਉਸ ਦੇ ਨਾਮ ਅਤੇ ਗੁਣਾਂ ਨੂੰ ਵਾਰ-ਵਾਰ ਯਾਦ ਕਰਨਾ ਜਾਂ ਧਿਆਉਣ ਨੂੰ ਸਿਮਰਨ ਕਹਿ ਸਕਦੇ ਹਾਂ। ਸੋ ਨਾਮ ਸਿਮਰਨ ਪਰਮਾਤਮਾ ਨੂੰ ਅਤੇ ਉਸ ਦੇ ਗੁਣਾਂ ਨੂੰ ਯਾਦ ਕਰਨਾ ਅਤੇ ਇਨ੍ਹਾਂ ਗੁਣਾਂ ਨੂੰ ਮਨ ਵਿੱਚ ਧਾਰਨ ਕਰਨ ਨੂੰ ਕਿਹਾ ਜਾਂਦਾ ਹੈ। ਨਾਮ ਸਿਮਰਨ ਨਾਲ ਮਨੁੱਖ ਦੀ ਸਖਸ਼ੀਅਤ ਵਿੱਚ ਵਿਕਾਸ ਹੁੰਦਾ ਹੈ, ਉਸਦੇ ਵਿਕਾਰ ਨਸ਼ਟ ਹੋ ਜਾਂਦੇ ਹਨ ਅਤੇ ਮਨੁੱਖ ਚੰਗੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ।

201 ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪

## ਸਾਧ ਸੰਗਤ (ਸਤਿ-ਸੰਗਤ)

ਸਤਿ ਸੰਗਤਿ ਅਧਿਆਤਮਿਕ ਉੱਨਤੀ ਦਾ ਇੱਕ ਮਹੱਤਵਪੂਰਨ ਸਾਧਨ ਹੈ। ਸਾਧ ਸੰਗਤ ਸਤਿ ਸੰਗਤ ਦਾ ਹੀ ਸਮਾਨਅਰਥਕ ਭਾਵ ਹੈ। ਸਤਿ ਸੰਗਤ ਤੋਂ ਭਾਵ ਸੱਚੇ ਮਨੁੱਖਾਂ ਦੀ ਸੰਗਤ। ਉਨ੍ਹਾਂ ਮਨੁੱਖਾਂ ਦੀ ਸੰਗਤ ਜੋ ਇਕੱਠੇ ਬੈਠ ਕੇ ਸੱਚੇ ਮਨ ਨਾਲ ਪਰਮਾਤਮਾ ਦੇ ਨਾਮ ਦਾ ਜਾਪ ਕਰਦੇ ਹਨ ਅਤੇ ਹੋਰਨਾਂ ਨੂੰ ਨਾਮ ਜਪਾਉਂਦੇ ਹਨ। ਸਾਧਨਾ ਦੇ ਮਾਰਗਾਂ (ਗਿਆਨ, ਕਰਮ, ਯੋਗ ਅਤੇ ਭਗਤੀ) ਵਿੱਚ ਇਸ ਦਾ ਵਿਸ਼ੇਸ਼ ਸਥਾਨ ਹੈ। ਮੱਧ ਯੁੱਗ ਦੇ ਅਨੇਕਾਂ ਸਾਧਕਾਂ ਨੇ ਇਸ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ, ਪਰ ਗੁਰਮਤਿ ਵਿੱਚ ਇਸ ਦੀ ਵਿਸ਼ੇਸ਼ ਰੂਪ ਵਿੱਚ ਵਿਆਖਿਆ ਹੋਈ ਹੈ।

ਸਤਿ-ਸੰਗਤਿ ਤੋਂ ਭਾਵ ਹੈ ਸੱਚਾ, ਸ੍ਰੇਸ਼ਠ ਜਾਂ ਉਤਮ ਸਾਥ। ਇਹ ਸਾਥ ਕਿਉਂਕਿ ਚੰਗੇ ਜਾਂ ਭਲੇ ਪੁਰਸ਼ਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਗੁਰਬਾਣੀ ਵਿੱਚ ਸਤਿ-ਸੰਗਤਿ ਦਾ ਭਾਵ-ਬੋਧ ਸਤਸੰਗ, ਸਾਧ-ਸੰਗਤਿ, ਸਾਧ-ਸੰਗ, ਹਰ-ਜਨ-ਸੰਗਤ ਆਦਿ ਸ਼ਬਦ ਵਰਤ ਕੇ ਵੀ ਕਰਵਾਇਆ ਗਿਆ ਹੈ। ਸਤਿ-ਸੰਗਤਿ ਤੋਂ ਪ੍ਰਾਪਤ ਹੋਣ ਵਾਲੇ ਲਾਭ ਇਤਨੇ ਅਧਿਕ ਹਨ ਕਿ ਹਰ ਇੱਕ ਮਹਾਂਪੁਰਸ਼ ਨੇ ਇਸ ਦੀ ਉਸਤਤਿ ਹੀ ਨਹੀਂ ਕੀਤੀ, ਬਲਕਿ ਇਸਦੀ ਪ੍ਰਾਪਤੀ ਲਈ ਉਤਸੁਕਤਾ ਵੀ ਵਿਖਾਈ ਹੈ।

ਧਾਰਮਿਕ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ ਜੁੜ ਬੈਠੇ ਵਿਅਕਤੀਆਂ ਨੂੰ ਆਮ ਤੌਰ 'ਤੇ ਸਤਿ-ਸੰਗਤਿ ਜਾਂ ਸਾਧ ਸੰਗਤਿ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਦੀ ਹਜ਼ੂਰੀ ਵਿੱਚ ਜਗਿਆਸੂਆਂ ਦੀ ਵਿਕਾਰਾਂ ਵਲੋਂ ਰੁਚੀ ਹਟ ਕੇ ਗੁਰੂ ਚਰਨਾਂ ਨਾਲ ਜੁੜਦੀ ਹੈ, ਚਿੱਤ ਬਿਰਤੀ ਵਿੱਚ ਇਕਾਗਰਤਾ ਆਉਂਦੀ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਸੀ, "ਮਰਦਾਨਿਆ, ਜੋ ਸਤਿਸੰਗ ਨਹੀਂ ਕਰਦੇ ਸੋ ਲਿਸਫਲ ਹੈ? ਮਾਨੁਖ ਦੇਹ ਭਗਵੰਤ ਨੇ ਜੋ ਦਿੱਤੀ ਹੈ ਸੋ ਪਰਉਪਕਾਰ ਵਾਸਤੇ, ਸਤਸੰਗ ਕਰਨ ਨੂੰ ਤੇ ਨਾਮ ਜਪਣੇ ਨੂੰ, ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ। ਸਤਿਸੰਗ ਕਰਨ ਤੋਂ ਪਵਿਤ੍ਰ ਹੋਈ ਦਾ ਹੈ, ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੋਈ ਹੈ।"[202] ਇਸ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿ ਸੰਗਤਿ ਕਰਨ ਨਾਲ ਜਗਿਆਸੂਆਂ ਵਿੱਚ ਪਵਿੱਤਰਤਾ ਦੀ ਭਾਵਨਾ

[202] ਰਤਨ ਸਿੰਘ ਜੱਗੀ (ਡਾ.), ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਪਹਿਲਾ), ਪੰਨਾ 136

ਪੈਦਾ ਹੁੰਦੀ ਹੈ। ਗੁਰਬਾਣੀ ਅਨੁਸਾਰ ਸਤਿ-ਸੰਗਤ ਕਰਨ ਨਾਲ ਮਨੁੱਖ ਇਸ ਭਵਜਲ ਸੰਸਾਰ ਤੋਂ ਤਰ ਜਾਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ :

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥[203]

ਇਸ ਖਿਆਲ ਨੂੰ ਭਗਤ ਰਵਿਦਾਸ ਜੀ ਇੰਜ ਫੁਰਮਾਉਂਦੇ ਹਨ :

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥
ਸਾਧਸੰਗਤਿ ਪਾਈ ਪਰਮ ਗਤੇ॥[204]

ਅਤੇ

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ਰਹਾਉ॥[205]

ਭਗਤ ਰਵਿਦਾਸ ਜੀ ਸਾਧ ਸੰਗਤ ਨੂੰ ਪ੍ਰੇਮਾ ਭਗਤੀ ਦੀ ਪ੍ਰਾਪਤੀ ਲਈ ਵੱਡੀ ਸ਼ਰਤ ਵਜੋਂ ਸਵੀਕਾਰ ਕਰਦੇ ਹਨ। ਅਸਰ ਵਿੱਚ ਸੱਚੀ ਪ੍ਰੀਤ ਸਾਧ ਸੰਗਤ ਦੁਆਰਾ ਹੀ ਉਪਜਦੀ ਹੈ। ਇਹ ਪ੍ਰੇਮ ਦਾ ਭਾਵ ਭਗਤੀ ਦਾ ਕੇਂਦਰੀ ਨੁਕਤਾ ਬਣਦਾ ਹੈ। ਸਾਧ ਸੰਗਤ ਵਿੱਚ ਜਾ ਕੇ ਅਰਦਾਸ ਕਰਨ ਦੀ ਦੂਹਰੀ ਮਹੱਤਤਾ ਹੈ। ਪਹਿਲੀ ਵੱਡੀ ਗੱਲ ਇਹ ਹੁੰਦੀ ਹੈ ਕਿ ਜਿਗਿਆਸੂ ਦਾ ਹੰਕਾਰ ਟੁੱਟਦਾ ਹੈ ਅਤੇ ਦੂਜਾ ਉਸਨੂੰ ਸਮੂਹ ਦੀ ਦਇਆ ਵੀ ਪ੍ਰਾਪਤ ਹੋ ਜਾਂਦੀ ਹੈ। ਇਸ ਪ੍ਰਸੰਗ ਨੂੰ ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਇੰਜ ਬਿਆਨ ਕਰਦੇ ਹਨ :

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ॥੨॥੨॥[206]

203 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯੫
204 ਉਹੀ, ਪੰਨਾ ੧੨੯੩
205 ਉਹੀ, ਪੰਨਾ ੪੮੬
206 ਉਹੀ, ਪੰਨਾ ੬੯੪

ਪਰਮਾਰਥ ਦੀ ਸਾਧਨਾ ਲਈ ਸਾਧ ਸੰਗਤ ਨਾਲ ਮਿਲਦਾ ਇੱਕ ਹੋਰ ਸੰਕਲਪ ਲੋੜੀਂਦਾ ਵਾਤਾਵਰਨ ਪ੍ਰਦਾਨ ਕਰਦਾ ਹੈ। ਮਨੁੱਖ ਦੀਆਂ ਸਾਰੀਆਂ ਬੁਰਾਈਆਂ ਦਾ ਵਿਨਾਸ਼ ਸਤਸੰਗਤ ਦੁਆਰਾ ਹੀ ਹੁੰਦਾ ਹੈ। ਸਤਸੰਗਤ ਦਾ ਭਾਵ ਹੈ ਮਨ ਦਾ ਅੰਦਰਲੇ ਵਿਆਪਕ ਸਤ (ਚੇਤਨ) ਨਾਲ ਜੁੜ ਜਾਣਾ। ਜਦੋਂ ਮਨ ਸਤ ਨਾਲ ਜੁੜਿਆ ਹੁੰਦਾ ਹੈ ਤਾਂ ਮਨੁੱਖ ਪ੍ਰਭੂ ਦੀ ਸ਼ਰਨ ਵਿੱਚ ਹੁੰਦਾ ਹੈ। ਚੇਤਨ ਦੇ ਸੁਭਾਵਿਕ ਗੁਣ ਗਿਆਨ, ਪ੍ਰੇਮ ਅਤੇ ਆਨੰਦ ਦੀ ਪ੍ਰਾਪਤੀ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਸਦਾਚਾਰ ਵੀ ਮਨੁੱਖ ਨੂੰ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਭਗਤ ਰਵਿਦਾਸ ਜੀ ਨੇ ਮਨੁੱਖ ਦੀ ਦੁਰਮਤਿ ਨਾਲ ਸਤਸੰਗਤ ਅਤੇ ਸ਼ਰਨਾਗਤੀ ਦਾ ਟਾਕਰਾ ਕਰਕੇ ਦੁਰਮਤਿ ਦੇ ਵਿਨਾਸ਼ ਅਤੇ ਪਰਮਾਰਥ ਦੇ ਵਿਕਾਸ ਦਾ ਪ੍ਰਸੰਗ ਸਿਰਜਿਆ ਹੈ। ਇਸ ਨਾਲ ਜਿੱਥੇ ਮਨੁੱਖ ਨੂੰ ਪ੍ਰੇਰਨਾ ਮਿਲਦੀ ਹੈ, ਜਗਿਆਸਾ ਉਤਪੰਨ ਹੁੰਦੀ ਹੈ, ਉਥੇ ਉਤਸ਼ਾਹ ਵੀ ਮਿਲਦਾ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥
ਮਾਧਉ ਸਤਸੰਗਤਿ ਸਰਨਿ ਤੁਮਾਰੀ॥
ਹਮ ਅਉਗਨ ਤੁਮ ਉਪਕਾਰੀ॥੧॥ ਰਹਾਉ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥੩॥ [207]

ਭਗਤ ਰਵਿਦਾਸ ਜੀ ਹੰਕਾਰ ਨੂੰ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਹਨ। ਸਾਧ ਸੰਗਤ ਦੀ ਪ੍ਰਾਪਤੀ ਨਾਲ ਹੀ ਮਨੁੱਖ ਦਾ ਹੰਕਾਰ ਮਿਟ ਸਕਦਾ ਹੈ। ਹੰਕਾਰ ਦੇ ਮਿਟਣ ਨਾਲ ਹੀ ਸੱਚੀ ਅਤੇ ਪੂਰਨ ਸ਼ਰਨਾਗਤੀ ਮਿਲਦੀ ਹੈ। ਪੂਰਨ ਸ਼ਰਨਾਗਤੀ ਦੀ ਸਥਿਤੀ ਵਿੱਚ ਮਨੁੱਖ ਕਰਮ ਦੇ ਸਾਰੇ ਕਾਰਜ ਸਹਿਜ ਸੁਭਾਅ ਸੰਪੂਰਨ ਹੋ ਜਾਂਦੇ ਹਨ। ਸ਼ਰਨਾਗਤੀ ਦੀ ਸਥਿਤੀ ਵਿੱਚ ਮਨੁੱਖ ਕਰਮ ਦੇ ਭਾਰਤ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਦੀ ਗੁਆਚੀ ਸ਼ਕਤੀ ਉਸ ਨੂੰ ਸ਼ਰਨਾਗਤੀ ਵਿੱਚ ਮੁੜ ਪ੍ਰਾਪਤ ਹੋ ਜਾਂਦੀ ਹੈ । ਇਸੇ ਲਈ ਭਗਤ ਰਵਿਦਾਸ ਪ੍ਰੇਮਾ ਭਗਤੀ ਅਤੇ ਸ਼ਰਨਾਗਤੀ ਨੂੰ ਪਰਮਾਰਥ ਦੀ ਜੁਗਤ ਦੇ ਸਭ ਤੋਂ ਵੱਡੇ ਸਾਧਨ ਮੰਨਦੇ ਹਨ। ਸਮਾਜ ਵਿੱਚ ਨੀਚ ਜਾਣਿਆ ਜਾਂਦਾ

---

207 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੬

ਮਨੁੱਖ ਵੀ ਸ਼ਰਨਾਗਤੀ ਦੀ ਸਥਿਤੀ ਵਿੱਚ ਸਭ ਤੋਂ ਵੱਡਾ ਹੋ ਜਾਂਦਾ ਹੈ। ਇਹ ਵਡਿਆਈ ਭਗਤ ਰਵਿਦਾਸ ਜੀ ਨੂੰ ਸ਼ਰਨਾਗਤੀ ਵਿਚੋਂ ਪ੍ਰਾਪਤ ਹੋਈ ਹੈ :

ਦਾਰਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥੧॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ॥੧॥ਰਹਾਉ॥
ਜੇ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰ॥੨॥੧॥[208]

ਭਗਤ ਰਵਿਦਾਸ ਜੀ ਸ਼ਰਨਾਗਤੀ ਲਈ ਸਾਧੂ ਦਾ ਸੰਗ ਅਤੇ ਕਿਰਪਾ ਨੂੰ ਬੜੀ ਮਹੱਤਤਾ ਦਿੰਦੇ ਹਨ। ਸਾਧ ਦੇ ਸੰਗ ਵਿੱਚ ਨਾਮ ਦਾ ਰੰਗ ਗੂੜ੍ਹਾ ਹੋ ਜਾਂਦਾ ਹੈ। ਨਾਮ ਦਾ ਰੰਗ ਚੜ੍ਹਨ ਨਾਲ ਪਾਪ ਮਿਟ ਜਾਂਦੇ ਹਨ ਅਤੇ ਮਨ ਸ਼ੁੱਧ ਹੋ ਜਾਂਦਾ ਹੈ। ਸਾਧ ਦੇ ਸੰਗ ਵਿੱਚ ਨਾਮ ਸਿਮਰਨ ਕਰਨ ਵਾਲਾ ਵਿਅਕਤੀ ਪਰਮਾਤਮਾ ਦੀ ਸ਼ਰਨ ਵਿੱਚ ਰਹਿੰਦਾ ਹੈ। ਗੁਰਮਤਿ ਵਿੱਚ ਗੁਰੂ ਦੀ ਕਿਰਪਾ ਦੁਆਰਾ ਪ੍ਰਭੂ ਦੀ ਸ਼ਰਨ ਦੀ ਪ੍ਰਾਪਤੀ ਦੱਸੀ ਗਈ ਹੈ। ਪ੍ਰਭੂ ਦੀ ਸ਼ਰਨ ਵਿੱਚ ਨਾਮ ਦੇ ਸਿਮਰਨ ਦਾ ਫਲ ਪ੍ਰਾਪਤ ਹੁੰਦਾ ਹੈ। ਮਨੁੱਖ ਦੇ ਸਾਰੇ ਵਾਸ਼ਨਾ-ਮੂਲਕ ਅਤੇ ਜਾਤੀ-ਮੂਲਕ ਸੰਸਕਾਰ ਮਿਟ ਜਾਂਦੇ ਹਨ, ਇਸੇ ਲਈ ਸ਼ਰਨਾਗਤੀ ਨੂੰ ਸਭ ਤੋਂ ਉਤਮ ਮੰਨਿਆ ਗਿਆ ਹੈ :

ਸਾਧੂ ਕੀ ਜਉ ਲੇਹਿ ਓਟ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥
ਕਹਿ ਰਵਿਦਾਸ ਜੁੋ ਜਪੈ ਨਾਮੁ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥੪॥੧॥[209]।

ਸਮਾਜ ਵਿੱਚ ਵਿਚਰਦਿਆਂ ਮਨੁੱਖ ਬਹੁਤ ਕੁਝ ਆਪਣੇ ਸੰਗੀਆਂ-ਸਾਥੀਆਂ ਨਾਲ ਵਿਚਾਰ ਵਟਾਂਦਰ ਕਰਦੇ ਹੋਏ ਸਿੱਖਦਾ ਹੈ। ਮਨੁੱਖੀ ਮਾਨਸਿਕ ਵਿਕਾਸ ਉਸਦੇ ਵਿਚਾਰਾਂ ਉੱਪਰ ਹੀ ਟਿਕਿਆ ਹੈ ਤੇ ਬਹੁਤ ਹੱਦ ਤੱਕ ਵਿਚਾਰ ਸੰਗਤ ਵਿੱਚ ਬਣਦੇ ਜਾਂ ਘੜੇ ਜਾਂਦੇ ਹਨ। ਆਤਮਿਕ

---

208 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੮
209 ਉਹੀ, ਪੰਨਾ ੧੧੯੬

ਵਿਕਾਸ ਲਈ ਜਿਸ ਪਹੁੰਚੇ ਹੋਏ ਪਰਪੱਕ ਮਨੁੱਖਾਂ ਦੀ ਸੰਗਤ ਜ਼ਰੂਰੀ ਹੈ ਉਨ੍ਹਾਂ ਮਨੁੱਖਾਂ ਦੀ ਸੰਗਤ ਨੂੰ ਹੀ ਸਾਧ ਸੰਗਤ ਦਾ ਨਾਂ ਦਿੱਤਾ ਜਾਂਦਾ ਹੈ।

## ਮਨ ਦੀ ਸ਼ੁੱਧਤਾ

ਧਾਰਮਿਕ ਪੂਜਾ ਵਿਧੀ ਦੇ ਬਾਹਰੀ ਰੂਪ ਵਿੱਚ ਸ਼ੁੱਧੀ ਦੀ ਕਮੀ ਅਤੇ ਉਸ ਦੇ ਮੁਕਾਬਲੇ ਅੰਤਰ ਮਨ ਦੀ ਸ਼ੁੱਧੀ ਨੂੰ ਬਿਆਨ ਕਰਨ ਲਈ ਬੜੀ ਖੂਬਸੂਰਤ ਉਦਾਹਰਣ ਪੇਸ਼ ਕਰਦੇ ਹੋਏ ਭਗਤ ਰਵਿਦਾਸ ਜੀ ਲਿਖਦੇ ਹਨ :

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥੩॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥੪॥[210]

ਤੂੰ ਵਸਤੂਆਂ ਦੀ ਚਿੰਤਾ ਛੱਡ ਤੇ ਸੱਚੇ ਮਨ ਨਾਲ ਬੰਦਗੀ ਵਿੱਚ ਲੱਗ :-

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥
ਕਰਿ ਬੰਦਗੀ ਛਾਡਿ ਮੈ ਮੇਰਾ॥
ਹਿਰਦੈ ਨਾਮੁ ਸਮਾਰਿ ਸਵੇਰਾ॥੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥

210 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੫

ਕਹਿ ਰਵਿਦਾਸ ਨਿਦਾਨ ਦਿਵਾਨੇ॥

ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥[211]

ਸਰੀਰ ਅਤੇ ਸੰਬੰਧੀਆਂ ਦਾ ਮੋਹ ਤਿਆਗ ਕੇ ਮਨ ਵਿਚੋਂ ਹਉਮੈ ਨੂੰ ਕੱਢ ਦੇਈਏ ਤਾਂ ਉਸ ਵਿਚ ਨਾਮ ਦਾ ਵਾਸਾ ਹੁੰਦਾ ਹੈ। ਜਦੋਂ ਮਨ ਵਿਚ ਹਉਮੈ ਸੀ ਉਸ ਵਿਚ ਤੇਰਾ ਵਾਸ ਨਹੀਂ ਸੀ। ਹੁਣ ਜਦੋਂ ਤੇਰਾ ਵਾਸਾ ਹੋ ਗਿਆ ਹੈ ਹਉਮੈ ਦਾ ਨਾਸ਼ ਹੋ ਗਿਆ ਹੈ। ਆਪ ਦਾ ਫੁਰਮਾਨ ਹੈ :-

ਜਬ ਹਮ ਹੋਤੇ ਤਬ ਤੂ ਨਾਂਹੀ ਅਬ ਤੂਹੀ ਮੈ ਨਾਹੀ॥

ਅਨਲ ਅਗਮ ਜੈਸੇ ਲਹਿਰ ਮਇ ਓਦਧਿ

ਜਲ ਕੇਵਲ ਜਲ ਮਾਂਹੀ॥੧॥[212]

ਹਵਾ ਨਾਲ ਸਮੁੰਦਰ ਵਿੱਚ ਅਨੇਕ ਲਹਿਰਾਂ ਉੱਠਦੀਆਂ ਹਨ, ਪਰ ਹਵਾ ਬੰਦ ਹੋਣ ਦੇ ਨਾਲ ਹੀ ਉਹ ਜਲ ਦਾ ਰੂਪ ਧਾਰ ਲੈਂਦੀਆਂ ਹਨ ਅਤੇ ਉਨ੍ਹਾਂ ਦਾ ਜਲ ਸਮੁੰਦਰ ਦੇ ਜਲ ਵਿੱਚ ਹੀ ਸਮਾ ਜਾਂਦਾ ਹੈ। ਹੁਣ 'ਹਉਮੈ' ਦਾ ਪਰਦਾ ਜੋ ਭੰਬੀਰੀ ਦੇ ਖੰਭ ਵਰਗਾ ਹੈ, ਗੁਰੂ ਦੀ ਕਿਰਪਾ ਨਾਲ ਦੂਰ ਹੋ ਗਿਆ ਹੈ ਤੇ ਮੇਰੀ 'ਆਤਮਾ' ਨੇ ਆਪਣਾ ਅਸਲਾ ਸਹੀ ਕਰ ਲਿਆ ਹੈ।

ਭਗਤ ਰਵਿਦਾਸ-ਬਾਣੀ ਤੇ ਗੁਰਮਤਿ ਵਿਚਾਰਧਾਰਾ ਵਿੱਚ ਅਕਾਲ ਪੁਰਖ ਨਾਲ ਲਿਵ ਲਾਉਣ ਲਈ ਚੰਚਲ ਮਨ ਨੂੰ ਵਸ ਕਰਨਾ ਜ਼ਰੂਰੀ ਮੰਨਦੇ ਹਨ। 'ਮਨਜੀਤੇ ਜਗ ਜੀਤ'॥ ਪਰ 'ਮਾਇਆ' ਦੇ ਪ੍ਰਭਾਵ ਕਾਰਨ ਇਹ ਮਨ 'ਬਿਖਿਆ ਬਿਮੋਹਿਆ' ਹੋ 'ਕਛੂ ਆਰ ਪਾਰ ਨਾ ਸੂਝ' ਅਤੇ 'ਮਨ ਮਾਇਆ ਕੇ ਹਾਥ ਬਿਕਾਨੋ' ਬਣ ਪ੍ਰਭੂ ਰਚਨਾ ਨਾਲ ਲਿਵ ਨਹੀਂ 'ਬਿਖ ਅੰਮ੍ਰਿਤ ਬਸੇ ਇੱਕ ਸੰਗਾ'[213] ਦੇ ਸਿਧਾਂਤ ਅਨੁਸਾਰ ਇਸ 'ਮਨ' ਦਾ ਆਪਣਾ ਮਹੱਤਵ ਹੈ। ਜੇਕਰ ਇਹ ਮਨ, ਬੇਲਗਾਮ ਘੋੜੇ ਵਾਂਗ ਬੇਕਾਬੂ ਹੋ ਜਾਵੇ, ਤਾਂ ਵਸਤੂ ਸੰਸਾਰ ਦੇ ਵਿਸ਼ੇ ਵਿਕਾਰਾਂ ਵਿੱਚ ਗਲਤਾਨ ਹੋ 'ਬਿਖ' ਰੂਪ ਧਾਰਨ ਕਰ ਜਾਵੇਗਾ। ਪਰ ਜੇ ਚੰਗੀ ਸੰਗਤ ਕਾਰਨ ਸੁਚੇਤ ਹੋ ਜਾਵੇ ਤਾਂ 'ਅੰਮ੍ਰਿਤ' ਰੂਪੀ ਨਾਮ-ਸਿਮਰਨ ਦੁਆਰਾ ਪ੍ਰਭੂ ਚਰਨਾਂ ਨਾਲ ਲਿਵ ਜੋੜ ਲਵੇਗਾ। ਇਹ ਹਕੀਕਤ ਹੈ ਕਿ ਸੁਚੱਜੇ ਪੁਰਸ਼ਾਂ ਦੀ ਸੰਗਤ ਵਿੱਚ ਵਿਚਾਰਾਂ ਦਾ ਆਦਾਨ-ਪ੍ਰਦਾਨ ਮਾਨਵ-ਮਨ ਭ੍ਰਾਂਤੀਆਂ ਦੇ ਜੰਗਲ ਵਿੱਚੋਂ ਨਿਕਲਣ ਲਈ ਸਹਾਇਤਾ ਕਰਦਾ ਹੈ। ਇਹੋ ਕਾਰਨ ਹੈ ਕਿ ਗੁਰਮਤਿ ਵਿਚਾਰਧਾਰਾ ਤੇ

211 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੪

212 ਉਹੀ, ਪੰਨਾ ੬੫੭

213 ਉਹੀ, ਪੰਨਾ ੬੫੮

ਰਵਿਦਾਸ-ਬਾਣੀ ਪ੍ਰਭੂ ਸਿਮਰਨ ਤੇ ਮਾਨਵ-ਜੀਵਨ ਦੇ ਸਦਗੁਣ ਰੂਪੀ ਵਿਕਸਤ ਹੋਣ ਵਿੱਚ ਸਾਧ-ਸੰਗਤ ਦਾ ਬਹੁਤ ਵੱਡਾ ਯੋਗਦਾਨ ਤੇ ਕੁਸੰਗਤ ਨੂੰ 'ਰੁਕਾਵਟ' ਮੰਨਦੀ ਹੈ। ਸਾਧ-ਸੰਗਤ ਵਿੱਚ ਕਠੋਰ ਮਨ ਵੀ ਕੋਮਲ ਹੋ ਜਾਂਦਾ ਹੈ ਅਤੇ ਕੁਸੰਗਤ ਮਾਨਵ ਨੂੰ ਰਸਾਤਲ ਦੀ ਡੂੰਘੀ ਖੱਡ ਵਿੱਚ ਸੁੱਟ ਦਿੰਦੀ ਹੈ।

ਭਗਤ ਰਵਿਦਾਸ ਬਾਣੀ ਵਿੱਚ ਮਨ ਦੀ ਸ਼ੁੱਧਤਾ ਲਈ ਤਨ, ਮਨ, ਧਨ, ਸਭ ਗੁਰੂ ਨੂੰ ਸੌਂਪਣ, ਭਾਣੇ ਨੂੰ ਮਿੱਠਾ ਕਰਕੇ ਮੰਨਣ ਅਤੇ ਉਸ ਦੀ ਆਗਿਆ ਦਾ ਪਾਲਣ ਕਰਨ ਤੇ ਬਹੁਤ ਬਲ ਦਿੱਤਾ ਗਿਆ ਹੈ, ਕਿਉਂਕਿ ਜਿਹੜਾ ਮਨੁੱਖ ਸੰਪੂਰਨ ਤੇ ਆਪਣਾ ਆਪ ਤਿਆਗ ਪ੍ਰਭੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਤਾਂ ਪ੍ਰਭੂ ਪ੍ਰਸੰਨ ਹੋ ਕੇ ਦੁਨੀਆ ਦੇ ਸਾਰੇ ਸੁੱਖ ਉਸ ਨੂੰ ਪ੍ਰਦਾਨ ਕਰਦਾ ਹੈ। ਪਰ ਨਿੰਦਕਾਂ ਨੂੰ ਭਗਤ ਰਵਿਦਾਸ ਬਾਣੀ ਤੇ ਗੁਰਮਤਿ ਵਿੱਚ ਆੜੇ ਹੱਥੀਂ ਲਿਆ ਗਿਆ ਹੈ। ਦੂਸਰਿਆਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੇ ਤੀਰਥ-ਇਸ਼ਨਾਨ ਪੁੰਨ-ਦਾਨ, ਭਗਤੀ ਆਦਿ ਸਭ ਨਿਸਫਲ ਮੰਨੇ ਗਏ ਹਨ।

ਗੁਰਮਤਿ ਅਤੇ ਰਵਿਦਾਸ-ਬਾਣੀ ਵਿੱਚ ਕਰਮਕਾਂਡ ਤਥਾ ਅਡੰਬਰ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਪੂਜਾ-ਅਰਚਨਾ ਲਈ ਨਿਰਧਾਰਤ ਨਿਯਮਾਵਲੀ ਤੋਂ ਬਾਣੀਕਾਰ ਪ੍ਰੇਰਤ ਨਹੀਂ ਹੋਏ, ਸਗੋਂ ਇਹ ਦ੍ਰਿਸ਼ਟੀਕੋਣ ਵਿਅੰਗਾਤਮਕ ਹੈ। ਇਨ੍ਹਾਂ ਦੀ ਧਾਰਾ ਇਸ ਵਿਧੀ-ਵਿਧਾਨ ਨੂੰ ਸੂਰਜ ਸਾਹਮਣੇ ਦੀਵਾ ਮੰਨਦੀ ਹੈ, ਕਿਉਂਕਿ ਇਹ ਵਿਧਾਨ 'ਪ੍ਰੇਮ-ਭਗਤਿ' ਪੈਦਾ ਕਰਨ ਵਿੱਚ ਸਮਰੱਥ ਨਹੀਂ ਹੈ।(ਗਗਨ ਮੈ ਥਾਲ ਰਵਿ ਚੰਦ ਦੀਪਕ ਬਨੈ)[214] (ਨਾਮ ਤੇਰੇ ਆਰਤੀ ਮਜਨ ਮੁਰਾਰੇ)[215] ਗੁਰਮਤਿ ਵਾਂਗ ਹੀ ਰਵਿਦਾਸ-ਬਾਣੀ ਵਿੱਚ ਤੀਰਥ ਇਸ਼ਨਾਨ, ਖਟ ਕਰਮ, ਪੁੰਨ ਦਾਨ, ਅਸ਼ਵਮੇਧ ਯੱਗ ਇੱਥੋਂ ਤੱਕ ਕਿ ਇਸਤਰੀ-ਦਾਨ ਨੂੰ ਵੀ 'ਰਾਮ ਨਾਮ' ਦੇ ਤੁਲ ਨਹੀਂ ਮੰਨਿਆ ਗਿਆ ਇੱਥੇ ਵੀ ਦੋਹਾਂ ਚਿੰਤਕਾਂ ਦੀ ਵਿਚਾਰਧਾਰਾ ਇੱਕ ਦੂਜੇ ਦੇ ਪੂਰਕ ਬਣਦੀ ਹੈ।

ਭਗਤ ਰਵਿਦਾਸ ਜੀ ਨੇ ਉਸ ਸਮੇਂ ਦੀਆਂ ਵਿਆਪਕ ਸੱਚਾਈਆਂ ਨੂੰ ਵਿਸ਼ਿਆਂ ਵਜੋਂ ਵਾਚਿਆ ਹੈ ਕਿ ਪਵਿੱਤਰਤਾ ਉੱਚ ਇਖਲਾਕੀ ਜ਼ਰੂਰਤ ਹੈ। ਹਰੇਕ ਮਨੁੱਖ ਪਵਿੱਤਰਤਾ ਦਾ ਧਾਰਨੀ ਹੈ। ਵਿਸ਼ੇ ਵਿਕਾਰਾਂ ਦੀ ਮੈਲ ਉਸ ਨੂੰ ਅਪਵਿੱਤਰ ਕਰ ਰਹੀ ਹੈ। ਮਨੁੱਖ ਦਾ ਹਿਰਦਾ ਕੇਵਲ ਨਾਮ

214 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੩
215 ਉਹੀ, ਪੰਨਾ ੬੯੪

ਰੂਪੀ ਸਾਬਣ ਹੀ ਪਵਿੱਤਰ ਕਰ ਸਕਦਾ ਹੈ। ਭਗਤ ਰਵਿਦਾਸ ਜੀ ਪਰਮਾਤਮਾ ਦੇ ਮੋਹ ਜਾਲ ਵਿੱਚ ਫਸੇ ਮਨੁੱਖ ਨੂੰ, ਇੱਕ ਸੱਚੇ ਪ੍ਰੇਮੀ ਵਾਂਗ ਸਵਾਲ ਕਰਦੇ ਹਨ ਕਿ ਜੇ ਮੈਂ ਪਾਪੀ ਨਾ ਹੁੰਦਾ ਤਾਂ ਤੇਰਾ ਨਾਮ ਪਤਿਤ ਪਾਵਨ ਕਿਵੇਂ ਹੁੰਦਾ? :

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥੧॥ ਰਹਾਉ॥[216]

## ਪੰਜ ਵਿਕਾਰ

ਭਗਤ ਰਵਿਦਾਸ ਜੀ ਪ੍ਰਭੂ ਪਰਮਾਤਮਾ ਨਾਲ ਜੁੜ ਕੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਪੰਜ ਵਿਕਾਰਾਂ ਤੋਂ ਬਚ ਕੇ ਮਨੁੱਖਾ ਜੀਵਨ ਨੂੰ ਸਫਲ ਕਰਨ ਦੀ ਪ੍ਰੇਰਨਾ ਦਿੰਦੇ ਹਨ। ਆਪ ਇਨ੍ਹਾਂ ਦੋਸ਼ਾਂ ਨੂੰ ਲਾ-ਇਲਾਜ ਕਹਿੰਦੇ ਹੋਏ ਮ੍ਰਿਗ, ਮਛਲੀ, ਭੌਰਾ, ਪਤੰਗਾ ਅਤੇ ਹਾਥੀ ਦੇ ਉਦਾਹਰਨ ਰਾਹੀਂ ਸਪੱਸ਼ਟ ਕਰਦੇ ਹਨ ਕਿ ਇਹ ਸਾਰੇ ਇੱਕ ਦੋਸ਼ ਕਾਰਨ ਅਰਥਾਤ ਅਗਨੀ ਰੂਪੀ ਤੱਤ ਤੋਂ ਨਿਰਮਿਤ ਹੋਣ ਸਦਕਾ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। ਉਸ ਪ੍ਰਾਣੀ ਦੀ ਰੱਖਿਆ ਪਰਮਾਤਮਾ ਹੀ ਕਰ ਸਕਦਾ ਹੈ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥[217]

## ਨਰਕ ਸੁਰਗ

ਭਗਤ ਰਵਿਦਾਸ ਜੀ ਆਮ ਭਾਰਤੀ ਵਿਸ਼ਵਾਸ ਅਨੁਸਾਰ ਨਰਕ ਤੇ ਸੁਰਗ ਦੇ ਸੰਕਲਪ ਵਿੱਚ ਵਿਸ਼ਵਾਸ ਰੱਖਦੇ ਹਨ। ਆਪ ਜੀ ਦੀ ਬਾਣੀ ਵਿੱਚ ਨਰਕ ਦਾ ਡਰ ਤੋਂ ਪਿੱਛਾ ਛੁਡਾਉਣ ਲਈ ਗੁਰੂ ਦੀ ਅਗਵਾਈ ਪ੍ਰਾਪਤ ਕਰਕੇ ਪਰਮਾਤਮਾ ਦੀ ਸ਼ਰਨ ਜਾਣ ਅਤੇ ਨੇਕ ਕਰਮ ਕਰਨ ਦਾ ਉਪਦੇਸ਼ ਦਿੰਦੇ ਹੋਏ ਦ੍ਰਿੜ ਕਰਵਾਉਂਦੇ ਹਨ :

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥੨੪੨॥[218]

---

216 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩
217 ਉਹੀ, ਪੰਨਾ ੪੮੬
218 ਉਹੀ ਪੰਨਾ ੧੩੭੭

ਇਸ ਨਰਕ ਕੁੰਡ ਤੋਂ ਬਚਣ ਦਾ ਉਪਾਅ ਆਪ ਨੇ ਰਾਮ ਨਾਮ ਜਾਪ ਅਤੇ ਪ੍ਰੇਮ ਭਗਤੀ ਆਦਿ ਵਿਚੋਂ ਲੱਭਣ ਦਾ ਯਤਨ ਕੀਤ ਹੈ :

ਜਨ ਰਵਿਦਾਸ ਰਾਮ ਰੰਗਿ ਰਾਤਾ।

ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥[219]

ਅਤੇ

ਰਵਿਦਾਸੁ ਜਪੈ ਰਾਮ ਨਾਮਾ॥

ਮੋਹਿ ਜਮ ਸਿਉ ਨਾਹੀ ਕਾਮਾ॥੩॥੭॥[220]

## ਕਰਮ ਚਿੰਤਨ

ਕਰਮ ਸਾਰੇ ਧਰਮਾਂ ਦਾ ਮੂਲ ਸਿਧਾਂਤ ਤੇ ਇਕ ਵਿਆਪਕ ਸੰਕਲਪ ਹੈ। ਮਨੁੱਖੀ ਜੀਵਨ ਦੀ ਸੰਪੂਰਨਤਾ ਤੇ ਸਫਲਤਾ ਕਰਮ ਆਧਾਰਿਤ ਹੈ। ਕਰਮ ਹੀ ਵਿਅਕਤੀ ਸਖਸ਼ੀਅਤ ਉਸਦੇ ਅਸਤਿਤਵ ਦੀ ਪਹਿਚਾਨ ਬਣਦੇ ਹਨ। ਕਰਮ ਮਾਰਗ ਆਚਰਣ ਦਾ ਉਹ ਮਾਰਗ ਹੈ ਜਿਸਦੇ ਰਾਹੀਂ ਮਨੁੱਖ ਆਪਣੇ ਜੀਵਨ ਦੇ ਅੰਤਿਮ ਉਦੇਸ਼ ਤੱਕ ਪਹੁੰਚ ਸਕਦਾ ਹੈ। ਸਿੱਖ ਧਰਮ ਦੇ ਮੂਲ ਸਿਧਾਂਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਵਿਚ ਕਿਰਤ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਇਸਦਾ ਅਰਥ ਹੈ ਕਿ ਕਿਰਤ ਭਾਵ ਕਰਮ ਬਿਨਾ ਅਧਿਆਤਮਕ ਸਾਧਨਾ ਦੇ ਸੰਭਵ ਨਹੀਂ। ਗੀਤਾ ਵਿੱਚ ਕਿਹਾ ਗਿਆ ਹੈ ਕਿ ਸਮਰਪਿਤ ਭਾਵ ਨਾਲ ਕੀਤੇ ਕਰਮਾਂ ਦੀ ਪੂਰਤੀ ਗਿਆਨ ਰਾਹੀਂ ਹੁੰਦੀ ਹੈ[221] ਦੋਵਾਂ ਦਾ ਅਲੱਗ ਅਲੱਗ ਕੋਈ ਮਹੱਤਵ ਨਹੀਂ ਹੈ। ਭਗਤ ਰਵਿਦਾਸ ਜੀ ਗਿਆਨ ਅਤੇ ਕਰਮ ਦੇ ਸੰਬੰਧ ਨੂੰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਮਨੁੱਖ ਨੂੰ ਗਿਆਨ ਹੋ ਜਾਂਦਾ ਹੈ ਤਾਂ ਉਹ ਕਰਮਾਂ ਦੇ ਬੰਧਨ ਤੋਂ ਮੁਕਤ ਭਾਵ ਕਰਤਾਪਨ ਦੀ ਭਾਵਨਾ ਤੋਂ ਰਹਿਤ ਹੋ ਕੇ ਕਮਲ ਦੇ ਫੁੱਲ ਵਾਂਗ ਨਿਰਲਿਪਤ ਰਹਿੰਦਾ ਹੋਇਆ ਕਰਮ ਕਰਦਾ ਹੈ-

ਫਲ ਕਾਰਨ ਫੂਲੀ ਬਨਰਾਇ॥

ਫਲੁ ਲਾਗਾ ਤਬ ਫੂਲ ਬਿਲਾਇ॥

ਗਿਆਨੈ ਕਾਰਨ ਕਰਮ ਅਭਿਆਸੁ॥

---

219 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੭

220 ਉਹੀ ,ਪੰਨਾ ੬੫੯

221 ਸ੍ਰੀਮਦਭਗਵਦਗੀਤਾ, ਅਧਿਆਇ 4

ਗਿਆਨੁ ਭਇਆ ਤਹ ਕਰਮਹ ਨਾਸੁ ॥੩॥[222]

ਇਨ੍ਹਾਂ ਦਾ ਮੰਨਣਾ ਹੈ ਕਿ ਮਨੁੱਖ ਵਾਰ-ਵਾਰ ਜਨਮ ਲੈਂਦਾ ਹੈ ਤੇ ਅਗਲੇ ਪਿਛਲੇ ਕਰਮਾਂ ਅਕਰਮਾਂ ਦਾ ਫਲ ਭੋਗਦਾ ਹੈ ਅਤੇ ਅੱਗੇ ਲਈ ਵੀ ਫਲ ਦੀ ਪ੍ਰਾਪਤੀ ਕਰਦਾ ਹੈ। 'ਲੇਖਾ ਮੰਗੇ ਬਾਣੀਆ'[223] ਅਨੁਸਾਰ ਉਸ ਪਰਮਾਤਮਾ ਦੇ ਸਿਰਜੇ ਇਸ ਵਿਧੀ ਵਿਧਾਨ ਪੂਰਨ ਅੰਤਰਿ ਸੰਸਾਰ ਸਾਗਰ ਵਿੱਚ ਅਸੀਂ ਆਪਣੇ ਕਰਮਾਂ ਦਾ ਹਿਸਾਬ-ਕਿਤਾਬ ਚੁਕਤਾ ਕਰਨ ਵਿੱਚ ਲੱਗੇ ਰਹਿੰਦੇ ਹਾਂ ਅਤੇ ਇਸੇ ਹਿਸਾਬ-ਕਿਤਾਬ ਵਿੱਚ ਹੋਰ ਬਹੁਤ ਸਾਰੇ ਕਰਮਾਂ ਦਾ ਸੰਗ੍ਰਹਿ ਕਰਦੇ ਹਾਂ। ਇਸੇ ਨੂੰ ਕਰਮ ਸਿਧਾਂਤ ਕਹਿੰਦੇ ਹਨ। ਡਾ. ਤਿਲਕ ਰਾਜ ਸ਼ਿੰਗਾਰੀ ਅਨੁਸਾਰ, "ਸੰਤਾਂ ਨੇ ਪੁਨਰ-ਜਨਮ ਜਾਂ ਆਵਾਗਉਣ ਦੇ ਨਿਯਮ ਨੂੰ ਕਰਮ ਸਿਧਾਂਤ ਦਾ ਆਵਸ਼ਕ ਅੰਗ ਮੰਨਿਆ ਹੈ ਕਿਉਂਕਿ ਪੂਰਨਤਾ ਦੀ ਪ੍ਰਾਪਤੀ ਲਈ ਵੀ ਯਤਨ (ਕਰਮ) ਦੀ ਨਿਰੰਤਰਤਾ ਵਿਚ ਆਵਸ਼ਕਤਾ ਹੈ ਤੇ ਅਨੇਕ ਅਣਭੋਗੇ ਕਰਮਾਂ ਦਾ ਫਲ ਭੋਗਣ ਲਈ ਦੁਬਾਰਾ ਜਨਮ ਲੈਣਾ ਜ਼ਰੂਰੀ ਹੈ। ਵਿਅਕਤੀ ਆਪਣੇ ਪ੍ਰਵਿਰਤੀ ਅਨੁਸਾਰ ਅਣਭੋਗੇ ਕਰਮਾਂ ਨੂੰ ਪੂਰਾ ਕਰਨ ਲਈ ਉਸੇ ਤਰ੍ਹਾਂ ਦਾ ਜਨਮ ਗ੍ਰਹਿਣ ਕਰਦਾ ਹੈ ਜਿਵੇਂ ਪਰਮਾਰਥ ਮਾਰਗ ਤੇ ਚੱਲਣ ਵਾਲਾ ਵਿਅਕਤੀ ਜਿਥੇ ਸਾਧਨਾ ਨੂੰ ਇਕ ਜਨਮ ਵਿਚ ਛੱਡਦਾ ਹੈ, ਅਗਲੇ ਜਨਮ ਵਿਚ ਉਥੋਂ ਹੀ ਸ਼ੁਰੂ ਕਰਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਵਿਅਕਤੀ ਦੇ ਪੂਰਵ ਕੀਤੇ ਕਰਮ ਅਗਲੇ ਜਨਮ ਵਿਚ ਪ੍ਰਭਾਵ ਅਵਸ਼ ਪਾਉਂਦੇ ਹਨ।[224]

ਭਗਤ ਰਵੀਦਾਸ ਦਾ ਵੀ ਇਹੀ ਕਹਿਣਾ ਹੈ ਕਿ ਵਿਅਕਤੀ ਨੂੰ ਚੰਗੇ ਮੰਦੇ ਕਰਮਾਂ ਦਾ ਲੇਖਾ ਹਰੇਕ ਨੂੰ ਭੋਗਣਾ ਹੀ ਪੈਂਦਾ ਹੈ, ਬੁਰੇ ਕਰਮ ਦਾ ਬੁਰਾ ਫਲ ਅਤੇ ਚੰਗੇ ਕਰਮ ਦਾ ਚੰਗਾ ਫਲ ਮਿਲਦਾ ਹੈ। ਇਸ ਵਿਚ ਕਿਸੇ ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾਂਦੀ, ਲੇਖੇ ਸਬੰਧੀ ਆਪ ਦਾ ਵਿਚਾਰ ਹੈ-

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥
ਝੂਠੇ ਬਨਜਿ ਉਠਿ ਹੀ ਗਈ ਹਾਟਿਓ॥2॥
ਕਹੁ ਰਵਿਦਾਸ ਭਇਓ ਜਬ ਲੇਖੋ॥

---

222 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੭

223 ਉਹੀ, ਪੰਨਾ ੧੦੧੯

224 ਸਰਬਜਿੰਦਰ ਸਿੰਘ (ਡਾ.), (ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ 60

ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥੩॥੧॥[225]

ਭਗਤ ਰਵਿਦਾਸ ਜੀ ਮਨੁੱਖ ਨੂੰ ਕਰਮ ਕਰਨ ਸੰਬੰਧੀ ਸਾਵਧਾਨ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਹਰ ਪਲ ਜੀਵ ਦੇ ਕਰਮਾਂ ਨੂੰ ਦੇਖ-ਪਰਖ ਤੇ ਲਿਖ ਰਿਹਾ ਹੈ। ਇਸ ਲਈ ਮਨੁੱਖ ਨੂੰ ਚੰਗੇ ਕਰਮ ਕਰਨ ਵੱਲ ਉਤਸ਼ਾਹਿਤ ਹੋਣਾ ਚਾਹੀਦਾ ਹੈ ਕਿਉਂਕਿ ਅੰਤ ਨਿਬੇੜਾ ਸ਼ੁਭ ਕਰਮਾਂ ਦੇ ਅਧੀਨ ਹੈ, ਇਸ ਲਈ ਉਹ ਮਨੁੱਖ ਨੂੰ ਸਰਲ, ਸਦਾਚਾਰੀ , ਸਹਜ, ਚਰਿਤ੍ਰਵਾਨ ਤੇ ਕਾਮ ਵਾਸ਼ਨਾ ਰਹਿਤ ਸ਼ੁੱਧ ਸਾਤਵਿਕ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਮੋਹ ਮਾਇਆ ਵਿਚ ਬੱਝਾ ਕਈ ਵਾਰ ਅਜਿਹੇ ਕਰਮ ਕਰ ਜਾਂਦਾ ਹੈ ਜੋ ਉਸਨੂੰ ਜੀਵਨ ਦੇ ਮੁੱਖ ਉਦੇਸ਼ ਭਾਵ ਮੁਕਤੀ ਤੋਂ ਦੂਰ ਲੈ ਜਾਂਦੇ ਹਨ। ਅਜਿਹੀ ਅਵਸਥਾ ਵਿਚ ਪਰਮਾਤਮਾ ਦਾ ਨਾਮ ਸਿਮਰਨ ਹੀ ਹੈ ਜੋ ਮਨੁੱਖ ਨੂੰ ਪਵਿੱਤਰ ਕਰਮਾਂ ਦੇ ਮਾਰਗ ਵੱਲ ਖਿੱਚਦਾ ਹੈ। ਜੋ ਵਿਅਕਤੀ ਨੂੰ ਉਸਦੇ ਮਨੁੱਖੀ ਜੀਵਨ ਦੇ ਅੰਤਿਮ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੇ ਹਨ।

ਆਮ ਭਾਰਤੀ ਜਿੱਥੇ ਨਰਕ ਸੁਰਗ, ਜਮਰਾਜ ਅਤੇ ਬੈਕੁੰਠ ਆਦਿ ਵਿੱਚ ਦ੍ਰਿੜ ਨਿਸ਼ਚਾ ਰੱਖਦਾ ਹੈ, ਉਥੇ ਉਹ ਬਹੁ-ਜਨਮਾਂ ਚੁਰਾਸੀ ਲੱਖ ਜੋਨਾਂ ਦਾ ਚੱਕਰ ਅਤੇ ਆਤਮਾ ਦੀ ਅਮਰਤਾ ਕਾਰਨ ਸਰੀਰ ਰੂਪੀ ਚੋਲੇ ਨੂੰ ਬਦਲਣ ਦੀ ਗੱਲ ਵੀ ਕਰਦਾ ਹੈ। ਮਨੁੱਖਾ ਜਨਮ ਭਜਨ ਬੰਦਗੀ ਦੁਆਰਾ ਪ੍ਰਭੂ ਦੀ ਪ੍ਰਾਪਤੀ ਦੁਆਰਾ ਜਨਮ ਮਰਨ ਦੇ ਗੇੜ ਤੋਂ ਮੁਕਤੀ ਪਾਉਣਾ ਹੈ। ਜਦ ਉਸਨੂੰ ਮੁਕਤੀ ਮਿਲ ਜਾਂਦੀ ਹੈ ਉਹ ਅਭੇਦ ਹੋ ਜਾਂਦਾ ਹੈ ਉਸ ਦੀ ਮੁਕਤੀ ਦਾ ਅਰਥ ਹੀ ਜਨਮ ਜਨਮਾਂਤ ਦੀ ਤਲਾਸ਼ ਤੇ ਭਟਕਣ ਸਮਾਪਤ ਹੋ ਕੇ ਆਪਣੇ ਮੂਲ ਵਿੱਚ ਸਮਾ ਜਾਣਾ ਹੈ। ਭਗਤ ਰਵਿਦਾਸ ਜੀ ਇਸ ਬਾਰੇ ਸਪਸ਼ਟ ਸ਼ਬਦਾਂ ਵਿੱਚ ਕਹਿੰਦੇ ਹਨ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥[226]

ਅਤੇ

ਕਰੈ ਨਿੰਦ ਬਹੁ ਜੋਨੀ ਹਾਂਢੈ॥[227]

---

225 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩
226 ਉਹੀ, ਪੰਨਾ ੬੯੪
227 ਉਹੀ, ਪੰਨਾ ੮੭੫

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਅਧਿਆਤਮਵਾਦ ਦਰਸ਼ਨ ਦਾ ਹੀ ਇੱਕ ਰੂਪ ਹੈ ਜਿਸ ਨੇ ਮਨੁੱਖੀ ਜੀਵਨ ਉਤੇ ਬਹੁਤ ਪ੍ਰਭਾਵ ਪਾਇਆ ਹੈ। ਸਭ ਧਰਮਾਂ ਦੇ ਦਰਸ਼ਨ ਵਿੱਚ ਅਧਿਆਤਮਵਾਦ ਪ੍ਰਮੁੱਖ ਰੂਪ ਵਿੱਚ ਸਾਹਮਣੇ ਆਉਂਦਾ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਮਨੁੱਖ ਨੂੰ ਅਧਿਆਤਮਿਕਤਾ ਨਾਲ ਜੋੜਨਾ ਧਰਮ ਦਾ ਮੁੱਖ ਉਦੇਸ਼ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਭਗਤ ਰਵਿਦਾਸ ਜੀ ਦੀ ਸਾਰੀ ਹੀ ਬਾਣੀ ਵਿੱਚੋਂ ਅਧਿਆਤਮਵਾਦੀ ਸੁਰ ਬੁਲੰਦ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਮਲਿਤ ਸਾਰੇ ਹੀ ਤੱਤਵੇਤਾ ਮਹਾਂਪੁਰਸ਼ਾਂ ਦਾ ਅੰਤਿਮ ਲਕਸ਼ 'ਅਧਿਆਤਮਵਾਦ' ਹੀ ਸੀ।

ਭਗਤ ਰਵਿਦਾਸ ਜੀ ਧਾਰਮਿਕ ਮਾਹੌਲ ਨਾਲ ਜੁੜੇ ਉਸ ਹਰ ਪਹਿਲੂ ਦਾ ਖੰਡਨ ਕਰਦੇ ਹਨ ਜੋ ਅਧਿਆਤਮਿਕਤਾ ਦੀ ਕਸੌਟੀ ਤੇ ਖਰਾ ਨਹੀਂ ਉਤਰਦਾ। ਉਨ੍ਹਾਂ ਨੇ ਧਾਰਮਿਕ ਰੀਤੀ-ਰਿਵਾਜਾਂ ਅਤੇ ਉਸ ਜੀਵਨ ਢੰਗ ਦਾ ਜ਼ੋਰਦਾਰ ਖੰਡਨ ਵੀ ਕੀਤਾ ਜੋ ਅਧਿਆਤਮਿਕ ਸੰਪੂਰਨਤਾ ਲਈ ਕੋਈ ਯੋਗਦਾਨ ਨਹੀਂ ਪਾ ਸਕਦੇ। ਉਨ੍ਹਾਂ ਦੀ ਵਿਚਾਰਧਾਰਾ ਦੀ ਪ੍ਰਧਾਨ ਸੁਰ ਅਧਿਆਤਮਿਕ ਹੋਣ ਕਰਕੇ ਉਨ੍ਹਾਂ ਦੇ ਬਾਕੀ ਸਾਰੇ ਸਰੋਕਾਰ ਉਨ੍ਹਾਂ ਦੀ ਅਧਿਆਤਮਿਕ ਚੇਤਨਾ ਦੇ ਅਧੀਨ ਹੋਏ ਨਜ਼ਰ ਆਉਂਦੇ ਹਨ। ਭਗਤ ਰਵਿਦਾਸ ਜੀ ਦੀ ਵਿਲੱਖਣਤਾ ਇਹ ਵੀ ਹੈ ਕਿ ਉਹ ਆਪਣੀ ਹਰ ਸਮੱਸਿਆ ਦੇ ਹੱਲ ਵਜੋਂ ਅਧਿਆਤਮਿਕ ਆਧਾਰ ਨੂੰ ਹੀ ਪੁਖਤਾ ਮੰਨਦੇ ਹਨ। ਉਸ ਸਮੇਂ ਦੀ ਭਾਰਤੀ ਧਾਰਮਿਕ ਵਿਵਸਥਾ ਜੋ ਵਰਣ ਵਿਵਸਥਾ ਤੋਂ ਪ੍ਰੇਰਿਤ ਸੀ, ਉਸ ਦਾ ਵਿਰੋਧ ਵੀ ਉਨ੍ਹਾਂ ਨੇ ਅਧਿਆਤਮਿਕ ਆਧਾਰ 'ਤੇ ਹੀ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਇਹ ਕਹਿ ਕੇ ਪ੍ਰੇਰਿਤ ਕੀਤਾ ਕਿ ਕਿਸੇ ਖਾਸ ਕੁਲ ਜਾਂ ਵਰਣ ਵਿੱਚ ਜਨਮ ਲੈਣ ਨਾਲ ਮਨੁੱਖ ਸਰਵਸ੍ਰੇਸ਼ਠ ਨਹੀਂ ਬਣ ਸਕਦਾ,

ਸਗੋਂ ਅਧਿਆਤਮਿਕ, ਨੈਤਿਕ ਗੁਣਾਂ ਨਾਲ ਭਰਪੂਰ ਹਸਤੀ ਚਾਹੇ ਉਹ ਕਿਸੇ ਵੀ ਕੁਲ ਵਿੱਚ ਪੈਦਾ ਹੋਵੇ, ਉਹ ਸਨਮਾਨਯੋਗ ਤੇ ਸਰਵਸ੍ਰੇਸ਼ਠ ਹੋ ਸਕਦਾ ਹੈ।

ਭਗਤ ਜੀ ਇਨ੍ਹਾਂ ਹਾਲਤਾਂ ਵਿੱਚ ਜਿਸ ਦਲੇਰੀ ਨਾਲ ਸਮਕਾਲੀ ਸ਼ਾਸਕਾਂ ਅਤੇ ਪੁਜਾਰੀ ਵਰਗ ਦੇ ਜ਼ੁਲਮ ਅਤੇ ਗੁੰਮਰਾਹਕੁਨ ਫੋਕੇ ਕਰਮ-ਕਾਂਡਾਂ ਦਾ ਖੰਡਨ ਕਰਦੇ ਹਨ, ਉਹ ਇੱਕ ਆਮ ਆਦਮੀ ਨਹੀਂ ਕਰ ਸਕਦਾ, ਉਹੀ ਕਰ ਸਕਦਾ ਹੈ ਜਿਸ ਦਾ ਆਧਾਰ ਮਜ਼ਬੂਤ ਹੋਵੇ। ਭਗਤ ਰਵਿਦਾਸ ਜੀ ਨੇ ਆਪਣਾ ਆਧਾਰ ਪਰਮਾਤਮਾ ਨੂੰ ਬਣਾਇਆ। ਪਰਮਾਤਮਾ ਤੋਂ ਵੱਡਾ ਆਧਾਰ ਹੋਰ ਕੀ ਹੋ ਸਕਦਾ ਹੈ? ਜੋ ਸੰਪੂਰਨ ਬ੍ਰਹਿਮੰਡ ਦਾ ਆਧਾਰ ਹੈ। ਪਰਮਾਤਮਾ ਨੂੰ ਜਾਣ ਕੇ ਭਗਤ ਜੀ ਪਰਮਾਤਮਾ ਦੇ ਨਾਲ ਆਪਣੇ ਸੰਬੰਧ ਪ੍ਰਗਟ ਕਰਦੇ ਹੋਏ ਕਹਿੰਦੇ ਹਨ, ਜੋ ਸੰਬੰਧ ਜਲ ਅਤੇ ਜਲ ਤੋਂ ਪੈਦਾ ਹੋਈ ਤਰੰਗ ਵਿੱਚ ਹੈ ਅਤੇ ਸੋਨੇ ਤੋਂ ਬਣੇ ਗਹਿਣੇ ਦਾ ਜੋ ਸੰਬੰਧ ਸੋਨੇ ਨਾਲ ਹੈ, ਉਹੀ ਸੰਬੰਧ ਮੇਰਾ ਪਰਮਾਤਮਾ ਨਾਲ ਹੈ। ਭਗਤ ਰਵਿਦਾਸ ਜੀ ਦੀ ਭਗਤੀ ਦਾ ਸ੍ਰੋਤ ਪ੍ਰਭੂ ਪ੍ਰਤੀ ਪ੍ਰੇਮ ਵਿੱਚੋਂ ਉਪਜਦਾ ਹੈ। ਇਸ ਸਾਰੇ ਧਾਰਮਿਕ ਮਾਹੌਲ ਦਾ ਸਿੱਧਾ ਸੰਬੰਧ ਮਨੁੱਖ ਦੇ ਸੁਚੇਤ ਮਨ ਨਾਲ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਨੇ ਆਪਣੇ ਧਾਰਮਿਕ/ਅਧਿਆਤਮਿਕ ਦ੍ਰਿਸ਼ਟੀਕੋਣ ਨੂੰ ਮਨੋਵਿਗਿਆਨਕ ਅਤੇ ਤਰਕਸੰਗਤ ਢੰਗ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਧਾਰਮਿਕ ਰਾਹ ਦੀਆਂ ਰੁਕਾਵਟਾਂ ਅਸਲ ਵਿੱਚ ਮਨੁੱਖ ਨੂੰ ਦਰਪੇਸ਼ ਮਾਨਸਿਕ ਰੁਕਾਵਟਾਂ ਹੀ ਹਨ, ਕਿਉਂਕਿ ਮਨ ਦੀਆਂ ਬਿਰਤੀਆਂ ਹੀ ਮਨੁੱਖ ਨੂੰ ਵੱਖ-ਵੱਖ ਕਿਸਮ ਦੇ ਕਰਮ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਭਗਤ ਜੀ ਅਨੁਸਾਰ ਜਦੋਂ ਮਨ ਆਪਣੀ ਅਸਲ ਸਥਿਤੀ ਵਿੱਚ ਆ ਜਾਵੇ ਤਾਂ ਸਦੀਵੀ ਜਾਂ ਅੰਤਿਮ ਚੇਤਨਾ ਦਾ ਦਰਵਾਜ਼ਾ ਖੁੱਲਦਾ ਹੈ। ਇਸ ਕਰਕੇ ਸਾਧਕ ਆਪਣੇ ਮਨ ਨੂੰ ਗੁਰੂ

ਕਿਰਪਾ ਅਥਵਾ ਸਾਧ-ਸੰਗਤ ਨਾਲ ਸੇਧ ਕੇ ਮਨ ਦੀ ਸੰਪੂਰਨ ਇਕਾਗਰਤਾ ਵਿਚੋਂ ਪ੍ਰਭੂ ਪ੍ਰਾਪਤੀ ਦਾ ਰਾਹ ਲੱਭ ਲੈਂਦਾ ਹੈ।

ਭਗਤ ਰਵਿਦਾਸ ਜੀ ਨੇ ਪਰਮਾਤਮਾ, ਜੀਵਾਤਮਾ, ਜਗਤ, ਗੁਰੂ, ਨਾਮ-ਸਿਮਰਨ ਆਦਿ ਭਗਤੀ ਦੇ ਬੁਨਿਆਦੀ ਵਿਸ਼ਿਆਂ ਬਾਰੇ ਸ਼ਬਦ ਰਚਨਾ ਕੀਤੀ ਹੈ। ਇਸ ਤੋਂ ਇਲਾਵਾ ਕਰਮ, ਆਵਾਗਵਨ ਤੇ ਫਿਰ ਮੁਕਤੀ ਤੇ ਮੁਕਤੀ ਪ੍ਰਾਪਤੀ ਲਈ ਗੁਰੂ-ਮਾਰਗ ਦਾ ਅਨੁਸਰਣ ਕੀਤਾ ਹੈ। ਨਾਮ, ਭਗਤੀ, ਸਾਧ ਦੀ ਸੰਗਤ ਆਦਿ ਸਾਧਨਾਂ ਬਾਰੇ ਲਿਖਿਆ ਹੈ। ਭਗਤ ਰਵਿਦਾਸ ਜੀ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਅਤੇ ਸਦੀਵਤਾ ਦੇ ਮੁਕਾਬਲੇ ਸੰਸਾਰ ਦੀ ਨਾਸ਼ਮਾਨਤਾ ਬਾਰੇ ਜਦੋਂ ਗੱਲ ਕਰਦੇ ਹਨ ਤਾਂ ਪ੍ਰਭੂ ਗੁਣਾਂ ਨੂੰ ਹੋਰ ਉਘਾੜ ਕੇ ਪੇਸ਼ ਕਰਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਅਧਿਆਤਮਿਕਤਾ ਪ੍ਰਧਾਨ ਹੈ।

# ਸਾਰ

ਭਗਤ ਰਵਿਦਾਸ ਜੀ ਦੇ ਜੀਵਨ, ਸ਼ਖਸੀਅਤ ਅਤੇ ਬਾਣੀ ਨੂੰ ਵਿਚਾਰਨ ਉਪਰੰਤ ਅਸੀਂ ਜਿਹੜੇ ਸਿੱਟਿਆਂ ਉਤੇ ਪਹੁੰਚੇ ਹਾਂ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਭਗਤ ਰਵਿਦਾਸ ਜੀ ਦਾ ਮੱਧਯੁੱਗ ਦੇ ਧਰਮ ਸਾਧਕਾਂ ਵਿੱਚ ਵਿਸ਼ੇਸ਼ ਮਹੱਤਵਪੂਰਨ ਸਥਾਨ ਹੈ, ਕਿਉਂਕਿ ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦਾ ਵਿਕਾਸ ਕਰਨ ਵਿੱਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਭਗਤੀ ਲਹਿਰ ਨੇ ਜਾਤ-ਪਾਤ ਦੇ ਸੰਗਲਾਂ ਵਿੱਚ ਜਕੜੇ ਹੋਏ ਭਾਰਤੀ ਸਮਾਜ ਨੂੰ ਮੁਕਤੀ ਦਾ ਮਾਰਗ ਦਿਖਾਇਆ। ਜਾਤ-ਪਾਤ ਪ੍ਰਤੀ ਨਵੀਂ ਸੋਚ ਨੇ ਇੱਕ ਵੱਖਰੇ ਨਵੇਂ ਸਮਾਜ ਦੀ ਨੀਂਹ ਰੱਖੀ। ਭਗਤੀ ਲਹਿਰ ਦੇ ਪ੍ਰਮੁੱਖ ਭਗਤ ਰਾਮਾਨੁਜ, ਰਾਮਾਨੰਦ, ਕਬੀਰ, ਨਾਮਦੇਵ, ਸੂਰਦਾਸ, ਪੀਪਾ, ਸੈਣ, ਧੰਨਾ ਆਦਿ ਭਗਤਾਂ ਵਿਚੋਂ ਭਗਤ ਰਵਿਦਾਸ ਜੀ ਸਿਰਮੌਰ, ਇਨਕਲਾਬੀ, ਮਹਾਨ ਅਤੇ ਸੂਰਮੇ ਭਗਤ ਹੋਏ ਹਨ। ਇਨ੍ਹਾਂ ਦੀ ਵਿਚਾਰਧਾਰਾ ਮਨੁੱਖਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਵਾਲੀ ਵਿਚਾਰਧਾਰਾ ਹੈ। ਇਹੋ ਇੱਕ ਵੱਡਾ ਕਾਰਨ ਹੈ ਕਿ ਇਨ੍ਹਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਪ੍ਰਵਾਨ ਕੀਤਾ।

ਉਨ੍ਹਾਂ ਦੁਆਰਾ ਰਚੀ ਬਾਣੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਅਧਿਆਤਮਿਕ ਸਾਧਨਾ ਬਾਰੇ ਕਿਸੇ ਕਿਸਮ ਦਾ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਸਾਧਨਾ ਗੁਣਾਤਮਿਕ ਪਖੋਂ ਵਿਸ਼ਾਲ ਦਰਜੇ ਦੀ ਹੈ। ਉਨ੍ਹਾਂ ਦੀ ਬਾਣੀ ਕਿੰਤੂ-ਮੁਕਤ ਪੰਜਾਬੀ ਸਾਹਿਤ ਦੇ ਖੇਤਰ ਵਿਚ ਵੀ ਸ਼ਲਾਘਾਯੋਗ ਵਾਧਾ ਕਰਦੀ ਹੈ। ਅਧਿਐਨ ਕਰਦਿਆਂ ਅਸੀਂ ਵੇਖਿਆ ਕਿ ਭਗਤ ਰਵਿਦਾਸ ਜੀ ਦੀ ਬਾਣੀ ਦਾ ਮੁਹਾਵਰਾ ਅਤੇ ਪਿਛੋਕੜ ਸਮਕਾਲੀ ਵਾਤਾਵਰਨ ਵਿਚ ਪੈਦਾ ਹੁੰਦਾ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਦੀ ਪ੍ਰਕ੍ਰਿਆ ਧਾਰਮਿਕ, ਸਮਾਜਿਕ ਅਤੇ ਇਤਿਹਾਸਕ ਰੰਗਣ ਦੀ ਹੈ।

ਭਗਤ ਰਵਿਦਾਸ ਜੀ ਦਾ ਇੱਕੋ ਇੱਕ ਉਦੇਸ਼ ਸਮਾਜਿਕ ਬਰਾਬਰੀ ਪੈਦਾ ਕਰਨਾ ਸੀ। ਸਮਾਜ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਨੇ 'ਬੇਗਮਪੁਰਾ' ਦਾ ਸੰਕਲਪ ਪੇਸ਼ ਕੀਤਾ ਜੋ ਸਮਤਾਵਾਦ ਤੇ ਆਧਾਰਿਤ ਹੈ। 'ਬੇਗਮਪੁਰਾ' ਇੱਕ ਅਜਿਹੀ ਅਵਸਥਾ ਦਾ ਨਾਂ ਹੈ, ਜੋ ਦੁੱਖ ਅਤੇ ਚਿੰਤਾ ਤੋਂ ਰਹਿਤ ਹੈ। ਨਾ ਉਥੇ ਮਾਲ ਹੈ, ਤੇ ਨਾ ਕਰ ਹੀ ਚਿੰਤਾ ਹੈ ਜਿਥੇ ਨਾ ਕੋਈ ਡਰ ਤੇ ਨਾ

ਹੀ ਕਿਸੇ ਤਰ੍ਹਾਂ ਦਾ ਖਤਰਾ ਹੈ। ਉਹ ਅਜਿਹਾ ਵਤਨ ਹੈ ਜਿਥੇ ਸਾਰੇ ਲੋਕ ਸੁੱਖੀ-ਸਾਂਦੀ ਵਸਦੇ ਹਨ। ਉਥੋਂ ਦੀ ਪਾਤਸ਼ਾਹੀ ਸਦੀਵੀ ਤੇ ਥਿਰ ਹੈ। ਦਰਜੇ ਦੇ ਲਿਹਾਜ ਨਾਲ ਉਥੇ ਸਭ ਬਰਾਬਰ ਹਨ। ਉਸ ਸ਼ਹਿਰ ਦੀ ਆਭਾ ਕਹਿੰਦਿਆਂ ਹੀ ਬਣਦੀ ਹੈ। ਉਸ ਉੱਘੇ ਸ਼ਹਿਰ ਵਿੱਚ ਹਰ ਕੋਈ ਆਪਣੀ ਮਰਜ਼ੀ ਅਤੇ ਇੱਛਾ ਅਨੁਸਾਰ ਵਿਚਰਦਾ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਰੋਕ-ਟੋਕ ਨਹੀਂ ਹੈ ਭਾਵ ਉਥੇ ਸਾਰੇ ਆਜ਼ਾਦੀ ਨਾਲ ਰਹਿੰਦੇ ਹਨ। ਭਗਤ ਰਵਿਦਾਸ ਜੀ ਸਭ ਨੂੰ ਸਰਬ-ਸਾਂਝੇ ਬੇਗਮਪੁਰੇ ਦੇ ਸ਼ਹਿਰੀ ਬਣਾਉਣਾ ਚਾਹੁੰਦੇ ਹਨ। ਇਸ ਤਰ੍ਹਾਂ ਭਗਤ ਰਵਿਦਾਸ ਨੇ ਨਿਰਭਉ ਅਤੇ ਨਿਰਵੈਰ ਸਮਾਜ ਦਾ ਸੰਕਲਪ ਪੇਸ਼ ਕੀਤਾ, ਜੋ ਮਨੁੱਖ ਦੇ ਕਲਿਆਣ ਲਈ ਵਚਨਬੱਧ ਹੈ।

ਇਸ ਕਾਰਜ ਰਾਹੀਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਅਧਿਆਤਮਿਕ ਅਤੇ ਸਮਾਜਿਕ ਤੱਤਾਂ ਨੂੰ ਨਿਸ਼ਾਨਦੇਹ ਕਰਨ ਦਾ ਯਤਨ ਕੀਤਾ ਗਿਆ ਹੈ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੁਆਰਾ ਸਮਾਜਿਕ ਪੱਖ ਤੋਂ ਲੋਕਾਂ ਨੂੰ ਬਹੁਤ ਜਾਗਰੂਕ ਕੀਤਾ, ਕਿਉਂਕਿ ਮੱਧਕਾਲ ਵਿੱਚ ਭਾਰਤ ਵਿੱਚ ਵਰਣ-ਵਿਵਸਥਾ ਦੀ ਦ੍ਰਿਸ਼ਟੀ ਤੋਂ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ, ਵਰਣ, ਅਵਰਣ, ਇਸਤਰੀ, ਪੁਰਸ਼ ਅਤੇ ਊਚ-ਨੀਚ ਪੱਖੋਂ ਵੰਡਿਆਂ ਹੋਇਆ ਸੀ। ਭਗਤ ਰਵਿਦਾਸ ਜੀ ਦੀ ਬਾਣੀ ਦਲਿਤ ਚੇਤਨਾ ਉਭਾਰਦੀ ਹੈ। ਭਗਤ ਜੀ ਅਨੁਸਾਰ ਸਭ ਮਨੁੱਖ ਬਰਾਬਰ ਹਨ, ਕੇਵਲ ਉੱਚੀ ਜਾਤੀ ਵਾਲੇ ਬ੍ਰਾਹਮਣ, ਕਸ਼ੱਤਰੀ, ਵੈਸ਼ ਹੀ ਭਗਤੀ ਕਰਕੇ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਪ੍ਰਭੂ ਸਭ ਵਿਚ ਵਸਦਾ ਹੈ ਭਾਵੇਂ ਮਨੁੱਖ ਕਿਸੇ ਵੀ ਜਾਤੀ, ਰੰਗ ਜਾਂ ਊਚ, ਨੀਚ ਰੁਤਬੇ ਦਾ ਹੋਵੇ।

ਵਿਚਾਰਾਧੀਨ ਖੋਜ-ਕਾਰਜ ਭਗਤ ਰਵਿਦਾਸ ਜੀ ਦੇ ਸਮਾਜਿਕ ਅਤੇ ਅਧਿਆਤਮਿਕ ਤੱਤਾਂ ਨੂੰ ਨਿਸ਼ਾਨਦੇਹ ਕਰਨ ਯਤਨਸ਼ੀਲ ਰਿਹਾ ਹੈ, ਜਿਸ ਰਾਹੀਂ ਦਰਸਾਇਆ ਹੈ ਕਿ ਭਗਤ ਰਵਿਦਾਸ ਜੀ ਨੇ ਅਧਿਆਤਮਕ ਮੁਹਾਵਰੇ ਰਾਹੀਂ ਆਪਣੀ ਭਗਤੀ ਭਾਵਨਾ ਨੂੰ ਅਭਿਵਿਅਕਤ ਕੀਤਾ ਹੈ। ਉਨ੍ਹਾਂ ਨੇ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਮੰਨਦੇ ਹੋਏ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਭਗਤ ਰਵਿਦਾਸ ਜੀ ਨੇ ਮਨੁੱਖੀ ਮਨੋਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਾਲੇ ਜੀਵਨ ਢੰਗ ਨੂੰ ਨਕਾਰਦੇ ਹੋਏ ਉਸ ਦੀ ਥਾਂ ਸੀਲ, ਸੰਤੋਖ, ਸੱਚ, ਵਿਚਾਰ, ਦਇਆ ਤੇ ਨਿਮਰਤਾ ਆਦਿ ਮਨੁੱਖੀ ਗੁਣਾਂ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ ਹੈ। ਭਗਤ ਰਵਿਦਾਸ

ਜੀ ਨੇ ਪਰਮਾਤਮਾ ਪ੍ਰਤੀ ਅੰਧਵਿਸ਼ਵਾਸਾਂ ਵਿੱਚ ਫਸੀ ਮਨੁੱਖਤਾ ਨੂੰ ਨਿਰਗੁਣ ਭਗਤੀ ਜਾਂ ਇਕਈਸ਼ਵਰਵਾਦ ਦਾ ਸਿਧਾਂਤ ਦਿੱਤਾ।

ਭਗਤ ਰਵਿਦਾਸ ਜੀ ਦੀ ਧਾਰਮਿਕ ਤੇ ਸਮਾਜਿਕ ਦ੍ਰਿਸ਼ਟੀ ਵਿਸ਼ਵ ਭਾਈਚਾਰਾ, ਮਨੁੱਖੀ ਸਮਾਨਤਾ ਦੇ ਆਧਾਰ ਤੇ ਆਦਰਸ਼ ਮਨੁੱਖ ਤੇ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਦੀ ਬਾਣੀ ਵਿੱਚ ਇਹ ਤੱਥ ਸੁਤੇ ਸਿੱਧ ਹੀ ਪ੍ਰਾਪਤ ਹੁੰਦੇ ਹਨ ਕਿ ਉਨ੍ਹਾਂ ਨੇ ਆਪਣੇ ਜੀਵਨ ਤੇ ਰਚਨਾ ਰਾਹੀਂ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੌਜੂਦ ਅਧਿਆਤਮਿਕ ਅਤੇ ਸਮਾਜਿਕ ਤੱਤਾਂ ਨੂੰ ਤਲਾਸ਼ਣ ਵਿੱਚ ਇਹ ਛੋਟਾ ਜਿਹਾ ਪਰੰਤੂ ਮਹੱਤਵਪੂਰਨ ਉੱਦਮ ਸਾਡੇ ਹਿੱਸੇ ਆਇਆ, ਇਸ ਲਈ ਵਾਹਿਗੁਰੂ ਦੇ ਸ਼ੁਕਰਾਨੇ ਅਤੇ ਭਗਤ ਰਵਿਦਾਸ ਜੀ ਦੀ ਸਿਮ੍ਰਤੀ ਵਿੱਚ ਸਾਡਾ ਸਿਰ ਮਾਣ ਨਾਲ ਝੁਕਦਾ ਹੈ।

# ਪੁਸਤਕ-ਸੂਚੀ

## ਮੁੱਖ ਸ੍ਰੋਤ


- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.


## ਪੰਜਾਬੀ ਪੁਸਤਕਾਂ


- ਅਮਰ ਸਿੰਘ (ਸੰਪਾ.) ਤੁਕ-ਤਤਕਰਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1999
- -ਤੁਕ-ਤਤਕਰਾ, ਬਾਣੀ ਭਗਤ ਰਵਿਦਾਸ ਜੀ ਕੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਅਵਤਾਰ ਸਿੰਘ (ਡਾ.) ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਚਿੰਤਨ ਦਾ ਤੁਲਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999.
- ਆਚਾਰੀਆ ਪ੍ਰਿਥਵੀ ਸਿੰਹੂ ਆਜ਼ਾਦ, ਰਵਿਦਾਸ-ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973
- – ਯੁਗ ਪਰਵਰਤਕ ਸੰਤ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ 1983.
- ਆਰ.ਸੀ. ਭਟਨਾਗਰ, ਭਾਰਤੀ ਸਮਾਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਅੰਮ੍ਰਿਤ ਪਾਲ ਲਾਲ, ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ, ਸੰਗਮ ਪਬਲੀਕੇਸ਼ਨਜ਼, ਸਮਾਣਾ, 2005,
- ਇੰਦਰਪਾਲ ਮਹਿਤਾ (ਡਾ.) ਸੰਤ ਰਵਿਦਾਸ ਅਤੇ ਮੀਰਾ ਬਾਈ : ਇਕ ਤੁਲਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2001
- ਸ.ਸ. ਅਮੋਲ, ਗੁਰੂ ਰਵਿਦਾਸ ਵਾਰਤਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988.

- ਸਰੋਜ ਰਾਣੀ ਸ਼ਰਮਾ (ਡਾ.), ਗੁਰੂ ਰਵਿਦਾਸ : ਜੀਵਨੀ ਤੇ ਬਾਣੀ ਬੋਧ, ਯੋਜਨਾ ਪ੍ਰਿੰਟਿੰਗ ਪ੍ਰੈਸ, ਜਲੰਧਰ, 2004.
- ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ-ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1993, ਤੀਜੀ ਵਾਰ.
- ਸਾਹਿਬ ਸਿੰਘ (ਪ੍ਰੋ.) ਭਗਤ ਬਾਣੀ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1987.
- ਸ਼ੇਰ ਸਿੰਘ (ਪ੍ਰੋ.) ਗੁਰਮਤਿ-ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951.
- ਸ੍ਰੀ ਹਰੀਸ਼ ਚੰਦਰ, ਜਨਮ ਸਾਖੀ ਭਗਤ ਰਵਿਦਾਸ, ਨਵੀਂ ਦਿੱਲੀ 1972
- ਹਰਕੀਰਤ ਸਿੰਘ (ਡਾ.), ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ : ਗੁਰਬਾਣੀ ਦੀ ਭਾਸ਼ਾਈ ਅਤੇ ਵਿਆਕਰਨਿਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਹਰਿੰਦਰ ਕੌਰ, 'ਸੋ ਕਿਓ ਮੰਦਾ ਆਖੀਐ', ਪਟਿਆਲਾ, ਕਲਗੀਧਰ ਫਾਉਂਡੇਸ਼ਨ, 2001,
- ਹਰਨੇਕ ਸਿੰਘ ਕਲੇਰ (ਡਾ.), ਚੇਤਨਾ ਦੇ ਸੂਰਜ : ਗੁਰੂ ਰਵਿਦਾਸ, ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ, ਮੋਹਾਲੀ, 2004.
- – ਗੁਰੂ ਰਵਿਦਾਸ : ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1995
- – ਕਹਿ ਰਵਿਦਾਸ (ਗੁਰੂ ਰਵਿਦਾਸ ਬਾਣੀ -ਵਿਚਾਰ) ਮੁਕਨਾਇਕ ਪ੍ਰਕਾਸ਼ਨ, ਮੋਹਾਲੀ, 2001
- ਕ੍ਰਿਸ਼ਨਾ ਕਲਸੀਆ (ਡਾ.), ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ, ਭਾਰਤੀ ਪ੍ਰਿੰਟਿਗ ਪ੍ਰੈਸ, ਮਨੀਮਾਜਰਾ (ਚੰਡੀਗੜ੍ਹ) 1992.
- ਕੁੰਦਨ ਸਿੰਘ ਪਤੰਗ (ਗਿਆਨੀ) ਸ੍ਰੀ ਭਗਤ ਰਵਿਦਾਸ ਜੀ ਜੀਵਨ ਤੇ ਬਾਣੀ, ਅਮਰ ਗਿਆਨ ਪ੍ਰਕਾਸ਼ਨ, 1994.
- ਕੁਲਵੰਤ ਕੌਰ (ਡਾ.) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦਾ ਆਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986
- – ਬਾਣੀ ਭਗਤ ਰਵਿਦਾਸ ਇੱਕ ਅਧਿਐਨ, ਅਮਰ ਪ੍ਰਕਾਸ਼ਨ, ਪਟਿਆਲਾ, 1993

- ਗੁਰਚਰਨ ਸਿੰਘ ਪਦਮ, ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵਚਿੰਤਨ ਪ੍ਰਕਾਸ਼ਨ, ਜਲੰਧਰ, ਪਹਿਲੀ ਵਾਰ 1977,
- ਗੁਰਦਿੱਤ ਸਿੰਘ (ਗਿਆਨੀ), ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ), ਲੇਖਕ ਖੁਦ, 2002.
- ਗੁਰਮੇਲ ਸਿੰਘ ਐਮ.ਏ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, ਸਾਲ 2003
- ਗੁਰਮੁਖ ਸਿੰਘ (ਡਾ.) ਭਗਤ ਰਵਿਦਾਸ ਜੀ ਤੇ ਉਹਨਾਂ ਦੀ ਬਾਣੀ, ਪਬਲੀਕੇਸ਼ਨ ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976
- ਚਰਨਜੀਤ ਸਿੰਘ ਗੁਮਟਾਲਾ, ਭਗਤ ਰਵਿਦਾਸ, ਲਾਕਟ ਪ੍ਰਿੰਟਰਜ਼, ਅੰਮ੍ਰਿਤਸਰ, 1995.
- – ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ 1995
- ਜਸਬੀਰ ਸਿੰਘ ਸਾਬਰ (ਡਾ.) ਭਗਤ ਰਵਿਦਾਸ : ਸ੍ਰੋਤ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸੰਨ 1997, ਦੂਜੀ ਵਾਰ
- – ਰਵਿਦਾਸ ਬਾਣੀ : ਬਹੁਪੱਖੀ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005
- ਜਗਜੀਤ ਸਿੰਘ, ਸਿੱਖ ਇਨਕਲਾਬ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002.
- – ਸਿੰਘ, ਜਾਤ-ਪਾਤ ਤੇ ਸਿੱਖ, ਬਰਜਿੰਦਰਾ ਪ੍ਰਿੰਟਰਜ਼, ਜਲੰਧਰ, 1991.
- ਜਾਗੀਰ ਸਿੰਘ, ਨਾਨਕ ਬਾਣੀ ਵਿੱਚ ਮਾਇਆ ਦਾ ਸੰਕਲਪ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੰਨ 2002.
- ਜਸਬੀਰ ਜੱਸੀ, ਸਤਿਗੁਰੂ ਰਵਿਦਾਸ ਜੀ : ਜੀਵਨ ਅਤੇ ਉਦੇਸ਼, ਮੀਡੀਆ ਪ੍ਰਿੰਟਰਜ਼, ਮੁਹਾਲੀ, 2004.
- – ਸੋਹੰ, ਜੱਸੀ ਪਬਲਿਸ਼ਰਜ਼, ਪੰਚਕੂਲਾ, 2000.
- ਜੋਗਿੰਦਰ ਲਾਲ, ਗੁਰੂ ਰਵਿਦਾਸ ਦਰਸ਼ਨ, ਪਵਿੱਤਰ ਪ੍ਰਮਾਣਿਕ ਪ੍ਰਕਾਸ਼ਨ, ਪਟਿਆਲਾ, 1986.

- ਜੋਧ ਸਿੰਘ (ਭਾਈ), ਭਗਤ ਰਵਿਦਾਸ : ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਾਲ 1985.
- – ਗੁਰਮਤਿ ਨਿਰਣਯ, ਮੈਸਰਜ਼ ਅਤਰ ਚੰਦ ਕਪੂਰ ਐਂਡ ਸੰਨਜ਼, ਲਾਹੌਰ, 1944
- ਧਰਮਪਾਲ ਸਿੰਗਲ (ਡਾ.), ਸੰਤ ਸ਼ਿਰੋਮਣੀ : ਰਵਿਦਾਸ' ਹਿੰਦੀ ਪ੍ਰੈੱਸ, ਜਲੰਧਰ 1983.
- – ਗੁਰੂ ਰਵਿਦਾਸ ਜੀਵਨ ਤੇ ਰਚਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.
- – ਗੁਰੂ ਰਵਿਦਾਸ : ਜੀਵਨ, ਦਰਸ਼ਨ ਅਤੇ ਰਹੱਸ, ਦੀਪਕ ਪਬਲਿਸ਼ਰਜ਼, ਜਲੰਧਰ, 2004
- – ਗੁਰੂ ਰਵਿਦਾਸ ਦਰਪਣ (ਸ੍ਰੀ ਗੁਰੂ ਰਵਿਦਾਸ ਬਾਣੀ ਦਾ ਟੀਕਾ) ਅਮਰ ਗਿਆਨ ਪ੍ਰਕਾਸ਼ਨ, ਪਟਿਆਲਾ, ਸਾਲ 1994 ਪਹਿਲੀ ਵਾਰ
- – ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1984
- – ਜਸਕੀਰਤ ਸ੍ਰੀ ਗੁਰੂ ਰਵਿਦਾਸ ਜੀ, ਆਸਥਾ ਪ੍ਰਕਾਸ਼ਨ, ਨਵੀਂ ਦਿੱਲੀ, 1992
- – ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਚੰਡੀਗੜ੍ਹ 1994.
- – ਭਗਤਾਂ ਦੀ ਬਾਣੀ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ, 1995
- – ਗੁਰੂ ਰਵਿਦਾਸ ਜੀਵਨ ਅਤੇ ਵਿਚਾਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1996
- ਤਾਰਨ ਸਿੰਘ (ਡਾ.), ਨੇਮ ਤੇ ਪ੍ਰੇਮ, ਨਵਚੇਤਨ ਪਬਲਿਸਰਜ਼, ਅੰਮ੍ਰਿਤਸਰ, 1968,
- ਦਲੀਪ ਸਿੰਘ ਦੀਪ (ਡਾ.), ਸਾਧਨ ਮੇਂ ਰਵਿਦਾਸ ਸੰਤ, ਜੀਵਨ ਅਤੇ ਵਿਚਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਾਲ 2001.
- ਦਰਸ਼ਨ ਸਿੰਘ (ਡਾ.), ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਧਰਮਪਾਲ ਮੈਨੀ (ਡਾ.) , ਰੈਦਾਸ, ਸਾਹਿਤਯ ਅਕਾਦਮੀ, ਨਵੀਂ ਦਿੱਲੀ 1979
- ਪ੍ਰਿੰ. ਤੇਜਾ ਸਿੰਘ, ਸਿੱਖ ਧਰਮ, ਪ੍ਰਕਾਸ਼ ਪੁਸਤਕ ਮਾਲਾ, ਪਟਿਆਲਾ, 1952
- ਬ੍ਰਹਮ ਜਗਦੀਸ਼ ਸਿੰਘ, ਭਗਤ ਸ਼ਿਰੋਮਣੀ ਰਵਿਦਾਸ, ਲਾਕਟ ਪ੍ਰਿੰਟਰਜ਼, ਅੰਮ੍ਰਿਤਸਰ, 1996.

- ਬਰਕਤ ਸਿੰਘ ਗਿਆਨੀ, ਜਨਮਸਾਖੀ ਸ੍ਰੀ ਰਵਿਦਾਸ ਭਗਤ ਜੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
- ਬਲਦੇਵ ਸਿੰਘ ਬੱਦਨ (ਡਾ.), ਭਗਤ ਰਵਿਦਾਸ ਬਾਣੀ ਤੇ ਵਿਚਾਰਧਾਰਾ, ਦੀਪਕ ਪਬਲਿਸ਼ਰਜ਼, ਜਲੰਧਰ, 2002
- – ਬਾਣੀ ਭਗਤ ਰਵਿਦਾਸ : ਇਕ ਵਿਵੇਚਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2000.
- – ਗੁਰਬਾਣੀ ਚਿੰਤਨ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 1999
- ਬਲਦੇਵ ਸਿੰਘ (ਡਾ.) (ਅਨੁ.), ਭਾਰਤੀ ਸੰਸਕ੍ਰਿਤੀਆਂ ਤੇ ਜਾਤੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਭਾਈ ਜੋਧ ਸਿੰਘ, ਭਗਤ ਰਵਿਦਾਸ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985
- ਮਨਮੋਹਨ ਸਿੰਘ (ਡਾ.) ਗੁਰੂ ਰਵਿਦਾਸ ਜੀਵਨ ਤੇ ਰਚਨਾ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1977
- ਮੰਗੂ ਰਾਮ (ਕਵੀ) ਸ੍ਰੀ ਗੁਰੂ ਰਵਿਦਾਸ ਮਿਸ਼ਨ (ਜਨਮ ਸਾਖੀ) ਪ੍ਰਕਾਸ਼ਿਤ ਭਾਈ ਮੇਹਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ,
- ਰਣਧੀਰ ਸਿੰਘ (ਭਾਈ), ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਰਤਨ ਸਿੰਘ ਜੱਗੀ (ਡਾ.) (ਸੰਪਾ.), ਬਾਣੀ ਗੁਰੂ ਰਵਿਦਾਸ, ਭਾਸ਼ਾ ਵਿਭਾਗ, ਪਟਿਆਲਾ, 1994
- – ਗੁਰਸ਼ਰਨ ਕੌਰ ਜੱਗੀ, ਸ੍ਰੀ ਦਸਮ ਗ੍ਰੰਥ ਸਾਹਿਬ, ਪਾਠ-ਸੰਪਾਦਨ ਅਤੇ ਵਿਆਖਿਆ, ਗੋਬਿੰਦ ਸਦਨ, ਗਦਾਈਪੁਰ, ਮਹਿਰੌਲੀ, ਨਵੀਂ ਦਿੱਲੀ, 1999.
- ਰਾਜਿੰਦਰ ਕੌਰ ਰੋਹੀ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ : ਅਧਿਆਤਮ ਤੇ ਵਿਵਹਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਾਲ 2012
- ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

- – ਧਰਮ ਦਾ ਦਾਰਸ਼ਨਿਕ ਪੱਖ, ਪੰਜਾਬੀ, ਯੂਨੀਵਰਸਿਟੀ ਪਟਿਆਲਾ, 1986
- ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ


## ਪੰਜਾਬੀ ਸਮਾਚਾਰ ਪੱਤਰ ਅਤੇ ਪਤ੍ਰਿਕਾਵਾਂ


- ਸਰਬਜਿੰਦਰ ਸਿੰਘ (ਸੰਪਾ.) ਨਾਨਕ ਪ੍ਰਕਾਸ਼ ਪਤ੍ਰਿਕਾ (ਸੰਪਾ.) ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸੰਨ 2011
- ਸਿਮਰਜੀਤ ਸਿੰਘ (ਸੰਪਾ.) ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸਾਲ 2015
- ਹਰਕੇਸ਼ ਹੈਰਤ, ਸ੍ਰੀ ਗਰੂ ਰਵਿਦਾਸ ਜੀ ਦੇ ਜੀਵਨ ਅਤੇ ਉਪਦੇਸ਼ ਤੇ ਇਕ ਝਾਤ, ਜਨ ਸਾਹਿਤ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਫਰਵਰੀ-ਅਪ੍ਰੈਲ, 2007, ਪੰਨਾ 190
- ਹਰਨੇਕ ਕਲੇਰ (ਡਾ.) ਤੇ ਅਵਤਾਰ ਸਿੰਘ ਈਸੇਵਾਲ (ਡਾ.) ਗੁਰੂ ਰਵਿਦਾਸ ਸਾਹਿਤ ਅਕਾਦਮੀ, ਪੰਜਾਬ, 1991
- ਗੁਰਮੀਤ ਕਲਰਮਾਜਰੀ (ਡਾ.), ਹਾਸ਼ੀਆ, ਪਟਿਆਲਾ, ਜਨਵਰੀ-ਮਾਰਚ 2009
- ਜਨ ਸਹਿਤ ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ਫਰਵਰੀ-ਅਪ੍ਰੈਲ, 2007
- ਜਾਗ੍ਰਿਤੀ - ਰਵਿਦਾਸ ਅੰਕ, ਚੰਡੀਗੜ੍ਹ, 1977
- ਨਾਨਕ ਪ੍ਰਕਾਸ਼ ਪਤ੍ਰਿਕਾ' (ਸੰਪਾ.) ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2011
- ਪੰਜਾਬੀ ਦੁਨੀਆ, ਗੁਰੂ ਰਵਿਦਾਸ-ਵਿਸ਼ੇਸ਼-ਅੰਕ ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1977
- ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.
- ਧਰਮਪਾਲ ਸਿੰਗਲ (ਸੰਪਾ.) ਰਵਿਦਾਸ ਖੋਜ ਪਤ੍ਰਿਕਾ, ਗੁਰੂ ਰਵਿਦਾਸ ਸਾਹਿਤ ਅਕਾਦਮੀ, ਮਾਰਚ 1993
- ਰੂਪ ਸਿੰਘ (ਸੰਪਾ.) ਗੁਰਮਤਿ ਪ੍ਰਕਾਸ਼-ਭਗਤ ਸਾਹਿਬਾਨ ਵਿਸ਼ੇਸ਼ ਅੰਕ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1993

- ਜੀ.ਐੱਸ ਮੋਹੇ (ਸੰਪਾ.) ਯੋਜਨਾ ਗੁਰੂ ਰਵਿਦਾਸ ਅੰਕ, ਪਬਲੀਕੇਸ਼ਨ ਡਵੀਜ਼ਨ, ਨਵੀਂ ਦਿੱਲੀ 1988


## ਪੰਜਾਬੀ ਕੋਸ਼


- ਗੁਰਚਰਨ ਸਿੰਘ, (ਸੰਪਾ.) ਸ੍ਰੀ ਗੁਰੂ ਗ੍ਰੰਥ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ) ਭਾਸ਼ਾ ਵਿਭਾਗ, ਪਟਿਆਲਾ 1983
- ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.
- ਰਤਨ ਸਿੰਘ ਜੱਗੀ (ਡਾ.) ਗੁਰੂ ਗ੍ਰੰਥ ਵਿਸ਼ਵਕੋਸ਼, (ਭਾਗ ਪਹਿਲਾ, ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002. ਉਹੀ, ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ, ਦੂਜਾ) ਗੁਰ ਰਤਨ ਪਬਲਿਸ਼ਰਜ਼, ਦਿੱਲੀ, 2005


## ਹਿੰਦੀ ਪੁਸਤਕ ਸੂਚੀ


- ਓਸ਼ੋ, ਸੰਤ ਭਾਸ਼ੈ ਰੈਦਾਸ (ਰੈਦਾਸ-ਵਾਣੀ) ਡਾਇਮੰਡ ਪਾਕੇਟ ਬੁਕਸ, ਨਵੀਂ ਦਿੱਲੀ 1995
- ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ, ਲੀਡਰ ਪ੍ਰੈਸ, ਅਲਾਹਾਬਾਦ, 1972
- ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ ਚੰਡੀਗੜ੍ਹ 1973
- - ਯੁੱਗ ਪਰਿਵਰਤਕ ਸੰਤ ਗੁਰੂ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ 1983
- ਸ੍ਰੀ ਚੰਦ੍ਰਿਕਾ ਪ੍ਰਸਾਦ ਜਗਿਆਸੂ, ਸੰਤ ਪ੍ਰਵਰ ਰੈਦਾਸ ਸਾਹਿਬ, 1984
- ਧਰਮਪਾਲ ਸਿੰਗਲ (ਡਾ.) , ਸੰਤ ਸਿਰੋਮਣੀ ਰਵਿਦਾਸ, ਹਿੰਦੀ ਪ੍ਰੈਸ, ਜਲੰਧਰ, 1983.
- - ਗੁਰੂ ਰਵਿਦਾਸ ਜੀਵਨ ਏਵਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪਹਿਲਾ ਸੰਸਕਰਣ 1993

- – ਗੁਰੂ ਰਵਿਦਾਸ ਕਾ ਜੀਵਨ ਦਰਸ਼ਨ, ਸੂਚਨਾ ਏਵਮ ਲੋਕ ਸੰਪਰਕ ਵਿਭਾਗ, ਚੰਡੀਗੜ੍ਹ, 1994
- ਜਗਬੀਰ ਸਿੰਹੁ (ਸੰਤ) ਸਦਗੁਰੂ ਰਵਿਦਾਸ ਜੀ ਕੇ ਸ਼ਬਦ 'ਸ਼ਬਦ, ਲਾਲ ਸਿੰਹੁ ਸਾਧ, ਗ੍ਰਾਮ ਵ ਪ੍ਰਤਾਲਯ 'ਅਸਾਰਾਂ, ਜਲਪਦ, ਮੇਰਠ (ਉਤਰ ਪ੍ਰਦੇਸ਼) 1993
- ਧਰਮਪਾਲ ਸਰੀਨ, ਨੀਚ ਤੇ ਊਚ ਕੀਓ ਮੇਰੇ ਸਤਿਗੁਰੁ, ਐਸ ਚਾਂਦ ਐਂਡ ਕੰਪਨੀ ਲਿਮਟਿਡ, ਨਵੀਂ ਦਿੱਲੀ।
- ਗੁਰਚਰਨ ਸਿੰਘ ਪਦਮ (ਡਾ.) , ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵਚਿੰਤਨ ਪ੍ਰਕਾਸ਼ਨ, ਜਲੰਧਰ 1977
- ਬੀ.ਪੀ. ਸ਼ਰਮਾ, ਸੰਤ ਗੁਰੂ ਰਵਿਦਾਸ ਬਾਣੀ, ਸੂਰਯ ਪ੍ਰਕਾਸ਼ਨ, ਦਿੱਲੀ,
- ਧਰਮਪਾਲ ਮੈਨੀ (ਡਾ.), ਰੈਦਾਸ, ਸਾਹਿਤਯ ਅਕਾਦਮੀ, ਨਵੀਂ ਦਿੱਲੀ 1979
- ਯੋਗੇਂਦ੍ਰ ਸਿੰਹੁ (ਡਾ.) ਸੰਤ ਰਵਿਦਾਸ, ਅੱਖਰ ਪ੍ਰਕਾਸ਼ਨ, ਨਵੀਂ ਦਿੱਲੀ, 1972.
- – ਸੰਤ ਰੈਦਾਸ, ਕਰਿਤਿਤਵ ਜੀਵਨ ਔਰ ਵਿਚਾਰ, ਅੱਖਰ ਪ੍ਰਕਾਸ਼ਨ, ਦਿੱਲੀ 1972
- ਪ੍ਰੋ. ਰਾਮ ਕੁਮਾਰ ਵਰਮਾ, *ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ,* ਅਲਾਹਾਬਾਦ ਯੂਨੀਵਰਸਿਟੀ


## ਹਿੰਦੀ ਕੋਸ਼


- ਰਾਮ ਚੰਦ੍ਰ ਵਰਮਾ (ਸੰਪਾ.) ਮਾਨਕ ਹਿੰਦੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1965
- ਸ੍ਰੀਰਾਮ ਸ਼ਰਮਾ (ਪੰਡਤ) (ਸੰਪਾ.) ਅਨੁ. ਹਿੰਦੀ, ਰਿਗਵੇਦ (ਚਾਰ ਖੰਡ) ਸੰਸਕ੍ਰਿਤ ਸੰਸਥਾਨ, ਬਰੇਲੀ 1999


## ਅੰਗਰੇਜ਼ੀ ਪੁਸਤਕ ਸੰਦਰਭ-ਸੂਚੀ


- Acharya Prithi Singh Azad, Ravidas Darshan published Chandigarh: Sri Guru Ravidas Sansthan, 1973,

- B.P. Sharma, Sant Guru Ravidas-Vani, Surya Prakashan, New Delhi.
- Darshan Singh (Dr.), Sant Ravidas and his Times Kalyani publishers, Ludhiana 1977
- A Study of Bhakta Ravidasa, Punjabi University, Patiala, 1981.
- Darshan Singh (Dr.), Indian Bhakti Tradition and Sikh Gurus, K. Prakashan publishers, Chandigarh, 1979.
- Dharampal Sarin, Guru Ravidas Ji ka jeevan, Darshan tatha Vani S. Chand & Co. New Delhi
- Dharmapal Maini, Raidas, Sahitya Academy, New Delhi, 1979.
- Guru Ravidas published New Delhi: National Book Trust, 1975
- Gyani Barkat Singh Anand, Janamsakhi Sri Ravidas Bhagat ji, 4th ed. published Bhai Jawahar Singh Kirpal Singh Booksellers, Amritsar, 1972.
- James Hastings (Ed.) Encyclopaedia of Religion and Ethics ,( Vol. III) Punjabi University, Patiala, 1995
- K.N. Upadhyaya GURU RAVIDAS life and teachings published Radha Soami Satsang Beas Punjab, India First Edition 1982
- Mahatma Ram Charan Kureel, Bhagwan Ravidas ki Satya Katha published Hiralal Kureel, V. Samvat 1997, Kanpur.
- Padam, Gurucharan Singh, Sant Ravidas- Vicharak aur Kavi, Navchantan Prakashan, 1977

- Parshuram Chaturvedi, Uttarri Bharat ki Sant Parampara, Allahabad, 1972
- Raju, Karam Singh (Dr.) Guru Ravidas Life and Philosophy, Ratna Memorial Charitable trust, Chandigarh
- V. K. Mira Sethi, The Divine Lover, Beas (Punjab) Radha Soami Satsang Beas, 1979.

## ਘੋਸ਼ਣਾ-ਪੱਤਰ

**ਮੈਂ** ਬਿਆਨ ਕਰਦੀ ਹਾਂ ਕਿ **ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਰਵਿਦਾਸ ਦੀ ਬਾਣੀ ਵਿੱਚ ਅਧਿਆਤਮਿਕ ਅਤੇ ਸਮਾਜਿਕ ਤੱਤ** ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਰਾਜਵਿੰਦਰ ਕੌਰ

ਰਾਜਵਿੰਦਰ ਕੌਰ

ਖੋਜਾਰਥਣ

# ਧੰਨਵਾਦ


ਸਭ ਤੋਂ ਪਹਿਲਾਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਭਾਉਂਦੀ ਹਾਂ ਜਿਨ੍ਹਾਂ ਵਿੱਚ ਸੁਸ਼ੋਭਿਤ ਭਗਤ ਰਵਿਦਾਸ ਜੀ ਦੀ ਬਾਣੀ ਉੱਪਰ ਨਾ ਸਿਰਫ ਮੈਂ ਖੋਜ ਕਾਰਜ ਹੀ ਮੁਕੰਮਲ ਕੀਤਾ ਸਗੋਂ ਗੂੜ੍ਹ ਗਿਆਨ ਵੀ ਹਾਸਿਲ ਕੀਤਾ। ਮੈਂ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੀ ਜਿਨ੍ਹਾਂ ਦੇ ਨਾਮ ਦਾ ਸਹਾਰਾ ਹਰ ਸਮੇਂ ਮੇਰੇ ਅੰਗ-ਸੰਗ ਰਿਹਾ।

ਮੈਂ ਆਪਣੇ ਨਿਗਰਾਨ ਡਾ. ਮੰਜੂ ਵਾਲੀਆ ਜੀ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਵਿੱਚ ਮੈਂ ਇਹ ਖੋਜ ਕਾਰਜ ਮੁਕੰਮਲ ਕੀਤਾ ਅਤੇ ਇਸ ਖੋਜ ਕਾਰਜ ਦੌਰਾਨ ਉਨ੍ਹਾਂ ਨੇ ਮੇਰੀ ਜ਼ਿੰਦਗੀ ਦੀਆਂ ਛੋਟੀਆਂ-ਵੱਡੀਆਂ ਸਮੱਸਿਆਵਾਂ ਨੂੰ ਸਮਝਦਿਆਂ ਮੈਨੂੰ ਸੇਧ ਦੇ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਮੈਂ ਆਪਣੇ ਵਿਭਾਗ ਦੇ ਮੁਖੀ ਡਾ. ਰਾਜਿੰਦਰ ਕੌਰ ਰੋਹੀ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਹੱਲਾਸ਼ੇਰੀ ਦੇ ਕੇ ਹਰ ਪੱਖੋਂ ਉਤਸ਼ਾਹਿਤ ਕੀਤਾ ਅਤੇ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਖੋਜ ਕਾਰਜ ਮੁਕੰਮਲ ਕਰਨ ਵਿੱਚ ਸਮੇਂ ਸਮੇਂ ਤੇ ਮੇਰੀ ਮੱਦਦ ਕੀਤੀ।

ਮੈਂ ਆਪਣੇ ਮਾਤਾ-ਪਿਤਾ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਅਸ਼ੀਰਵਾਦ ਸਦਕਾ ਇਹ ਖੋਜ ਕਾਰਜ ਨੇਪਰੇ ਚੜ੍ਹਿਆ।

ਮੈਂ ਆਪਣੇ ਜੀਵਨ ਸਾਥੀ ਸ. ਕਰਮਜੀਤ ਸਿੰਘ ਜੀ, ਬੇਟੇ ਨਵਜੋਤ ਸਿੰਘ ਅਤੇ ਬੇਟੀ ਸਿਮਰਨਜੋਤ ਕੌਰ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਖੋਜ ਕਾਰਜ ਪੂਰਾ ਕਰਨ ਵਿੱਚ ਮੈਨੂੰ ਪੂਰਾ ਸਾਥ ਤੇ ਹੱਲਾਸ਼ੇਰੀ ਦਿੱਤੀ।

ਮੈਂ ਆਪਣੇ ਵਿਭਾਗ ਦੇ ਐਡਮਨਿਸਟ੍ਰੇਟਿਵ ਸਟਾਫ ਅਤੇ ਲਾਇਬ੍ਰੇਰੀ ਸਟਾਫ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰਾ ਖੋਜ ਕਾਰਜ ਪੂਰਾ ਕਰਨ ਲਈ ਲੋੜੀਂਦਾ ਸਹਿਯੋਗ ਦਿੱਤਾ।

ਮੈਂ ਡਾ. ਜਸਪ੍ਰੀਤ ਕੌਰ ਸੰਧੂ ਜੀ, ਐਸੋਸ਼ੀਏਟ ਪ੍ਰੋਫੈਸਰ, ਇਨਸਾਈਕਲੋਪੀਡੀਆ ਆਫ ਸਿਖਇਜ਼ਮ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਕੰਮ ਨੂੰ ਨੇਪਰੇ ਚਾੜਨ ਦੀ ਸੇਧ ਦਿੱਤੀ।

ਅੰਤ ਤੇ ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦੇ ਗਿਆਨ ਅੱਗੇ ਸਿਰ ਝੁਕਾਉਂਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਤੋਂ ਸੇਧ ਲੈ ਕੇ ਅਤੇ ਗਿਆਨ ਪ੍ਰਾਪਤ ਕਰਕੇ ਮੈਂ ਇਹ ਖੋਜ ਕਾਰਜ ਮੁਕੰਮਲ ਕੀਤਾ ਹੈ।

ਰਾਜਵਿੰਦਰ ਕੌਰ

# ਤਤਕਰਾ


| ਅਧਿਆਇ | ਵਿਸ਼ਾ | ਪੰਨਾ ਨੰ: |
|---|---|---|
| ਭੂਮਿਕਾ | | i-vii |
| ਪਹਿਲਾ | ਭਗਤ ਰਵਿਦਾਸ ਜੀ : ਜੀਵਨ ਅਤੇ ਬਾਣੀ | 1-37 |
| ਦੂਜਾ | ਭਗਤ ਰਵਿਦਾਸ ਜੀ : ਵਿਅਕਤਿਤਵ | 38-78 |
| ਤੀਜਾ | ਭਗਤ ਰਵਿਦਾਸ ਬਾਣੀ : ਸਮਾਜਿਕ ਤੱਤ | 79-108 |
| ਚੌਥਾ | ਭਗਤ ਰਵਿਦਾਸ ਬਾਣੀ : ਅਧਿਆਤਮਕ ਤੱਤ | 109-189 |
| ਸਾਰ | | 190-192 |
| ਪੁਸਤਕ ਸੂਚੀ | | 193-202 |

# ਗੁਰਬਾਣੀ ਅਤੇ ਭਗਤ ਰਵਿਦਾਸ ਬਾਣੀ : ਸਾਹਿਤਕ ਸਾਂਝ

***ਰਾਜਵਿੰਦਰ ਕੌਰ**

ਭਗਤ ਰਵਿਦਾਸ ਜੀ ਮਧਕਾਲੀ ਭਗਤੀ ਕਾਵਿ ਪਰੰਪਰਾ ਦੇ ਮਹਾਨ ਭਗਤਾਂ ਵਿਚੋਂ ਇਕ ਸਨ। ਆਪ ਨੇ ਪ੍ਰਭੂ ਭਗਤੀ ਦੀ ਇਕ ਮਾਨਵਵਾਦੀ ਉਦਾਹਰਣ ਦੁਨੀਆਂ ਦੇ ਸਨਮੁਖ ਰਖੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 40 ਸ਼ਬਦ ਸੰਕਲਿਤ ਕੀਤੇ ਗਏ ਹਨ, ਜਿਨ੍ਹਾਂ ਦੇ ਅਧਿਐਨ ਰਾਹੀਂ ਆਪ ਦੀ ਅਧਿਆਤਮਕ ਵਿਚਾਰਧਾਰਾ ਅਤੇ ਭਗਤੀ ਭਾਵਨਾ ਬਾਰੇ ਬਾ-ਖੂਬੀ ਪਤਾ ਚਲਦਾ ਹੈ।

ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ ਦੇ ਰੂਪਗਤ ਪਖ 'ਤੇ ਨਜ਼ਰ ਮਾਰੀਏ ਤਾਂ ਕਾਫ਼ੀ ਸਮਾਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ, ਦਰਸ਼ਨ, ਸਾਹਿਤ ਤੇ ਸਭਿਆਚਾਰ ਦੀ ਅਨਮੋਲ ਵਿਰਾਸਤ ਹੈ।ਇਸ ਵਿਚ ਸੰਕਲਿਤ 'ਬਾਣੀ' ਦੀ ਰਚਨਾ ਪ੍ਰਕਿਰਿਆ ਅਧੀਨ ਕਾਵਿ-ਰੂਪਾਂ ਅਤੇ ਗਾਇਨ-ਰੂਪਾਂ ਦਾ ਸੰਯੁਕਤ ਅਤੇ ਸਮਨਵੈ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਹਥਲੇ ਪਰਚੇ ਵਿਚ ਅਸੀਂ ਗੁਰਬਾਣੀ ਅਤੇ ਭਗਤ ਰਵਿਦਾਸ ਬਾਣੀ ਦੀ ਆਪਸੀ ਸਾਂਝ ਦਾ ਸ਼ੈਲੀਗਤ ਅਤੇ ਭਾਸ਼ਾਗਤ ਪਖਾਂ ਤੋਂ ਉਲੇਖ ਕਰਨ ਦਾ ਜਤਨ ਕਰ ਰਹੇ ਹਾਂ।

## I) ਸ਼ੈਲੀਗਤ ਸਾਂਝ

ਗੁਰਬਾਣੀ ਅਤੇ ਭਗਤ ਰਵਿਦਾਸ ਬਾਣੀ ਵਾਰਤਕ ਤੇ ਵਾਰਤਕ ਸ਼ੈਲੀ ਵਿਚਲੀ ਸ਼ੈਲੀਗਤ ਸਾਂਝ ਨੂੰ ਵੇਖਣ ਤੋਂ ਪਹਿਲਾਂ 'ਸ਼ੈਲੀ ਕੀ ਹੈ?' ਬਾਰੇ ਜਾਨਣਾ ਸਾਰਥਿਕ ਸਿਧ ਹੋਵੇਗਾ।

ਕਿਸੇ ਵੀ ਸਾਹਿਤ ਵਿਚ ਸ਼ੈਲੀ ਦਾ ਅਰਥ ਰਚਨਾ ਵਿਚੋਂ ਪ੍ਰਗਟ ਹੁੰਦੀ ਲੇਖਕ ਦੀ ਸ਼ਖਸੀਅਤ ਤੋਂ ਹੈ। ਭਾਵ ਕਿਸੇ ਵਾਰਤਕਕਾਰ ਦੀ ਸ਼ੈਲੀ ਦਾ ਅਧਿਐਨ ਉਸ ਲੇਖਕ ਦੀ ਸ਼ਖਸੀਅਤ ਨੂੰ ਉਸਦੀ ਲਿਖਤ 'ਚੋਂ ਲਭਣ ਤੇ ਪਛਾਨਣ ਦਾ ਜਤਨ ਹੁੰਦਾ ਹੈ। ਲੇਖਕ ਦੀ ਸ਼ਖਸੀਅਤ ਦੀ ਇਹ ਪਛਾਣ ਲਿਖਤ ਵਿਚ ਸ਼ਬਦਾਂ ਦੀ ਵਰਤੋਂ, ਵਾਕਾਂ ਦੀ ਬਣਤਰ, ਸਰਲਤਾ, ਸਾਦਗੀ, ਰਵਾਨਗੀ, ਮਿਠਾਸ, ਵਿਅੰਗ ਤੋਂ ਵੀ ਕੀਤੀ ਜਾ ਸਕਦੀ ਹੈ। ਸ਼ਖਸੀਅਤ ਤੋਂ ਇਲਾਵਾ ਕਿਸੇ ਰਚਨਾ ਦਾ ਵਿਸ਼ਾ-

* *ਖੋਜਾਰਥੀ, ਧਰਮ ਅਧਿਐਨ ਵਿਭਾਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਸਤੂ, ਲੇਖਕ ਦੀ ਸਮਕਾਲੀ ਸਥਿਤੀ ਤੇ ਮੰਤਵ ਆਦਿ ਕੁਝ ਅਜਿਹੇ ਤਤ ਹਨ ਜਿਹੜੇ ਕਿਸੇ ਵੀ ਵਾਰਤਕਕਾਰ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਦੇ ਹਨ।

ਦੂਜੇ ਸ਼ਬਦਾਂ 'ਚ ਵਿਚਾਰ, ਭਾਸ਼ਾ ਦਾ ਜਾਮਾ ਪਾ ਕੇ ਸ਼ੈਲੀ ਦਾ ਰੂਪ ਧਾਰਦੇ ਹਨ। ਇਸੇ ਲਈ ਹੀ 'ਸ਼ੈਲੀ ਨੂੰ ਸ਼ਖਸੀਅਤ' ਆਖਿਆ ਗਿਆ ਹੈ, ਕਿਉਂਕਿ ਸ਼ੈਲੀ ਵਿਚ ਹੀ ਲੇਖਕ ਦੀ ਸ਼ਖਸੀਅਤ ਲੁਕੀ ਹੋਈ ਹੁੰਦੀ ਹੈ। ਸ਼ੈਲੀ ਸੰਬੰਧੀ ਉਪਰੋਕਤ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਭਗਤ ਰਵਿਦਾਸ ਜੀ ਦੀ ਬਾਣੀ ਅਤੇ ਗੁਰਬਾਣੀ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਭਗਤ ਰਵਿਦਾਸ ਜੀ ਦੀ ਸ਼ਖਸੀਅਤ ਦੀ ਉਸਾਰੀ ਵਿਚ ਉਸ ਸਮੇਂ ਦੇ ਧਾਰਮਿਕ ਅਤੇ ਸਮਾਜਿਕ ਵਾਤਾਵਰਨ ਨੇ ਬੜਾ ਅਸਰ ਪਾਇਆ।

ਵਸਤੂ ਪਖੋਂ ਜਿਥੇ ਸਮੁਚੀ ਗੁਰਬਾਣੀ ਦੀ ਸ਼ਬਦ ਜੋੜ, ਛੰਦ ਬਧਤਾ, ਰਸਾਤਮਕਤਾ, ਅਤੇ ਭਾਸ਼ਾਈ ਭਿੰਨਤਾ ਵਿਚ ਏਕਤਾ ਦਾ ਸਮੁਚਾ ਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਾਂਦਾ ਹੈ, ਉਥੇ ਵਖ-ਵਖ ਬਾਣੀਕਾਰ ਭਗਤਾਂ ਦੀ ਬਾਣੀ ਦੀ ਗੁਰਬਾਣੀ ਨਾਲ ਸ਼ਾਬਦਿਕ ਏਕਤਾ, ਰਸ ਅਨੁਭੂਤੀ ਦੀ ਸਮਾਨਤਾ, ਛੰਦਾ-ਬੰਦੀ ਅਤੇ ਰੌਚਿਕਤਾ ਦੇ ਵਖ-ਵਖ ਪਹਿਲੂਆਂ ਤੋਂ ਹੋਰਨਾਂ ਭਗਤ ਸਾਹਿਬਾਨਾਂ ਵਾਂਗ ਰਵਿਦਾਸ ਜੀ ਦੀ ਬਾਣੀ ਵਿਚੋਂ ਵੀ ਪ੍ਰਗਟ ਹੁੰਦੀ ਹੈ। ਮੁਖ ਰੂਪ ਵਿਚ ਸਤਿਨਾਮੁ ਤੇ ਗੁਰ ਪ੍ਰਸਾਦਿ ਵਰਗੇ ਜੋ ਗੁਰਮਤਿ ਸਿਧਾਂਤ ਦੇ ਕੇਂਦਰੀ ਸ਼ਬਦਾਂ ਵਜੋਂ ਜਾਣੇ ਜਾਂਦੇ ਹਨ,[1] ਉਨ੍ਹਾਂ ਦਾ ਪ੍ਰਯੋਗ ਰਵਿਦਾਸ ਬਾਣੀ ਵਿਚ ਵੀ ਮਿਲਦਾ ਹੈ :

- *ਜਨ ਰਵਿਦਾਸ ਰਾਮ ਰੰਗਿ ਰਾਤਾ॥*
*ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥*[2]
- *ਕਹੈ ਰਵਿਦਾਸੁ ਨਾਮੁ ਤੇਰੋ ਆਰਤੀ॥*
*ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥*[3]

ਇਸ ਤੋਂ ਇਲਾਵਾ ਉਰਸਾ, ਸਾਧ ਸੰਗਤ, ਬੇਨਤੀ, ਸਰਨਾਗਤੀ, ਜੀਵਨ ਮੁਕਤ, ਪ੍ਰੇਮ ਭਗਤ ਆਦਿ ਸ਼ਬਦ ਰਵਿਦਾਸ ਬਾਣੀ ਅਤੇ ਗੁਰਬਾਣੀ ਵਿਚ ਸਮਅਰਥਕ ਰੂਪ ਵਿਚ ਵਰਤੇ ਗਏ ਹਨ।

---

[1] *ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ - ਸ੍ਰੀ ਗੁਰੂ ਗ੍ਰੰਥ ਸਾਹਿਬ,* ੧.

[2] *ਸ੍ਰੀ ਗੁਰੂ ਗ੍ਰੰਥ ਸਾਹਿਬ,* ੪੮੭.

[3] *ਉਹੀ,* ੬੯੪.

**ਛੰਦ ਬੋਧ**

ਗੁਰੂ ਸਾਹਿਬਾਨ ਦੁਆਰਾ ਆਪਣੀ ਬਾਣੀ ਵਿਚ ਵਰਤੇ ਗਏ ਛੰਦ – ਦੋਹਰਾ, ਚੌਪਈ ਰਵਿਦਾਸ ਬਾਣੀ ਵਿਚ ਪੂਰਨ ਨਿਪੁੰਨਤਾ ਨਾਲ ਪ੍ਰਯੋਗ ਕੀਤੇ ਗਏ ਹਨ। ਛੰਦ ਬਧ ਰਚਨਾ ਹੋਣ ਦੇ ਬਾਵਜੂਦ ਵੀ ਕਈ ਥਾਂ ਖੁਲ੍ਹ ਅਤੇ ਢਿਲ ਵੀ ਰਖੀ ਗਈ ਹੈ। ਸਮੁਚੇ ਸ਼ਬਦ ਦਾ ਭਾਵ ਗੁਰਬਾਣੀ ਦੀ ਤਰ੍ਹਾਂ ਰਹਾਉ ਦੀਆਂ ਪੰਕਤੀਆਂ ਵਿਚ ਰਖਿਆ ਗਿਆ ਹੈ। ਅਨੰਦ ਭਾਵ ਪ੍ਰਗਟਾਉਣ ਵਾਲੀ ਗੁਰਬਾਣੀ ਦੇ ਅੰਗ ਰੂਪ ਵਿਚ ਰਵਿਦਾਸ ਬਾਣੀ ਦੀ ਸ਼ਾਂਤ ਰਸ ਅਤੇ ਸ਼ਿੰਗਾਰ ਰਸ ਦਾ ਸੰਚਾਰ ਕਰਦੀ ਹੈ :

– *ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*[4]

– *ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*[5]

– *ਹਮ ਸਰਿ ਦੀਨੁ ਦਇਆਲ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*[6]

– *ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥*
*ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥*[7]

ਗੁਰਬਾਣੀ ਵਿਚ ਅਨੰਦਮਈ ਭਾਵ ਇਸ ਪ੍ਰਕਾਰ ਵਰਣਿਤ ਹਨ :

*ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥*
*ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥*[8]

**ਮੁਹਾਵਰੇ ਤੇ ਅਲੰਕਾਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਥੇ ਅਧਿਆਤਮਕਤਾ ਅਮੁਲ ਭੰਡਾਰ ਹਨ, ਉਥੇ ਇਹ ਵਿਭਿੰਨ ਭਾਸ਼ਾਵਾਂ, ਇਤਿਹਾਸਕ, ਮਿਥਿਹਾਸਕ ਤੇ ਪੌਰਾਣਿਕ ਕਥਾਵਾਂ ਤੇ ਹਵਾਲਿਆਂ ਨਾਲ ਵੀ ਭਰਪੂਰ ਹਨ। ਇਸ ਵਿਚ ਸੰਸਕ੍ਰਿਤ ਤੇ ਸਭਿਆਚਾਰਕ ਰੂੜ੍ਹੀਆਂ ਭਰੀ ਬਿੰਬਾਵਲੀ ਹੈ। ਇਸ ਦੇ ਨਾਲ

[4] *ਸ੍ਰੀ ਗੁਰੂ ਗ੍ਰੰਥ ਸਾਹਿਬ,* ੬੫੮-੫੮.
[5] *ਉਹੀ,* ੬੫੯.
[6] *ਉਹੀ,* ੬੯੪.
[7] *ਉਹੀ.*
[8] *ਉਹੀ,* ੯੨੨.

ਇਹ ਅਖਾਣਾਂ, ਮੁਹਾਵਰਿਆਂ ਅਤੇ ਅਲੰਕਾਰ ਜੜ੍ਹਤ ਸ਼ਬਦਾਵਲੀ ਦਾ ਅਦੁਤੀ ਕੋਸ਼ ਹੈ। ਥਾਂ-ਥਾਂ 'ਤੇ ਦ੍ਰਿਸ਼ਟਾਂਤ, ਉਪਮਾ, ਰੂਪਕ ਵਰਗੇ ਕੀਮਤੀ ਅਲੰਕਾਰ ਜੜ੍ਹੇ ਹੋਏ ਹਨ :

- *ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥*[9]

- *ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥*[10]

- *ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥*
*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥*[11]

- *ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ॥*
*ਸੰਤ ਕਾ ਦੋਖੀ ਭੂਖਾ ਨਹੀ ਰਾਜੈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥*
*ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥*[12]

ਗੁਰਬਾਣੀ ਦਾ ਅੰਗ ਹੋਣ ਵਜੋਂ ਰਵਿਦਾਸ ਬਾਣੀ ਵਿਚ ਵੀ ਲੋਕ ਭਾਸ਼ਾ ਅਤੇ ਲੋਕ ਮੁਹਾਵਰਿਆਂ ਭਰੀ ਸ਼ਬਦਾਵਲੀ ਅਲੰਕਾਰ ਯੁਗਤ ਦ੍ਰਿਸ਼ਟੀਗੋਚਰ ਹੁੰਦੀ ਹੈ :

- *ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥*[13]

- *ਕੂਪ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨਾ ਬੂਝ॥*
*ਐਸਾ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰ ਨਾ ਸੂਝ॥*[14]

- *ਮੀਨੁ ਪਕਰਿ ਫਾਕਿਓ ਅਰ ਕਾਟਿਓ ਰਾਧਿ ਕੀਓ ਬਹੁ ਬਾਨੀ*
*ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥*[15]

- *ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥*[16]

- *ਜਉ ਤੁਮ ਦੀਵਰਾ ਤਉ ਹਮ ਬਾਤੀ॥*

---

[9] *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੦੪.
[10] *ਉਹੀ*, ੯੩੨.
[11] *ਉਹੀ*, ੧੪੨੬.
[12] *ਉਹੀ*, ੨੯੦.
[13] *ਉਹੀ*, ੯੩.
[14] *ਉਹੀ*, ੩੪੬.
[15] *ਉਹੀ*, ੬੫੮.
[16] *ਉਹੀ.*

*ਜਉ ਤੁਮ ਤੀਰਥ ਤਉ ਹਮ ਜਾਤੀ॥*[17]

– *ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥*

*ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥*[18]

ਭਗਤ ਰਵਿਦਾਸ ਜੀ ਨੇ ਆਪਣੀ ਰਚਨਾ ਵਿਚ ਪਦ ਅਤੇ ਦੋਹਾ ਕਾਵਿ ਰੂਪਾਂ ਨੂੰ ਵਧੇਰੇ ਵਰਤਿਆ ਹੈ। ਇਕ ਰਚਨਾ ਆਪ ਜੀ ਦੀ ਆਰਤੀ ਅਤੇ ਅਸ਼ਟਪਦੀ ਕਾਵਿ ਰੂਪ ਵਿਚ ਵੀ ਮਿਲਦੀ ਹੈ। ਦਰਅਸਲ ਪਦ-ਸ਼ੈਲੀ, ਮਧਕਾਲੀ ਕਾਵਿ ਖੇਤਰ ਵਿਚ ਬੜੀ ਲੋਕ-ਪ੍ਰਿਯ ਰਹੀ ਹੈ, ਜਿਸ ਨੂੰ ਭਗਤ ਜੀ ਦੇ ਪੂਰਵਰਤੀ ਸੰਤਾਂ ਨੇ ਵੀ ਆਪਣੀ ਰਚਨਾ ਹਿਤ ਚੁਣਿਆ।

**II) ਭਾਸ਼ਾਗਤ ਸਾਂਝ**

ਭਾਸ਼ਾ, ਮਨੁਖ ਜਾਤੀ ਦੀ ਸਭ ਤੋਂ ਵਡੀ ਪ੍ਰਾਪਤੀ ਹੈ। ਹਰ ਇਕ ਸਮਾਜ, ਜਾਤੀ ਦੇ ਮਨੁਖ ਕੋਈ ਨਾ ਕੋਈ ਭਾਸ਼ਾ ਬੋਲਦੇ ਹਨ ਤੇ ਹਰ ਬੋਲਣ ਵਾਲਾ ਜਾਣਦਾ ਹੈ ਕਿ ਭਾਸ਼ਾ ਕੀ ਹੈ? ਪ੍ਰੰਤੂ ਭਾਸ਼ਾ ਦੀ ਪਰਿਭਾਸ਼ਾ ਕਰਨ ਲਗਿਆਂ ਕਈ ਔਕੜਾਂ ਪੇਸ਼ ਆਉਂਦੀਆਂ ਹਨ। ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ ਭਾਸ਼ਾ ਮਨੁਖ ਜਾਤੀ ਦੇ ਆਪਸੀ ਵਿਚਾਰ ਵਟਾਂਦਰੇ ਦਾ ਸਾਧਨ ਹੈ। ਇਸੇ ਕਥਨ ਨੂੰ ਕੁਝ ਤਕਨੀਕੀ ਰੰਗਤ ਦੇ ਕੇ ਇਹ ਵੀ ਕਿਹਾ ਜਾਂਦਾ ਹੈ ਕਿ, “ਭਾਸ਼ਾ ਉਹ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰ, ਭਾਵ, ਇੱਛਾਵਾਂ ਆਦਿ ਦੂਜੇ ਮਨੁੱਖਾਂ ਤਕ ਪਹੁੰਚਾਉਂਦਾ ਹੈ।”[19] ਗੁਰਬਾਣੀ ਦੇ ਸੰਦਰਭ ਵਿਚ ਜੇਕਰ ਗਲ ਕਰੀਏ ਤਾਂ ਇਹ ਗਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਗੁਰਬਾਣੀ ਕਿਸੇ ਇਕ ਭਾਸ਼ਾ ਵਿਚ ਨਹੀਂ ਰਚੀ ਗਈ, ਸਗੋਂ ਇਸ ਵਿਚ ਕਈ ਭਾਸ਼ਾਵਾਂ ਦਾ ਸੁਮੇਲ ਹੈ। ਗੁਰਬਾਣੀ ਵਿਚ ਸਭ ਤੋਂ ਵਧ ਸਾਧ ਭਾਸ਼ਾ ਦੀ ਵਰਤੋਂ ਹੋਈ ਹੈ, ਜਿਸ ਨੂੰ ‘ਸਾਧੂ-ਭਾਸ਼ਾ’ ਜਾਂ ‘ਸਾਧੂਕੜੀ’ ਵੀ ਕਿਹਾ ਜਾਂਦਾ ਹੈ।[20]

ਗੁਰਬਾਣੀ ਉਚਾਰਣ ਕਰਨ ਵਾਲੇ ਗੁਰੂਆਂ, ਭਗਤਾਂ ਅਤੇ ਮਹਾਂਪੁਰਖਾਂ ਦਾ ਉਦੇਸ਼ ਆਪਣੇ ਭਾਵਾਂ ਨੂੰ ਉਸ ਬੋਲੀ ਰਾਹੀਂ ਪ੍ਰਗਟ ਕਰਨਾ ਸੀ, ਜਿਸ ਨੂੰ ਸੁਣਨ ਵਾਲੇ ਸਮਝ ਸਕਣ। ਇਸ ਲਈ

---

[17] *ਸ੍ਰੀ ਗੁਰੂ ਗ੍ਰੰਥ ਸਾਹਿਬ,* ੬੫੮-੫੯.

[18] *ਉਹੀ,* ੪੮੭.

[19] ਹਰਕੀਰਤ ਸਿੰਘ (ਡਾ.), *ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ : ਗੁਰਬਾਣੀ ਦਾ ਭਾਸ਼ਾਈ ਅਤੇ ਵਿਆਕਰਨਿਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 3.

[20] *ਉਹੀ,* ਪੰਨਾ 14.

ਗੁਰਬਾਣੀ ਦੀ ਪੰਜਾਬੀ ਵਿਚ ਜੇ ਕਿਤੇ ਹਿੰਦੀ ਜਾਂ ਕਿਸੇ ਹੋਰ ਭਾਸ਼ਾ ਦੇ ਅੰਸ਼ ਮਿਲਦੇ ਹਨ ਤਾਂ ਇਹ ਕੋਈ ਅਣਹੋਣੀ ਗਲ ਨਹੀਂ।[21]

ਇਸ ਸੰਦਰਭ ਵਿਚ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਤਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਭਾਸ਼ਾ ਵਿਚ ਬਹੁਭਾਸ਼ਾਵਾਦ ਦੀ ਝਲਕ ਮੌਜੂਦ ਹੈ। ਇਸੇ ਕਾਰਨ ਇਸ ਗ੍ਰੰਥ ਦੀ ਭਾਸ਼ਾਗਤ ਮਹਾਨਤਾ ਹੋਰ ਵਧ ਜਾਂਦੀ ਹੈ ਕਿਉਂਕਿ ਇਸ ਵਿਚ ਪ੍ਰਾਚੀਨ ਬੋਲੀਆਂ ਦੇ ਨਮੂਨੇ ਸੁਰਖਿਅਤ ਹਨ।

ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ ਦੇ ਭਾਸ਼ਾਈ ਵਿਸ਼ਲੇਸ਼ਣ ਵਿਚ ਕਈ ਤਰ੍ਹਾਂ ਦੀਆਂ ਨਿਵੇਕਲੀਆਂ ਵਿਸ਼ੇਸ਼ਤਾਈਆਂ ਨਜ਼ਰ ਆਉਂਦੀਆਂ ਹਨ। ਉਨ੍ਹਾਂ ਨੇ ਸਮਕਾਲੀ ਸਮਾਜ ਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਸੁਨੇਹਾ ਦੇਣ ਲਈ ਲੋਕ ਮੁਹਾਵਰੇ ਵਾਲੀ ਭਾਸ਼ਾ ਅਪਣਾਈ। ਅਸਲ ਵਿਚ ਭਗਤ ਜਨ ਇਕ ਥਾਂ ਉਪਰ ਬੈਠ ਕੇ ਪ੍ਰਭੂ ਭਗਤੀ ਵਲ ਕੇਂਦਰਿਤ ਨਹੀਂ ਸਨ, ਬਲਕਿ ਉਨ੍ਹਾਂ ਘੁੰਮ ਫਿਰ ਕੇ ਪ੍ਰਭੂ ਭਗਤੀ ਦੇ ਗੀਤ ਗਾਏ। ਉਹ ਜਿਥੇ ਵੀ ਜਾਂਦੇ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਕਿ ਉਥੋਂ ਦੀ ਸਥਾਨਕ ਰੰਗਣ ਵਾਲੀ ਸ਼ਬਦਾਵਲੀ ਦੀ ਵਧ ਤੋਂ ਵਧ ਵਰਤੋਂ ਕੀਤੀ ਜਾਵੇ ਤਾਂ ਜੋ ਉਨ੍ਹਾਂ ਦੇ ਵਿਚਾਰਾਂ ਦਾ ਆਮ ਜਨਤਾ ਤਕ ਵਧ ਤੋਂ ਵਧ ਫੈਲਾਓ ਹੋ ਸਕੇ। ਇਨ੍ਹਾਂ ਦੀ ਬਾਣੀ ਵਿਚ ਸੰਸਕ੍ਰਿਤ, ਬ੍ਰਜ, ਅਰਬੀ ਫ਼ਾਰਸੀ, ਪੰਜਾਬੀ ਆਦਿ ਦੀ ਸ਼ਬਦਾਵਲੀ ਸਹਿਜੇ ਹੀ ਮਿਲ ਜਾਂਦੀ ਹੈ। ਉਦਾਹਰਣ ਵਜੋਂ ਅਰਬੀ ਤੇ ਫ਼ਾਰਸੀ ਦਾ ਹੇਠ ਲਿਖਿਆ ਸ਼ਬਦ ਹੈ :

*ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜੁਆਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥*[22]

[21] *ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ : ਗੁਰਬਾਣੀ ਦਾ ਭਾਸ਼ਾਈ ਅਤੇ ਵਿਆਕਰਨਿਕ ਅਧਿਐਨ,* ਪੰਨਾ 14.
[22] *ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫.*

ਇਸ ਉਪਰੋਕਤ ਰਚਨਾ ਵਿਚ ਅਰਬੀ ਤੇ ਫ਼ਾਰਸੀ ਸ਼ਬਦਾਂ ਦੀ ਭਰਮਾਰ ਕਹੀ ਜਾ ਸਕਦੀ ਹੈ। ਜਿਵੇਂ ਕਿ ਸਹਿਰ, ਖਿਰਾਜ, ਮਾਲ, ਤਸਵੀਸ, ਕਾਇਮ, ਪਾਤਸਾਹੀ, ਆਬਾਦਾਨ, ਮਸਹੂਰ, ਗਲੀ, ਸੈਲ, ਮਹਰਮ, ਮਹਲ, ਹਮਸਹਰੀ ਆਦਿਕ।

ਰਵਿਦਾਸ ਬਾਣੀ ਵਿਚ ਹੋਰ ਵੀ ਕਈ ਸ਼ਬਦ ਹਨ ਜਿਨ੍ਹਾਂ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਵਰਤੀ ਗਈ ਹੈ, ਜਿਸ ਤਰ੍ਹਾਂ ਕਿ *'ਤੁਮ ਮਖਤੂਲ ਸੁਪੇਦ ਸਪੀਅਲ'*।

ਇਸੇ ਤਰ੍ਹਾਂ ਗੁਰਬਾਣੀ ਵਿਚ ਵੀ ਗੁਰੂ ਨਾਨਕ ਸਾਹਿਬ ਦੁਆਰਾ ਫ਼ਾਰਸੀ ਵਿਚ ਉਚਾਰਨ ਕੀਤੇ ਹੋਏ ਸ਼ਬਦ ਮਿਲਦੇ ਹਨ :

*ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥*

*ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥*

*ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥*

*ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ ਰਹਾਉ॥*[23]

**ਬ੍ਰਜ ਭਾਸ਼ਾ**

ਬ੍ਰਜ ਭਾਸ਼ਾ ਕਈ ਸਦੀਆਂ ਤਕ ਉਤਰ-ਪਛਮੀ ਭਾਰਤ ਦੀ (ਜਿਸ ਵਿਚ ਪੰਜਾਬ, ਉਤਰ-ਪ੍ਰਦੇਸ਼, ਮਧ-ਪ੍ਰਦੇਸ਼ ਆਦਿ ਇਲਾਕੇ ਸ਼ਾਮਲ ਹਨ) ਸਾਹਿਤਕ ਭਾਸ਼ਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਰਚਿਆ ਸਿੱਖ ਸਾਹਿਤ ਵੀ ਵਧੇਰੇ ਬ੍ਰਜ ਭਾਸ਼ਾ ਵਿਚ ਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪੂਰੀ ਬਾਣੀ ਬ੍ਰਜ ਭਾਸ਼ਾ ਵਿਚ ਹੈ, ਜਿਸ ਵਿਚ ਸਾਧੂ-ਭਾਸ਼ਾ ਦਾ ਕੁਝ ਰਲਾ ਹੈ।[24] ਉਦਾਹਰਣ ਵਜੋਂ :

- *ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥*

  *ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥*[25]

- *ਮਨ ਰੇ ਕਉਨੁ ਕੁਮਤਿ ਤੈ ਲੀਨੀ॥*

  *ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥੧॥ ਰਹਾਉ॥*

  *ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥*

---

[23] *ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੧.*

[24] *ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ,* ਪੰਨਾ 31.

[25] *ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬.*

*ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥੧॥*[26]

ਇਸੇ ਤਰ੍ਹਾਂ ਭਗਤ ਰਵਿਦਾਸ ਜੀ ਵੀ ਬ੍ਰਜ ਭਾਸ਼ਾ ਵਿਚ ਇਸ ਪ੍ਰਕਾਰ ਸ਼ਬਦ ਉਚਾਰਣ ਕਰਦੇ ਹਨ:

*ਜਉ ਤੁਮ ਗਿਰਿਵਰ ਤਉ ਹਮ ਮੋਰਾ॥ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*

*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥*[27]

**ਪੰਜਾਬੀ**

ਗੁਰਬਾਣੀ ਦਾ ਕਾਫੀ ਹਿਸਾ ਪੰਜਾਬੀ ਵਿਚ ਰਚਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪੰਜਾਬੀ, ਲਹਿੰਦੀ, ਸਾਧੂ-ਭਾਸ਼ਾ, ਸਹਸਕ੍ਰਿਤੀ ਮਿਲਦੀ ਹੈ। ਗੁਰੂ ਅੰਗਦ ਦੇਵ ਜੀ ਦੀ ਬਾਣੀ ਥੋੜ੍ਹੀ ਹੈ ਪਰ ਇਹ ਸਾਰੀ ਹੀ ਪੰਜਾਬੀ ਵਿਚ ਹੈ। ਗੁਰੂ ਅਮਰਦਾਸ ਜੀ ਭਾਸ਼ਾ ਮੁਖ ਰੂਪ ਵਿਚ ਪੰਜਾਬੀ ਹੈ, ਪਰ ਇਸ ਵਿਚ ਸਾਧੂ-ਭਾਸ਼ਾ ਦਾ ਕਾਫੀ ਰਲਾ ਹੈ। ਗੁਰੂ ਰਾਮਦਾਸ ਜੀ ਦੀ ਭਾਸ਼ਾ ਦਾ ਮੁਹਾਂਦਰਾ ਸਾਧੂ-ਭਾਸ਼ਾ ਵਾਲਾ ਹੈ, ਜਿਸ ਵਿਚ ਪੰਜਾਬੀ ਦੀ ਕਾਫ਼ੀ ਮਿਲਾਵਟ ਹੈ। ਗੁਰੂ ਅਰਜਨ ਦੇਵ ਜੀ ਨੇ ਪੰਜਾਬੀ, ਸਾਧੂ ਭਾਸ਼ਾ, ਸਹਸਕ੍ਰਿਤੀ, ਲਹਿੰਦੀ, ਸਾਰੀਆਂ ਭਾਸ਼ਾਵਾਂ ਦੀ ਵਰਤੋਂ ਕੀਤੀ ਹੈ। ਗੁਰੂ ਤੇਗ ਬਹਾਦਰ ਜੀ ਦੀ ਪੂਰੀ ਬਾਣੀ ਬ੍ਰਜ ਭਾਸ਼ਾ ਵਿਚ ਹੈ, ਜਿਸ ਉਤੇ ਸਾਧੂ-ਭਾਸ਼ਾ, ਤੇ ਕਿਸੇ ਹਦ ਤਕ ਪੰਜਾਬੀ ਦਾ ਵੀ ਕੁਝ ਪ੍ਰਭਾਵ ਹੈ। ਸਤੇ, ਬਲਵਡ ਦੀ ਵਾਰ ਅਜਿਹੀ ਪੰਜਾਬੀ ਵਿਚ ਹੈ ਜੋ ਉਸ ਸਮੇਂ ਦੇ ਵਾਰਕਾਰ, ਡੂੰਮ, ਢਾਡੀ ਵਰਤਦੇ ਸਨ। ਉਦਾਹਰਣ ਵਜੋਂ :

- *ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।*

*ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥*

*ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥੧॥*

*ਬਾਬਾ ਬੋਲੀਐ ਪਤਿ ਹੋਇ॥*

*ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥੧॥ ਰਹਾਉ॥*[28]

- *ਚਾਕਰੁ ਲਗੇ ਚਾਕਰੀ ਨਾਲੇ ਗਾਰਬੁ ਵਾਦੁ॥*

*ਗਲਾ ਕਰੇ ਘਣੇਰੀਆ ਖਸਮ ਨਾ ਪਾਏ ਸਾਦੁ॥*

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥*

---

26 *ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੧-੩੨.*
27 *ਉਹੀ, ੬੫੪.*
28 *ਉਹੀ, ੧੫.*

*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥੧॥*[29]

ਭਗਤ ਰਵਿਦਾਸ ਜੀ ਨੇ ਆਪਣੀ ਪ੍ਰਚਾਰ-ਯਾਤਰਾ ਸਮੇਂ ਪੰਜਾਬ ਦਾ ਵੀ ਚਕਰ ਲਗਾਇਆ, ਜਿਸ ਕਰਕੇ ਆਪ ਦੀ ਰਚਨਾ ਉਤੇ ਪੰਜਾਬੀ ਦਾ ਵਿਸ਼ੇਸ਼ ਪ੍ਰਭਾਵ ਹੈ। ਇਹੋ ਕਾਰਨ ਹੈ ਕਿ *'ਚਉਤੀਸ ਅਖਰ ਮਾਹਿ'* ਵਿਚ ਪੈਂਤੀਵੇਂ 'ਅਖਰ' 'ੜ' ਦਾ ਪ੍ਰਯੋਗ ਵੀ ਰਵਿਦਾਸ ਬਾਣੀ ਵਿਚ ਹੋਇਆ ਹੈ। ਜਿਵੇਂ ਕਿ *'ਹਾਡ ਮਾਸ ਨਾੜੀ ਕੋ ਪਿੰਜਰ, ਤੀਨੋ ਜੁਗ ਤੀਨੋ ਦਿੜੇ'* ਆਦਿਕ। ਭਗਤ ਜੀ ਦੀ ਬਾਣੀ ਵਿਚ ਮਿਲਦੇ ਪੰਜਾਬੀ ਰੂਪ ਹਨ :

- *ਜੇ ਓਹੁ ਅਠਸਠਿ ਤੀਰਥ ਨਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥*
*ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥*
*ਸਾਧ ਕਾ ਨਿੰਦਕ ਕੈਸੇ ਤਰੈ॥ਸਰਪਰ ਜਾਨਹੁ ਨਰਕ ਹੀ ਪਰੈ॥੧॥ਰਹਾਉ॥*
*ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ਅਰਪੈ ਨਾਰਿ ਸੀਗਾਰ ਸਮੇਤਿ॥*
*ਸਗਲੀ ਸਿਮ੍ਰਿਤਿ ਸ੍ਰਵਨੀ ਸੁਨੈ॥ਕਰੈ ਨਿੰਦ ਕਵਨੈ ਨਹੀ ਗੁਨੈ॥*
*ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ਭੂਮਿ ਦਾਨ ਸੋਭਾ ਮੰਡਪਿ ਪਾਵੈ॥*
*ਅਪਨਾ ਬਿਗਾਰਿ ਬਿਰਾਨਾ ਸਾਢੈ॥ ਕਰੈ ਨਿੰਦ ਬਹੁ ਜੋਨੀ ਹਾਢੈ॥*
*ਨਿੰਦਾ ਕਹਾ ਕਰਹੁ ਸੰਸਾਰਾ॥ਨਿੰਦਕ ਕਾ ਪਰਗਟਿ ਪਾਹਾਰਾ॥*
*ਨਿੰਦਕ ਸੋਧਿ ਸਾਧਿ ਬੀਚਾਰਿਆ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥*[30]

ਇਉਂ ਗੁਰਬਾਣੀ ਅਤੇ ਰਵਿਦਾਸ ਬਾਣੀ ਦਾ ਪਾਠਗਤ ਅਧਿਐਨ ਇਹ ਦਰਸਾਉਂਦਾ ਹੈ ਕਿ ਦੋਵੇਂ ਵਿਸ਼ੇ ਅਤੇ ਵਸਤੂ ਦੇ ਪਖ ਤੋਂ ਐਨੇ ਇਕ-ਮਿਕ ਹਨ ਕਿ ਇਨ੍ਹਾਂ ਵਿਚੋਂ ਕਿਸੇ ਵੀ ਇਕ ਨੂੰ ਵਖ ਕਰਕੇ ਵੇਖਿਆ ਹੀ ਨਹੀਂ ਜਾ ਸਕਦਾ। ਇਸ ਲਈ ਗੁਰਬਾਣੀ ਅਤੇ ਰਵਿਦਾਸ ਬਾਣੀ ਸੰਯੁਕਤ ਰੂਪ ਵਿਚ ਗੁਰਬਾਣੀ ਹੈ।

---

[29] *ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੪.*
[30] *ਉਹੀ, ੮੭੫.*